Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763

Ad Space Available
Please call:
847-359-0746

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann MANN@GGIABA.COM Gurcharan Singh Mann
Mann Insurance Brokers Inc.
4123 Dyer St., #230, Union City, CA 94587



Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 18, Issue 46, November 18, 2017 20451 N Plum Grove Rd., Palatine, IL 60074 Ph:847-359-0746, Fax:847-705-9388


## ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਚੋਣ ਲਈ ਸਰਗਰਮੀ ਭਖੀ

### ਵੱਖ ਵੱਖ ਧਿਰਾਂ ਦੀ ਲਾਮਬੰਦੀ ਨੇ ਬਾਦਲਾਂ ਨੂੰ ਫਿਕਰਾਂ ਵਿਚ ਪਾਇਆ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਇਸ ਵਾਰ ਬਾਦਲਾਂ ਲਈ ਵੱਡੀ ਵੰਗਾਰ ਬਣ ਰਹੀ ਹੈ। ਆਮ ਕਰ ਕੇ ਇਹੀ ਮੰਨਿਆ ਜਾਂਦਾ ਹੈ ਕਿ ਬਾਦਲ ਘਰੋਂ ਹੀ ਤੈਅ ਕਰ ਕੇ ਨਿਕਲਦੇ ਹਨ ਕਿ ਪ੍ਰਧਾਨ ਦੀ ਕੁਰਸੀ ਉਤੇ ਕਿਸ ਨੂੰ ਬਿਠਾਉਣ ਹੈ, ਪਰ ਇਸ ਵਾਰ ਅਕਾਲੀ ਦਲ ਬਾਦਲ ਦਾ ਸੱਤਾਹੀਣ ਹੋਣਾ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਸਿਆਸੀ ਲਾਮਬੰਦੀ ਕੁਝ ਹੋਰ ਸੰਕੇਤ ਦੇ ਰਹੀ ਹੈ।

ਇਸ ਤੋਂ ਇਲਾਵਾ ਸਰਬੱਤ ਖਾਲਸਾ ਵੱਲੋਂ ਥਾਪੇ ਅਕਾਲ ਤਖਤ ਦੇ ਜਥੇਦਾਰ ਜਗਤਾਰ ਸਿੰਘ ਹਵਾਰਾ ਵੱਲੋਂ ਵਰਲਡ ਸਿੱਖ ਪਾਰਲੀਮੈਂਟ (ਡਬਲਿਊ.ਐਸ.ਪੀ.) ਬਣਾਉਣ ਦਾ ਐਲਾਨ ਵੀ ਵੱਡੀ ਚੁਣੌਤੀ ਖੜ੍ਹੀ ਕਰ ਸਕਦਾ ਹੈ। ਇਸ ਤਹਿਤ 25 ਨਵੰਬਰ ਤੱਕ ਵਿਦੇਸ਼ਾਂ ਦੇ ਨੁਮਾਇੰਦਿਆਂ ਦੀ ਚੋਣ ਪਿੱਛੋਂ ਭਾਰਤ ਵਿਚੋਂ ਸਮੂਹ ਪੰਥ ਹਿਤੈਸ਼ੀ ਸੰਸਥਾਵਾਂ ਦੇ 150 ਪ੍ਰਤੀਨਿਧ ਚੁਣੇ ਜਾਣੇ ਹਨ।



ਬਾਦਲਾਂ ਨੂੰ ਸਭ ਤੋਂ ਵੱਡਾ ਡਰ ਕਮੇਟੀ ਮੈਂਬਰਾਂ ਦੀ ਬਗਾਵਤ ਤੋਂ ਹੈ।

ਦੱਸ ਦਈਏ ਕਿ ਸ਼੍ਰੋਮਣੀ ਅਕਾਲੀ ਦਲ ਤੋਂ ਬਾਗੀ ਹੋਏ ਮੈਂਬਰ ਭਾਵੇਂ ਵੱਖ-ਵੱਖ ਸਿਆਸੀ ਦਲਾਂ ਵਿਚ ਸਰਗਰਮ ਹਨ, ਪਰ ਸ਼੍ਰੋਮਣੀ ਕਮੇਟੀ ਦੇ 29 ਨਵੰਬਰ ਨੂੰ ਹੋਣ ਵਾਲੇ ਜਨਰਲ ਇਜਲਾਸ ਸਬੰਧੀ ਇਕ ਪਲੇਟਫਾਰਮ 'ਤੇ ਵਿਚਰਨ ਲਈ ਇਕਮਤ ਹੋ ਗਏ ਹਨ। ਇਨ੍ਹਾਂ ਮੈਂਬਰਾਂ ਦਾ ਇਹ ਵੀ ਦਾਅਵਾ ਹੈ ਕਿ ਆਉਂਦੇ ਦਿਨਾਂ ਵਿਚ ਸੂਬਾ ਪੱਧਰ 'ਤੇ ਮੀਟਿੰਗਾਂ ਕਰ ਕੇ ਲਾਮਬੰਦੀ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦੇ ਕਾਰਜਕਾਲ ਦੌਰਾਨ ਮੁਲਾਜ਼ਮਾਂ ਦੀ ਥੋਕ ਵਿਚ ਸਿਫਾਰਸ਼ੀ ਭਰਤੀ ਅਤੇ ਚਹੇਤਿਆਂ ਨੂੰ ਤਰੱਕੀਆਂ ਦਾ ਮੁੱਦਾ ਭਾਰੂ ਰਿਹਾ ਹੈ। ਯਾਦ ਰਹੇ

(ਬਾਕੀ ਸਫਾ 6 'ਤੇ)

## ਮੁਤਵਾਜ਼ੀ ਜਥੇਦਾਰਾਂ ਵਿਚਕਾਰ ਖੜਕੀ

**ਚੰਡੀਗੜ੍ਹ:** ਸਰਬੱਤ ਖਾਲਸਾ ਵੱਲੋਂ ਥਾਪੇ ਗਏ ਜਥੇਦਾਰਾਂ ਵਿਚਾਲੇ ਖੜਕ ਗਈ ਹੈ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਨਾਲੋਂ ਤੋੜ-ਵਿਛੋੜਾ ਕਰਦਿਆਂ ਆਉਣ ਵਾਲੇ ਸਮੇਂ ਵਿਚ ਸਿੱਖ ਮਸਲਿਆਂ ਸਬੰਧੀ ਮੁਤਵਾਜ਼ੀ ਜਥੇਦਾਰਾਂ ਦੀਆਂ ਹੋਣ ਵਾਲੀਆਂ ਮੀਟਿੰਗਾਂ ਵਿਚ ਹਿੱਸਾ ਨਾਂ ਲੈਣ ਦਾ ਫੈਸਲਾ ਕੀਤਾ ਹੈ। ਭਾਈ ਅਜਨਾਲਾ ਨੇ ਆਖਿਆ ਹੈ ਕਿ ਸਿੱਖ ਸੰਗਤਾਂ ਚਾਹੁਣ ਤਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦਾ ਜਥੇਦਾਰ ਕਿਸੇ ਹੋਰ ਸ਼ਖਸੀਅਤ ਨੂੰ ਨਿਯੁਕਤ ਕਰ ਸਕਦੀਆਂ ਹਨ। ਜਥੇਦਾਰ ਅਜਨਾਲਾ ਵੱਲੋਂ ਜਥੇਦਾਰ ਮੰਡ ਤੇ ਭਾਈ ਦਾਦੂਵਾਲ ਤੋਂ ਕਿਨਾਰਾ ਕਰ ਲੈਣ ਦੀਆਂ ਖਬਰਾਂ ਸਾਹਮਣੇ ਆਉਣ ਤੋਂ ਬਾਅਦ ਪੰਥਕ ਹਲਕਿਆਂ 'ਚ ਹਲਚਲ ਮਚ ਗਈ ਹੈ।

ਜ਼ਿਕਰਯੋਗ ਹੈ ਕਿ ਬੀਤੇ ਕੁਝ ਦਿਨਾਂ ਤੋਂ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਅਜਨਾਲਾ ਸਿੱਖ ਰਾਜਨੀਤੀ ਦਾ ਸਰਗਰਮ ਕੇਂਦਰ ਬਣਿਆ ਹੋਇਆ ਸੀ। ਭਾਈ ਅਜਨਾਲਾ ਨੂੰ ਮਨਾਉਣ ਲਈ ਗੁਰਮਤਿ ਵਿਦਿਆਲਾ ਵਿਚ

(ਬਾਕੀ ਸਫਾ 6 'ਤੇ)

## ਦਿਲਗੀਰ ਮਾਮਲਾ: ਜਥੇਦਾਰਾਂ ਦੀ 'ਤਾਕਤ' ਨੂੰ ਚੁਣੌਤੀ

**ਚੰਡੀਗੜ੍ਹ:** ਸਿੱਖ ਇਤਿਹਾਸਕਾਰ ਡਾ. ਹਰਜਿੰਦਰ ਸਿੰਘ ਦਿਲਗੀਰ ਦੀ ਪਟੀਸ਼ਨ ਉਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨੋਟਿਸ ਜਾਰੀ ਕਰਨ ਮਗਰੋਂ ਤਖਤਾਂ ਦੇ ਜਥੇਦਾਰਾਂ ਦੀਆਂ ਤਾਕਤਾਂ (ਪੰਥ ਵਿਚੋਂ ਛੇਕਣ ਦੀ) ਨਿਆਇਕ ਨਿਗਰਾਨੀ ਹੇਠ ਆ ਗਈਆਂ ਹਨ। ਹਾਈ ਕੋਰਟ ਦੇ ਬੈਂਚ ਨੇ ਸ਼੍ਰੋਮਣੀ ਕਮੇਟੀ ਨੂੰ 29 ਨਵੰਬਰ ਲਈ ਨੋਟਿਸ ਜਾਰੀ ਕੀਤਾ ਹੈ।

ਡਾ. ਦਿਲਗੀਰ ਦੇ ਵਕੀਲ ਨਵਕਿਰਨ ਸਿੰਘ ਨੇ ਪਟੀਸ਼ਨ 'ਚ ਸੰਵਿਧਾਨ ਦੀ ਧਾਰਾ 25 ਅਤੇ 26 ਦਾ ਹਵਾਲਾ ਦਿੰਦਿਆਂ ਕਿਹਾ ਕਿ ਇਕ ਧਾਰਮਿਕ ਸੰਸਥਾ ਨੂੰ ਸ਼ਾਇਦ ਤਾਕਤਾਂ ਆਪਣੇ 'ਧਾਰਮਿਕ ਮਾਮਲਿਆਂ' ਦਾ ਪ੍ਰਬੰਧ ਚਲਾਉਣ ਲਈ ਦਿੱਤੀਆਂ ਜਾਂਦੀਆਂ ਹਨ, ਪਰ ਸੰਸਥਾ ਆਪਣੇ ਅਖਤਿਆਰ ਤੋਂ ਬਾਹਰਲੇ ਮੁੱਦਿਆਂ ਉਤੇ ਕਿੰਤੂ ਪ੍ਰੰਤੂ ਨਹੀਂ ਕਰ ਸਕਦੀ। ਕਿਤਾਬ ਲਿਖਣਾ ਵੀ ਅਜਿਹਾ ਹੀ ਇਕ ਮੁੱਦਾ ਹੈ। ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਪਟੀਸ਼ਨਰ, ਜੋ ਉਚ ਸਿੱਖਿਆ ਪ੍ਰਾਪਤ ਉਘੀ ਸ਼ਖਸੀਅਤ ਹੈ, ਵੱਲੋਂ ਲਿਖੀਆਂ ਕਿਤਾਬਾਂ ਉਤੇ ਜਥੇਦਾਰਾਂ ਨੇ ਇਕ ਹੁਕਮਨਾਮਾ ਜਾਰੀ ਕਰ ਕੇ ਪਾਬੰਦੀ ਲਾ ਦਿੱਤੀ ਹੈ। ਬੈਂਚ ਨੂੰ ਦੱਸਿਆ ਕਿ ਸਿੱਖ ਗੁਰਦੁਆਰਾ ਐਕਟ ਤਹਿਤ ਤਜਵੀਜ਼ ਤਿਆਰ ਕੀਤੀ ਗਈ ਹੈ, ਜੋ ਜਥੇਦਾਰਾਂ ਦੇ ਫਰਜ਼ਾਂ ਨੂੰ ਨਿਰਧਾਰਤ ਕਰਦੀ ਹੈ।

ਇਸ ਤਜਵੀਜ਼ ਦੇ ਅਧਿਐਨ ਤੋਂ ਇਹ ਗੱਲ ਸਪਸ਼ਟ ਹੈ ਕਿ ਅਜਿਹੇ ਫਰਜ਼ ਉਨ੍ਹਾਂ ਨੂੰ ਕਿਸੇ ਕਿਤਾਬ 'ਤੇ ਜਾਂ ਧਾਰਮਿਕ, ਸਮਾਜਿਕ ਜਾਂ ਸਿਆਸੀ ਮੰਚ ਤੋਂ ਬੋਲਣ ਦੀ ਪਾਬੰਦੀ ਲਾਉਣ ਦੀ ਖੁੱਲ੍ਹ ਨਹੀਂ ਦਿੰਦੇ। ਜਥੇਦਾਰਾਂ ਦਾ ਮੁੱਖ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਤਖਤਾਂ ਦਾ ਪ੍ਰਬੰਧ ਸਿੱਖਾਂ ਦੇ ਧਾਰਮਿਕ ਅਕੀਦਿਆਂ ਮੁਤਾਬਕ ਚੱਲਦਾ ਰਹੇ।



ਮੀਟਿੰਗਾਂ ਕਰ ਕੇ ਕਿਤਾਬਾਂ 'ਤੇ ਪਾਬੰਦੀ ਲਾਉਣੀ ਉਨ੍ਹਾਂ ਦੇ ਫਰਜ਼ਾਂ ਦਾ ਹਿੱਸਾ ਨਹੀਂ। ਲਿਹਾਜ਼ਾ ਕਿਤਾਬ 'ਤੇ ਜਾਂ ਵੱਖ-ਵੱਖ ਮੰਚਾਂ ਤੋਂ ਬੋਲਣ ਦੀ ਪਾਬੰਦੀ ਸਬੰਧੀ ਫੈਸਲਾ ਉਨ੍ਹਾਂ ਦੇ ਅਧਿਕਾਰ ਖੇਤਰ 'ਚ ਨਹੀਂ ਆਉਂਦਾ ਤੇ ਗੈਰਕਾਨੂੰਨੀ ਹੈ। ਵਕੀਲ ਨੇ

(ਬਾਕੀ ਸਫਾ 6 'ਤੇ)

### ਜਥੇਦਾਰ ਦੁਨਿਆਵੀ ਅਦਾਲਤ ਦੇ ਅਧੀਨ ਨਹੀਂ: ਬਡੂੰਗਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਹੈ ਕਿ ਤਖਤਾਂ ਦੇ ਸਿੰਘ ਸਾਹਿਬਾਨ ਕਿਸੇ ਵੀ ਦੁਨਿਆਵੀ ਅਦਾਲਤ ਦੇ ਅਧੀਨ ਨਹੀਂ ਹਨ। ਡਾ. ਹਰਜਿੰਦਰ ਸਿੰਘ ਦਿਲਗੀਰ ਦੇ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਅਦਾਲਤ ਦੇ ਹੁਕਮ ਮਿਲਣ ਉਪਰੰਤ ਹੀ ਯੋਗ ਕਾਰਵਾਈ ਕੀਤੀ ਜਾਵੇਗੀ।


We Do Real Estate in Bay Area & Central Valley
We do loans anywhere in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011



Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

# 18ਵਾਂ ਮਹਾਨ ਨਗਰ ਕੀਰਤਨ

## ਗੁਰਦੁਆਰਾ ਸਾਹਿਬ ਬੇਕਰਸਫ਼ੀਲਡ

# SIKH TEMPLE BAKERSFIELD



**2400 So. P STREET BAKERSFIELD CA 93304 ✆ 661-397-8651**

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਖ ਪੰਥ ਦੇ ਬਾਨੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਾਵਨ ਪ੍ਰਕਾਸ਼ ਦਿਵਸ ਨੂੰ ਮੁੱਖ ਰਖਦੇ ਹੋਏ, 19 ਨਵੰਬਰ ਦਿਨ ਐਤਵਾਰ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਹਾਨ ਨਗਰ ਕੀਰਤਨ ਹੋ ਰਿਹਾ ਹੈ। ਬੇਨਤੀ ਹੈ ਸਮੂਹ ਸੰਗਤਾਂ ਸਮੇਂ ਸਿਰ ਪਹੁੰਚ ਕੇ ਉਲੀਕੇ ਪ੍ਰੋਗਰਾਮ ਵਿਚ ਹਿੱਸਾ ਲੈਕੇ ਗੁਰੂ ਸ਼ਾਹਿਬ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣੋ ਜੀ ।

## ਪ੍ਰੋਗਰਾਮ

ਸੋਮਵਾਰ 13 ਨਵੰਬਰ ਤੋਂ ਸ਼ਨੀਵਾਰ 18 ਨਵੰਬਰ ਤੱਕ ਸ਼ਾਮ ਨੂੰ ਰੋਜ਼ਾਨਾ ਦੀਵਾਨ ਸਜਨਗੇ ਅਤੇ 19 ਨਵੰਬਰ ਦਿਨ ਐਤਵਾਰ ਸਵੇਰ ਦੇ ਦੀਵਾਨ ਵਿੱਚ ਆਸਾ ਜੀ ਦੀ ਵਾਰ ਦਾ ਕੀਰਤਨ ਹੋਵੇਗਾ ਉਪਰੰਤ ਕੀਰਤਨੀ ਜੱਥੇ, ਕਥਾਕਾਰ, ਢਾਡੀ, ਪੰਥਕ ਬੁਲਾਰੇ ਆਪਨੇ ਵੀਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਦੀਵਾਨ ਦੀ ਸਮਾਪਤੀ ਉਪਰੰਤ ਨਗਰ ਕੀਰਤਨ ਦੀ ਅਰੰਭਤਾ ਹੋਵੇਗੀ।

### ਨਗਰ ਕੀਰਤਨ ਦਾ ਰੂਟ

ਗੁਰਦੁਆਰਾ ਸਾਹਿਬ ਤੋਂ ਵਿਲਸਨ ਰੋਡ ਸੱਜੇ, ਸਾਉਥ ਐਚ ਸਟ੍ਰੀਟ ਤੋਂ ਖੱਬੇ, ਪਲਾਂਜ਼ ਸਟ੍ਰੀਟ ਤੋਂ ਖੱਬੇ, ਸਾਉਥ ਚੈਸਟਰ ਤੋਂ ਖੱਬੇ, ਵਿਲਸਨ ਰੋਡ ਤੋਂ ਸੱਜੇ ਵਾਪਸ ਗੁਰਦੁਆਰਾ ਸਹਿਬ ਜੀ

### ਢਾਡੀ ਜੱਥਾ

**ਭਾਈ ਲਖਬੀਰ ਸਿੰਘ ਜੀ ਕੋਮਲ ਅਤੇ ਸਾਥੀ**

13 ਨਵੰਬਰ ਤੋਂ 19 ਨਵੰਬਰ ਤੱਕ ਰੋਜ਼ਾਨਾ ਢਾਡੀ ਵਾਰਾਂ ਰਾਹੀ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਇਕਬਾਲ ਸਿੰਘ ਜੀ ਰਾਜਪੁਰਾ
ਕਥਾਵਾਚਕ



ਭਾਈ ਹਰਭਜਨ ਸਿੰਘ ਅਤੇ ਸਾਥੀ, ਹਜ਼ੂਰੀ ਰਾਗੀ ਜੱਥਾ



ਭਾਈ ਲਖਬੀਰ ਸਿੰਘ ਜੀ ਕੋਮਲ ਅਤੇ ਸਾਥੀ

**ਨਿਸ਼ਾਨ ਸਾਹਿਬ ਜੀ ਦੀ ਸੇਵਾ**
18 ਨਵੰਬਰ ਦਿਨ ਸ਼ਨੀਵਾਰ
ਸਵੇਰੇ 9:30 ਵਜੇ ਹੋਵੇਗੀ ਜੀ।

**ਪੰਜ ਪਿਆਰਿਆਂ ਦੀ ਸੇਵਾ**
ਭਾਈ ਹਰਭਜਨ ਸਿੰਘ ਜੀ 661-855-9039
ਦਲਜੀਤ ਸਿੰਘ ਬਾਜਵਾ 661-808-5573

**ਨਗਰ ਕੀਰਤਨ ਬਾਰੇ ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਕਾਲ ਕਰੋ**
ਰਜਿੰਦਰ ਸਿੰਘ ਢਿੱਲੋਂ
(661)321-6997

**ਫਲੋਟ ਲਗਵਾਉਣ ਦੀ ਸੇਵਾ**
ਮਨਜੀਤ ਸਿੰਘ ਦਿਓਲ 661-800-0001
ਸਿਕੰਦਰ ਸਿੰਘ ਗਰੇਵਾਲ 661-549-3423

**ਗੁਰੂ ਕੇ ਲੰਗਰ ਦੀ ਸੇਵਾ**
ਤਜਿੰਦਰ ਸਿੰਘ ਗਿੱਲ 661-201-9028
ਸੁਲੱਖਣ ਸਿੰਘ ਰਾਏ 661-706-9370
ਹਰਦਿਆਲ ਸਿੰਘ ਮੱਲ੍ਹੀ 661-979-8516
ਦਲਜੀਤ ਸਿੰਘ ਸੰਧੂ 661-703-1842

**ਦੁਕਾਨਾਂ ਦੀ ਸੇਵਾ**
ਬਲਵੀਰ ਸਿੰਘ ਸਿੱਧੂ 661-800-7841
ਗੁਰਮੀਤ ਸਿੰਘ ਸਿੱਧੂ 661-343-7749

**ਫਲੋਟ ਸਜਾਉਣ ਦੀ ਸੇਵਾ**
ਜੋਬਨਜੀਤ ਸਿੰਘ (ਰੋਬੀ) 661-808-7181
ਹੰਸ ਸਿੰਘ ਚੀਮਾ 661-302-6301

**ਦਾਨੀ ਸੱਜਣ ਸੰਪਰਕ ਕਰਨ**
ਦਲਜੀਤ ਸਿੰਘ ਢਡ 661-835-0032
ਮੱਸਾ ਸਿੰਘ ਬਾਜਵਾ 661-837-9981
ਹਰਬੰਸ ਸਿੰਘ ਭਠ 661-376-8385

**ਸਹਿਯੋਗ:** ਸਮੂਹ ਸੰਗਤ ਬੇਕਰਸਫ਼ੀਲਡ, ਗੁ: ਗੁਰੂ ਅੰਗਦ ਦਰਬਾਰ, ਬੇਕਰਸਫ਼ੀਲਡ। ਗੁਰ ਨਾਨਕ ਮਿਸ਼ਨ ਸਿੱਖ ਸੈਂਟਰ, ਬੇਕਰਸਫ਼ੀਲਡ । ਗੁਰਦਵਾਰਾ ਗੁਰ ਦਸਮੇਸ਼ ਦਰਬਾਰ, ਵਾਈਬਲ ਰੋਡ, ਬੇਕਰਸਫ਼ੀਲਡ। ਸ਼ਹੀਦ ਬਾਬਾ ਦੀਪ ਸਿੰਘ ਜੀ ਖਾਲਸਾ ਦਰਬਾਰ, ਬੇਕਰਸਫ਼ੀਲਡ। ਸਿੱਖ ਯੂਥ ਆਫ ਅਮੇਰੀਕਾ, ਬੇਕਰਸਫ਼ੀਲਡ ਯੂਨਿਟ।

DESIGNED & PRINTED BY: NK SIGNS INDUSTRY INC. · 661-978-7319 · 661-558-5088 · 661-448-4811

# ਜੱਜ ਰਿਸ਼ਵਤ ਕਾਂਡ ਬਾਰੇ ਅਰਜ਼ੀ ਖਾਰਜ

**ਨਵੀਂ ਦਿੱਲੀ:** ਜੱਜਾਂ ਦੇ ਨਾਂ ਉਤੇ ਰਿਸ਼ਵਤ ਲੈਣ ਦੇ ਕੇਸ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਤੋਂ ਪੜਤਾਲ ਕਰਾਉਣ ਦੀ ਮੰਗ ਕਰਦੀ ਅਰਜ਼ੀ ਨੂੰ ਖਾਰਜ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਇਹ 'ਉਕਾ ਅਪਮਾਨਜਨਕ' ਹੈ। ਸਰਬਉਚ ਅਦਾਲਤ ਨੇ ਬਗੈਰ ਕਿਸੇ ਕਾਰਨ ਨਿਆਇਕ ਸੰਸਥਾ ਦੇ ਅਪਮਾਨ ਲਈ ਪਟੀਸ਼ਨਾਂ ਪਾਉਣ ਵਾਲੇ ਵਕੀਲਾਂ ਦੇ ਵਿਹਾਰ ਦੀ ਵੀ ਨਿਖੇਧੀ ਕੀਤੀ।

ਸੁਪਰੀਮ ਕੋਰਟ ਨੇ ਕਿਹਾ ਕਿ ਭਾਰਤ ਦੇ ਚੀਫ ਜਸਟਿਸ ਖਿਲਾਫ਼ ਦੋਸ਼ ਲਾਉਂਦਿਆਂ ਇਹ ਪਟੀਸ਼ਨ ਜੁਡੀਸ਼ਰੀ ਵਿਚ 'ਪਾੜਾ ਪਾਉਣ' ਲਈ ਦਾਖਲ ਕੀਤੀ ਗਈ ਸੀ ਅਤੇ ਇਕ ਜੱਜ ਨੂੰ ਇਸ ਮਾਮਲੇ ਤੋਂ ਵੱਖ ਕਰਨ ਦੀ ਮੰਗ ਕਰ ਕੇ ਫੋਰਮ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਵੀ ਕੀਤਾ ਗਿਆ ਸੀ, ਜੋ ਅਦਾਲਤੀ ਮਾਣਹਾਨੀ ਦੇ ਤੁਲ ਹੈ। ਵਕੀਲ ਕਾਮਿਨੀ ਜੈਸਵਾਲ ਵੱਲੋਂ ਦਾਖਲ ਪਟੀਸ਼ਨ ਖਾਰਜ ਕਰਦਿਆਂ ਸਰਬਉਚ ਅਦਾਲਤ ਨੇ ਕਿਹਾ ਕਿ ਸੀਨੀਅਰ ਵਕੀਲਾਂ ਸ਼ਾਂਤੀ ਭੂਸ਼ਨ ਅਤੇ ਪ੍ਰਸ਼ਾਂਤ ਭੂਸ਼ਨ ਨੇ ਨਿਆਂ ਵਿਵਸਥਾ ਅਤੇ ਭਾਰਤ ਦੇ ਚੀਫ ਜਸਟਿਸ ਖਿਲਾਫ਼ 'ਬੇਬੁਨਿਆਦ ਦੋਸ਼' ਲਾਏ ਹਨ। ਇਸ ਮਸਲੇ ਤੋਂ ਇਕ ਜੱਜ ਨੂੰ ਲਾਂਭੇ ਕੀਤੇ ਜਾਣ ਦੀ ਮੰਗ ਦੀ ਆਲੋਚਨਾ ਕਰਦਿਆਂ ਜਸਟਿਸ ਆਰ ਕੇ ਅਗਰਵਾਲ, ਅਰੁਣ ਮਿਸ਼ਰਾ ਤੇ ਏ. ਐਮ ਖਾਨਵਿਲਕਰ ਦੇ ਬੈਂਚ ਨੇ ਕਿਹਾ, 'ਸਾਨੂੰ ਪਤਾ ਹੈ ਕਿ ਨਿਆਂ ਵਿਵਸਥਾ ਦੀ ਬਦਨਾਮੀ ਲਈ ਇਹ ਯਤਨ ਕੀਤਾ ਗਿਆ ਹੈ। ਬੇਬੁਨਿਆਦ ਦੋਸ਼ ਨਿਆਂ ਪ੍ਰਣਾਲੀ ਦੀ ਆਜ਼ਾਦੀ ਲਈ ਗੰਭੀਰ ਖਤਰਾ ਹਨ।' ਦੱਸਣਯੋਗ ਹੈ ਕਿ ਇਸ ਪਟੀਸ਼ਨ ਵਿਚ ਮੈਡੀਕਲ ਕਾਲਜਾਂ ਨਾਲ ਸਬੰਧਤ ਕੇਸਾਂ, ਜਿਸ 'ਚ ਉੜੀਸਾ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਇਸ਼ਰਤ ਮਸਰੂਰ ਕੁੱਦਸੀ ਮੁਲਜ਼ਮ ਹਨ, ਵਿਚ ਫੈਸਲਾ ਹੱਕ ਵਿਚ ਕਰਾਉਣ ਲਈ ਰਿਸ਼ਵਤ ਦੇਣ ਦੇ ਦੋਸ਼ ਲਾਏ ਗਏ ਹਨ।

ਬੈਂਚ ਨੇ ਕਿਹਾ, 'ਇਸ ਅਦਾਲਤ ਵਿਚ ਰੱਫੜ ਪੈਦਾ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਪਟੀਸ਼ਨ ਰਾਹੀਂ ਬਗੈਰ ਕਿਸੇ ਚੰਗੇ ਮਕਸਦ ਦੇ ਗੰਭੀਰ ਤੇ ਬੇਬੁਨਿਆਦ ਸ਼ੱਕ ਪੈਦਾ ਕੀਤਾ ਗਿਆ ਹੈ, ਜੋ ਪੂਰੀ ਤਰ੍ਹਾਂ ਅਪਮਾਨਜਨਕ ਹੈ। ਇਹ ਨਿਆਂ ਦੇ ਸਥਾਪਤ ਮਾਨਕਾਂ ਖਿਲਾਫ਼ ਹੈ। ਨਿਆਂ ਪ੍ਰਬੰਧ ਅਤੇ ਚੀਫ ਜਸਟਿਸ ਖਿਲਾਫ਼ 'ਬੇਬੁਨਿਆਦ ਦੋਸ਼' ਨਹੀਂ ਲਾਏ ਜਾਣੇ ਚਾਹੀਦੇ।' 38 ਸਫਿਆਂ ਦੇ ਫੈਸਲੇ ਵਿਚ ਬੈਂਚ ਨੇ ਕਿਹਾ, 'ਪਟੀਸ਼ਨਰਾਂ ਦਾ ਕਹਿਣਾ ਕਿ ਚੀਫ ਜਸਟਿਸ ਦੀਪਕ ਮਿਸ਼ਰਾ ਨੂੰ ਇਸ ਮਸਲੇ ਉਤੇ ਸੁਣਵਾਈ ਨਹੀਂ ਕਰਨੀ ਚਾਹੀਦੀ ਇਹ 'ਬੇਹੱਦ ਬੇਤੁੱਕਾ' ਹੈ ਅਤੇ ਇਹ ਇਕ ਫੋਰਮ ਚੁਣਨ ਦਾ ਯਤਨ ਹੈ। ਇਸ ਤੋਂ ਇਲਾਵਾ ਇਕ ਹੋਰ ਮੰਗ ਕੀਤੀ ਗਈ ਹੈ ਕਿ ਜਸਟਿਸ ਏ.ਐਮ. ਖਾਨਵਿਲਕਰ ਨੂੰ ਇਸ ਮਾਮਲੇ ਤੋਂ ਲਾਂਭੇ ਰੱਖਣਾ ਚਾਹੀਦਾ ਹੈ। ਇਹ ਹੋਰ ਕੁਝ ਨਹੀਂ ਬਲਕਿ ਫੋਰਮ ਨੂੰ ਨਿਸ਼ਾਨਾ ਬਣਾਉਣ ਦਾ ਇਕ ਹੋਰ ਯਤਨ ਹੈ, ਜਿਸ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।' ਪਟੀਸ਼ਨਰ ਨੇ ਜਸਟਿਸ ਖਾਨਵਿਲਕਰ ਨੂੰ ਲਾਂਭੇ ਰੱਖਣ ਦੀ ਮੰਗ ਕਰਦਿਆਂ ਦਲੀਲ ਦਿੱਤੀ ਸੀ ਕਿ ਉਨ੍ਹਾਂ ਨੇ ਮੈਡੀਕਲ ਕਾਲਜ ਦੇ ਮਸਲੇ 'ਤੇ ਫੈਸਲਾ ਕੀਤਾ ਸੀ, ਜਿਸ ਬਾਰੇ ਸੀ.ਬੀ.ਆਈ. ਵੱਲੋਂ ਐਫ.ਆਈ.ਆਰ. ਦਰਜ ਕੀਤੀ ਗਈ ਹੈ।

ਬੈਂਚ ਨੇ ਕਿਹਾ ਕਿ ਬੈਂਚਾਂ ਦੀ ਚੋਣ ਲਈ ਪਟੀਸ਼ਨਰਾਂ ਵੱਲੋਂ ਵਰਤੇ ਜਾਂਦੇ ਅਜਿਹੇ ਹੱਥਕੰਡਿਆਂ ਦਾ ਸ਼ਿਕਾਰ ਨਹੀਂ ਬਣਨਾ ਚਾਹੀਦਾ। ਅਜਿਹੀਆਂ ਚੀਜ਼ਾਂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਜਿਹੇ ਬੇਬੁਨਿਆਦ ਦੋਸ਼ਾਂ ਅਤੇ ਸਮੱਗਰੀ ਤੋਂ ਅੱਖਾਂ ਫੇਰਨੀਆਂ ਭਾਰਤੀ ਨਿਆਂ ਵਿਵਸਥਾ ਲਈ 'ਸਭ ਤੋਂ ਦੁਖਦਾਈ ਦਿਨ' ਹੋਵੇਗਾ।



*ਮੂਲ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਸਬੰਧੀ ਇਕ ਦੋ ਰੋਜ਼ਾ ਕਾਨਫਰੰਸ ਲੰਘੇ ਸਨਿਚਰ ਤੇ ਐਤਵਾਰ ਗੁਰਦੁਆਰਾ ਪੈਲਾਟਾਈਨ (ਸ਼ਿਕਾਗੋ) ਵਿਖੇ ਹੋਈ ਜਿਸ ਵਿਚ ਅਮਰੀਕਾ-ਕੈਨੇਡਾ ਤੇ ਭਾਰਤ ਤੋਂ ਆਏ ਵਿਦਵਾਨ ਸ਼ਾਮਲ ਹੋਏ। ਇਸ ਮੌਕੇ ਨਾਨਕਸ਼ਾਹੀ ਕੈਲੰਡਰ ਦੇ ਬਾਨੀ ਸ. ਪਾਲ ਸਿੰਘ ਪੁਰੇਵਾਲ ਸੰਗਤ ਨੂੰ ਸੰਬੋਧਨ ਕਰਦੇ ਹੋਏ।*

*(ਰਿਪੋਰਟ ਅਗਲੇ ਅੰਕ 'ਚ)*

# ਹਿਮਾਚਲ ਪ੍ਰਦੇਸ਼ ਵਿਚ ਰਿਕਾਰਡ ਤੋੜ ਵੋਟਿੰਗ

**ਸ਼ਿਮਲਾ:** ਹਿਮਾਚਲ ਪ੍ਰਦੇਸ਼ 'ਚ ਵਿਧਾਨ ਸਭਾ ਚੋਣਾਂ ਲਈ ਰਿਕਾਰਡ ਤੋੜ 74.45 ਫੀਸਦੀ ਲੋਕਾਂ ਨੇ ਮਤਦਾਨ ਕਰਦਿਆਂ 337 ਉਮੀਦਵਾਰਾਂ ਦੀ ਕਿਸਮਤ ਨੂੰ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮਜ਼.) ਵਿਚ ਬੰਦ ਕਰ ਦਿੱਤਾ। ਚਾਰ ਦਹਾਕਿਆਂ 'ਚ ਇਸ ਵਾਰ ਸਭ ਤੋਂ ਵੱਧ ਵੋਟਿੰਗ ਹੋਈ ਹੈ। 2012 ਦੀਆਂ ਵਿਧਾਨ ਸਭਾ ਚੋਣਾਂ ਵਿਚ 73.5 ਫੀਸਦੀ ਵੋਟਿੰਗ ਹੋਈ ਸੀ। 2014 ਦੀਆਂ ਲੋਕ ਸਭਾ ਚੋਣਾਂ ਸਮੇਂ 64.45 ਫੀਸਦੀ ਲੋਕਾਂ ਨੇ ਵੋਟਾਂ ਪਾਈਆਂ ਸਨ। ਪਹਿਲੀ ਵਾਰ ਈ.ਵੀ.ਐਮਜ਼. ਦੇ ਨਾਲ 11283 ਵੀ.ਵੀ.ਪੈਟ. ਮਸ਼ੀਨਾਂ ਦੀ ਵਰਤੋਂ ਕੀਤੀ ਗਈ। ਵੋਟਾਂ ਦੀ ਗਿਣਤੀ 18 ਦਸੰਬਰ ਨੂੰ ਹੋਵੇਗੀ ਅਤੇ ਉਸੇ ਦਿਨ ਨਤੀਜੇ ਐਲਾਨੇ ਜਾਣਗੇ।










# ਸਵਾਲਾਂ ਦੇ ਘੇਰੇ ਵਿਚ ਆਏ ਕਤਲਾਂ ਦੇ ਮਾਮਲੇ ਸੁਲਝਾਉਣ ਦੇ ਦਾਅਵੇ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪੁਲਿਸ ਮੁਖੀ ਨੇ ਆਰ.ਐਸ.ਐਸ. ਨੇਤਾ ਤੇ ਇਸਾਈ ਪਾਦਰੀਆਂ ਦੇ ਮਿਥ ਕੇ ਕੀਤੇ ਕਤਲਾਂ ਨੂੰ ਸੁਲਝਾ ਲੈਣ ਤੇ ਦੋਸ਼ੀ ਫੜ ਲੈਣ ਦਾ ਦਾਅਵਾ ਤਾਂ ਕਰ ਦਿੱਤਾ ਹੈ, ਪਰ ਸਾਰੇ ਮਾਮਲਿਆਂ ਦੀਆਂ ਕੜੀਆਂ ਅਜੇ ਪੂਰੀ ਤਰ੍ਹਾਂ ਜੁੜੀਆਂ ਨਜ਼ਰ ਨਹੀਂ ਆ ਰਹੀਆਂ।



ਮੁੱਖ ਮੰਤਰੀ ਤੇ ਪੁਲਿਸ ਮੁਖੀ ਨੇ ਦਾਅਵਾ ਕੀਤਾ ਸੀ ਕਿ ਇੰਗਲੈਂਡ ਤੋਂ ਆ ਰਹੇ ਜਿੰਮੀ ਸਿੰਘ ਦੇ ਦੋ ਦਿਨ ਪਹਿਲਾਂ ਦਿੱਲੀ ਹਵਾਈ ਅੱਡੇ ਤੋਂ ਫੜੇ ਜਾਣ ਬਾਅਦ ਮਿਲੀ ਜਾਣਕਾਰੀ ਦੇ ਆਧਾਰ ਉਤੇ ਜਗਤਾਰ ਸਿੰਘ ਜੌਹਲ ਨੂੰ ਫੜਿਆ ਗਿਆ, ਪਰ ਪਿੰਡ ਜੰਡਿਆਲਾ ਦੇ ਸਰਪੰਚ ਤੇ ਮੋਹਤਬਰ ਬੰਦਿਆਂ ਨੇ ਦੱਸਿਆ ਕਿ ਗੁਰਪੁਰਬ ਵਾਲੇ ਦਿਨ ਚਾਰ ਨਵੰਬਰ ਨੂੰ ਦੁਪਹਿਰ ਤੋਂ ਪਹਿਲਾਂ ਜਗਤਾਰ ਤੇ ਉਸ ਦੀ ਪਤਨੀ ਕਿਰਾਏ ਦੀ ਇਨੋਵਾ ਕਾਰ 'ਚ ਸਵਾਰ ਹੋ ਕੇ ਗਏ ਸਨ ਤੇ ਜਲੰਧਰ 'ਚ ਕਿਸੇ ਥਾਂ ਤੋਂ ਪੁਲਿਸ ਨੇ ਜਗਤਾਰ ਸਿੰਘ ਨੂੰ ਚੁੱਕਿਆ ਹੈ। ਇਸ ਗੱਲ ਦੀ ਪੁਸ਼ਟੀ ਕਮਿਸ਼ਨਰ ਜਲੰਧਰ ਪੀ.ਕੇ. ਸਿਨਹਾ ਨੇ ਵੀ ਕੀਤੀ ਕਿ ਜਗਤਾਰ ਨੂੰ ਗ੍ਰਿਫਤਾਰ ਕੀਤੇ ਜਾਣ ਸਮੇਂ ਉਸ ਦੀ ਪਤਨੀ ਵੀ ਉਸ ਦੇ ਨਾਲ ਸੀ, ਪਰ ਪੁਲਿਸ ਨੇ ਉਸ ਨੂੰ ਨਹੀਂ ਸੀ ਫੜਿਆ।

ਪਿੰਡ ਵਾਲਿਆਂ ਦਾ ਕਹਿਣਾ ਹੈ ਕਿ ਜਗਤਾਰ ਦੀ ਪਤਨੀ ਵੀ ਮੁੜ ਜੰਡਿਆਲਾ ਨਹੀਂ ਆਈ। ਪਿੰਡ ਵਾਸੀਆਂ ਨੇ ਦੱਸਿਆ ਕਿ ਜਗਤਾਰ ਸਿੰਘ ਦਾ ਪਿਤਾ ਜਸਬੀਰ ਸਿੰਘ ਲੰਬਾ ਸਮਾਂ ਪਹਿਲਾਂ ਇੰਗਲੈਂਡ ਚਲਾ ਗਿਆ ਸੀ। ਉਹ ਆਪ ਹਰ ਸਾਲ ਪਿੰਡ ਆਉਂਦਾ ਹੈ ਤੇ ਧਾਰਮਿਕ ਕੰਮਾਂ ਵਿਚ ਸਰਗਰਮੀ ਵੀ ਕਰਦਾ ਹੈ। ਹੁਣ ਉਨ੍ਹਾਂ ਦਾ ਸਾਰਾ ਪਰਿਵਾਰ ਜਸਬੀਰ ਸਿੰਘ, ਉਸ ਦੀਆਂ ਭੈਣਾਂ, ਪੁੱਤਰ ਤੇ ਕਈ ਹੋਰ ਰਿਸ਼ਤੇਦਾਰ ਜਗਤਾਰ ਸਿੰਘ ਦੇ ਵਿਆਹ ਲਈ ਪਿੰਡ ਆਏ ਹੋਏ ਸਨ।

ਵਿਆਹ ਤੋਂ ਪਹਿਲਾਂ ਉਨ੍ਹਾਂ ਦੇ ਘਰ ਬੜੀ ਰੌਣਕ ਰਹੀ। ਹਫਤੇ ਕੁ ਬਾਅਦ ਜਸਬੀਰ ਸਿੰਘ ਤੇ ਉਨ੍ਹਾਂ ਦਾ ਬਾਕੀ ਪਰਿਵਾਰ ਤਾਂ ਵਾਪਸ ਇੰਗਲੈਂਡ ਚਲਿਆ ਗਿਆ, ਪਰ ਨਵ-ਵਿਆਹੀ ਜੋੜੀ ਇਥੇ ਹੀ ਰਹਿ ਰਹੇ ਸਨ। ਗੁਆਂਢ ਰਹਿੰਦੇ ਲੋਕਾਂ ਨੇ ਦੱਸਿਆ ਕਿ ਉਹ ਜੇਕਰ ਦਿਨ ਨੂੰ ਕਿਧਰੇ ਜਾਂਦੇ ਵੀ ਸਨ ਤਾਂ ਸ਼ਾਮ ਨੂੰ ਘਰ ਆ ਜਾਂਦੇ ਸਨ। ਜਸਬੀਰ ਸਿੰਘ ਦੇ ਪਰਿਵਾਰ ਦੇ ਹੋਰ ਮੈਂਬਰ ਤਾਂ ਗੁਰਸਿੱਖ ਹਨ। ਪੁਲਿਸ ਦਾ ਦਾਅਵਾ ਹੈ ਕਿ ਉਕਤ ਕਤਲਾਂ 'ਚ ਮੁੱਖ ਸਾਜਿਸ਼ਕਾਰ ਜਗਤਾਰ ਸਿੰਘ ਸੀ, ਪਰ ਜਿਸ ਤਰ੍ਹਾਂ ਉਹ ਕਰੀਬ ਇਕ ਮਹੀਨਾ ਆ ਕੇ ਵਿਚਰਿਆ ਤੇ ਵਿਆਹ ਕਰਵਾਇਆ, ਉਸ ਨੂੰ ਦੇਖ ਕੇ ਲੋਕ ਯਕੀਨ ਨਹੀਂ ਕਰ ਰਹੇ ਕਿ ਇੰਨੇ ਵੱਡੇ ਜੁਰਮਾਂ ਦਾ ਸਰਗਨਾ ਆਰਾਮ ਨਾਲ ਲੰਮਾ ਸਮਾਂ ਇਥੇ ਰਹਿ ਸਕਦਾ ਹੈ।

ਪਿੰਡ ਵਾਲੇ ਕਹਿ ਰਹੇ ਸਨ ਕਿ ਜਗਤਾਰ ਇੰਗਲੈਂਡ ਤੋਂ ਇਥੇ ਘੱਟ ਹੀ ਆਇਆ ਸੀ। ਹੁਣ ਵੀ ਉਹ ਕਈ ਸਾਲ ਬਾਅਦ ਆਪਣੇ ਪਰਿਵਾਰ ਨਾਲ ਵਿਆਹ ਕਰਵਾਉਣ ਲਈ ਆਇਆ ਸੀ। ਪੁਲਿਸ ਨੇ ਜੇਕਰ ਜਗਤਾਰ ਸਿੰਘ ਨੂੰ ਚਾਰ ਨਵੰਬਰ ਦੀ ਦੁਪਹਿਰ ਨੂੰ ਗ੍ਰਿਫਤਾਰ ਕਰ ਲਿਆ ਸੀ ਤਾਂ ਫਿਰ ਜਿੰਮੀ ਸਿੰਘ ਦੇ ਗ੍ਰਿਫਤਾਰ ਹੋਣ ਬਾਅਦ ਭਾਂਡਾ ਭੱਜਣ ਦੇ ਦਾਅਵੇ ਉਪਰ ਵੀ ਸਵਾਲ ਉਠ ਰਹੇ ਹਨ। ਉਂਜ ਵੀ ਪੁਲਿਸ ਨੇ ਅਜੇ ਤੱਕ ਉਕਤ ਵਾਰਦਾਤਾਂ ਕਰਨ 'ਚ ਸ਼ਾਮਲ ਵਿਅਕਤੀਆਂ, ਵਰਤੇ ਹਥਿਆਰਾਂ ਦੀ ਬਰਾਮਦਗੀ ਤੇ ਵਾਹਨਾਂ ਨੂੰ ਬਰਾਮਦ ਕਰਨ ਬਾਰੇ ਵੀ ਕੋਈ ਵਿਸਥਾਰ ਨਹੀਂ ਦਿੱਤਾ ਹੈ।

## ਗੈਂਗਸਟਰ ਨੇ ਹਿੰਦੂ ਨੇਤਾ ਦੀ ਮੌਤ ਦਾ ਖੋਲ੍ਹਿਆ ਰਾਜ਼

**ਅੰਮ੍ਰਿਤਸਰ:** ਅੰਮ੍ਰਿਤਸਰ ਵਿਚ 30 ਅਕਤੂਬਰ ਨੂੰ ਬੇਰਹਿਮੀ ਨਾਲ ਮਾਰੇ ਗਏ ਹਿੰਦੂ ਨੇਤਾ ਦੇ ਕਤਲ ਕੇਸ ਤੋਂ ਪਰਦਾ ਉਸ ਵੇਲੇ ਹਟ ਗਿਆ ਜਦੋਂ ਗੈਂਗਸਟਰ ਸਾਰਜ ਸਿੰਘ ਮਿੰਟੂ ਨੇ ਆਪਣੇ ਫੇਸਬੁੱਕ ਪੇਜ 'ਤੇ ਪੋਸਟ ਪਾ ਕੇ ਇਸ ਕਤਲ ਦੀ ਜ਼ਿੰਮੇਵਾਰੀ ਲੈਂਦਿਆਂ ਇਸ ਦਾ ਕਾਰਨ ਵੀ ਦੱਸਿਆ ਹੈ। ਸਾਰਜ ਨੇ ਲਿਖਿਆ ਹੈ ਕਿ 30 ਅਕਤੂਬਰ ਨੂੰ ਅੰਮ੍ਰਿਤਸਰ ਵਿਚ ਜੋ ਕਤਲ ਹੋਇਆ, ਉਹ ਉਸ ਨੇ ਕੀਤਾ ਸੀ ਤਾਂ ਜੋ ਵਿਪਨ ਸ਼ਰਮਾ ਨੂੰ ਉਸ ਦੀ ਗਲਤੀ ਦੀ ਸਜ਼ਾ ਮਿਲ ਸਕੇ। ਵਿਪਨ ਸ਼ਰਮਾ ਨੇ ਇਕ ਪੁਲਿਸ ਵਾਲੇ ਦੀ ਹੱਤਿਆ ਕਾਰਵਾਈ, ਹਥਿਆਰ ਮੁਹੱਈਆ ਕਰਵਾਏ, ਇਸ ਲਈ ਉਸ ਨੂੰ ਮਾਰਿਆ ਗਿਆ। ਉਸ ਨੇ ਲਿਖਿਆ ਕਿ ਉਹ ਪੁਲਿਸ ਵਾਲਾ ਮੇਰੇ ਦੋਸਤ ਦਾ ਪਿਤਾ ਸੀ, ਜੇਕਰ ਯਕੀਨ ਨਹੀਂ ਤਾਂ ਪੁਲਿਸ ਜਾਂਚ ਕਾਰਵਾਈ ਜਾਵੇ। ਸੱਚ ਆਪਣੇ ਆਪ ਸਾਹਮਣੇ ਆ ਜਾਵੇਗਾ। ਇਹ ਸਾਡੀ ਆਪਸੀ ਰੰਜਿਸ਼ ਸੀ।



## ਗੈਂਗਸਟਰਾਂ ਦੀ ਪੈੜ ਨੱਪਣ ਲਈ ਸਰਗਰਮ ਹੋਈ ਪੁਲਿਸ

**ਅੰਮ੍ਰਿਤਸਰ:** ਪੰਜਾਬ ਪੁਲਿਸ ਗੈਂਗਸਟਰਾਂ ਨੂੰ ਕਾਬੂ ਕਰਨ ਲਈ ਸਰਗਰਮ ਹੋ ਗਈ ਹੈ। ਜਨਤਕ ਥਾਵਾਂ 'ਤੇ ਗੈਂਗਸਟਰਾਂ ਦੀਆਂ ਤਸਵੀਰਾਂ ਲਾਈਆਂ ਗਈਆਂ ਹਨ ਤੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਛਾਪੇ ਮਾਰੇ ਜਾ ਰਹੇ ਹਨ। ਪੁਲਿਸ ਨੇ ਵੱਖ-ਵੱਖ ਥਾਵਾਂ ਉਤੇ 14 ਗੈਂਗਸਟਰਾਂ ਦੀਆਂ ਤਸਵੀਰਾਂ ਲਾ ਦਿੱਤੀਆਂ ਹਨ। ਜਿਹੜੇ ਗੈਂਗਸਟਰਾਂ ਦੀਆਂ ਤਸਵੀਰਾਂ ਲਾਈਆਂ ਹਨ, ਉਨ੍ਹਾਂ ਵਿਚ ਵਿੱਕੀ ਗੌਂਡਰ, ਗੋਪੀ ਘਣਸ਼ਾਮਪੁਰ, ਸੁਪ੍ਰੀਤ ਸਿੰਘ ਉਰਫ ਹੈਰੀ ਚੱਠਾ, ਆਕਾਸ਼ ਨੰਦੇੜ, ਦਿਲਪ੍ਰੀਤ ਸਿੰਘ, ਸੁਖ ਭਿਖਾਰੀਵਾਲ, ਰਿੰਦਾ ਸਰਹਾਲੀ, ਗੋਪੀ ਕੌੜਾ, ਗਗਨਾ ਹਤੂੜ, ਜੈਪਾਲ ਫਿਰੋਜ਼ਪੁਰ, ਸ਼ੁਭਮ ਸਿੰਘ, ਸਾਰਜ ਸਿੰਘ ਉਰਫ ਮਿੰਟੂ ਤੇ ਪ੍ਰੇਮਾ ਲਾਹੋਰੀਆ ਸ਼ਾਮਲ ਹਨ।

# ਨਸ਼ਾ ਤਸਕਰੀ: ਖਹਿਰਾ ਨੇ ਮਜੀਠੀਆ ਵਿਰੁਧ ਫਿਰ ਖੋਲ੍ਹਿਆ ਮੋਰਚਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਆਗੂ ਅਤੇ ਪੰਜਾਬ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਸਾਬਕਾ ਮੰਤਰੀ ਅਤੇ ਮੌਜੂਦਾ ਵਿਧਾਇਕ ਬਿਕਰਮ ਸਿੰਘ ਮਜੀਠੀਆ ਵਿਰੁੱਧ ਫਿਰ ਮੋਰਚਾ ਖੋਲ੍ਹਦਿਆਂ ਦੋਸ਼ ਲਾਇਆ ਕਿ ਉਨ੍ਹਾਂ ਦੇ ਨਸ਼ਾ ਤਸਕਰਾਂ ਨਾਲ ਗੂੜ੍ਹੇ ਸਬੰਧ ਹਨ।



ਸੁਖਪਾਲ ਖਹਿਰਾ ਨੇ ਸਤਪ੍ਰੀਤ ਸਿੰਘ ਸੱਤਾ ਅਤੇ ਬਿੱਟੂ ਔਲਖ ਨਾਲ ਜਿਥੇ ਮਜੀਠੀਆ ਦੀ ਨੇੜਤਾ ਦਾ ਦੋਸ਼ ਲਾਇਆ, ਉਥੇ ਇਨ੍ਹਾਂ ਦੀਆਂ ਅਕਾਲੀ ਆਗੂਆਂ ਨਾਲ ਕੁਝ ਤਸਵੀਰਾਂ ਵੀ ਦਿਖਾਈਆਂ, ਜਿਨ੍ਹਾਂ ਨੂੰ ਆਧਾਰ ਸਮਝ ਕੇ ਮਜੀਠੀਆ ਖਿਲਾਫ਼ ਪੁਖਤਾ ਸਬੂਤ ਹੋਣ ਦੀ ਗੱਲ ਵੀ ਦੁਹਰਾਈ। ਖਹਿਰਾ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਕਾਲ ਡੀਟੇਲ ਨੂੰ ਆਧਾਰ ਬਣਾ ਕੇ ਉਨ੍ਹਾਂ ਵਿਰੁੱਧ ਕਾਰਵਾਈ ਆਰੰਭੀ ਜਾ ਰਹੀ ਹੈ ਪਰ ਮਜੀਠੀਆ ਖਿਲਾਫ਼ ਪੁਖਤਾ ਸਬੂਤ ਹੋਣ ਉਤੇ ਵੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਖਹਿਰਾ ਨੇ ਸੁਖਬੀਰ ਸਿੰਘ ਬਾਦਲ ਅਤੇ ਬੀਬੀ ਜਾਗੀਰ ਕੌਰ ਉਤੇ ਤਿੱਖੇ ਸ਼ਬਦਾਂ ਨਾਲ ਟਿੱਪਣੀ ਕੀਤੀ ਕਿ ਉਨ੍ਹਾਂ ਤੋਂ ਅਸਤੀਫਾ ਮੰਗਣ ਵਾਲਿਆਂ ਨੂੰ ਪਹਿਲਾਂ ਆਪਣੀ ਪੀੜੀ ਹੇਠਾਂ ਸੋਟਾ ਫੇਰਨਾ ਚਾਹੀਦਾ ਹੈ।

# ਪੁਲਿਸ ਨੇ ਕਤਲਾਂ ਪਿਛੇ ਦੱਸਿਆ ਕੇ.ਐਲ.ਐਫ. ਦਾ ਹੱਥ

**ਲੁਧਿਆਣਾ:** ਪੁਲਿਸ ਨੇ ਦਾਅਵਾ ਕੀਤਾ ਹੈ ਕਿ ਦੋ ਸਾਲ ਪਹਿਲਾਂ ਲੁਧਿਆਣਾ ਦੀ ਜਨਕਪੁਰੀ ਸਥਿਤ ਆਰ.ਐਸ.ਐਸ. ਸ਼ਾਖਾ 'ਤੇ ਹਮਲੇ ਸਣੇ ਮਿੱਥ ਕੇ ਕੀਤੇ ਸੱਤ ਕਤਲਾਂ ਪਿੱਛੇ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇ.ਐਲ.ਐਫ.) ਦਾ ਹੱਥ ਸੀ। ਇਨ੍ਹਾਂ ਕਤਲਾਂ ਪਿੱਛੇ ਖਾੜਕੂ ਹਰਮਿੰਦਰ ਸਿੰਘ ਮਿੰਟੂ ਤੇ ਉਸ ਦਾ ਗਰੁੱਪ ਸੀ। ਖਾਲਿਸਤਾਨੀ ਲਿਬਰੇਸ਼ਨ ਫੋਰਸ ਧਾਰਮਿਕ ਤੇ ਹਿੰਦੂ ਸੰਗਠਨਾਂ ਦੇ ਆਗੂਆਂ ਨੂੰ ਨਿਸ਼ਾਨਾ ਬਣਾ ਕੇ ਸੂਬੇ ਵਿਚ ਦਹਿਸ਼ਤ ਫੈਲਾਉਣਾ ਚਾਹੁੰਦੀ ਸੀ।

ਡੀ.ਜੀ.ਪੀ. ਸੁਰੇਸ਼ ਅਰੋੜਾ ਦਾ ਕਹਿਣਾ ਹੈ ਕਿ ਇਨ੍ਹਾਂ ਸਾਰੇ ਕਤਲਾਂ ਨੂੰ ਅੰਜਾਮ ਦੇਣ ਵਾਲਾ ਸ਼ਾਰਪ ਸ਼ੂਟਰ ਹਰਦੀਪ ਸਿੰਘ ਸ਼ੇਰਾ ਤਿੰਨ ਸਾਲ ਪਹਿਲਾਂ ਇਟਲੀ ਵਿਚ ਹਰਮਿੰਦਰ ਸਿੰਘ ਮਿੰਟੂ ਨੂੰ ਮਿਲਿਆ ਸੀ। ਉਥੋਂ ਹੀ ਮਿੰਟੂ ਨੇ ਸ਼ੇਰਾ ਨੂੰ ਪ੍ਰਭਾਵ ਹੇਠ ਲੈ ਲਿਆ। ਥਾਈਲੈਂਡ ਵਿਚ ਮਿੰਟੂ ਦੇ ਫੜੇ ਜਾਣ ਤੋਂ ਬਾਅਦ ਉਸ ਦੇ ਸਕਾਈਪ ਵਾਲੇ ਨੰਬਰ ਤੋਂ 'ਬਾਈ' ਨਾਂ ਦਾ ਸ਼ਖ਼ਸ ਪਿਛਲੇ ਦੋ ਸਾਲਾਂ ਤੋਂ ਸ਼ੇਰਾ ਅਤੇ ਰਮਨਦੀਪ ਸਿੰਘ ਉਰਫ ਰਮਨ ਕੈਨੇਡੀਅਨ ਨੂੰ ਟਾਰਗੈੱਟ ਦੇ ਰਿਹਾ ਸੀ, ਜਿਸ ਤੋਂ ਬਾਅਦ ਕਿਸੇ ਵਿਸ਼ੇਸ਼ ਵਿਅਕਤੀ ਦਾ ਕਤਲ ਕਰ ਕੇ ਦਹਿਸ਼ਤ ਫੈਲਾਈ ਜਾਂਦੀ ਸੀ। ਇਸ ਲਈ ਫੰਡਿੰਗ ਇਟਲੀ, ਕੈਨੇਡਾ ਤੇ ਇੰਗਲੈਂਡ ਤੋਂ ਹੁੰਦੀ ਸੀ। ਸ਼ੇਰਾ ਦਾ ਸਿੱਧਾ ਸੰਪਰਕ ਮਿੰਟੂ ਨਾਲ ਸੀ। ਉਹ ਤਿੰਨ ਸਾਲ ਪਹਿਲਾਂ 18 ਸਾਲ ਦੀ ਉਮਰ ਵਿਚ ਮਿੰਟੂ ਨੂੰ ਇਟਲੀ ਵਿਚ ਮਿਲਿਆ ਸੀ।

### ਕੇ.ਐਲ.ਐਫ. ਮੁਖੀ ਮਿੰਟੂ ਦਾ ਗਰੁੱਪ ਇਟਲੀ ਤੋਂ ਹੀ ਦਿੰਦਾ ਸੀ ਹੁਕਮ



ਉਥੇ ਹੀ ਮਿੰਟੂ ਨੇ ਸ਼ੇਰੇ ਨੂੰ ਸਕਾਈਪ ਆਈ.ਡੀ. ਦਿੱਤੀ ਸੀ। ਉਹ ਉਸੇ 'ਤੇ ਸ਼ੇਰੇ ਨਾਲ ਲਗਾਤਾਰ ਸੰਪਰਕ ਵਿਚ ਰਹਿੰਦਾ ਸੀ। ਹਰਮਿੰਦਰ ਸਿੰਘ ਮਿੰਟੂ ਨੂੰ ਜਦੋਂ ਪੁਲਿਸ ਨੇ ਥਾਈਲੈਂਡ ਵਿਚ ਗ੍ਰਿਫਤਾਰ ਕੀਤਾ ਤਾਂ ਸ਼ੇਰੇ ਨੇ ਉਸੇ ਸਕਾਈਪ ਆਈ.ਡੀ. ਉਤੇ ਗੱਲ ਕੀਤੀ, ਜਿਸ ਤੋਂ ਬਾਅਦ ਉਸ ਆਈ.ਡੀ. 'ਤੇ ਬਾਈ ਨਾਂ ਦਾ ਸ਼ਖਸ ਗੱਲ ਕਰ ਰਿਹਾ ਸੀ।

ਮੁਲਜ਼ਮਾਂ ਨੂੰ ਮਿੰਟੂ ਦਾ ਗਰੁੱਪ ਇਟਲੀ ਤੋਂ ਹੀ ਹੁਕਮ ਦਿੰਦਾ ਸੀ, ਜਿਸ ਤੋਂ ਬਾਅਦ ਪੰਜਾਬ ਦਾ ਮਾਹੌਲ ਖਰਾਬ ਕਰਨ ਲਈ ਵਿਸ਼ੇਸ਼ ਵਿਅਕਤੀ ਦੀ ਸ਼ਨਾਖ਼ਤ ਕੀਤੀ ਜਾਂਦੀ ਸੀ। ਉਨ੍ਹਾਂ ਦੱਸਿਆ ਕਿ ਗਗਨੇਜਾ ਦੇ ਕਤਲ ਤੋਂ ਪਹਿਲਾਂ ਮੁਲਜ਼ਮਾਂ ਨੇ ਤਿੰਨ ਦਿਨ ਰੇਕੀ ਕੀਤੀ ਤੇ ਚੌਥੇ ਦਿਨ ਗਗਨੇਜਾ ਨੂੰ ਨਿਸ਼ਾਨਾ ਬਣਾਇਆ ਸੀ। ਸੀ.ਸੀ.ਟੀ.ਵੀ. ਕੈਮਰਿਆਂ ਤੋਂ ਬਚਣ ਲਈ ਮੁਲਜ਼ਮ ਹਮੇਸ਼ਾ ਮੂੰਹ ਢਕ ਕੇ ਆਉਂਦੇ ਸਨ।

# ਪ੍ਰਦੂਮਨ ਕੇਸ ਵਿਚ ਫੜ੍ਹੀ ਗਈ ਹਰਿਆਣਾ ਪੁਲਿਸ ਦੀ ਹੁਸ਼ਿਆਰੀ

**ਚੰਡੀਗੜ੍ਹ:** ਗੁਰੂਗ੍ਰਾਮ ਦੇ ਰਿਆਨ ਇੰਟਰਨੈਸ਼ਨਲ ਸਕੂਲ ਵਿਚ ਦੂਜੀ ਜਮਾਤ ਦੇ ਵਿਦਿਆਰਥੀ ਪ੍ਰਦੂਮਨ ਦੀ ਹੱਤਿਆ ਦੀ ਜਾਂਚ ਵਿਚ ਉਕਾਈ ਅਤੇ ਨਿਰਦੋਸ਼ ਬੱਸ ਕੰਡਕਟਰ ਨੂੰ ਫਸਾਉਣ ਉਤੇ ਹਰਿਆਣਾ ਪੁਲਿਸ ਬੁਰੀ ਤਰ੍ਹਾਂ ਘਿਰ ਗਈ ਹੈ। ਸੀ.ਬੀ.ਆਈ. ਵੱਲੋਂ ਕਤਲ ਦੇ ਦੋਸ਼ ਹੇਠ ਗਿਆਰਵੀਂ ਦੇ ਵਿਦਿਆਰਥੀ ਨੂੰ ਗ੍ਰਿਫਤਾਰ ਕਰ ਕੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਜੇਕਰ ਸੀ.ਬੀ.ਆਈ. ਦੀ ਜਾਂਚ ਸਹੀ ਪਾਸੇ ਜਾ ਰਹੀ ਹੈ ਤਾਂ ਇਹ ਵੱਡਾ ਸਵਾਲ ਹੈ ਕਿ ਪੁਲਿਸ ਨੇ ਝੂਠੀ ਕਹਾਣੀ ਕਿਉਂ ਬਣਾਈ ਸੀ।

ਜਲਦਬਾਜ਼ੀ ਵਿਚ ਕੰਡਕਟਰ ਨੂੰ ਹੀ ਕਿਉਂ ਗ੍ਰਿਫਤਾਰ ਕਰ ਕੇ ਮੁਲਜ਼ਮ ਬਣਾ ਦਿੱਤਾ ਗਿਆ। ਦੱਸ ਦਈਏ ਕਿ ਰਿਆਨ ਇੰਟਰਨੈਸ਼ਸ਼ਨਲ ਸਕੂਲ 'ਚ ਮਾਸੂਮ ਬੱਚੇ ਦੇ ਕਤਲ ਤੋਂ ਬਾਅਦ ਪੁਲਿਸ ਨੇ ਬੱਸ ਦੇ ਕੰਡਕਟਰ ਅਸ਼ੋਕ ਨੂੰ ਗ੍ਰਿਫਤਾਰ ਕੀਤਾ ਸੀ। ਐਸ.ਆਈ.ਟੀ. ਤੋਂ ਇਲਾਵਾ ਡੀ.ਸੀ.ਪੀ. ਸਾਊਥ ਅਸ਼ੋਕ ਬਖਸ਼ੀ, ਡੀ.ਸੀ.ਪੀ. ਸੁਮਿਤ ਕੁਹਾੜ, ਏ.ਸੀ.ਪੀ. ਸੋਹਨਾ ਬਰਹੇਮ ਤੇ ਪੁਲਿਸ ਕਮਿਸ਼ਨਰ ਹਨੀਫ ਕੁਰੈਸ਼ੀ ਨੇ ਕੰਡਕਟਰ ਤੋਂ ਪੁੱਛਗਿਛ ਕੀਤੀ ਸੀ। ਇਸ ਤੋਂ ਬਾਅਦ ਮੁਲਜ਼ਮ ਬਣਾ ਕੇ ਉਸ ਨੂੰ ਮੀਡੀਆ ਸਾਹਮਣੇ ਪੇਸ਼ ਕਰ ਵਾਹ-ਵਾਹ ਲੁੱਟੀ। ਜਦਕਿ ਕੰਡਕਟਰ ਤੇ ਬੱਚੇ ਦੇ ਮਾਪਿਆਂ ਨੇ ਕਿਹਾ ਸੀ ਕਿ ਕਤਲ ਦੇ ਪਿੱਛੇ ਕੋਈ ਹੋਰ ਹੈ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਸੀ.ਬੀ.ਆਈ. ਨੇ ਜਿਸ ਵਿਦਿਆਰਥੀ ਨੂੰ ਗ੍ਰਿਫਤਾਰ ਕੀਤਾ ਹੈ, ਪੁਲਿਸ ਉਸ ਤੋਂ ਵੀ ਦੋ ਵਾਰ ਪੁੱਛਗਿੱਛ ਕਰ ਚੁੱਕੀ ਸੀ। ਮੈਜਿਸਟ੍ਰੇਟ ਸਾਹਮਣੇ ਉਸ ਦੇ ਬਿਆਨ ਕਰਵਾਏ ਗਏ ਸਨ।

### ਸੀ.ਬੀ.ਆਈ. ਨੇ 11ਵੀਂ ਦੇ ਵਿਦਿਆਰਥੀ ਨੂੰ ਮੰਨਿਆ ਦੋਸ਼ੀ



ਕੰਡਕਟਰ ਦੇ ਕੱਪੜਿਆਂ ਉਤੇ ਲੱਗੇ ਖ਼ੂਨ ਨੂੰ ਹੀ ਸਬੂਤ ਕਿਉਂ ਮੰਨ ਲਿਆ ਗਿਆ। ਪੁਲਿਸ 'ਤੇ ਬਹੁਤ ਸਾਰੇ ਸਵਾਲ ਖੜ੍ਹੇ ਹੁੰਦੇ ਹਨ। ਜਿਵੇਂ ਹੀ ਸੀ.ਬੀ.ਆਈ. ਨੇ ਕਤਲ ਦੇ ਦੋਸ਼ ਹੇਠ ਗਿਆਰਵੀਂ ਦੇ ਵਿਦਿਆਰਥੀ ਨੂੰ ਗ੍ਰਿਫਤਾਰ ਕਰ ਕੇ ਬਿਲਕੁੱਲ ਵੱਖਰੀ ਕਹਾਣੀ ਪੇਸ਼ ਕੀਤੀ ਤਾਂ ਸੋਸ਼ਲ ਮੀਡੀਆ ਉਤੇ ਸੂਬਾਈ ਪੁਲਿਸ ਉਪਰ ਹਮਲੇ ਵਾਲੀਆਂ ਪੋਸਟਾਂ ਦਾ ਹੜ੍ਹ ਆ ਗਿਆ। 'ਹਮ ਆਪਕੇ ਹੈ ਕੌਨ' ਦੀ ਮਸ਼ਹੂਰ ਅਦਾਕਾਰ ਰੇਣੂਕਾ ਸ਼ਹਾਣੇ ਨੇ ਆਪਣੀ ਫੇਸਬੁੱਕ ਪੋਸਟ ਵਿਚ ਲਿਖਿਆ ਕਿ ਸਕੂਲ ਮੈਨੇਜਮੈਂਟ ਅਤੇ ਗੁਰੂਗ੍ਰਾਮ ਪੁਲਿਸ ਨੇ ਇਕ ਨਿਰਦੋਸ਼ ਵਿਅਕਤੀ ਨੂੰ ਬਲੀ ਦਾ ਬੱਕਰਾ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ, ਜਿਸ ਦਾ ਕਸੂਰ ਸਿਰਫ ਉਸ ਦੀ ਗਰੀਬੀ ਸੀ।' ਉਨ੍ਹਾਂ ਬਾਅਦ ਵਿਚ ਇਹ ਪੋਸਟ ਟਵੀਟ ਵੀ ਕੀਤੀ।

ਸੂਬਾਈ ਕਾਂਗਰਸ ਪ੍ਰਧਾਨ ਅਸ਼ੋਕ ਤੰਵਰ ਨੇ ਗੁਰੂਗ੍ਰਾਮ ਪੁਲਿਸ ਉਤੇ ਇਸ ਕਤਲ ਕੇਸ ਵਿਚ ਗੁਮਰਾਹਕੁਨ ਜਾਂਚ ਦਾ ਦੋਸ਼ ਲਾਇਆ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਟੈਗ ਕੀਤੀ ਟਵੀਟ ਵਿਚ ਤੰਵਰ ਨੇ ਕਿਹਾ ਕਿ ''ਜਦੋਂ ਗੁਰੂਗ੍ਰਾਮ ਪੁਲਿਸ ਜਾਂਚ ਕਰ ਰਹੀ ਸੀ, ਕੀ ਉਦੋਂ ਇਹ ਸੀ.ਸੀ.ਟੀ.ਵੀ. ਫੁਟੇਜ ਉਪਲਬਧ ਨਹੀਂ ਸੀ?'' ਖੁਦ ਨੂੰ ਜਰਮਨ ਨਾਗਰਿਕ ਅਤੇ 35 ਸਾਲ ਤੋਂ ਭਾਰਤ ਵਿਚ ਰਹਿੰਦੀ ਦੱਸਣ ਵਾਲੀ ਮਾਰੀਆ ਵਿਰਥ ਨੇ ਟਵੀਟ ਕੀਤਾ ਕਿ ਕੰਡਕਟਰ ਦੀ ਗ੍ਰਿਫਤਾਰੀ ਦੇ ਸ਼ੁਰੂ ਤੋਂ ਇਹ ਕਹਾਣੀ ਜਚ ਨਹੀਂ ਰਹੀ ਸੀ। ਵੱਡਾ ਮਾਮਲਾ ਇਹ ਹੈ ਕਿ ਕਿੰਨੇ ਹੋਰ ਗਰੀਬ ਜੇਲ੍ਹਾਂ ਵਿਚ ਸੜ ਰਹੇ ਹਨ ਕਿਉਂਕਿ ਅਸਲ ਦੋਸ਼ੀਆਂ ਨੂੰ ਬਚਾਇਆ ਜਾ ਰਿਹਾ ਹੈ? ਕਿਸੇ ਹੋਰ ਨੂੰ ਦੋਸ਼ੀ ਠਹਿਰਾਉਣਾ ਜੁਰਮ ਹੈ, ਜਿਸ ਲਈ ਸਜ਼ਾ ਦੇਣ ਦੀ ਲੋੜ ਹੈ।

ਦੱਸ ਦਈਏ ਕਿ ਗੁਰੂਗ੍ਰਾਮ ਦੇ ਰਿਆਨ ਇੰਟਰਨੈਸ਼ਨਲ ਸਕੂਲ 'ਚ ਸੱਤ ਸਾਲਾ ਵਿਦਿਆਰਥੀ ਦੇ ਕਤਲ ਸਬੰਧੀ ਸੀ.ਬੀ.ਆਈ. ਨੇ 11ਵੀਂ ਜਮਾਤ ਦੇ ਵਿਦਿਆਰਥੀ ਨੂੰ ਕਾਬੂ ਕੀਤਾ ਹੈ, ਜੋ ਮਾਪੇ-ਅਧਿਆਪਕ ਮੀਟਿੰਗ ਅਤੇ ਪ੍ਰੀਖਿਆ ਨੂੰ ਮੁਲਤਵੀ ਕਰਾਉਣਾ ਚਾਹੁੰਦਾ ਸੀ। ਅੱਠ ਸਤੰਬਰ ਦੀ ਸਵੇਰ ਨੂੰ ਦੂਜੀ ਜਮਾਤ ਦੇ ਵਿਦਿਆਰਥੀ ਪ੍ਰਦੂਮਨ ਦੀ ਲਾਸ਼ ਮਿਲੀ ਸੀ। ਉਸ ਦੀ ਗਰਦਨ ਉਤੇ ਤੇਜ਼ਧਾਰ ਹਥਿਆਰ ਦੇ ਫੱਟ ਸਨ।

# ਬਾਦਲ ਸਰਕਾਰ ਸਮੇਂ ਸ਼ੁਰੂ ਹੋਏ ਪ੍ਰਾਜੈਕਟਾਂ ਨੂੰ ਬਰੇਕ

**ਅੰਮ੍ਰਿਤਸਰ:** ਕਾਂਗਰਸ ਸਰਕਾਰ ਬਣਨ ਮਗਰੋਂ ਵਿਕਾਸ ਕਾਰਜ ਲਗਭਗ ਰੁਕ ਹੀ ਗਏ ਹਨ ਅਤੇ ਜਿਹੜੇ ਕੰਮ ਚੱਲ ਵੀ ਰਹੇ ਹਨ, ਉਨ੍ਹਾਂ ਦੀ ਚਾਲ ਕਾਫੀ ਮੱਠੀ ਹੈ। ਸਰਕਾਰ ਦੇ ਖਜ਼ਾਨੇ ਦੀ ਮਾੜੀ ਹਾਲਤ ਕਾਰਨ ਵਿਕਾਸ ਕਾਰਜਾਂ ਵਿਚ ਖੜੋਤ ਆ ਗਈ ਹੈ।

ਅਕਾਲੀ-ਭਾਜਪਾ ਸਰਕਾਰ ਵੱਲੋਂ ਸ਼ੁਰੂ ਕੀਤੇ ਜਿਹੜੇ ਕੰਮ ਪਿਛਲੀ ਸਰਕਾਰ ਵੇਲੇ ਮੁਕੰਮਲ ਹੋ ਗਏ, ਸਿਰਫ ਉਹੀ ਯੋਜਨਾਵਾਂ ਪੂਰੀਆਂ ਹੋਈਆਂ ਹਨ। ਅੱਧ ਵਿਚਾਲੇ ਕੰਮਾਂ ਵਾਲੀਆਂ ਯੋਜਨਾਵਾਂ ਦਾ ਅੱਜ ਵੀ ਮਾੜਾ ਹਾਲ ਹੈ ਅਤੇ ਉਨ੍ਹਾਂ ਦੇ ਮੁਕੰਮਲ ਹੋਣ ਦਾ ਕੋਈ ਨਿਰਧਾਰਤ ਸਮਾਂ ਨਹੀਂ ਹੈ। ਪਿਛਲੀ ਸਰਕਾਰ ਵੱਲੋਂ ਸੈਰ-ਸਪਾਟੇ ਨੂੰ ਉਤਸ਼ਾਹਤ ਕਰਨ ਦੇ ਮੰਤਵ ਨਾਲ ਸ਼ੁਰੂ ਕੀਤੀ ਜਲ ਬੱਸ ਨੂੰ ਤਾਂ ਨਵੀਂ ਸਰਕਾਰ ਨੇ ਪੱਕੀ ਬਰੇਕ ਲਾ ਦਿੱਤੀ ਹੈ। ਇਸ ਯੋਜਨਾ ਉਤੇ ਸਰਕਾਰ ਨੇ ਤਕਰੀਬਨ 10 ਕਰੋੜ ਰੁਪਏ ਖਰਚੇ ਸਨ। ਇਸ ਯੋਜਨਾ ਨੂੰ ਨਵੀਂ ਸਰਕਾਰ ਨੇ ਆਉਂਦਿਆਂ ਹੀ ਇਹ ਆਖ ਕੇ ਬੰਦ ਕਰ ਦਿੱਤਾ ਕਿ ਇਹ ਯੋਜਨਾ ਯੋਗ ਨਹੀਂ ਹੈ ਜਦਕਿ ਇਸ ਯੋਜਨਾ ਨੂੰ ਸਿਰੇ ਚਾੜ੍ਹਨ ਵਾਲੇ ਵੀ ਇਥੋਂ ਦੇ ਅਧਿਕਾਰੀ ਹੀ ਸਨ।

2014 ਦੀ ਲਗਭਗ 600 ਕਰੋੜ ਰੁਪਏ ਦੀ ਲਾਗਤ ਵਾਲੀ ਬੀ.ਆਰ.ਟੀ.ਐਸ. ਬੱਸ ਯੋਜਨਾ ਅੱਜ ਤੱਕ ਮੁਕੰਮਲ ਨਹੀਂ ਹੋਈ ਹੈ। ਇਸ ਯੋਜਨਾ ਦਾ ਪਹਿਲਾ ਪੜਾਅ ਪਿਛਲੀ ਸਰਕਾਰ ਵੱਲੋਂ ਦਸੰਬਰ 2016 ਵਿਚ ਸ਼ੁਰੂ ਕਰ ਦਿੱਤਾ ਗਿਆ ਸੀ



ਅਤੇ ਇਹ ਯੋਜਨਾ ਫਰਵਰੀ 2017 ਵਿਚ ਮੁਕੰਮਲ ਕੀਤੇ ਜਾਣ ਦਾ ਟੀਚਾ ਰੱਖਿਆ ਗਿਆ ਸੀ। ਤਕਰੀਬਨ ਇਕ ਸਾਲ ਬੀਤਣ ਨੂੰ ਆਇਆ ਹੈ ਅਤੇ ਇਹ ਯੋਜਨਾ ਮੁਕੰਮਲ ਨਹੀਂ ਹੋ ਸਕੀ। ਇਸ ਤੋਂ ਪਹਿਲਾਂ ਅੰਮ੍ਰਿਤਸਰ ਸਿਟੀ ਬੱਸ ਸੇਵਾ ਯੋਜਨਾ ਤਹਿਤ ਖਰੀਦੀਆਂ ਲਗਭਗ 100 ਬੱਸਾਂ ਵੀ ਖਰਾਬ ਹੋ ਰਹੀਆਂ ਹਨ। ਇਹ ਯੋਜਨਾ 2014 ਵਿਚ ਸ਼ੁਰੂ ਹੋਈ ਸੀ ਅਤੇ ਜੂਨ 2017 ਵਿਚ ਇਸ ਨੂੰ ਵੀ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ।

ਇਸੇ ਤਰ੍ਹਾਂ ਕਰੋੜਾਂ ਰੁਪਏ ਖਰਚ ਕਰ ਕੇ ਬਣਾਈ ਗਈ ਹੈਰੀਟੇਜ ਸਟਰੀਟ ਇਸ ਵੇਲੇ ਸਾਂਭ-ਸੰਭਾਲ ਲਈ ਲੋੜੀਂਦੇ ਫੰਡਾਂ ਦੀ ਘਾਟ ਕਾਰਨ ਮੰਦੇ ਹਾਲ ਵਿਚ ਹੈ ਅਤੇ ਇਸ ਦੀ ਸਾਫ-ਸਫਾਈ ਯੂਥ ਅਕਾਲੀ ਦਲ ਨੇ ਖੁਦ ਸਾਂਭਣ ਦਾ ਐਲਾਨ ਕੀਤਾ ਹੈ। ਇਸ ਦੀ ਸਾਂਭ-ਸੰਭਾਲ ਵਾਸਤੇ ਨਿਯੁਕਤ ਕੀਤੀ ਇਕ ਨਿੱਜੀ ਕੰਪਨੀ ਨੂੰ ਸੇਵਾਵਾਂ ਬਦਲੇ ਸੇਵਾ ਫਲ ਦੀ ਰਕਮ ਨਾ ਮਿਲਣ ਕਾਰਨ ਕਈ ਵਾਰ ਇਸ ਦੇ ਕਰਮਚਾਰੀ ਆਪਣੀਆਂ ਤਨਖਾਹਾਂ ਲਈ ਹੜਤਾਲਾਂ ਕਰ ਚੁੱਕੇ ਹਨ। ਇਸੇ ਤਰ੍ਹਾਂ ਸੌਲਿਡ ਵੇਸਟ ਮੈਨੇਜਮੈਂਟ ਪਲਾਂਟ ਦੀ ਹੁਣ ਤੱਕ ਸ਼ੁਰੂਆਤ ਨਹੀਂ ਹੋ ਸਕੀ। ਕਈ ਯੋਜਨਾਵਾਂ ਦੇ ਸਿਰਫ ਨੀਂਹ ਪੱਥਰ ਹੀ ਰੱਖੇ ਗਏ, ਜਿਨ੍ਹਾਂ ਵਿਚ ਰਣਜੀਤ ਐਵੇਨਿਊ ਇਲਾਕੇ ਵਿਚ ਬਹੁ ਮੰਤਵੀ ਖੇਡ ਕੰਪਲੈਕਸ ਬਣਾਉਣਾ ਵੀ ਸ਼ਾਮਲ ਹੈ। ਕਾਂਗਰਸ ਸਰਕਾਰ ਨੇ ਸਿਰਫ ਉਹੀ ਕੰਮ ਜਾਰੀ ਰੱਖੇ ਹਨ ਜਿਹੜੇ ਪਹਿਲਾਂ ਚੱਲ ਰਹੇ ਸਨ, ਪਰ ਜੋ ਨਵੇਂ ਸ਼ੁਰੂ ਹੋਣੇ ਸਨ, ਉਨ੍ਹਾਂ ਨੂੰ ਸ਼ੁਰੂ ਕਰਨ ਦੀ ਯੋਜਨਾ ਨੂੰ ਹੀ ਠੱਪ ਕਰ ਦਿੱਤਾ ਗਿਆ ਹੈ।

## ਚੋਣਾਂ ਵਾਲੇ ਸ਼ਹਿਰਾਂ ਉਤੇ ਹੀ ਸਰਕਾਰੀ ਮਿਹਰ

**ਜਲੰਧਰ:** ਮਾਰਚ ਮਹੀਨੇ 'ਚ ਕਾਂਗਰਸ ਦੀ ਸਰਕਾਰ ਬਣਦੇ ਹੀ ਪਿਛਲੀ ਸਰਕਾਰ ਵੱਲੋਂ ਜਾਰੀ ਫੰਡਾਂ ਉਤੇ ਰੋਕ ਲਾ ਦਿੱਤੀ ਗਈ ਸੀ। ਇਹ ਰੋਕ ਅਣਐਲਾਨੇ ਤੌਰ 'ਤੇ ਅੱਜ ਵੀ ਜਾਰੀ ਹੈ। ਸਿਰਫ ਉਨ੍ਹਾਂ ਸ਼ਹਿਰਾਂ ਨੂੰ ਹੀ ਫੰਡ ਜਾਰੀ ਕੀਤੇ ਜਾ ਰਹੇ ਹਨ, ਜਿਥੇ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਦੀਆਂ ਚੋਣਾਂ ਹੋਣੀਆਂ ਹਨ। ਇਸ ਦੇ ਬਾਵਜੂਦ ਸ਼ਹਿਰਾਂ ਦੇ ਵਿਕਾਸ ਕਾਰਜ ਹਾਲ ਦੀ ਘੜੀ ਠੱਪ ਪਏ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਮਹੀਨੇ ਜਲੰਧਰ ਸ਼ਹਿਰ ਦੇ ਵਿਕਾਸ ਲਈ 363 ਕਰੋੜ ਦੀਆਂ ਗਰਾਂਟਾਂ ਦੇਣ ਦਾ ਐਲਾਨ ਕੀਤਾ ਸੀ। ਇਸੇ ਤਰ੍ਹਾਂ ਇਸ ਵਿਚੋਂ ਬਿਲਗਾ ਦੀ ਨਗਰ ਕੌਂਸਲ ਨੂੰ ਡੇਢ ਕਰੋੜ ਦੇਣ ਦਾ ਐਲਾਨ ਕੀਤਾ ਸੀ ਕਿਉਂਕਿ ਉਥੇ ਵੀ ਚੋਣ ਹੋਣੀ ਹੈ।

ਕਾਂਗਰਸੀ ਆਗੂਆਂ ਵੱਲੋਂ ਦਿੱਤੀ ਦੁਹਾਈ ਮਗਰੋਂ ਸਰਕਾਰ ਨੇ ਸਿਰਫ ਉਨ੍ਹਾਂ ਕੰਮਾਂ ਨੂੰ ਹੀ ਜਾਰੀ ਰੱਖਣ ਦੀ ਆਗਿਆ ਦਿੱਤੀ ਹੈ, ਜਿਹੜੇ ਪਹਿਲਾਂ ਹੀ ਚੱਲ ਰਹੇ ਸਨ। ਕੰਮ ਕਰ ਰਹੇ ਠੇਕੇਦਾਰਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ ਕਿਉਂਕਿ ਉਨ੍ਹਾਂ ਨੂੰ ਚੱਲ ਰਹੇ ਕੰਮਾਂ ਦਾ ਮਿਹਨਤਾਨਾ ਅਤੇ ਬਕਾਇਆ ਆਦਿ ਨਹੀਂ ਮਿਲ ਰਿਹਾ।

## ਬੀਕਾਨੇਰ ਐਕਸਪ੍ਰੈਸ ਵਿਚ ਪੰਜਾਬੀ ਪਰਿਵਾਰ ਲੁੱਟੇ



**ਬਠਿੰਡਾ:** ਐਕਸਪ੍ਰੈੱਸ ਟਰੇਨ ਵਿਚ ਸਵਾਰ ਬਠਿੰਡਾ ਤੇ ਅਬੋਹਰ ਦੇ ਪੰਜ ਪਰਿਵਾਰਾਂ ਤੋਂ ਲੁਟੇਰਿਆਂ ਨੇ ਹਰਿਆਣਾ ਦੇ ਜੀਂਦ ਵਿਚ ਲੰਘੀ ਚਾਕੂ ਦਿਖਾ ਕੇ ਲੱਖਾਂ ਰੁਪਏ ਲੁੱਟ ਲਏ। ਸਰਾਏ ਰੁਹੇਲਾ-ਬੀਕਾਨੇਰ ਐਕਸਪ੍ਰੈੱਸ ਟਰੇਨ ਵਿਚ ਅੱਧੀ ਰਾਤੀਂ ਜਦੋਂ ਇਹ ਵਾਰਦਾਤ ਹੋਈ, ਉਦੋਂ ਗੱਡੀ ਜੀਂਦ ਤੋਂ ਹਾਲੇ ਚੱਲੀ ਹੀ ਸੀ।

ਬਠਿੰਡਾ ਦੇ ਦੋ ਪਰਿਵਾਰਾਂ ਦੇ ਤਿੰਨ ਲੱਖ ਰੁਪਏ ਅਤੇ ਅਬੋਹਰ ਦੇ ਤਿੰਨ ਪਰਿਵਾਰਾਂ ਦੇ ਕਰੀਬ ਦੋ ਲੱਖ ਰੁਪਏ ਦੀ ਨਗਦੀ ਤੇ ਗਹਿਣੇ ਲੁੱਟੇ ਗਏ। ਬਠਿੰਡਾ ਸ਼ਹਿਰ ਦੇ ਪੰਜ ਪਰਿਵਾਰ 6 ਨਵੰਬਰ ਨੂੰ ਗੋਆ ਘੁੰਮਣ ਗਏ ਸਨ, ਜਿਨ੍ਹਾਂ ਵਾਪਸੀ ਸਮੇਂ ਦਿੱਲੀ ਤੋਂ ਇਹ ਐਕਸਪ੍ਰੈੱਸ ਗੱਡੀ ਲਈ, ਜੋ ਰਾਤੀਂ 10.50 ਵਜੇ ਰਵਾਨਾ ਹੋਈ। ਇਨ੍ਹਾਂ ਵਿਚ ਦੋ ਠੇਕੇਦਾਰ ਭਰਾ ਮਨਪ੍ਰੀਤ ਸਿੰਘ ਅਤੇ ਮਨਇੰਦਰ ਸਿੰਘ ਮੋਖਾ ਦੇ ਪਰਿਵਾਰ, ਵਾਦੀ ਹਸਪਤਾਲ ਦੇ ਡਾਕਟਰ ਟੀ.ਪੀ.ਐਸ. ਵਾਦੀ, ਸਨਅਤਕਾਰ ਮਨਜੀਤ ਸਿੰਘ ਵਾਸੀ ਅਜੀਤ ਸਿੰਘ ਰੋਡ ਅਤੇ ਠੇਕੇਦਾਰ ਅਮਰਜੀਤ ਸਿੰਘ ਵਾਸੀ ਕਮਲਾ ਨਹਿਰੂ ਕਾਲੋਨੀ ਦਾ ਪਰਿਵਾਰ ਸ਼ਾਮਲ ਹਨ। ਇਹ ਵੀ ਦੱਸਿਆ ਕਿ ਲੁਟੇਰਿਆਂ ਨੇ ਵਾਰਦਾਤ ਮਗਰੋਂ ਚੇਨ ਖਿੱਚੀ ਅਤੇ ਗੱਡੀ ਰੁਕਣ 'ਤੇ ਫਰਾਰ ਹੋ ਗਏ।

## ਸਤਪਾਲ ਸਿੱਧੂ ਨੂੰ ਸਦਮਾ ਸੱਸ ਸੁਰਗਵਾਸ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧ ਵਿਚ ਨੇੜਿਓਂ ਜੁੜੇ ਸ. ਸਤਪਾਲ ਸਿੰਘ ਸਿੱਧੂ ਨੂੰ ਉਦੋਂ ਡੂੰਘਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸੱਸ ਬੀਬੀ ਪਰਮਿੰਦਰ ਕੌਰ (ਸੁਪਤਨੀ ਸ. ਅਜੀਤ ਸਿੰਘ) ਅਕਾਲ ਚਲਾਣਾ ਕਰ ਗਏ।



ਬੀਬੀ ਪਰਮਿੰਦਰ ਕੌਰ ਪਿਛੋਂ ਪਿੰਡ ਨੂਰਪੁਰਾ, ਜ਼ਿਲਾ ਲੁਧਿਆਣਾ (ਪੇਕਾ ਪਿੰਡ ਬਧਨੀ ਖੁਰਦ) ਤੋਂ ਸਨ। ਉਨ੍ਹਾਂ ਦਾ ਅੰਤਿਮ ਸਸਕਾਰ 17 ਨਵੰਬਰ, ਸ਼ੁੱਕਰਵਾਰ ਨੂੰ ਸਵੇਰੇ 10:30 ਤੋਂ ਇਕ ਵਜੇ ਦਰਮਿਆਨ ਹੇਵਰਡ ਦੇ ਚੈਪਲ ਆਫ ਚਾਈਮਜ਼ ਫਿਊਨਰਲ ਹੋਮ ਵਿਚ ਹੋਵੇਗਾ। ਅੰਤਿਮ ਅਰਦਾਸ ਗੁਰਦੁਆਰਾ ਸੈਨ ਹੋਜ਼ੇ ਵਿਖੇ ਬਾਅਦ ਦੁਪਹਿਰ ਤਿੰਨ ਵਜੇ ਹੋਵੇਗੀ। ਸਤਪਾਲ ਸਿੰਘ ਸਿੱਧੂ ਨਾਲ ਸੰਪਰਕ ਫੋਨ: 408-439-0526 ਰਾਹੀਂ ਕੀਤਾ ਜਾ ਸਕਦਾ ਹੈ।

## ਨੀਂਹ ਪੱਥਰਾਂ ਤੋਂ ਅੱਗੇ ਨਾ ਤੁਰਿਆ ਕੰਮ

**ਲੁਧਿਆਣਾ:** ਕੈਪਟਨ ਸਰਕਾਰ ਨੇ ਇਕ ਪਾਸੇ ਸੱਤਾ ਸੰਭਾਲਦਿਆਂ ਹੀ ਆਰਥਿਕ ਤੰਗੀ ਦੇ ਬਹਾਨੇ ਪਿਛਲੀ ਸਰਕਾਰ ਦੇ ਵਿਕਾਸ ਕਾਰਜ ਠੱਪ ਕਰ ਦਿੱਤੇ, ਦੂਜੇ ਪਾਸੇ ਕਰੋੜਾਂ ਰੁਪਏ ਦੇ ਨਵੇਂ ਕੰਮਾਂ ਦੇ ਨੀਂਹ ਪੱਥਰ ਰੱਖ ਕੇ ਲੋਕਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਥਾਨਕ ਸਰਕਾਰ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਤਕਰੀਬਨ 80 ਕਰੋੜ ਰੁਪਏ ਦੇ ਵਿਕਾਸ ਕੰਮਾਂ ਦੇ ਨੀਂਹ ਪੱਥਰ 6 ਸਤੰਬਰ ਨੂੰ ਰੱਖੇ ਗਏ, ਪਰ ਅਜੇ ਗੱਲ ਅੱਗੇ ਨਹੀਂ ਤੁਰੀ ਹੈ।

ਸ੍ਰੀ ਸਿੱਧੂ ਨੇ ਪੱਖੋਵਾਲ ਰੋਡ ਉਤੇ 40 ਕਰੋੜ ਦੀ ਲਾਗਤ ਨਾਲ ਰੇਲਵੇ ਲਾਈਨ 'ਤੇ ਫਲਾਈਓਵਰ ਬਣਾਉਣ ਅਤੇ 30 ਕਰੋੜ ਦੀ ਲਾਗਤ ਨਾਲ ਫਿਰੋਜ਼ਪੁਰ ਰੋਡ ਸਥਿਤ ਰੇਲਵੇ ਬ੍ਰਿਜ ਤੋਂ ਇਲਾਵਾ ਕਈ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖੇ। ਇਸ ਤੋਂ ਇਲਾਵਾ ਕਈ ਵਿਧਾਇਕਾਂ ਵੱਲੋਂ ਵੀ ਆਪੋ-ਆਪਣੇ ਹਲਕਿਆਂ ਵਿਚ ਛੋਟੇ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖੇ ਗਏ ਹਨ, ਜਿਨ੍ਹਾਂ ਵਿਚੋਂ ਬਹੁਤੇ ਕੰਮ ਅਜੇ ਸ਼ੁਰੂ ਨਹੀਂ ਹੋਏ। ਗੁਰਦੁਆਰਾ ਦੂਖ ਨਿਵਾਰਨ ਨੇੜੇ ਗੰਦਾ ਨਾਲਾ ਛੱਤਣ ਦਾ ਕੰਮ ਇਲਾਕਾ ਵਾਸੀਆਂ ਵੱਲੋਂ ਲੰਮੀ ਜੱਦੋ-ਜਹਿਦ ਤੋਂ ਬਾਅਦ ਸ਼ੁਰੂ ਕਰਾਇਆ ਗਿਆ ਸੀ, ਪਰ ਇਹ ਕੰਮ ਵੀ ਫੰਡਾਂ ਦੀ ਘਾਟ ਕਾਰਨ ਲਮਕਿਆ ਪਿਆ ਹੈ।

23 ਕਰੋੜ ਦਾ ਇਹ ਪ੍ਰੋਜੈਕਟ 98 ਫੀਸਦੀ ਮੁਕੰਮਲ ਹੈ, ਸਿਰਫ 2 ਫੀਸਦੀ ਕੰਮ ਰੁਕਿਆ ਹੋਇਆ ਹੈ। ਲੁਧਿਆਣਾ ਨਗਰ ਨਿਗਮ ਦੀ ਮਾੜੀ ਵਿੱਤੀ ਹਾਲਤ ਕਾਰਨ ਨਿਗਮ ਦੇ ਘੇਰੇ ਵਿਚ ਪੈਂਦੇ ਵੱਖ-ਵੱਖ ਇਲਾਕਿਆਂ ਵਿਚ ਤਕਰੀਬਨ 150 ਕਰੋੜ ਰੁਪਏ ਦੇ 280 ਦੇ ਕਰੀਬ ਵਿਕਾਸ ਕੰਮ ਰੁਕੇ ਪਏ ਹਨ, ਜਦੋਂਕਿ ਇੰਨੀ ਹੀ ਰਕਮ ਦੇ ਕੰਮ ਪਾਸ ਤਾਂ ਹਨ, ਪਰ ਉਨ੍ਹਾਂ ਦੇ ਵਰਕ ਆਰਡਰ ਪਾਸ ਹੋਣ ਦੇ ਬਾਵਜੂਦ ਟੈਂਡਰਾਂ ਉਤੇ ਰੋਕ ਲੱਗੀ ਹੋਈ ਹੈ।

## ਤੇਜਾ ਸਿੰਘ ਸਮੁੰਦਰੀ ਹਾਲ 'ਤੇ ਗੋਲੀਆਂ ਦੇ ਨਿਸ਼ਾਨ ਸੰਭਾਲੇ

**ਅੰਮ੍ਰਿਤਸਰ:** ਦਰਬਾਰ ਸਾਹਿਬ ਕੰਪਲੈਕਸ ਉਤੇ 1984 ਵਿਚ ਹੋਏ ਫੌਜੀ ਹਮਲੇ ਵਿਚ ਤੇਜਾ ਸਿੰਘ ਸਮੁੰਦਰੀ ਹਾਲ ਦੀ ਇਮਾਰਤ ਉਤੇ ਲੱਗੀਆਂ ਗੋਲੀਆਂ ਦੇ ਨਿਸ਼ਾਨਾਂ ਨੂੰ ਸ਼੍ਰੋਮਣੀ ਕਮੇਟੀ ਨੇ ਯਾਦਾਂ ਵਜੋਂ ਸੰਭਾਲ ਲਿਆ ਹੈ। ਇਥੇ ਲੱਗੀਆਂ ਗੋਲੀਆਂ ਦੇ ਨਿਸ਼ਾਨਾਂ ਦੇ ਆਲੇ-ਦੁਆਲੇ ਸਟੀਲ ਦੇ ਫਰੇਮ ਲਾ ਦਿੱਤੇ ਗਏ ਹਨ, ਜਿਸ ਨਾਲ ਇਹ ਨਿਸ਼ਾਨ ਹੋਰ ਵੀ ਉਭਰ ਕੇ ਦਿਖਾਈ ਦੇਣਗੇ। ਸੰਨ 1937 ਵਿਚ ਬਣੀ ਇਸ ਇਮਾਰਤ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਜੋਂ ਵਰਤਿਆ ਜਾਂਦਾ ਹੈ।

ਫੌਜੀ ਹਮਲੇ ਵੇਲੇ ਇਮਾਰਤ ਦੇ ਉਪਰਲੇ ਹਿੱਸੇ ਵਿਚ ਅੱਗ ਲੱਗ ਗਈ ਸੀ, ਜਿਸ ਨਾਲ ਇਮਾਰਤ ਦੇ ਉਸ ਹਿੱਸੇ ਦਾ ਕਾਫੀ ਨੁਕਸਾਨ ਹੋਇਆ ਸੀ ਤੇ ਉਥੇ ਰੱਖਿਆ ਰਿਕਾਰਡ ਵੀ ਨਸ਼ਟ ਹੋ ਗਿਆ ਸੀ। ਪਿਛਲੇ 33 ਸਾਲ ਤੋਂ ਇਸ ਇਮਾਰਤ ਨੂੰ ਜਿਵੇਂ ਦਾ ਤਿਵੇਂ ਇਤਿਹਾਸ ਦੀ ਨਿਸ਼ਾਨੀ ਵਜੋਂ ਰੱਖਿਆ ਹੋਇਆ ਸੀ ਪਰ ਰੰਗ ਰੋਗਨ ਨਾ ਹੋਣ ਕਾਰਨ ਇਸ ਦਾ ਬਾਹਰੀ ਰੂਪ ਵਿਗੜ ਰਿਹਾ ਸੀ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਪਿਛਲੇ ਸਾਲ ਇਮਾਰਤ ਦੀ ਸਾਂਭ-ਸੰਭਾਲ ਦਾ ਫੈਸਲਾ ਕੀਤਾ ਗਿਆ, ਜਿਸ ਤਹਿਤ ਇਮਾਰਤ ਦੇ ਅੰਦਰ ਅਤੇ ਬਾਹਰ ਰੰਗ-ਰੋਗਨ ਕੀਤਾ ਗਿਆ ਹੈ। ਇਥੇ ਲੱਗੇ ਗੋਲੀਆਂ ਦੇ ਨਿਸ਼ਾਨ ਸੰਭਾਲੇ ਗਏ ਹਨ ਅਤੇ ਇਮਾਰਤ ਦੇ ਟੁੱਟ ਰਹੇ ਹਿੱਸੇ ਦੀ ਮੁੜ ਉਸਾਰੀ ਕੀਤੀ ਜਾ ਰਹੀ ਹੈ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਗੋਲੀਆਂ ਦੇ ਨਿਸ਼ਾਨਾਂ ਦੇ ਆਲੇ-ਦੁਆਲੇ ਸਟੀਲ ਦੇ ਫਰੇਮ ਲਾ ਦਿੱਤੇ ਹਨ ਜਦਕਿ ਬਾਕੀ ਪਾਸੇ ਲੱਗੇ ਗੋਲੀਆਂ ਦੇ ਨਿਸ਼ਾਨਾਂ ਉਤੇ ਵੀ ਇਸੇ ਤਰ੍ਹਾਂ ਦੇ ਫਰੇਮ ਲਾਏ ਜਾਣਗੇ। ਇਮਾਰਤ 'ਤੇ ਲਗਭਗ ਸੌ ਤੋਂ ਵੱਧ ਗੋਲੀਆਂ ਦੇ ਨਿਸ਼ਾਨ ਹਨ। ਇਮਾਰਤ ਦੀ ਸੇਵਾ ਸ਼ੁਰੂ ਕਰਨ ਤੋਂ ਪਹਿਲਾਂ ਇਸ ਦੀ ਮਾਈਕਰੋ ਫਿਲਮਿੰਗ ਅਤੇ ਵੀਡੀਓਗ੍ਰਾਫੀ ਕਰਾਈ ਗਈ ਸੀ। ਕੰਮ ਮੁਕੰਮਲ ਹੋਣ ਮਗਰੋਂ ਇਥੇ ਇਤਿਹਾਸ ਦੱਸਦੀ ਸਿੱਲ੍ਹ ਵੀ ਸਥਾਪਤ ਕੀਤੀ ਜਾਵੇਗੀ, ਜਿਸ ਉਤੇ ਜੂਨ 1984 ਵਿਚ ਹੋਏ ਫੌਜੀ ਹਮਲੇ ਅਤੇ ਉਸ ਦੌਰਾਨ ਇਮਾਰਤ ਨੂੰ ਪੁੱਜੇ ਨੁਕਸਾਨ ਦੇ ਵੇਰਵੇ ਦਿੱਤੇ ਜਾਣਗੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਵੀ ਇਮਾਰਤ ਦੀ ਸਾਂਭ-ਸੰਭਾਲ ਲਈ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਵੀ ਦਿੱਤੇ।



### 1937 ਵਿਚ ਬਣੀ ਸੀ ਇਮਾਰਤ

**ਅੰਮ੍ਰਿਤਸਰ:** ਤੇਜਾ ਸਿੰਘ ਸਮੁੰਦਰੀ ਹਾਲ ਦੀ ਇਮਾਰਤ 1937 ਵਿਚ ਬਣੀ ਸੀ, ਜਿਸ ਨੂੰ ਗੁਰਦੁਆਰਾ ਸੁਧਾਰ ਲਹਿਰ ਦੇ ਆਗੂ ਤੇਜਾ ਸਿੰਘ ਸਮੁੰਦਰੀ ਨੂੰ ਸਮਰਪਤ ਕੀਤਾ ਹੋਇਆ ਹੈ। ਉਹ ਸ਼੍ਰੋਮਣੀ ਕਮੇਟੀ ਦੇ ਬਾਨੀ ਮੈਂਬਰਾਂ ਵਿਚੋਂ ਸਨ। ਦੱਸਣਯੋਗ ਹੈ ਕਿ ਸਾਕਾ ਨੀਲਾ ਤਾਰਾ ਸਮੇਂ ਹੋਏ ਨੁਕਸਾਨ ਸਬੰਧੀ ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਖਿਲਾਫ ਸੌ ਕਰੋੜ ਰੁਪਏ ਦੇ ਮੁਆਵਜ਼ੇ ਦਾ ਕੇਸ ਕੀਤਾ ਹੋਇਆ ਹੈ। ਇਸ ਇਮਾਰਤ ਨੂੰ ਉਸ ਵੇਲੇ ਹੋਏ ਨੁਕਸਾਨ ਦੇ ਗਵਾਹ ਵਜੋਂ ਸੰਭਾਲਿਆ ਹੋਇਆ ਸੀ।

## ਸ਼ੇਰ-ਏ-ਪੰਜਾਬ ਰਣਜੀਤ ਸਿੰਘ ਨੂੰ ਭੁੱਲ ਗਈਆਂ ਸਰਕਾਰਾਂ

**ਸੰਗਰੂਰ:** ਪੰਜਾਬ ਸਰਕਾਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਦਿਹਾੜਾ ਮਨਾਉਣ ਭੁੱਲ ਗਈ। ਹਾਲਾਂਕਿ ਪਿੰਡ ਵਾਸੀਆਂ ਵੱਲੋਂ ਆਪਣੇ ਪੱਧਰ ਉਤੇ ਹੀ ਜਨਮ ਦਿਨ ਮਨਾਇਆ ਗਿਆ। ਯਾਦ ਰਹੇ ਕਿ ਵੱਖ-ਵੱਖ ਸਰਕਾਰਾਂ ਦੇ ਮੁੱਖ ਮੰਤਰੀਆਂ ਨੇ ਸ਼ੇਰ-ਏ-ਪੰਜਾਬ ਦੇ ਜਨਮ ਦਿਹਾੜੇ ਮੌਕੇ ਪੁੱਜ ਕੇ ਕਈ ਵਾਅਦੇ ਕੀਤੇ ਜਿਨ੍ਹਾਂ ਨੂੰ ਪੂਰਾ ਕਰਨ ਲਈ ਕਿਸੇ ਨੇ ਕਦੇ ਵੀ ਅਮਲ ਕਰਨ ਦੀ ਲੋੜ ਨਹੀਂ ਸਮਝੀ। ਮਹਾਰਾਜਾ ਰਣਜੀਤ ਸਿੰਘ ਜਿਨ੍ਹਾਂ ਦਾ ਰਾਜ ਕਾਬੁਲ-ਕੰਧਾਰ ਤੇ ਜੰਮੂ-ਕਸ਼ਮੀਰ ਤੱਕ ਫੈਲਿਆ ਹੋਇਆ ਸੀ, ਅੱਜ ਉਨ੍ਹਾਂ ਦੀ ਜਨਮ ਭੂਮੀ ਨੂੰ ਸਾਂਭਣ ਵਾਲਾ ਕੋਈ ਨਹੀਂ।

ਬਡਰੁੱਖਾਂ ਕਿਲ੍ਹੇ ਵਿਚ ਸਥਿਤ ਉਹ ਬੁਰਜ ਜਿਥੇ ਜੀਂਦ ਰਿਆਸਤ ਦੇ ਰਾਜਾ ਗਜਪਤ ਸਿੰਘ ਦੀ ਲੜਕੀ ਰਾਜ ਕੌਰ ਦੀ ਕੁੱਖੋਂ 13 ਨਵੰਬਰ 1776 ਨੂੰ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਣਾ ਦੱਸਿਆ ਜਾਂਦਾ ਹੈ, ਖੰਡਰਾਂ ਵਿਚ ਤਬਦੀਲ



ਹੋ ਰਿਹਾ ਹੈ। ਚਮਕ-ਦਮਕ ਗੁਆ ਚੁੱਕੇ ਕਿਲ੍ਹੇ ਦੀਆਂ ਕੰਧਾਂ ਸਾਫ ਕਹਿ ਰਹੀਆਂ ਸਨ ਕਿ ਪੰਜਾਬੀਆਂ ਤੇ ਖਾਸ ਕਰ ਕੇ ਸਿੱਖ ਕੌਮ ਨੇ ਆਪਣੇ ਜਰਨੈਲ ਨਾਲ ਇਨਸਾਫ ਨਹੀਂ ਕੀਤਾ। ਸੈਂਕੜੇ ਸਾਲਾਂ ਦਾ ਗੌਰਵਮਈ ਇਤਿਹਾਸ ਸਮੋਈ ਖੜ੍ਹੀਆਂ ਇਹ ਕੰਧਾਂ ਕਹਿ ਰਹੀਆਂ ਹਨ ਕਿ ਸਾਡੇ ਕੋਲ ਹੁਣ ਵੀਰਾਨਗੀ ਤੋਂ ਸਿਵਾਏ ਹੋਰ ਕੁਝ ਵੀ ਨਹੀਂ।

ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਇਸ ਇਤਿਹਾਸਕ ਧਰੋਹਰ ਨੂੰ ਅਜਾਇਬ ਘਰ 'ਚ ਤਬਦੀਲ ਕਰ ਕੇ ਆਮ ਲੋਕਾਂ ਲਈ ਖੋਲ੍ਹ ਕੇ ਹੀ ਸ਼ੇਰੇ ਪੰਜਾਬ ਦੀ ਜਨਮ ਭੂਮੀ ਦੀ ਸਹੀ ਮਾਅਨਿਆਂ 'ਚ ਸੰਭਾਲ ਹੋ ਸਕਦੀ ਹੈ ਅਤੇ ਜ਼ਰੂਰਤ ਇਹ ਵੀ ਹੈ ਕਿ ਪਿੰਡ ਨੂੰ ਇਤਿਹਾਸਕ ਨਗਰ ਦਾ ਦਰਜਾ ਦਿੱਤਾ ਜਾਵੇ। 1968 ਵਿਚ ਪੰਜਾਬ ਦੇ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਨੇ ਪਿੰਡ 'ਚ ਮਹਾਰਾਜਾ ਦੀ ਯਾਦ ਵਿਚ ਅਜਾਇਬ ਘਰ ਬਣਾਉਣ ਦਾ ਐਲਾਨ ਕੀਤਾ ਸੀ ਪਰ ਅੱਧੀ ਸਦੀ ਬੀਤ ਜਾਣ ਦੇ ਬਾਵਜੂਦ ਇਹ ਐਲਾਨ ਤੋਂ ਸਿਵਾਏ ਹੋਰ ਕੁਝ ਨਹੀਂ।

1997 ਵਿਚ ਇਥੇ ਮਨਾਏ ਗਏ ਰਾਜ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਇਥੇ ਸੁੰਦਰ ਪਾਰਕ ਬਣਾ ਕੇ ਉਸ 'ਚ ਘੋੜੇ ਉਤੇ ਸਵਾਰ ਸ਼ੇਰ-ਏ-ਪੰਜਾਬ ਦਾ ਕਾਂਸੀ ਦਾ ਬੁੱਤ ਲਾਇਆ ਜਾਵੇਗਾ। ਪਾਰਕ ਤਾਂ ਬਣ ਗਿਆ ਪਰ ਦੋ ਦਹਾਕਿਆਂ 'ਚ ਬੁੱਤ ਨਹੀਂ ਲੱਗ ਸਕਿਆ। ਉਸ ਤੋਂ ਬਾਅਦ ਕਦੇ ਮੈਡੀਕਲ ਕਾਲਜ, ਕਦੇ ਆਦਰਸ਼ ਸਕੂਲ ਤੇ ਕਦੇ ਲੜਕੀਆਂ ਦੇ ਸਕੂਲ ਕਾਲਜ ਖੋਲ੍ਹਣ ਦੇ ਵਾਅਦੇ ਹੁੰਦੇ ਰਹੇ ਪਰ ਸਾਰੇ ਸਮੇਂ ਦੀ ਧੂੜ ਵਿਚ ਗੁਆਚਦੇ ਰਹੇ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਵੇਂ ਬੋਰਡਾਂ ਉਤੇ ਹੋਵੇਗੀ ਪੰਜਾਬੀ ਦੀ ਸਰਦਾਰੀ




**ਬਠਿੰਡਾ:** ਬਠਿੰਡਾ-ਅੰਮ੍ਰਿਤਸਰ ਕੌਮੀ ਸ਼ਾਹਰਾਹ ਉਤੇ ਲੱਗੇ ਨਵੇਂ ਸਾਈਨ ਬੋਰਡਾਂ ਵਿਚ ਹੁਣ ਪੰਜਾਬੀ ਭਾਸ਼ਾ ਪਟਰਾਣੀ ਬਣੇਗੀ। ਇਨ੍ਹਾਂ ਸਾਈਨ ਬੋਰਡਾਂ 'ਤੇ ਹੁਣ ਹਿੰਦੀ ਭਾਸ਼ਾ ਨਹੀਂ ਦਿਖੇਗੀ। ਨਵੇਂ ਸਾਈਨ ਬੋਰਡਾਂ 'ਚ ਪੰਜਾਬੀ ਤੇ ਅੰਗਰੇਜ਼ੀ ਭਾਸ਼ਾ ਦੇ ਹੀ ਦਰਸ਼ਨ ਹੋਣਗੇ, ਜਦਕਿ ਪੰਜਾਬੀ ਸਭ ਤੋਂ ਉਪਰ ਹੋਏਗੀ। ਰਾਜਸਥਾਨ ਵਿਚ ਨਵੇਂ ਸਾਈਨ ਬੋਰਡਾਂ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਇਨ੍ਹਾਂ ਨੂੰ 31 ਦਸੰਬਰ ਤੱਕ ਪੁਰਾਣੇ ਬੋਰਡਾਂ ਨਾਲ ਤਬਦੀਲ ਕਰ ਦਿੱਤਾ ਜਾਏਗਾ।

ਜਾਣਕਾਰੀ ਅਨੁਸਾਰ ਲੋਕ ਨਿਰਮਾਣ ਵਿਭਾਗ ਨੇ ਸੜਕ ਉਸਾਰਨ ਵਾਲੀ ਕੰਪਨੀ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਹੈ, ਜਿਸ ਵਿਚ ਨਵੇਂ ਸਾਈਨ ਬੋਰਡ ਸਿਰਫ ਪੰਜਾਬੀ ਤੇ ਅੰਗਰੇਜ਼ੀ ਭਾਸ਼ਾ ਵਿਚ ਲਿਖਣ ਦੇ ਹੁਕਮ ਕੀਤੇ ਗਏ ਹਨ। ਕੌਮੀ ਸ਼ਾਹਰਾਹ 'ਤੇ ਲੱਗੇ ਸਾਈਨ ਬੋਰਡਾਂ ਵਿਚ ਪੰਜਾਬੀ ਨੂੰ ਪਹਿਲਾਂ ਤੀਜੇ ਨੰਬਰ 'ਤੇ ਰੱਖਿਆ ਹੋਇਆ ਸੀ, ਜਿਸ ਤੋਂ ਕਾਫੀ ਰੌਲਾ ਪਿਆ ਸੀ। ਮਾਲਵਾ ਯੂਥ ਫੈਡਰੇਸ਼ਨ ਦੇ ਪ੍ਰਧਾਨ ਲੱਖਾ ਸਧਾਣਾ ਦੀ ਅਗਵਾਈ ਵਿਚ ਨੌਜਵਾਨਾਂ ਨੇ ਇਨ੍ਹਾਂ ਬੋਰਡਾਂ ਉਤੇ ਕਾਲਖ ਫੇਰ ਦਿੱਤੀ ਸੀ।

ਇਸ ਮਗਰੋਂ ਬਠਿੰਡਾ ਪੁਲਿਸ ਨੇ ਲੱਖਾ ਸਧਾਣਾ ਅਤੇ ਬਾਬਾ ਹਰਦੀਪ ਸਿੰਘ ਖਿਲਾਫ਼ ਕੇਸ ਦਰਜ ਕਰ ਕੇ ਜੇਲ੍ਹ ਭੇਜ ਦਿੱਤਾ ਸੀ। ਲੋਕ ਨਿਰਮਾਣ ਵਿਭਾਗ ਨੇ ਹੁਣ ਨਵੇਂ ਫੈਸਲੇ ਤਹਿਤ ਹਿੰਦੀ ਭਾਸ਼ਾ ਨੂੰ ਨਵੇਂ ਸਾਈਨ ਬੋਰਡਾਂ ਤੋਂ ਬਾਹਰ ਕਰ ਦਿੱਤਾ ਹੈ। ਬਠਿੰਡਾ-ਅੰਮ੍ਰਿਤਸਰ ਮਾਰਗ ਉਤੇ 120 ਕਿਲੋਮੀਟਰ ਦੇ ਦਾਇਰੇ ਵਾਲੇ ਸਾਈਨ ਬੋਰਡ ਤਬਦੀਲ ਹੋਣੇ ਹਨ। ਬਠਿੰਡਾ ਜ਼ੀਰਕਪੁਰ ਸੜਕ ਮਾਰਗ ਉਤੇ ਜਿਹੜੇ ਸਾਈਨ ਬੋਰਡ ਲੱਗੇ ਹਨ, ਉਨ੍ਹਾਂ ਵਿਚ ਪੰਜਾਬੀ ਭਾਸ਼ਾ ਉਪਰ ਹੈ ਅਤੇ ਹੇਠਾਂ ਅੰਗਰੇਜ਼ੀ ਭਾਸ਼ਾ ਹੈ। ਬਠਿੰਡਾ ਅੰਮ੍ਰਿਤਸਰ ਕੌਮੀ ਸ਼ਾਹਰਾਹ ਦੇ ਨੋਡਲ ਅਧਿਕਾਰੀ ਅੰਗਰੇਜ਼ ਸਿੰਘ ਨੇ ਕਿਹਾ ਕਿ ਨਵੇਂ ਸਾਈਨ ਬੋਰਡ ਬਣਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ ਤੇ ਜਲਦੀ ਹੀ ਸੜਕਾਂ 'ਤੇ ਨਵੇਂ ਬੋਰਡ ਨਜ਼ਰ ਪੈਣਗੇ। ਲੋਕ ਨਿਰਮਾਣ ਵਿਭਾਗ ਦੇ ਮੁੱਖ ਇੰਜੀਨੀਅਰ ਏ.ਕੇ.ਸਿੰਗਲਾ ਨੇ ਕਿਹਾ ਕਿ 31 ਦਸੰਬਰ ਤੱਕ ਸਾਰੇ ਸਾਈਨ ਬੋਰਡ ਤਬਦੀਲ ਹੋ ਜਾਣਗੇ।

## ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਚੋਣ ਲਈ ਸਰਗਰਮੀ ਭਖੀ


*(ਸਫਾ ਇਕ ਦੀ ਬਾਕੀ)*

ਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਜਨਵਰੀ 2009 ਵਿਚ ਮਤਾ ਨੰਬਰ 267 ਪਾਸ ਕਰ ਕੇ ਸਕੱਤਰ ਦੇ ਅਹੁਦੇ ਲਈ ਘੱਟੋ-ਘੱਟ ਵਿਦਿਅਕ ਯੋਗਤਾ ਐਮ.ਏ. ਰੱਖੀ ਗਈ ਸੀ, ਪਰ ਇਸ ਵਾਰ ਪਦਉਨਤ ਕੀਤੇ ਗਏ ਇਕ ਸਕੱਤਰ ਦੀ ਵਿੱਦਿਅਕ ਯੋਗਤਾ ਸਿਰਫ ਦਸਵੀਂ ਪਾਸ ਹੈ। ਇਸ ਉਤੇ ਕਾਫੀ ਰੌਲਾ ਪਿਆ ਹੋਇਆ ਹੈ। ਪ੍ਰੋ. ਬਡੂੰਗਰ ਦੇ ਖਾਲਿਸਤਾਨ ਪੱਖੀ 'ਨਾਅਰੇ' ਤੋਂ ਵੀ ਸਿਆਸੀ ਸਫ਼ਾਂ ਦਾ ਮਾਹੌਲ ਭਖਿਆ ਹੋਇਆ ਹੈ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਿਰਫ ਪ੍ਰੋ. ਬਡੂੰਗਰ ਦੇ ਮੂੰਹ ਵਿਚੋਂ ਨਿਕਲੇ ਸ਼ਬਦ ਨਹੀਂ, ਇਹ ਤਾਂ ਵਾਇਆ ਬਾਦਲ ਦੀ ਕੋਈ ਰਣਨੀਤੀ ਹੈ; ਜੋ ਗਵਾਚੇ ਆਧਾਰ ਨੂੰ ਮੁੜ ਹਾਸਲ ਕਰਨ ਲਈ ਸਿੱਖ ਵੋਟਰਾਂ ਵੱਲ ਪਰਤਣਾ ਚਾਹੁੰਦਾ ਹੈ ਅਤੇ ਰੁੱਸੇ ਤੇ ਟੁੱਟੇ ਗਰਮਖਿਆਲ ਸਿੱਖ ਆਗੂਆਂ ਤੇ ਧਿਰਾਂ ਨੂੰ ਵੀ ਫਿਰ ਤੋਂ ਆਪਣੇ ਝੰਡੇ ਥੱਲੇ ਲਿਆਉਣਾ ਦੀ ਰਣਨੀਤੀ ਹੈ। ਪ੍ਰੋ. ਬਡੂੰਗਰ ਦੇ ਖਾਲਿਸਤਾਨੀ ਪੱਖੀ ਨਾਅਰੇ ਦਾ ਅਸਰ ਵੀ ਸ਼੍ਰੋਮਣੀ ਕਮੇਟੀ ਦੇ 29 ਨਵੰਬਰ ਨੂੰ ਹੋਣ ਵਾਲੇ ਜਨਰਲ ਇਜਲਾਸ 'ਚ ਵੇਖਣ ਨੂੰ ਮਿਲ ਸਕਦਾ ਹੈ। ਇਹੀ ਵੀ ਚਰਚਾ ਹੈ ਕਿ ਬਾਦਲ ਪਰਿਵਾਰ ਪ੍ਰੋ. ਬਡੂੰਗਰ ਦੇ ਕੰਮਕਾਜ ਤੋਂ ਸੰਤੁਸ਼ਟ ਨਹੀਂ ਸੀ ਤੇ ਇਸ ਵਾਰ ਉਸ ਨੂੰ ਲਾਂਭੇ ਕਰਨ ਦੀ ਤਿਆਰੀ ਕਰ ਲਈ ਗਈ ਸੀ, ਪਰ ਹੁਣ ਕਿਹਾ ਜਾ ਰਿਹਾ ਹੈ ਕਿ ਪ੍ਰੋ. ਬਡੂੰਗਰ ਮੁੜ ਆਪਣੀ ਵਫਾਦਾਰੀ ਸਾਬਤ ਕਰਨ ਵਿਚ ਸਫਲ ਹੋ ਗਏ ਹਨ। ਇਸ ਲਈ ਪ੍ਰਧਾਨ ਦੀ ਚੋਣ ਲਈ ਉਨ੍ਹਾਂ ਦਾ ਨਾਂ ਪਹਿਲੇ ਨੰਬਰ ਉਤੇ ਹੈ।

## ਮੁਤਵਾਜ਼ੀ ਜਥੇਦਾਰਾਂ ਵਿਚਕਾਰ ਖੜਕੀ

*(ਸਫਾ ਇਕ ਦੀ ਬਾਕੀ)*

ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ, ਗੁਰਦੀਪ ਸਿੰਘ ਬਠਿੰਡਾ, ਸਤਨਾਮ ਸਿੰਘ ਮਨਾਵਾ, ਪਰਮਜੀਤ ਸਿੰਘ ਤੇ ਵੱਸਣ ਸਿੰਘ ਜ਼ਫਰਵਾਲ ਸਮੇਤ ਹੋਰ ਸਿੱਖ ਆਗੂ



ਪਹੁੰਚਦੇ ਰਹੇ, ਜਿਨ੍ਹਾਂ ਦੀਆਂ ਭਾਈ ਅਮਰੀਕ ਸਿੰਘ ਨਾਲ ਗੁਪਤ ਮੀਟਿੰਗਾਂ ਵੀ ਹੋਈਆਂ। ਭਾਈ ਅਜਨਾਲਾ ਪਹਿਲਾਂ ਵੀ ਕਈ ਵਾਰ ਕਹਿ ਚੁੱਕੇ ਹਨ ਕਿ ਬੇਅਦਬੀ ਦੀਆਂ ਘਟਨਾਵਾਂ ਦੇ ਰੋਸ ਵਜੋਂ ਚੱਬੇ ਦੀ ਧਰਤੀ 'ਤੇ ਲੱਖਾਂ ਦੀ ਗਿਣਤੀ ਵਿਚ ਇਕੱਤਰ ਸੰਗਤ ਨੂੰ ਉਸ ਵੇਲੇ ਥਾਪੇ ਗਏ ਜਥੇਦਾਰਾਂ ਪਾਸੋਂ ਕਈ ਆਸਾਂ ਸਨ, ਜੋ ਦੋ ਸਾਲ ਦਾ ਸਮਾਂ ਲੰਘਣ ਦੇ ਬਾਵਜੂਦ ਪੂਰੀਆਂ ਨਹੀਂ ਹੋ ਸਕੀਆਂ। ਭਾਈ ਅਜਨਾਲਾ ਨੇ ਸਭ ਨੂੰ ਸਪਸ਼ਟ ਕਰ ਦਿੱਤਾ ਸੀ ਕਿ ਸਰਬੱਤ ਖਾਲਸਾ ਵਾਲੇ ਜਥੇਦਾਰ ਕੌਮ ਨੂੰ ਕੋਈ ਨਵੀਂ ਸੇਧ ਵੀ ਨਹੀਂ ਦੇ ਸਕੇ। ਪਤਾ ਲੱਗਿਆ ਹੈ ਕਿ ਪਿਛਲੇ ਸਮੇਂ ਦੌਰਾਨ ਕਈ ਪੰਥਕ ਮਸਲਿਆਂ ਵਿਚ ਭਾਈ ਅਜਨਾਲਾ ਦਾ ਬਾਕੀ ਜਥੇਦਾਰਾਂ ਨਾਲ ਵਿਰੋਧ ਚੱਲ ਰਿਹਾ ਸੀ।

## ਸਨਅਤੀ ਇਕਾਈਆਂ ਨੂੰ ਸਬਸਿਡੀ ਦੇਣ ਦੀ ਹਦਾਇਤ ਦਿੱਤੀ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਵਿਚ ਹੋਰਨਾਂ ਸਨਅਤੀ ਇਕਾਈਆਂ ਸਮੇਤ ਬੰਦ ਪਈਆਂ ਇਕਾਈਆਂ ਨੂੰ ਵੀ ਤੁਰਤ ਕੈਪੀਟਲ ਸਬਸਿਡੀ ਦੇਣ ਦੀ ਹਦਾਇਤ ਕੀਤੀ ਹੈ। ਉਚ ਅਦਾਲਤ ਦੇ ਇਹ ਹੁਕਮ ਪੰਜਾਬ ਸਰਕਾਰ ਵੱਲੋਂ ਇਹ ਦਲੀਲ ਦਿੱਤੇ ਜਾਣ ਕਿ ਬੰਦ ਇਕਾਈਆਂ ਨੂੰ ਸਬਸਿਡੀ ਦੇਣ ਬਾਰੇ ਦਿਸ਼ਾ ਨਿਰਦੇਸ਼ ਤੈਅ ਹੋ ਜਾਣ ਤੋਂ ਬਾਅਦ ਵਿਚਾਰਿਆ ਜਾਵੇਗਾ, ਦੇ ਬਾਅਦ ਆਏ ਹਨ।

ਪੰਜਾਬ ਸਰਕਾਰ ਤੇ ਹੋਰਨਾਂ ਖਿਲਾਫ਼ ਜੀ ਟੈਕਸ ਡਾਇੰਗ ਅਤੇ ਪ੍ਰਿੰਟਿੰਗ ਮਿੱਲਜ਼ ਪ੍ਰਾਈਵੇਟ ਲਿਮਟਿਡ ਅਤੇ ਹੋਰਨਾਂ ਪਟੀਸ਼ਨਰਾਂ ਵੱਲੋਂ ਵਕੀਲ ਗਗਨੇਸ਼ਵਰ ਵਾਲੀਆ ਰਾਹੀਂ ਦਾਖਲ ਚਾਰ ਪਟੀਸ਼ਨਾਂ ਨੂੰ ਸੁਣਵਾਈ ਲਈ ਮਨਜ਼ੂਰ ਕਰਦਿਆਂ ਜਸਿਟਸ ਜੈਨ. ਨੇ ਕੈਪੀਟਲ ਸਬਸਿਡੀ ਜਾਂ ਨਿਵੇਸ਼ ਮੁਨਾਫਾ ਦੇਣ ਲਈ ਦੋ ਮਹੀਨਿਆਂ ਦੀ ਸਮਾਂ ਸੀਮਾ ਤੈਅ ਕੀਤੀ ਹੈ।

ਇਸ ਦੌਰਾਨ ਦਲੀਲ ਦਿੰਦਿਆਂ ਸ੍ਰੀ ਵਾਲੀਆ ਨੇ ਕਿਹਾ ਕਿ ਸਨਅਤੀ ਇਕਾਈਆਂ ਨੂੰ ਕੈਪੀਟਲ ਸਬਸਿਡੀ ਤੇ ਨਿਵੇਸ਼ ਮੁਨਾਫਾ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਸਨਅਤੀ ਯੋਜਨਾ ਤਹਿਤ ਮਨਜ਼ੂਰ ਕੀਤਾ ਜਾਣਾ ਚਾਹੀਦਾ ਹੈ। ਪਟੀਸ਼ਨਰ ਨੇ 1992 ਅਤੇ 2000 ਦੀਆਂ ਸਨਅਤੀ ਪਾਲਿਸੀਆਂ ਤਹਿਤ ਨਵੀਆਂ ਸਨਅਤੀ ਇਕਾਈਆਂ ਸਥਾਪਤ ਕੀਤੀਆਂ ਸੀ, ਪਰ ਇਨ੍ਹਾਂ ਇਕਾਈਆਂ ਨੂੰ 18 ਸਾਲਾਂ ਦੇ ਵਕਫੇ ਦੌਰਾਨ ਕੋਈ ਅਦਾਇਗੀ ਨਹੀਂ ਕੀਤੀ ਗਈ।

ਸ੍ਰੀ ਵਾਲੀਆ ਨੇ ਇਹ ਵੀ ਕਿਹਾ ਕਿ ਪਟੀਸ਼ਨਰ ਬੰਦ ਇਕਾਈਆਂ ਨਾਲ ਸਬੰਧਤ ਹਨ ਪਰ ਉਹ ਸਾਲ 2011 ਵਿਚ ਹਾਈ ਕੋਰਟ ਵੱਲੋਂ ਸੁਣਾਏ ਗਏ ਫੈਸਲੇ ਅਨੁਸਾਰ ਸਬਸਿਡੀ ਦੇ ਹੱਕਦਾਰ ਹਨ। ਦੂਜੇ ਪਾਸੇ ਮੁਦਾਲਾ ਨੇ ਪਟੀਸ਼ਨਰ ਦੀ ਸਬਸਿਡੀ ਯੋਗਤਾ ਦਾ ਵਿਰੋਧ ਨਹੀਂ ਕੀਤਾ। ਇਸੇ ਦੌਰਾਨ ਮੁਦਾਲਾ ਨੇ ਅਦਾਲਤ ਨੂੰ ਦੱਸਿਆ ਕਿ ਸਰਕਾਰ ਸਬਸਿਡੀ ਦੇਣ ਲਈ ਦਿਸ਼ਾ ਨਿਰਦੇਸ਼ ਤਿਆਰ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਇਸੇ ਤਰ੍ਹਾਂ ਦੀਆਂ 1500 ਇਕਾਈਆਂ ਬੰਦ ਹੋ ਗਈਆਂ ਹਨ।

## ਦਿਲਗੀਰ ਮਾਮਲਾ: ਜਥੇਦਾਰਾਂ ਦੀ 'ਤਾਕਤ' ਨੂੰ ਚੁਣੌਤੀ

*(ਸਫਾ ਇਕ ਦੀ ਬਾਕੀ)*

ਇਹ ਵੀ ਕਿਹਾ ਕਿ ਜਥੇਦਾਰਾਂ ਦੀ ਨਿਯੁਕਤੀ ਲਈ ਕੋਈ ਨੇਮ ਨਹੀਂ ਹੈ ਤੇ ਇਨ੍ਹਾਂ ਜਥੇਦਾਰਾਂ ਵੱਲੋਂ ਪਿਛਲੇ ਤਿੰਨ ਸਾਲਾਂ ਵਿਚ ਲਏ ਫੈਸਲਿਆਂ ਤੋਂ ਸਪਸ਼ਟ ਹੈ ਕਿ ਇਹ ਸਿਆਸੀ ਦਬਾਅ ਅਧੀਨ ਲਏ ਗਏ ਹਨ।

ਜ਼ਿਕਰਯੋਗ ਹੈ ਕਿ ਜਥੇਦਾਰਾਂ ਨੇ ਡਾ. ਦਿਲਗੀਰ ਦੀਆਂ ਲਿਖਤਾਂ ਅਤੇ ਤਕਰੀਰਾਂ ਨੂੰ ਇਤਰਾਜ਼ਯੋਗ ਕਰਾਰ ਦਿੰਦਿਆਂ ਲੰਘੀ 27 ਜੁਲਾਈ ਨੂੰ ਪੰਥ ਵਿਚੋਂ ਛੇਕਣ ਦਾ ਫੈਸਲਾ ਲਿਆ ਸੀ ਜਿਸ ਤੋਂ ਤਿੰਨ ਮਹੀਨੇ ਬਾਅਦ ਡਾ. ਦਿਲਗੀਰ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਜਥੇਦਾਰਾਂ ਦੇ ਫੈਸਲੇ ਨੂੰ ਇਸ ਆਧਾਰ 'ਤੇ ਚੁਣੌਤੀ ਦਿੱਤੀ ਹੈ ਕਿ ਜਥੇਦਾਰਾਂ ਕੋਲ ਅਜਿਹੇ ਫੈਸਲੇ ਦੀ ਤਾਕਤ ਨਹੀਂ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਪੰਜਾਂ ਵਿਚੋਂ ਚਾਰ ਤਖਤਾਂ ਦੇ ਜਥੇਦਾਰ ਭਾਰਤੀ ਸੰਵਿਧਾਨ ਤਹਿਤ ਗਠਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਤਨਖਾਹ ਲੈਂਦੇ ਹਨ। ਉਂਜ ਵੀ ਤਖਤ ਜਥੇਦਾਰਾਂ ਦੀਆਂ ਪਿਛਲੇ ਕੁਝ ਸਾਲਾਂ ਦੀਆਂ ਅਜਿਹੀਆਂ ਮੀਟਿੰਗਾਂ ਅਤੇ ਫੈਸਲਿਆਂ ਤੋਂ ਲੋਕਾਂ ਨੂੰ 'ਸਿਆਸੀਪੁਣੇ' ਦਾ ਪ੍ਰਭਾਵ ਵੱਧ ਮਿਲਿਆ ਹੈ। ਗੁਰਮੀਤ ਰਾਮ ਰਹੀਮ ਨੂੰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਾਉਣ ਦੇ ਦੋਸ਼ ਵਿਚੋਂ ਮੁਆਫੀ ਇਸ ਦੀ ਮਿਸਾਲ ਹੈ।

ਇਹ ਵੀ ਜ਼ਿਕਰਯੋਗ ਹੈ ਕਿ ਡਾ. ਦਿਲਗੀਰ ਸਿੱਖ ਇਤਿਹਾਸ ਅਤੇ ਪੰਥਕ ਮਸਲਿਆਂ ਸਮੇਤ ਵੱਖ ਵੱਖ ਵਿਸ਼ਿਆਂ 'ਤੇ ਕਰੀਬ 50 ਕਿਤਾਬਾਂ ਲਿਖ ਚੁਕੇ ਹਨ। ਜਲਦ ਹੀ ਉਨ੍ਹਾਂ ਵਲੋਂ ਲਿਖਿਆ ਮਹਾਨ ਕੋਸ਼ ਪ੍ਰਕਾਸ਼ਤ ਹੋਣ ਵਾਲਾ ਹੈ। ਉਨ੍ਹਾਂ ਦੀਆਂ ਲਿਖਤਾਂ ਅਤੇ ਤਕਰੀਰਾਂ ਇਤਿਹਾਸਕ ਖੋਜ, ਠੋਸ ਸਬੂਤਾਂ ਅਤੇ ਤਰਕ 'ਤੇ ਆਧਾਰਤ ਹੁੰਦੀਆਂ ਹਨ। ਉਨ੍ਹਾਂ ਵਲੋਂ ਕੀਤੀਆਂ ਗਈਆਂ ਟਿੱਪਣੀਆਂ ਉਪਰ ਤਿੱਖੇ ਪ੍ਰਤੀਕਰਮ ਹੁੰਦੇ ਆਏ ਹਨ। ਉਨ੍ਹਾਂ ਸਰੋਵਰ ਦੇ ਪਾਣੀ ਨੂੰ ਅੰਮ੍ਰਿਤ ਕਹੇ ਜਾਣ ਦੇ ਅਕੀਦੇ ਅਤੇ ਗੁਰੂ ਸਾਹਿਬਾਨ ਨਾਲ ਭੋਰਿਆਂ ਵਿਚ ਤਪੱਸਿਆ ਕਰਨ ਦੀਆਂ ਸਾਖੀਆਂ ਨੂੰ ਨਿਰੋਲ ਮਿਥਾਂ ਆਖਿਆ ਹੈ। ਡਾ. ਦਿਲਗੀਰ ਨੇ ਗੰਗੂ ਬ੍ਰਾਹਮਣ ਦੇ ਪਾਤਰ ਨੂੰ ਵੀ ਇਕ ਘਾੜਤ ਕਰਾਰ ਦਿਤਾ ਹੈ। ਇਸੇ ਕਰ ਕੇ ਉਹ ਕਾਫੀ ਵਿਵਾਦ ਦਾ ਮੁੱਦਾ ਬਣਦੇ ਆਏ ਹਨ।

ਦਮਦਮੀ ਟਕਸਾਲ ਅਤੇ ਇਸ ਦੇ ਮੌਜੂਦਾ ਮੁਖੀ ਭਾਈ ਹਰਨਾਮ ਸਿੰਘ ਧੁੰਮਾ ਬਾਰੇ ਪਿਛਲੇ ਕੁਝ ਸਮੇਂ ਵਿਚ ਕੀਤੀਆਂ ਗਈਆਂ ਡਾ. ਦਿਲਗੀਰ ਦੀਆਂ ਟਿੱਪਣੀਆਂ ਕਾਫੀ ਤਿੱਖੀਆਂ ਸਨ। ਉਨ੍ਹਾਂ ਭਾਈ ਧੁੰਮਾ ਵਲੋਂ ਪੰਜਾਬ ਦੇ ਸਾਬਕਾ ਡੀ ਜੀ ਪੀ ਕੇ ਪੀ ਐਸ ਗਿੱਲ ਨੂੰ ਸਿਰੋਪਾਓ ਦਿਤੇ ਜਾਣ ਦੇ ਮਾਮਲੇ ਨੂੰ ਕਾਫੀ ਉਭਾਰਿਆ ਸੀ। ਡਾ. ਦਿਲਗੀਰ ਨੇ ਤਖਤਾਂ ਦੇ ਮੌਜੂਦਾ ਜਥੇਦਾਰਾਂ ਨੂੰ ਵਾਰ ਵਾਰ ਮੌਜੂਦਾ ਅਕਾਲੀ ਲੀਡਰਸ਼ਿਪ ਦੇ ਕਾਰਿੰਦੇ ਕਰਾਰ ਦਿਤਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਕੇਂਦਰੀ ਸਕੀਮਾਂ ਦਾ ਪੈਸਾ ਡਕਾਰ ਗਈ ਪੰਜਾਬ ਸਰਕਾਰ

**ਬਠਿੰਡਾ:** ਕੇਂਦਰ ਸਰਕਾਰ ਵੱਲੋਂ ਪੰਜਾਬ ਵਿਚ ਐਨ.ਐਸ.ਐਸ. ਲਈ ਭੇਜੇ 12 ਕਰੋੜ ਰੁਪਏ 'ਗਾਇਬ' ਹੋ ਗਏ ਹਨ, ਜਿਸ ਤੋਂ ਬਾਅਦ ਕੇਂਦਰ ਨੇ ਹੋਰ ਪੈਸੇ ਦੇਣੇ ਬੰਦ ਕਰ ਦਿੱਤੇ ਹਨ। ਇਸ ਦਾ ਖਮਿਆਜ਼ਾ ਪੰਜਾਬ ਦੇ ਤਕਰੀਬਨ ਦੋ ਲੱਖ ਐਨ.ਐਸ.ਐਸ. ਵਾਲੰਟੀਅਰਾਂ ਨੂੰ ਭੁਗਤਣਾ ਪੈ ਰਿਹਾ ਹੈ।

ਕੇਂਦਰ ਨੇ ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ ਪੰਜ ਵਰ੍ਹੇ ਪਹਿਲਾਂ ਐਨ.ਐਸ.ਐਸ. ਲਈ 12 ਕਰੋੜ ਰੁਪਏ ਦੇ ਫੰਡ ਭੇਜੇ ਸਨ। ਇਹ ਕੇਂਦਰੀ ਫੰਡ ਪੰਜਾਬ ਦੇ ਖਜ਼ਾਨੇ ਵਿਚ ਤਾਂ ਪੁੱਜ ਗਏ ਸਨ, ਪਰ ਮਗਰੋਂ ਯੁਵਕ ਸੇਵਾਵਾਂ ਵਿਭਾਗ ਕੋਲ ਨਹੀਂ ਪੁੱਜੇ। ਕੇਂਦਰ ਸਰਕਾਰ ਵੱਲੋਂ ਪੰਜ ਵਰ੍ਹਿਆਂ ਤੋਂ ਫੰਡਾਂ ਦਾ ਹਿਸਾਬ ਮੰਗਿਆ ਜਾ ਰਿਹਾ ਹੈ, ਪਰ ਸੂਬਾ ਸਰਕਾਰ ਪੱਲਾ ਨਹੀਂ ਫੜਾ ਰਹੀ। ਕੇਂਦਰ ਸਰਕਾਰ ਨੇ ਐਨ.ਐਸ.ਐਸ. ਲਈ ਨਵੇਂ ਪੈਸੇ ਦੇਣੇ ਬੰਦ ਕਰ ਦਿੱਤੇ ਹਨ ਤੇ ਪੰਜਾਬ ਸਰਕਾਰ ਦਾ ਖਜ਼ਾਨਾ ਖਾਲੀ ਹੈ। ਪਹਿਲਾਂ ਹਰ ਵਰ੍ਹੇ ਐਨ.ਐਸ.ਐਸ. ਲਈ ਸਾਲਾਨਾ ਕਰੀਬ ਸੱਤ ਕਰੋੜ ਰੁਪਏ ਖਰਚੇ ਜਾਂਦੇ ਸਨ।

ਕੇਂਦਰ ਸਰਕਾਰ ਪੁਰਾਣਾ ਹਿਸਾਬ-ਕਿਤਾਬ ਮੰਗ ਰਹੀ ਹੈ, ਪਰ ਸੂਬਾ ਸਰਕਾਰ ਕੋਲ 12 ਕਰੋੜ ਦਾ ਕੋਈ ਹਿਸਾਬ ਨਹੀਂ ਹੈ, ਜਿਸ ਕਰ ਕੇ ਕੇਂਦਰ ਵੱਲੋਂ ਨਵਾਂ ਪੈਸਾ ਜਾਰੀ ਨਹੀਂ ਕੀਤਾ ਜਾ ਰਿਹਾ।

## ਅਮਰੀਕਾ 'ਚ ਨਫਰਤੀ ਅਪਰਾਧਾਂ ਦੇ ਮਾਮਲੇ ਵਧੇ

**ਵਾਸ਼ਿੰਗਟਨ:** ਪਿਛਲੇ ਸਾਲ ਅਮਰੀਕਾ ਵਿਚ ਛੇ ਹਜ਼ਾਰ ਤੋਂ ਵੱਧ ਨਫਰਤੀ ਅਪਰਾਧ ਦਰਜ ਹੋਏ ਹਨ, ਜਿਨ੍ਹਾਂ ਵਿਚ ਸਿੱਖਾਂ ਤੇ ਹਿੰਦੂਆਂ ਉਤੇ ਹੋਏ ਹਮਲੇ ਵੀ ਸ਼ਾਮਲ ਹਨ। ਇਹ ਖੁਲਾਸਾ ਐਫ.ਬੀ.ਆਈ. ਦੇ ਅੰਕੜਿਆਂ ਤੋਂ ਹੋਇਆ ਹੈ। ਸਾਲ 2015 ਨਾਲੋਂ ਨਫਰਤੀ ਅਪਰਾਧਾਂ ਵਿਚ ਤਕਰੀਬਨ ਪੰਜ ਫੀਸਦੀ ਵਾਧਾ ਹੋਇਆ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਅਪਰਾਧ ਸਿਆਹਫਾਮ ਜਾਂ ਅਫਰੀਕਨ ਅਮੈਰਿਕਨ ਵਿਰੋਧੀ ਅਤੇ ਯਹੂਦੀ ਵਿਰੋਧੀ ਸਨ। ਇਨ੍ਹਾਂ ਵਿਚੋਂ ਇਕ ਚੌਥਾਈ ਮੁਸਲਿਮ ਵਿਰੋਧੀ ਸਨ।

ਤਾਜ਼ਾ ਸਾਲਾਨਾ ਅੰਕੜਿਆਂ 'ਚ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ. ਬੀ. ਆਈ.) ਨੇ ਦੱਸਿਆ ਕਿ 2016 ਵਿਚ ਉਸ ਨੇ 12 ਹਿੰਦੂ ਵਿਰੋਧੀ ਅਤੇ ਸੱਤ ਸਿੱਖ-ਵਿਰੋਧੀ ਨਫਰਤੀ ਅਪਰਾਧ ਦਰਜ ਕੀਤੇ ਹਨ। ਬੋਧੀ ਭਾਈਚਾਰੇ ਖਿਲਾਫ਼ ਇਕ ਨਫਰਤੀ ਅਪਰਾਧ ਦਰਜ ਕੀਤਾ ਗਿਆ ਹੈ। ਇਨ੍ਹਾਂ ਵਿਚੋਂ 3.1 ਫੀਸਦੀ ਨਫਰਤੀ ਅਪਰਾਧ ਏਸ਼ਿਆਈ ਲੋਕਾਂ ਖਿਲਾਫ਼ ਪੱਖਪਾਤੀ ਰਵੱਈਏ ਦਾ ਨਤੀਜਾ ਸਨ। ਐਫ.ਬੀ.ਆਈ. ਦੀ ਰਿਪੋਰਟ ਮੁਤਾਬਕ ਪਿਛਲੇ ਸਾਲ 6121 ਨਫਰਤੀ ਅਪਰਾਧ ਰਿਕਾਰਡ ਕੀਤੇ ਗਏ ਹਨ, ਜੋ ਸਾਲ 2015 ਨਾਲੋਂ ਅੰਦਾਜ਼ਨ 5 ਫੀਸਦੀ ਅਤੇ 2014 ਤੋਂ 10 ਫੀਸਦੀ ਵੱਧ ਬਣਦੇ ਹਨ।

## ਸਾਊਦੀ ਪ੍ਰਿੰਸਾਂ ਵਿਚਾਲੇ ਘਮਸਾਣ ਜਾਰੀ

**ਦੁਬਈ:** ਸਾਊਦੀ ਅਰਬ ਵਿਚ ਭ੍ਰਿਸ਼ਟਾਚਾਰ ਮਾਮਲੇ ਦੀ ਜਾਂਚ ਯੂ.ਏ.ਈ. ਤੱਕ ਪਹੁੰਚ ਗਈ ਹੈ। ਯੂ.ਏ.ਈ. ਦੇ ਕੇਂਦਰੀ ਬੈਂਕ ਨੇ ਸਾਰੀਆਂ ਬੈਂਕਾਂ ਤੋਂ ਭ੍ਰਿਸ਼ਟਾਚਾਰ ਮਾਮਲੇ ਵਿਚ ਗ੍ਰਿਫਤਾਰ 19 ਸਾਊਦੀ ਲੋਕਾਂ ਦੇ ਬੈਂਕ ਖਾਤਿਆਂ ਦੀ ਜਾਣਕਾਰੀ ਮੰਗੀ ਹੈ। ਇਨ੍ਹਾਂ ਵਿਚ ਖਰਬਪਤੀ ਪ੍ਰਿੰਸ ਅਲ ਵਾਲੀਦ ਬਿਨ ਤਲਾਲ ਤੇ ਨੈਸ਼ਨਲ ਗਾਰਡ ਦੇ ਪ੍ਰਮੁੱਖ ਤੇ ਬਰਖਾਸਤ ਪ੍ਰਿੰਸ ਮਿਤੇਬ ਬਿਨ ਅਬਦੁੱਲਾ ਵੀ ਸ਼ਾਮਲ ਹਨ। ਹੁਣ ਦੁਬਈ ਵਿਚ ਇਨ੍ਹਾਂ ਸਾਰਿਆਂ ਦੇ ਬੈਂਕ ਖਾਤੇ ਜਬਤ ਹੋ ਸਕਦੇ ਹਨ। ਯੂ.ਏ.ਈ. ਦੇ ਅਧਿਕਾਰੀਆਂ ਨੇ ਬੈਂਕ ਖਾਤਿਆਂ ਦੀ ਜਾਣਕਾਰੀ ਮੰਗੇ ਜਾਣ ਦਾ ਕਾਰਨ ਨਹੀਂ ਦੱਸਿਆ।

ਮੰਨਿਆ ਜਾ ਰਿਹਾ ਹੈ ਕਿ ਸਾਊਦੀ ਅਰਬ ਦੇ ਇਸ਼ਾਰੇ 'ਤੇ ਅਜਿਹਾ ਕੀਤਾ ਜਾ ਰਿਹਾ ਹੈ। ਸਾਊਦੀ ਅਰਬ, ਜਾਂਚ ਦੌਰਾਨ ਪਤਾ ਲੱਗੇ ਅਰਬਾਂ ਡਾਲਰ ਦੇ ਕਾਲੇ ਧਨ ਨੂੰ ਬਰਾਮਦ ਕਰਨਾ ਚਾਹੁੰਦਾ ਹੈ, ਉਥੇ ਭ੍ਰਿਸ਼ਟਾਚਾਰ ਖਿਲਾਫ਼ ਮੁਹਿੰਮ ਤਹਿਤ ਤਕਰੀਬਨ 1700 ਬੈਂਕ ਖਾਤੇ ਜ਼ਬਤ ਕੀਤੇ ਗਏ ਹਨ। ਯੂ.ਏ.ਈ. ਖਾਸ ਕਰ ਕੇ ਉਥੋਂ ਦੇ ਪ੍ਰਮੁੱਖ ਬਿਜ਼ਨਸ ਸੈਂਟਰ ਦੁਬਈ 'ਚ ਧਨੀ ਸਾਊਦੀ ਲੋਕ ਪੈਸਾ ਰੱਖਦੇ ਹਨ। ਸਾਊਦੀ ਵਿਚ ਭ੍ਰਿਸ਼ਟਾਚਾਰ ਕਾਰਨ 800 ਅਰਬ ਡਾਲਰ ਦੇ ਮਾਲੀਆ ਨੂੰ ਚੂਨਾ ਲਗਾਏ ਜਾਣ ਦਾ ਅਨੁਮਾਨ ਹੈ।

## ਗੈਂਗਸਟਰ ਸਾਰਜ ਮਿੰਟੂ ਦੇ ਦੋ ਸਾਥੀ ਕਾਬੂ

**ਅੰਮ੍ਰਿਤਸਰ:** ਅੰਮ੍ਰਿਤਸਰ ਦੇ ਹਿੰਦੂ ਨੇਤਾ ਵਿਪਨ ਸ਼ਰਮਾ ਦੇ ਕਤਲ ਵਿਚ ਲੋੜੀਂਦੇ ਗੈਂਗਸਟਰ ਸਾਰਜ ਮਿੰਟੂ ਦੇ ਦੋ ਨਜ਼ਦੀਕੀ ਸਾਥੀਆਂ ਨੂੰ ਅੰਮ੍ਰਿਤਸਰ ਪੁਲਿਸ ਨੇ ਮੁਹਾਲੀ ਤੋਂ ਗ੍ਰਿਫਤਾਰ ਕੀਤਾ ਹੈ। ਦੋਵਾਂ ਤੋਂ ਕਤਲ 'ਚ ਨਾਮਜ਼ਦ ਗੈਂਗਸਟਰ ਮਿੰਟੂ, ਸ਼ੁਭਮ ਤੇ ਗੋਲੀ ਨੂੰ ਫੜ੍ਹਨ ਵਿਚ ਪੁਲਿਸ ਨੂੰ ਵੱਡੀ ਮਦਦ ਮਿਲ ਸਕਦੀ ਹੈ। ਇਸ ਸਬੰਧੀ ਖੁਫੀਆ ਪੁਲਿਸ ਦੇ ਸਹਿਯੋਗ ਨਾਲ ਰਾਜ ਭਰ 'ਚ ਛਾਪੇਮਾਰੀ ਕੀਤੀ ਜਾ ਰਹੀ ਹੈ।

ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਦੋਵਾਂ ਅਨਸਰਾਂ ਦੀ ਸ਼ਨਾਖਤ ਸੁਖਵਿੰਦਰ ਸਿੰਘ ਵਾਸੀ ਰਾਂਝੇ ਦੀ ਹਵੇਲੀ ਤੇ ਸੁਖਦੇਵ ਸਿੰਘ ਉਰਫ ਮੰਟੂ ਵਾਸੀ ਬਾਲਾ ਚੱਕ ਵਜੋਂ ਹੋਈ ਹੈ। ਮਿਲੇ ਵੇਰਵਿਆਂ ਅਨੁਸਾਰ ਇਹ ਦੋਵੇਂ ਬੀਤੀ 6 ਨਵੰਬਰ ਦੀ ਰਾਤ ਨੂੰ ਝੋਨੇ ਦਾ ਭਰਿਆ ਇਕ ਟਰੱਕ ਲੁੱਟਣ ਦੇ ਮਾਮਲੇ 'ਚ ਦਿਹਾਤੀ ਪੁਲਿਸ ਨੂੰ ਲੋੜੀਂਦੇ ਸਨ, ਤਰਨ ਤਾਰਨ ਰੋਡ ਨੇੜੇ ਵਾਪਰੀ ਇਸ ਘਟਨਾ 'ਚ ਉਕਤ ਗੈਂਗਸਟਰਾਂ ਨੇ ਖੁਦ ਨੂੰ ਵਿਕਰੀ ਕਰ ਵਿਭਾਗ ਦੇ ਅਧਿਕਾਰੀ ਦੱਸਦਿਆਂ ਟਰੱਕਾਂ ਦੀ ਚੈਕਿੰਗ ਕਰਨੀ ਸ਼ੁਰੂ ਕਰ ਦਿੱਤੀ ਤੇ ਚੈਕਿੰਗ ਦੌਰਾਨ ਮੌਕਾ ਪਾ ਕੇ ਇਕ ਟਰੱਕ ਡਰਾਈਵਰ ਸੁਖਦੇਵ ਸਿੰਘ ਦੇ ਹੱਥ ਪੈਰ ਬੰਨ੍ਹ ਕੇ ਝਾੜੀਆਂ 'ਚ ਸੁੱਟ ਦਿੱਤਾ ਤੇ ਝੋਨੇ ਦਾ ਭਰਿਆ ਟਰੱਕ ਲੈ ਕੇ ਫਰਾਰ ਹੋ ਗਏ। ਪੁਲਿਸ ਨੇ ਖਾਲੀ ਟਰੱਕ ਅਗਲੇ ਦਿਨ ਬਰਾਮਦ ਕਰ ਲਿਆ, ਜਿਸ 'ਚ ਝੋਨੇ ਦੀਆਂ ਬੋਰੀਆਂ ਨਹੀਂ ਸਨ।

ਪੁਲਿਸ ਨੂੰ ਇਨ੍ਹਾਂ ਸਬੰਧੀ ਮੋਹਾਲੀ ਦੇ ਫੇਜ਼ ਨੰਬਰ 126 ਤੇ 127 ਵਿਚ ਲੁਕੇ ਹੋਣ ਦੀ ਸੂਹ ਮਿਲੀ ਸੀ, ਪੁਲਿਸ ਨੂੰ ਇਹ ਵੀ ਸੂਹ ਮਿਲੀ ਸੀ ਕਿ ਇਨ੍ਹਾਂ ਦੇ ਨਾਲ ਗੈਂਗਸਟਰ ਸਾਰਜ ਮਿੰਟੂ ਵੀ ਮੋਹਾਲੀ 'ਚ ਲੁਕਿਆ ਹੋਇਆ ਹੈ, ਜਦੋਂ ਪੁਲਿਸ ਨੇ ਛਾਪੇਮਾਰੀ ਕੀਤੀ ਤਾਂ ਉਕਤ ਦੋਵੇਂ ਕਾਬੂ ਆ ਗਏ ਜਦਕਿ ਸਾਰਜ ਮਿੰਟੂ ਪੁਲਿਸ ਦੇ ਹੱਥੇ ਨਹੀਂ ਚੜ੍ਹਿਆ। ਹਾਲਾਂਕਿ ਹਿੰਦੂ ਨੇਤਾ ਦੇ ਕਤਲ ਨਾਲ ਇਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ, ਪਰ ਇਨ੍ਹਾਂ ਤੋਂ ਪੁਲਿਸ ਵੱਡੀ ਕਾਮਯਾਬੀ ਦੀ ਆਸ ਲਗਾਈ ਬੈਠੀ ਹੈ। ਗ੍ਰਿਫਤਾਰ ਕੀਤੇ ਦੋਵੇਂ ਗੈਂਗਸਟਰਾਂ ਦੀ ਪੁਸ਼ਟੀ ਕਰਦਿਆਂ ਜ਼ਿਲ੍ਹਾ ਪੁਲਿਸ ਮੁਖੀ ਪਰਮਪਾਲ ਸਿੰਘ ਨੇ ਦੱਸਿਆ ਕਿ ਦੋਵਾਂ ਦਾ ਰਿਮਾਂਡ ਲਿਆ ਹੈ ਤੇ ਦੋਵਾਂ ਤੋਂ ਹੋਰ ਅਹਿਮ ਇੰਕਸ਼ਾਫ ਹੋਣ ਦੀ ਸੰਭਾਵਨਾ ਹੈ।

## ਸਿੱਖ ਨੌਜਵਾਨਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਦੀ ਨਿੰਦਾ

**ਨਿਊ ਯਾਰਕ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਨੇ ਪੰਜਾਬ ਸਰਕਾਰ ਵੱਲੋਂ ਵਿਦੇਸ਼ਾਂ ਤੋਂ ਪੰਜਾਬ ਗਏ ਸਿੱਖ ਨੌਜਵਾਨਾਂ ਨੂੰ ਸਾਜਿਸ਼ ਅਧੀਨ ਗ੍ਰਿਫਤਾਰ ਕਰ ਕੇ ਝੂਠੇ ਕੇਸਾਂ ਵਿਚ ਫਸਾਉਣ ਦੀ ਨਿੰਦਾ ਕੀਤੀ ਹੈ ਅਤੇ ਕਿਹਾ ਹੈ ਕਿ ਕਾਂਗਰਸ ਸਰਕਾਰ ਇਕ ਫਿਰਕੇ ਨੂੰ ਖੁਸ਼ ਕਰਨ ਵਾਸਤੇ ਬੇਕਸੂਰ ਨੌਜਵਾਨਾਂ ਨੂੰ ਬਲੀ ਦੇ ਬੱਕਰੇ ਬਣਾ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਕਨਵੀਨਰ ਬੂਟਾ ਸਿੰਘ ਖੜੌਦ, ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਪੈਨਲ ਮੈਂਬਰ ਰੁਪਿੰਦਰ ਸਿੰਘ ਬਾਠ ਤੇ ਮੱਖਣ ਸਿੰਘ ਕਲੇਰ ਅਤੇ ਮੀਡੀਆ ਇੰਚਾਰਜ ਸਰਬਜੀਤ ਸਿੰਘ ਵਲੋਂ ਜਾਰੀ ਸਾਂਝੇ ਬਿਆਨ ਵਿਚ ਗ੍ਰਿਫਤਾਰ ਨੌਜਵਾਨਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ ਹੈ ਅਤੇ ਨਾਲ ਹੀ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਵੀ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ 1984 ਦੇ ਕਾਲੇ ਦੌਰ ਵਰਗੇ ਸਮਿਆਂ ਨੂੰ ਮੁੜ ਸੱਦਾ ਦੇਣ ਵਾਲੇ ਕਦਮ ਪੁੱਟ ਰਹੀ ਹੈ। ਉਨ੍ਹਾਂ ਸਮੂਹ ਸਿੱਖ ਧਾਰਮਿਕ ਤੇ ਸਿਆਸੀ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਇਕਮੁਠ ਹੋ ਕੇ ਇਨ੍ਹਾਂ ਗ੍ਰਿਫਤਾਰੀਆਂ ਦੇ ਵਿਰੋਧ ਲਈ ਲਾਮਬੰਦੀ ਕੀਤੀ ਜਾਵੇ ਤਾਂ ਕਿ ਇਨ੍ਹਾਂ ਨੌਜਵਾਨਾਂ ਦੀ ਰਿਹਾਈ ਸੰਭਵ ਹੋ ਸਕੇ।

### ਕੈਨੇਥ ਜਸਟਰ ਵੱਲੋਂ ਭਾਰਤ ਲਈ ਅਮਰੀਕੀ ਸਫੀਰ ਵਜੋਂ ਹਲਫ

**ਵਾਸ਼ਿੰਗਟਨ:** ਕੈਨੇਥ ਜਸਟਰ ਨੇ ਭਾਰਤ ਲਈ ਅਮਰੀਕੀ ਰਾਜਦੂਤ ਵਜੋਂ ਹਲਫ ਲਿਆ ਹੈ। ਜਸਟਰ ਭਾਰਤੀ-ਅਮੈਰਿਕਨ ਰਿਚਰਡ ਵਰਮਾ ਦੀ ਜਗ੍ਹਾ ਲੈਣਗੇ, ਜਿਨ੍ਹਾਂ ਨੇ ਡੋਨਲਡ ਟਰੰਪ ਦੇ ਰਾਸ਼ਟਰਪਤੀ ਬਣਨ ਬਾਅਦ 20 ਜਨਵਰੀ ਨੂੰ ਅਸਤੀਫਾ ਦੇ ਦਿੱਤਾ ਸੀ।


# Matrimonials

### ਲੜਕੀ ਦੀ ਲੋੜ ਹੈ

Ramgariah family looking for a suitable Ramgariah match for their U. S. born son, Sr. Financial Analyst 34 years, 5'-10". Please contact: jsnov1973@aol.com 42/4

ਕੈਨੇਡੀਅਨ ਸਿਟੀਜ਼ਨ ਗੁਰ ਸਿੱਖ ਅੰਮ੍ਰਿਤਧਾਰੀ ਤਲਾਕਸ਼ੁਦਾ ਵੈਲ ਸੈਟਲਡ, ਗਰੈਜੂਏਟ ਜੱਟ ਲੜਕੇ, ਉਮਰ 31 ਸਾਲ, 5'-10" ਲਈ ਮਾਲਵਾ ਖੇਤਰ ਤੋਂ ਪੜ੍ਹੀ ਲਿਖੀ ਕੈਨੇਡੀਅਨ/ਅਮਰੀਕਨ ਸਿਟੀਜ਼ਨ ਲੜਕੀ ਦੀ ਲੋੜ ਹੈ। ਸਟੱਡੀ ਜਾਂ ਵਰਕ ਪਰਮਿਟ 'ਤੇ ਆਈ ਲੜਕੀ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ ਕਰੋ, ਫੋਨ: 236-880-2757 43-46

### ਲੜਕੇ ਦੀ ਲੋੜ ਹੈ

Well educated (Midwest US based) Saini Sikh family seeks professionally qualified match for their Indian citizen beautiful, slim, 27/5'-1" daughter. B. Tech in Computer Science (CSE). Working as Software developer in Mohali, India. Contact at 765-570-0149 46-49

Saini Sikh clean shave boy, 27, 6', M.Sc. Bio Technology doing BDS in Chandigarh, seeks suitable Saini/Jatt Sikh girl in medical field. Family well settled in the USA. Please contact, Ph: 516-503-9541 44-51

### ਜੀਵਨ ਸਾਥਣ ਦੀ ਲੋੜ ਹੈ

ਯੂ. ਐਸ. ਸਿਟੀਜ਼ਨ, 73 ਸਾਲਾ ਵਿਧੁਰ, ਸੇਵਾਮੁਕਤ ਵਿਅਕਤੀ ਲਈ ਭਾਰਤ ਜਾਂ ਅਮਰੀਕਾ-ਕੈਨੇਡਾ ਰਹਿੰਦੀ ਜੀਵਨ ਸਾਥਣ ਦੀ ਲੋੜ ਹੈ ਜਿਸ ਦਾ ਪਹਿਲਾਂ ਵਿਆਹ ਨਾ ਹੋਇਆ ਹੋਵੇ। ਭਾਰਤ/ਪੰਜਾਬ ਤੋਂ ਲਿਆਉਣ ਦੀ ਜਿੰਮੇਵਾਰੀ। ਸੋਸ਼ਲ ਸਿਕਿਉਰਿਟੀ ਅਤੇ ਪ੍ਰਾਈਵੇਟ ਪੈਨਸ਼ਨ ਤੋਂ ਚੰਗੀ ਆਮਦਨ। ਸੰਪਰਕ ਕਰੋ, ਫੋਨ: 845-664-1301 46-49

### Boy Wanted

**Brother-in-law Seeks Match for Punjabi Girl (Visiting Chicago), never married 42 years, 5'-3", beautiful, educated girl worked- JC Penney-Air France-Wealth Management firm. Parents Doctors Practicing Medicine New Delhi.**

**Boy must be educated and well settled.**

**Call Mr./Mrs. Saluja (630) 351-2121**

**or E-mail bio data/photo Saluja868@yahoo.com** 39-46


## ਸੁਪਰੀਮ ਕੋਰਟ ਵੱਲੋਂ ਸਿੱਖ ਕਤਲੇਆਮ ਦੀ ਸੁਣਵਾਈ ਉਤੇ ਰੋਕ ਤੋਂ ਨਾਂਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦਿੱਲੀ ਹਾਈ ਕੋਰਟ ਵਿਚ 1984 ਦੇ ਸਿੱਖ ਕਤਲੇਆਮ ਸਬੰਧੀ ਕੇਸਾਂ ਵਿਚ ਸੁਣਵਾਈ ਉਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ। ਦਿੱਲੀ ਹਾਈ ਕੋਰਟ ਨੇ 11 ਜਣਿਆਂ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕਰ ਕੇ ਪੁੱਛਿਆ ਸੀ ਕਿ ਉਨ੍ਹਾਂ ਖਿਲਾਫ਼ ਮੁੜ ਮੁਕੱਦਮਾ ਕਿਉਂ ਨਾ ਚਲਾਇਆ ਜਾਵੇ? ਸਾਬਕਾ ਕੌਂਸਲਰ ਬਲਵਾਨ ਖੋਖਰ ਅਤੇ ਸਾਬਕਾ ਵਿਧਾਇਕ ਮਹੇਂਦਰ ਯਾਦਵ ਸਮੇਤ 11 ਜਣਿਆਂ ਨੂੰ ਪਹਿਲਾਂ ਹੀ ਇਕ ਟਰਾਇਲ ਕੋਰਟ ਵੱਲੋਂ ਪੰਜ ਕੇਸਾਂ ਵਿਚ ਬਰੀ ਕੀਤਾ ਜਾ ਚੁੱਕਾ ਹੈ।

ਬੈਂਚ ਨੇ ਯਾਦਵ ਦੀ ਅਰਜ਼ੀ ਖਾਰਜ ਕਰਦਿਆਂ ਕਿਹਾ ਕਿ ਅਦਾਲਤ ਹਾਈ ਕੋਰਟ ਵਿਚ ਸੁਣਵਾਈ ਉਤੇ ਰੋਕ ਨਹੀਂ ਲਾਵੇਗੀ। ਹਾਈ ਕੋਰਟ ਨੇ 11 ਜਣਿਆਂ ਨੂੰ ਨੋਟਿਸ ਜਾਰੀ ਕੀਤੇ ਸਨ ਜਿਨ੍ਹਾਂ ਉਤੇ 1 ਅਤੇ 2 ਨਵੰਬਰ 1984 ਨੂੰ ਦਿੱਲੀ ਕੈਨਟੋਨਮੈਂਟ ਖੇਤਰ 'ਚ ਹੋਏ ਕਤਲੇਆਮ ਦੌਰਾਨ ਅਪਰਾਧਾਂ ਲਈ ਮੁਕੱਦਮਾ ਚੱਲਿਆ ਸੀ ਤੇ ਬਾਅਦ 'ਚ ਇਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ ਸੀ। ਮਹੇਂਦਰ ਯਾਦਵ ਨੇ ਸੁਪਰੀਮ ਕੋਰਟ ਵਿਚ ਅਰਜ਼ੀ ਦਾਖਲ ਕਰ ਕੇ ਆਖਿਆ ਸੀ ਕਿ ਹਾਈ ਕੋਰਟ ਕੋਲ ਉਸ ਕੇਸ 'ਚ ਮੁਕੱਦਮਾ ਮੁੜ ਚਲਾਉਣ ਲਈ ਖੁਦ ਨੋਟਿਸ ਜਾਰੀ ਕਰਨ ਦੀ ਸ਼ਕਤੀ ਨਹੀਂ ਹੈ, ਜਿਸ 'ਚ ਉਸ ਨੂੰ ਬਰੀ ਕੀਤਾ ਜਾ ਚੁੱਕਾ ਹੈ।


# Flat For Sale

## *In Jalandhar*

**Well Furnished, 1500 Sq.ft. Flat, Three Bed Rooms, Three Bathrooms, Drawing Room, Pooja Room, Secured Gated Community, Gym, Park, Elevator With Generator Backup, 6th Floor, Hamilton Towers, Nakodar Rd. Near GTB Nagar, Jalandhar City**

***Price- $90,000***

**Contact, Ph: 630-624-7426**

**Email-shankapoor75@Gmail.com** 45-46

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com


# ਕਾਲੀ ਕਮਾਈ ਵਾਲੇ ਲੈ ਗਏ ਮੋਦੀ ਸਰਕਾਰ ਦੀ ਨੋਟਬੰਦੀ ਦਾ ਲਾਹਾ

**ਚੰਡੀਗੜ੍ਹ:** ਨਰੇਂਦਰ ਮੋਦੀ ਸਰਕਾਰ ਨੇ 8 ਨਵੰਬਰ 2016 ਨੂੰ 500 ਅਤੇ 1000 ਰੁਪਏ ਦੇ ਨੋਟ ਬੰਦ ਕਰ ਕੇ ਦਾਅਵਾ ਕੀਤਾ ਸੀ ਕਿ ਇਸ ਨਾਲ ਕਾਲੇ ਧਨ, ਜਾਅਲੀ ਕਰੰਸੀ ਅਤੇ ਦਹਿਸ਼ਤਗਰਦੀ ਖਿਲਾਫ਼ ਨੂੰ ਠੱਲ੍ਹ ਪਵੇਗੀ। ਪੂਰੇ ਦੇਸ਼ ਨੂੰ ਹਿਲਾਉਣ ਵਾਲੇ ਮੋਦੀ ਦੇ ਇਸ ਫੈਸਲੇ ਨੂੰ ਪੂਰਾ ਇਕ ਸਾਲ ਹੋ ਗਿਆ ਹੈ। ਅੰਕੜੇ ਦੱਸਦੇ ਹਨ ਕਿ ਇਸ ਨਾਲ ਕਾਲੇ ਧਨ ਨੂੰ ਠੱਲ੍ਹ ਪੈਣ ਦੀ ਥਾਂ ਇਹ ਸਫੈਦ ਪੈਸੇ ਵਿਚ ਬਦਲ ਗਿਆ। ਇਸ ਫੈਸਲੇ ਨੇ ਲੋਕਾਂ ਦੇ ਕਾਰੋਬਾਰ ਤੇ ਦੇਸ਼ ਦੀ ਅਰਥ ਵਿਵਸਥਾ ਨੂੰ ਤਬਾਹ ਕਰ ਦਿੱਤਾ। ਮੋਦੀ ਦਾ ਅਤਿਵਾਦ ਨੂੰ ਠੱਲ੍ਹ ਪਾਉਣ ਵਾਲਾ ਦਾਅਵਾ ਵੀ ਕਿਸੇ ਪਾਸਿਓਂ ਸੱਚ ਨਹੀਂ ਜਾਪਦਾ। ਦੱਖਣੀ ਏਸ਼ੀਆ ਦਹਿਸ਼ਤਗਰਦੀ ਪੋਰਟਲ (ਐਸ.ਏ.ਟੀ.ਪੀ.) ਤੇ ਮੌਜੂਦ ਗ੍ਰਹਿ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਨੋਟਬੰਦੀ ਦੇ ਐਲਾਨ ਤੋਂ 10 ਮਹੀਨਿਆਂ ਬਾਅਦ ਦਹਿਸ਼ਤਗਰਦੀ ਦੇ ਹਾਦਸਿਆਂ 'ਚ 36 ਫੀਸਦੀ ਇਜ਼ਾਫਾ ਹੋਇਆ ਹੈ, ਜਦਕਿ ਸਥਾਨਕ ਲੋਕਾਂ ਦੀਆਂ ਮੌਤਾਂ 'ਚ 2500 ਫੀਸਦੀ ਅਤੇ ਸੁਰੱਖਿਆ ਅਮਲੇ ਦੀਆਂ ਮੌਤਾਂ 'ਚ 2 ਫੀਸਦੀ ਇਜ਼ਾਫਾ ਹੋਇਆ ਹੈ।

ਭਾਰਤੀ ਰਿਜ਼ਰਵ ਬੈਂਕ ਦੀ ਰਿਪੋਰਟ ਦੱਸਦੀ ਹੈ ਕਿ 500 ਤੇ 1000 ਰੁਪਏ ਦੇ ਨੋਟਾਂ ਵਾਲੀ 99 ਫੀਸਦੀ ਰਕਮ ਵਾਪਸ ਬੈਂਕਾਂ 'ਚ ਜਮ੍ਹਾਂ ਹੋ ਗਈ ਹੈ। ਇਸ ਦੇ ਉਲਟ 150 ਤੋਂ ਵੱਧ ਆਮ ਭਾਰਤੀ ਨਾਗਰਿਕ ਏ.ਟੀ.ਐਮ. ਤੇ ਬੈਂਕਾਂ ਦੀਆਂ ਲਾਈਨਾਂ 'ਚ ਖੜ੍ਹੇ-ਖੜ੍ਹੇ ਆਪਣੀ ਜਾਨ ਗਵਾ ਬੈਠੇ। ਅਰਥਚਾਰਾ ਫੁੱਲਣ-ਫੈਲਣ ਦੀ ਥਾਂ ਰਿਕਾਰਡ ਦਰਜ ਤੱਕ ਸੁੰਗੜ ਗਿਆ। ਨੋਟਬੰਦੀ ਤੋਂ ਤੁਰਤ ਬਾਅਦ ਮੋਦੀ ਨੇ ਦਾਅਵਾ ਕੀਤਾ ਸੀ ਕਿ ਜੇਕਰ 50 ਦਿਨਾਂ 'ਚ ਦੇਸ਼ ਦੀ ਅਰਥ-ਵਿਵਸਥਾ ਦੀ ਕਾਇਆ-ਕਲਪ ਨਾ ਹੋਈ ਤਾਂ ਦੇਸ਼ ਦੇ ਲੋਕ ਮੈਨੂੰ (ਪ੍ਰਧਾਨ ਮੰਤਰੀ) ਚੁਰਾਹੇ 'ਚ ਖੜ੍ਹਾ ਕਰ ਕੇ ਜੋ ਮਰਜ਼ੀ ਸਜ਼ਾ ਦੇ ਦੇਣ।

ਹੁਣ ਫੈਸਲੇ ਲਏ ਨੂੰ ਇਕ ਸਾਲ ਹੋ ਗਿਆ ਹੈ। ਪੰਜਾਬ ਵਿਚ ਪਹਿਲਾਂ ਹੀ ਕਰਜ਼ੇ ਦੇ ਭੰਨੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਨੋਟਬੰਦੀ ਨੇ ਹੋਰ ਜ਼ਿਆਦਾ ਨਿਰਾਸ਼ ਕੀਤਾ ਤੇ ਕੁਝ ਥਾਵਾਂ ਉਤੇ ਆਤਮ ਹੱਤਿਆ ਵਰਗੀਆਂ ਮੰਦਭਾਗੀ ਘਟਨਾਵਾਂ ਵੀ ਵਧੀਆਂ। ਨੋਟਬੰਦੀ ਦਾ ਸਭ ਤੋਂ ਵੱਧ ਨੁਕਸਾਨ ਆਲੂ ਉਤਪਾਦਕ ਕਿਸਾਨਾਂ ਨੂੰ ਝੱਲਣਾ ਪਿਆ ਹੈ। ਜਿਨ੍ਹਾਂ ਦੇ ਆਲੂਆਂ ਦੀ 60 ਫੀਸਦੀ ਫਸਲ ਅੱਜ ਵੀ ਕੋਲਡ ਸਟੋਰਾਂ 'ਚ ਪਈ ਹੈ ਕਿਉਂਕਿ ਦੇਸ਼ ਭਰ ਦੇ ਖਰੀਦਦਾਰ ਵਪਾਰੀਆਂ ਨੇ ਨੋਟਬੰਦੀ ਕਾਰਨ ਆਰਡਰ ਹੀ ਨਹੀਂ ਦਿੱਤੇ। ਪਹਿਲਾਂ ਹੀ ਬੇਰੁਜ਼ਗਾਰੀ ਦੇ ਭਾਰੀ ਸੰਕਟ ਦਾ ਸਾਹਮਣਾ ਕਰ ਰਹੇ ਨੌਜਵਾਨਾਂ ਨੂੰ ਨੌਕਰੀਆਂ ਤੇ ਰੁਜ਼ਗਾਰ ਮਿਲਣ ਦੀ ਥਾਂ ਛੋਟੀਆਂ-ਮੋਟੀਆਂ ਪ੍ਰਾਈਵੇਟ ਨੌਕਰੀਆਂ ਕਰ ਰਹੇ ਲੱਖਾਂ ਕਾਮੇ ਨੋਟਬੰਦੀ ਨੇ ਵਿਹਲੇ ਕਰ ਦਿੱਤੇ। ਗੈਰ ਸੰਗਠਿਤ ਖੇਤਰਾਂ ਵਿਚ ਰੋਜ਼ੀ ਰੋਟੀ ਕਮਾਉਂਦੇ 94 ਫੀਸਦੀ ਲੋਕਾਂ ਦਾ ਰੁਜ਼ਗਾਰ ਪੂਰੀ ਤਰ੍ਹਾਂ ਤਬਾਹ ਹੋ ਗਿਆ। ਵੱਡੀਆਂ ਕੰਪਨੀਆਂ 'ਚ ਨਵੀਆਂ ਭਰਤੀਆਂ ਵਿਚ 45 ਫੀਸਦੀ ਕਟੌਤੀ ਦਰਜ ਹੋਈ ਹੈ। ਦਿਹਾੜੀਦਾਰ ਮਜ਼ਦੂਰ ਤਬਕੇ ਦੇ ਲੋਕਾਂ ਨੂੰ ਚੋਰ ਕਰਾਰ ਦੇ ਕੇ ਲਾਈਨਾਂ 'ਚ ਖੜ੍ਹਾਈ ਰੱਖਿਆ ਪਰ ਚੰਦ ਵੱਡੇ ਉਦਯੋਗਿਕ ਤੇ ਕਾਰਪੋਰੇਟ ਘਰਾਣਿਆਂ ਦੀਆਂ ਨੋਟਬੰਦੀ ਰਾਹੀਂ ਪੌਂ-ਬਾਰਾ ਕਰਵਾ ਦਿੱਤੀਆਂ ਗਈਆਂ। ਆਰ.ਬੀ.ਆਈ. ਦੇ ਅੰਕੜਿਆਂ ਮੁਤਾਬਕ ਨੋਟਬੰਦੀ ਤੋਂ ਬਾਅਦ ਨਵੇਂ ਨੋਟਾਂ ਦੀ ਛਪਾਈ ਦੀ 2016-17 ਵਿਚ ਲਾਗਤ ਦੁੱਗਣੀ ਹੋ ਗਈ। ਮਾਰਚ, 2017 ਤੱਕ ਫੜੇ ਗਏ ਜਾਅਲੀ ਨੋਟਾਂ 'ਚ ਨਵੇਂ ਨੋਟ ਵੀ ਸ਼ਾਮਲ ਹਨ। ਕਸ਼ਮੀਰ ਵਿਚ ਨਕਲੀ-ਅਸਲੀ ਨੋਟਾਂ ਨਾਲ ਅਤਿਵਾਦ ਦੀ ਫੰਡਿੰਗ ਖਤਮ ਕਰਨਾ ਵੀ ਸਰਕਾਰ ਦਾ ਇਕ ਟੀਚਾ ਕਰਾਰ ਦਿੱਤਾ ਗਿਆ ਸੀ।





## ਰੀਅਲ ਅਸਟੇਟ ਨੂੰ ਪਈ ਸਭ ਤੋਂ ਵੱਧ ਮਾਰ

**ਨਵੀਂ ਦਿੱਲੀ:** ਨੋਟਬੰਦੀ ਨੂੰ ਇਕ ਸਾਲ ਹੋ ਗਿਆ ਹੈ। ਨੋਟਬੰਦੀ ਦੀ ਮਾਰ ਜਿਨ੍ਹਾਂ ਸੈਕਟਰਾਂ 'ਤੇ ਸਭ ਤੋਂ ਜ਼ਿਆਦਾ ਵੇਖਣ ਨੂੰ ਮਿਲੀ ਹੈ, ਉਨ੍ਹਾਂ ਵਿਚ ਰੀਅਲ ਅਸਟੇਟ ਵੀ ਸ਼ਾਮਲ ਹੈ। ਇਕ ਸਾਲ ਵਿਚ 6 ਤੋਂ 8 ਮਹੀਨੇ ਇਸ ਸੈਕਟਰ ਲਈ ਸਭ ਤੋਂ ਬੁਰੇ ਰਹੇ। ਇਸ ਦੌਰਾਨ ਰੀਅਲ ਅਸਟੇਟ ਸੈਕਟਰ ਦੀ ਰਫਤਾਰ 60 ਫੀਸਦੀ ਤੱਕ ਘਟੀ।

## 'ਨੋਟਬੰਦੀ 'ਚ ਸਾਰੇ ਚੋਰਾਂ ਨੇ ਕਾਲਾ ਪੈਸਾ ਕੀਤਾ ਸਫੈਦ'



**ਅਹਿਮਦਾਬਾਦ:** ਕਾਂਗਰਸੀ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਆਖਿਆ ਹੈ ਕਿ ਮੋਦੀ ਦੀ ਨੋਟਬੰਦੀ 'ਚ ਹਿੰਦੁਸਤਾਨ ਦੇ ਸਾਰੇ ਚੋਰਾਂ ਨੇ ਆਪਣਾ ਕਾਲਾ ਪੈਸਾ ਸਫੈਦ ਕਰ ਦਿੱਤਾ। ਰਾਹੁਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਗੁਜਰਾਤ ਵਿਚ ਝੂਠ ਦੀ ਰਾਜਨੀਤੀ ਕਰ ਰਹੇ ਹਨ। ਜੀ.ਐਸ.ਟੀ. ਅਤੇ ਨੋਟਬੰਦੀ ਕਰ ਕੇ ਮੋਦੀ ਨੇ ਗਲਤੀ ਕੀਤੀ ਸੀ।

## 'ਕਾਗਜ਼ੀ ਕੰਪਨੀਆਂ' ਵਾਲਾ ਰਾਹ ਆਇਆ ਰਾਸ

**ਨਵੀਂ ਦਿੱਲੀ:** ਨੋਟਬੰਦੀ ਦੌਰਾਨ ਈ.ਡੀ. ਨੇ ਜੋ ਛਾਪੇਮਾਰੀ ਕੀਤੀ ਸੀ, ਉਸ ਤੋਂ 'ਕਾਗਜ਼ੀ' ਕੰਪਨੀਆਂ ਤੇ ਬੇਨਾਮੀ ਸੰਪਤੀ ਦੇ ਗੱਠਜੋੜ ਦਾ ਖੁਲਾਸਾ ਹੋਇਆ ਹੈ। ਪਤਾ ਲੱਗਾ ਹੈ ਕਿ ਮਨੀ ਲਾਂਡਰਿੰਗ ਤਹਿਤ ਕਾਲੇ ਧਨ ਨੂੰ ਟਿਕਾਣੇ ਲਾਉਣ ਵਿਚ ਅਜਿਹੀਆਂ ਕੰਪਨੀਆਂ ਦੀ ਭੂਮਿਕਾ 48 ਫੀਸਦੀ ਰਹੀ ਜਦਕਿ ਰੀਅਲ ਅਸਟੇਟ ਦੀ 35 ਤੇ ਸੋਨਾ-ਚਾਂਦੀ ਦੀ ਭੂਮਿਕਾ 7 ਫੀਸਦੀ ਹੈ। ਕਾਲੇ ਧਨ ਨਾਲ ਬਣੀਆਂ ਹੋਈਆਂ ਕਈ ਕੰਪਨੀਆਂ ਦੀ ਜਾਂਚ ਦਾ ਕੰਮ ਹਾਲੇ ਵੀ ਜਾਰੀ ਹੈ। ਇਸ ਦੇ ਨਾਲ ਹੀ ਕਈ ਨੇਤਾਵਾਂ ਤੇ ਹੋਰ ਪ੍ਰਸਿੱਧ ਵਿਅਕਤੀਆਂ ਦੀ ਜਾਂਚ ਵੀ ਕੀਤੀ ਜਾ ਰਹੀ ਹੈ। ਈ.ਡੀ. ਹੁਣ ਤੱਕ ਤਕਰੀਬਨ 1000 ਤੋਂ ਜ਼ਿਆਦਾ ਕਾਗਜ਼ੀ ਕੰਪਨੀਆਂ ਵਿਰੁੱਧ ਕਾਰਵਾਈ ਕਰ ਚੁੱਕਾ ਹੈ। ਈ.ਡੀ. ਨੂੰ ਤਕਰੀਬਨ 1660 ਕਰੋੜ ਦੀ ਮਨੀ ਲਾਂਡਰਿੰਗ ਦਾ ਪਤਾ ਲੱਗਾ ਹੈ। ਨੌਂ ਹਜ਼ਾਰ ਕਰੋੜ ਤੋਂ ਜ਼ਿਆਦਾ ਦੀ ਸੰਪਤੀ ਹੁਣ ਤੱਕ ਈ.ਡੀ. ਵੱਲੋਂ ਜ਼ਬਤ ਕੀਤੀ ਜਾ ਚੁੱਕੀ ਹੈ।

# ਜੀ.ਐਸ.ਟੀ: ਮੋਦੀ ਸਰਕਾਰ ਪੁੱਠੇ ਪੈਰੀਂ ਤੁਰਨ ਲਈ ਮਜਬੂਰ

**ਜਲੰਧਰ:** ਜੁਲਾਈ ਤੋਂ ਲਾਗੂ ਹੋਈ ਨਵੀਂ ਕਰ ਪ੍ਰਣਾਲੀ ਜੀ.ਐਸ.ਟੀ. ਚਾਰ ਮਹੀਨੇ ਬਾਅਦ ਵੀ ਸੋਧ ਕਰਨ ਦਾ ਕੰਮ ਜਾਰੀ ਹੈ। ਜੀ.ਐਸ.ਟੀ. ਕੌਂਸਲ ਨੇ ਬੀਤੇ ਦਿਨੀਂ ਵੱਡੀ ਗਿਣਤੀ 'ਚ ਵਸਤਾਂ ਤੋਂ ਜੀ.ਐਸ.ਟੀ. ਦਰ ਘਟਾ ਕੇ ਕਾਰੋਬਾਰੀਆਂ, ਲੋਕਾਂ ਨੂੰ ਰਾਹਤ ਦਿੱਤੀ ਹੈ। ਜੀ.ਐਸ.ਟੀ. ਲਾਗੂ ਹੋਣ ਤੋਂ ਬਾਅਦ ਹੀ ਲੋਕ ਕਈ ਖਾਮੀਆਂ ਨੂੰ ਲੈ ਕੇ ਵਿਰੋਧ ਕਰਦੇ ਰਹੇ ਹਨ, ਜਿਸ ਕਰ ਕੇ ਹੁਣ ਤੱਕ ਕੇਂਦਰ ਸਰਕਾਰ ਨੂੰ ਜੀ.ਐਸ.ਟੀ. ਵਿਚ ਪਿਛਲੇ ਚਾਰ ਮਹੀਨਿਆਂ 'ਚ ਹੀ 60 ਸੋਧਾਂ ਕਰਨੀਆਂ ਪਈਆਂ ਹਨ।




ਜੀ.ਐਸ.ਟੀ. ਕੌਂਸਲ ਨੇ ਬੀਤੇ ਦਿਨੀਂ ਕਾਫੀ ਰਿਆਇਤਾਂ ਦਾ ਐਲਾਨ ਕਰਦਿਆਂ ਦਰਾਂ ਘਟਾ ਦਿੱਤੀਆਂ ਗਈਆਂ ਹਨ ਪਰ ਅਜੇ ਵੀ ਕਾਰੋਬਾਰੀ ਕਈ ਕਾਨੂੰਨਾਂ ਨੂੰ ਕਾਫੀ ਗੁੰਝਲਦਾਰ ਮੰਨ ਰਹੇ ਹਨ। ਜੀ.ਐਸ.ਟੀ. ਦੀਆਂ ਰਿਟਰਨਾਂ ਦਾਖਲ ਕਰਨ ਲਈ ਕਾਰੋਬਾਰੀਆਂ ਨੂੰ ਵੈੱਬਸਾਈਟ ਦੇ ਸਮੇਂ ਸਿਰ ਨਾ ਚੱਲਣ ਕਰ ਕੇ ਕਾਫੀ ਪਰੇਸ਼ਾਨੀ ਆ ਰਹੀ ਹੈ ਤੇ ਕਾਰੋਬਾਰੀਆਂ ਦੀ ਇਹ ਮੁਸ਼ਕਲ ਕੇਂਦਰ ਨੇ ਮੰਨ ਵੀ ਲਈ ਹੈ। ਕਾਰੋਬਾਰੀਆਂ ਦਾ ਕਹਿਣਾ ਹੈ ਕਿ ਚਾਰ ਮਹੀਨੇ ਤੋਂ ਜੀ.ਐਸ.ਟੀ. ਦੇ ਕਈ ਕਾਨੂੰਨਾਂ ਕਰ ਕੇ ਉਨ੍ਹਾਂ ਨੂੰ ਪਰੇਸ਼ਾਨੀ ਹੋ ਰਹੀ ਸੀ ਪਰ ਸਰਕਾਰ ਨੇ ਪਹਿਲਾਂ ਪਰੇਸ਼ਾਨੀ 'ਚ ਪਏ ਕਾਰੋਬਾਰੀਆਂ ਦੀ ਗੱਲ ਨਹੀਂ ਸੁਣੀ। ਸਗੋਂ ਗੁਜਰਾਤ ਜਾ ਕੇ ਭਾਜਪਾ ਦਾ ਨਾਰਾਜ਼ ਵਪਾਰੀਆਂ ਦਾ ਸਾਹਮਣਾ ਹੋਇਆ ਤਾਂ ਹੀ ਜੀ.ਐਸ.ਟੀ. ਦੇ ਕਈ ਕਾਨੂੰਨਾਂ ਨੂੰ ਜੀ.ਐਸ.ਟੀ. ਕੌਂਸਲ ਨੇ ਨਰਮ ਕਰ ਦਿੱਤਾ ਹੈ। ਭਾਜਪਾ ਦੇ ਇਕ ਸੀਨੀਅਰ ਆਗੂ ਨੇ ਵੀ ਬੀਤੇ ਦਿਨੀਂ ਐਲਾਨ ਕੀਤਾ ਸੀ ਕਿ ਜੀ.ਐਸ.ਟੀ. ਇਸ ਤਰ੍ਹਾਂ ਦਾ ਕਾਨੂੰਨ ਹੈ ਕਿ ਇਸ ਦੇ ਹਿਸਾਬ ਨੂੰ ਅਜੇ ਤੱਕ ਕਈ ਮਾਹਿਰ ਵੀ ਨਹੀਂ ਸਮਝ ਸਕੇ ਹਨ।

## *ਮਲਿਕ ਨੇ ਖੁਦਮੁਖਤਾਰੀ ਦੀ ਮੰਗ ਨਕਾਰੀ*

**ਸ੍ਰੀਨਗਰ:** ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਦੇ ਚੇਅਰਮੈਨ ਮੁਹੰਮਦ ਯਾਸੀਨ ਮਲਿਕ ਨੇ ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਡਾਕਟਰ ਫਰੂਕ ਅਬਦੁੱਲਾ ਵੱਲੋਂ ਕਸ਼ਮੀਰ ਲਈ ਖੁਦਮੁਖਤਿਆਰੀ ਦੇਣ ਦੀ ਮੰਗ ਨੂੰ ਨਕਾਰਦੇ ਹੋਏ ਕਿਹਾ ਕਿ ਫਰੂਕ ਨੇ ਕਦੇ ਸੰਜੀਦਗੀ ਨਾਲ ਗੱਲ ਨਹੀਂ ਕੀਤੀ, ਉਹ ਸਿਰਫ ਆਪਣੇ ਮੁਫਾਦਾਂ ਲਈ ਬਿਆਨ ਬਦਲਦਾ ਰਿਹਾ ਹੈ।

ਮਲਿਕ ਨੇ ਕਿਹਾ ਕਿ ਕਸ਼ਮੀਰ ਦੇ ਲੋਕ ਖੁਦਮੁਖਤਿਆਰੀ ਲਈ ਕੁਰਬਾਨੀਆਂ ਨਹੀਂ ਦੇ ਰਹੇ, ਬਲਕਿ ਉਹ ਆਜ਼ਾਦੀ ਲਈ ਜੱਦੋਜ਼ਹਿਦ ਕਰ ਰਹੇ ਹਨ। ਮਲਿਕ ਨੇ ਕਿਹਾ ਕਿ ਫਰੂਕ ਦੇ ਪਿਤਾ ਮਰਹੂਮ ਸ਼ੇਖ ਮੁਹੰਮਦ ਅਬਦੁਲਾ ਖੁਦ ਕਈ ਸਾਲ ਤੱਕ ਆਜ਼ਾਦੀ ਦੀ ਰਾਜਨੀਤੀ ਕਰਦੇ ਰਹੇ, ਪਰ ਕੁਰਸੀ ਲਈ ਉਸ ਨੇ ਕਸ਼ਮੀਰੀਆਂ ਦੇ ਮੁਫਾਦਾ ਨੂੰ ਕੁਰਬਾਨ ਕਰਦੇ ਆਜ਼ਾਦੀ ਦੀ ਜੱਦੋਜ਼ਹਿਦ ਨੂੰ ਖੈਰਬਾਦ ਕਹਿ ਦਿੱਤਾ।

ਯਾਸੀਨ ਮਲਿਕ ਨੇ ਫਰੂਕ ਨੂੰ ਸਲਾਹ ਦਿੱਤੀ ਕਿ ਉਸ ਨੂੰ ਖੁਦਮੁਖ਼ਤਿਆਰੀ ਦਾ ਰਾਗ ਛੱਡ ਕੇ ਇਸ ਵੱਲ ਵੀ ਥੋੜ੍ਹਾ ਧਿਆਨ ਦੇਣਾ ਚਾਹੀਦਾ ਹੈ ਕਿ ਭਾਰਤ ਦਾ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਹੀ ਕਸ਼ਮੀਰ ਮਸਲੇ ਨੂੰ ਸੰਯੁਕਤ ਰਾਸ਼ਟਰ 'ਚ ਲੈ ਗਏ ਤੇ ਇਸ ਨੂੰ ਕਸ਼ਮੀਰੀਆਂ ਦੀਆਂ ਉਮੰਗਾਂ ਤਹਿਤ ਹੱਲ ਕਰਨ ਦਾ ਉਥੇ ਵਾਅਦਾ ਕੀਤਾ ਸੀ।

# ਇੰਗਲੈਂਡ ਵਿਚ ਭਾਰਤੀ ਕਿਰਾਏਦਾਰ ਹੁਣ ਕੜ੍ਹੀ ਬਣਾ ਸਕਣਗੇ

**ਲੰਡਨ:** ਅਦਾਲਤ ਨੇ ਭਾਰਤ ਅਤੇ ਪਾਕਿਸਤਾਨ ਦੇ ਲੋਕਾਂ ਨੂੰ ਆਪਣੇ ਮਕਾਨ ਕਿਰਾਏ ਉਤੇ ਦੇਣ ਸਮੇਂ ਬ੍ਰਿਟਿਸ਼ ਮਕਾਨ ਮਾਲਕ ਵੱਲੋਂ ਲਾਈ ਪਾਬੰਦੀ ਨੂੰ ਗੈਰ ਕਾਨੂੰਨੀ ਦੱਸਿਆ ਹੈ। ਮਕਾਨ ਮਾਲਕ ਨੇ ਰੋਕ ਇਸ ਲਈ ਲਾਈ ਸੀ ਕਿ ਕਿਰਾਏਦਾਰ ਕੜ੍ਹੀ ਬਣਾਉਂਦੇ ਸਨ ਤੇ ਇਸ ਦੀ ਮਹਿਕ ਫੈਲਦੀ ਸੀ।



ਦੱਖਣ-ਪੂਰਬੀ ਇੰਗਲੈਂਡ ਦੇ ਕੈਂਟ ਵਿਚ ਫਰਗਿਸ਼ ਵਿਲਸਨ ਦੀਆਂ ਸੈਂਕੜੇ ਸੰਪਤੀਆਂ ਹਨ। ਵਿਲਸਨ ਨੇ ਇਸ ਪਾਬੰਦੀ ਨੂੰ ਨਸਲਵਾਦੀ ਹੋਣ ਤੋਂ ਇਨਕਾਰ ਕੀਤਾ ਸੀ ਪਰ ਅਦਾਲਤ ਨੇ ਇਸ ਹਫਤੇ ਉਸ ਦੀ ਇਸ ਨੀਤੀ ਵਿਰੁੱਧ ਹੁਕਮ ਦਿੱਤਾ, ਜਿਸ ਵਿਚ ਉਹ ਕਾਨੂੰਨੀ ਲੜਾਈ ਹਾਰ ਗਿਆ। ਹੁਕਮ ਵਿਚ ਕਿਹਾ ਗਿਆ ਹੈ ਕਿ ਭਾਰਤੀ ਜਾਂ ਪਾਕਿਸਤਾਨੀ ਲੋਕਾਂ ਨੂੰ ਮਕਾਨ ਕਿਰਾਏ ਉਤੇ ਦੇਣ ਤੋਂ ਰੋਕਣ ਲਈ ਵਿਲਸਨ ਵਿਸ਼ੇਸ਼ ਕਿਰਾਇਆ ਨੀਤੀ ਲਾਗੂ ਨਹੀਂ ਕਰ ਸਕਦਾ। ਜੇ ਇਸ ਹੁਕਮ ਦੀ ਉਲੰਘਣਾ ਕੀਤੀ ਗਈ ਅਤੇ ਇਸ ਨੂੰ ਅਦਾਲਤ ਦੀ ਮਾਣਹਾਨੀ ਪਾਇਆ ਗਿਆ ਤਾਂ ਉਸ ਨੂੰ ਜੇਲ੍ਹ ਹੋ ਸਕਦੀ ਹੈ ਜਾਂ ਭਾਰੀ ਜੁਰਮਾਨਾ ਲਾਇਆ ਜਾ ਸਕਦਾ ਹੈ। 69 ਸਾਲਾ ਮਕਾਨ ਮਾਲਕ ਅਤੇ ਸਾਬਕਾ ਬਾਕਸਰ ਨੇ ਸਮਾਨਤਾ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਵਿਰੁੱਧ ਅਦਾਲਤ ਵਿਚ ਆਪਣਾ ਬਚਾਅ ਕੀਤਾ।

## ਭਾਰਤੀ ਡਾਕਟਰ 'ਤੇ ਜਿਨਸੀ ਹਮਲੇ ਦੇ ਦੋਸ਼

**ਲੰਡਨ:** ਬਰਤਾਨੀਆ ਵਿਚ ਭਾਰਤੀ ਮੂਲ ਦੇ 52 ਸਾਲਾ ਡਾਕਟਰ ਉਤੇ ਤਿੰਨ ਜਿਨਸੀ ਹਮਲਿਆਂ ਦੇ ਦੋਸ਼ ਲਾਏ ਗਏ ਹਨ। ਬਰਮਿੰਘਮ ਵਿਚ ਐਜਬੈਸਟਨ ਦੇ ਕੁਈਨ ਐਲਿਜ਼ਾਬੈੱਥ ਹਸਪਤਾਲ ਵਿਚ ਕੰਮ ਕਰਦੇ ਵਿਭੋਰ ਗੁਪਤਾ ਨੂੰ ਇਸ ਸਾਲ ਮਾਰਚ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਵੈਸਟ ਮਿਡਲੈਂਡਜ਼ ਪੁਲਿਸ ਦੇ ਬੁਲਾਰੇ ਨੇ ਕਿਹਾ ਕਿ ਹਾਰਬੋਰਨ ਨਾਲ ਸਬੰਧਤ ਵਿਭੋਰ ਉਤੇ ਜਿਨਸੀ ਹਮਲੇ ਦੇ ਤਿੰਨ ਅਤੇ ਹਿੰਸਾ ਦਾ ਇਕ ਦੋਸ਼ ਲਾਇਆ ਗਿਆ। ਉਸ ਨੂੰ 21 ਨਵੰਬਰ ਨੂੰ ਬਰਮਿੰਘਮ ਮੈਜਿਸਟਰੇਟ ਕੋਰਟ ਵਿਚ ਪੇਸ਼ ਕੀਤਾ ਜਾਵੇਗਾ।

## ਲੰਡਨ 'ਚ ਟੈਗੋਰ ਦਾ ਮਕਾਨ ਖਰੀਦੇਗੀ ਮਮਤਾ ਬੈਨਰਜੀ

**ਲੰਡਨ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਲੰਡਨ ਹਾਊਸ, ਜਿਥੇ ਨੋਬੇਲ ਪੁਰਸਕਾਰ ਜੇਤੂ ਰਾਬਿੰਦਰਨਾਥ ਟੈਗੋਰ ਰਹਿੰਦੇ ਸਨ, ਨੂੰ ਹਾਸਲ ਕਰਨਾ ਚਾਹੁੰਦੀ ਹੈ ਅਤੇ ਇਸ ਨੂੰ ਆਲਮੀ ਪ੍ਰਸਿੱਧੀ ਵਾਲੇ ਕਵੀ ਤੇ ਲੇਖਕ ਦੀ ਯਾਦਗਾਰ-ਕਮ-ਅਜਾਇਬਘਰ ਵਿਚ ਤਬਦੀਲ ਕਰਨਾ ਚਾਹੁੰਦੀ ਹੈ।

ਸੰਨ 1912 ਵਿਚ ਉਹ ਕੁਝ ਮਹੀਨੇ ਉਤਰੀ ਲੰਡਨ ਦੇ ਹੈਂਪਸਟਿਡ ਹੀਥ ਦੇ ਹੀਥ ਵਿਲਾਜ਼ ਨੰ-3 ਵਿਚ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ ਆਪਣੇ ਕਵਿਤਾ ਸੰਗ੍ਰਹਿ 'ਗੀਤਾਂਜਲੀ' ਦਾ ਤਰਜ਼ਮਾ ਕੀਤਾ ਸੀ। ਇੰਗਲੈਂਡ ਦੀ ਸੱਤ-ਰੋਜ਼ਾ ਫੇਰੀ ਲਈ ਲੰਡਨ ਪੁੱਜੀ ਮਮਤਾ ਬੈਨਰਜੀ ਨੇ ਯੂਕੇ 'ਚ ਕਾਰਜਕਾਰੀ ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨਾਲ ਮੀਟਿੰਗ ਦੌਰਾਨ ਆਪਣੇ ਸੂਬੇ ਦੀ ਇਸ ਮਕਾਨ ਨੂੰ ਖਰੀਦਣ ਬਾਰੇ ਇੱਛਾ ਜ਼ਾਹਿਰ ਕੀਤੀ। ਇਸ ਮਕਾਨ ਦੀ ਕੁਝ ਸਾਲ ਪਹਿਲਾਂ 27 ਲੱਖ ਪੌਂਡ ਕੀਮਤ ਪਈ ਸੀ। 2015 ਦੀ ਪਿਛਲੀ ਲੰਡਨ ਫੇਰੀ ਸਮੇਂ ਵੀ ਮੁੱਖ ਮੰਤਰੀ ਨੇ ਇਸ ਬਾਰੇ ਚਰਚਾ ਕੀਤੀ ਸੀ।

# ਪ੍ਰੀਤੀ ਪਟੇਲ ਨੂੰ ਇਜ਼ਰਾਇਲੀ ਆਗੂਆਂ ਨਾਲ ਗੱਲਬਾਤ ਮਹਿੰਗੀ ਪਈ

**ਲੰਡਨ:** ਬ੍ਰਿਟੇਨ ਵਿਚ ਭਾਰਤੀ ਮੂਲ ਦੀ ਸਭ ਤੋਂ ਸੀਨੀਅਰ ਮੰਤਰੀ ਪ੍ਰੀਤੀ ਪਟੇਲ (45) ਨੇ ਕੈਬਨਿਟ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਯਹੂਦੀ ਮੁਲਕ ਵਿਚ ਛੁੱਟੀਆਂ ਦੌਰਾਨ ਇਜ਼ਰਾਇਲੀ ਸਿਆਸਤਦਾਨਾਂ ਨਾਲ ਗੈਰ-ਅਧਿਕਾਰਤ ਗੁਪਤ ਬੈਠਕਾਂ ਕਰਨ ਉਤੇ ਸਿਆਸੀ ਤੂਫਾਨ ਖੜ੍ਹਾ ਹੋ ਗਿਆ ਸੀ। ਕੌਮਾਂਤਰੀ ਵਿਕਾਸ ਮੰਤਰੀ ਵਜੋਂ ਪ੍ਰੀਤੀ ਦੀ ਹਾਲਤ ਉਸ ਸਮੇਂ ਹੋਰ ਤਰਸਯੋਗ ਹੋ ਗਈ ਸੀ ਜਦੋਂ ਇਹ ਖੁਲਾਸਾ ਹੋਇਆ ਕਿ ਉਸ ਨੇ ਇਜ਼ਰਾਇਲੀ ਅਧਿਕਾਰੀਆਂ ਨਾਲ ਦੋ ਹੋਰ ਬੈਠਕਾਂ ਵੀ ਕੀਤੀਆਂ ਸਨ।





ਅਫਰੀਕਾ ਦੇ ਦੌਰੇ ਨੂੰ ਅੱਧ ਵਿਚਾਲੇ ਛੱਡ ਕੇ ਤਲਬ ਕੀਤੀ ਗਈ ਮੰਤਰੀ ਨੇ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨਾਲ ਬੈਠਕ ਤੋਂ ਬਾਅਦ ਅਸਤੀਫਾ ਦਿੱਤਾ। ਆਪਣੇ ਅਸਤੀਫੇ ਵਿਚ ਪ੍ਰੀਤੀ ਨੇ ਮੁਆਫੀ ਮੰਗਦਿਆਂ ਕਿਹਾ ਕਿ ਉਸ ਦੀ ਹਰਕਤ ਪਾਰਦਰਸ਼ਤਾ ਦੇ ਮਾਪਦੰਡਾਂ 'ਤੇ ਖਰੀ ਨਹੀਂ ਉਤਰਦੀ। ਉਸ ਨੇ 'ਜੋਸ਼' ਵਿਚ ਆ ਕੇ ਅਣ-ਅਧਿਕਾਰਤ ਬੈਠਕਾਂ ਕੀਤੀਆਂ ਸਨ। ਕੈਬਨਿਟ 'ਚੋਂ ਰੁਖਸਤਗੀ ਨਾਲ ਗੁਜਰਾਤੀ ਮੂਲ ਦੀ ਸੰਸਦ ਮੈਂਬਰ ਦਾ ਉਭਾਰ ਰੁਕ ਗਿਆ ਹੈ ਜਿਸ ਨੂੰ ਅਕਸਰ ਕੰਜ਼ਰਵੇਟਿਵ ਪਾਰਟੀ ਦੇ ਭਵਿੱਖ ਦੇ ਆਗੂ ਅਤੇ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਸਮਝਿਆ ਜਾਂਦਾ ਸੀ। ਬ੍ਰੈਗਜ਼ਿਟ ਦਾ ਜ਼ੋਰਦਾਰ ਸਮਰਥਨ ਕਰਨ ਵਾਲੀ ਪ੍ਰੀਤੀ ਪਟੇਲ ਨੇ ਸਤੰਬਰ ਵਿਚ ਯੂ.ਕੇ. ਸੰਸਦੀ ਕੰਪਲੈਕਸ ਵਿਚ ਇਸਰਾਈਲ ਦੇ ਜਨਤਕ ਸੁਰੱਖਿਆ ਮੰਤਰੀ ਗਿਲਾਡ ਅਰਡਨ ਅਤੇ ਬਾਅਦ 'ਚ ਉਸੇ ਮਹੀਨੇ ਇਜ਼ਰਾਇਲੀ ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਯੂਵਾਲ ਰੋਟੈਮ ਨਾਲ ਮੁਲਾਕਾਤ ਕੀਤੀ ਸੀ।

ਜ਼ਿਕਰਯੋਗ ਹੈ ਕਿ ਮੰਤਰੀਆਂ ਨੂੰ ਵਿਦੇਸ਼ ਫੇਰੀ ਦੌਰਾਨ ਦੂਜੇ ਮੁਲਕਾਂ ਦੇ ਆਗੂਆਂ ਨਾਲ ਮੁਲਾਕਾਤ ਸਮੇਂ ਯੂ.ਕੇ. ਦੇ ਵਿਦੇਸ਼ ਦਫਤਰ ਨੂੰ ਜਾਣਕਾਰੀ ਦੇਣੀ ਪੈਂਦੀ ਹੈ ਪਰ ਪ੍ਰੀਤੀ ਪਟੇਲ ਨੇ ਬੈਂਜਾਮਿਨ ਨੇਤਨਯਾਹੂ ਅਤੇ ਹੋਰ ਸਿਆਸੀ ਆਗੂਆਂ ਨਾਲ ਮੁਲਾਕਾਤ ਦੌਰਾਨ ਇਸਰਾਈਲ ਦੇ ਬ੍ਰਿਟਿਸ਼ ਸਫੀਰਾਂ ਨੂੰ ਇਸ ਬਾਰੇ ਕੋਈ ਸੂਚਨਾ ਨਹੀਂ ਦਿੱਤੀ ਸੀ।

# ਤਖਤ ਪਟਨਾ ਸਾਹਿਬ ਗੁਰਦੁਆਰਾ ਪ੍ਰਬੰਧਕੀ ਕਮੇਟੀ ਦਾ 'ਤਖਤਾ ਪਲਟ'

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 11 ਸਾਲ ਪ੍ਰਧਾਨ ਰਹੇ ਜਥੇਦਾਰ ਅਵਤਾਰ ਸਿੰਘ ਮੱਕੜ ਇਕ ਵਾਰ ਮੁੜ ਤਖਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣ ਗਏ ਹਨ। ਇਸ ਸਬੰਧੀ ਫੈਸਲਾ ਪਟਨਾ ਸਾਹਿਬ ਦੀ ਇਕ ਅਦਾਲਤ ਵੱਲੋਂ ਕੀਤਾ ਗਿਆ ਹੈ। ਦੂਜੀ ਧਿਰ ਹਰਵਿੰਦਰ ਸਿੰਘ ਸਰਨਾ ਨੇ ਹੇਠਲੀ ਅਦਾਲਤ ਦੇ ਇਸ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦੇਣ ਦਾ ਫੈਸਲਾ ਕੀਤਾ ਹੈ।

ਦੱਸਣਯੋਗ ਹੈ ਕਿ ਤਖਤ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਦੇ ਅਹੁਦੇਦਾਰਾਂ ਦੀ ਚੋਣ ਸਬੰਧੀ 3 ਸਤੰਬਰ 2017 ਨੂੰ ਮੀਟਿੰਗ ਹੋਈ ਸੀ। ਇਸ ਮੀਟਿੰਗ ਨੂੰ ਉਸ ਵੇਲੇ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਵੱਲੋਂ ਰੱਦ ਕਰ ਦਿੱਤਾ ਗਿਆ ਸੀ ਪਰ ਦੂਜੀ ਧਿਰ ਵੱਲੋਂ ਇਹ ਮੀਟਿੰਗ ਮੁੜ ਕਰਵਾ ਕੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਸੀ, ਜਿਸ ਵਿਚ ਹਰਵਿੰਦਰ ਸਿੰਘ ਸਰਨਾ, ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਐਲਾਨੇ ਗਏ ਸਨ। ਲਗਭਗ ਤਿੰਨ ਮਹੀਨਿਆਂ ਮਗਰੋਂ ਪਟਨਾ ਸਾਹਿਬ ਦੀ ਅਦਾਲਤ ਵੱਲੋਂ ਇਸ ਮੀਟਿੰਗ ਅਤੇ ਮੀਟਿੰਗ ਵਿਚ ਕੀਤੀ ਕਾਰਵਾਈ ਨੂੰ ਰੱਦ ਕਰ ਦਿੱਤਾ ਹੈ। ਅਦਾਲਤ ਦੇ ਫੈਸਲੇ ਨਾਲ ਜਥੇਦਾਰ ਅਵਤਾਰ ਸਿੰਘ ਮੱਕੜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਬਣ ਗਏ ਹਨ। ਇਸ ਸਬੰਧੀ ਜਥੇਦਾਰ ਮੱਕੜ ਨੇ ਦੱਸਿਆ ਕਿ ਤਖਤ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਸਦਨ ਦੀ ਮਿਆਦ ਖਤਮ ਹੋ ਚੁੱਕੀ ਹੈ ਅਤੇ ਆਮ ਚੋਣ ਹੋਣਾ ਬਾਕੀ ਹੈ। ਇਸ ਦੌਰਾਨ ਅਹੁਦੇਦਾਰਾਂ ਦੀ ਚੋਣ ਮੁੜ ਨਹੀਂ ਹੋ ਸਕਦੀ ਪਰ ਦੂਜੀ ਧਿਰ ਵੱਲੋਂ ਚੋਣ ਕਰਾਉਣ ਲਈ ਮੀਟਿੰਗ ਸੱਦੀ ਗਈ ਸੀ, ਜਿਸ ਨੂੰ ਉਨ੍ਹਾਂ ਪ੍ਰਧਾਨ ਵਜੋਂ ਰੱਦ ਕਰ ਦਿੱਤਾ ਸੀ।

ਇਸ ਸਬੰਧੀ ਉਥੋਂ ਦੇ ਸਿੱਖ ਆਗੂ ਅਮਰਜੀਤ ਸਿੰਘ ਵੱਲੋਂ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ ਗਈ ਸੀ। ਇਸ ਦੇ ਬਾਵਜੂਦ ਦੂਜੀ ਧਿਰ ਵੱਲੋਂ ਕੁਝ ਮੈਂਬਰਾਂ ਨਾਲ ਮਿਲੀਭੁਗਤ ਕਰ ਕੇ ਅਹੁਦੇਦਾਰਾਂ ਦੀ ਚੋਣ ਕਰ ਲਈ ਗਈ। ਇਸ ਚੋਣ ਨੂੰ ਮੁੜ ਸਿੱਖ ਆਗੂ ਅਮਰਜੀਤ ਸਿੰਘ ਵੱਲੋਂ ਅਦਾਲਤ ਵਿਚ ਚੁਣੌਤੀ ਦਿੱਤੀ ਗਈ ਸੀ। ਜਿਸ ਉਤੇ ਸੁਣਵਾਈ ਕਰਦਿਆਂ ਹੁਣ ਅਦਾਲਤ ਨੇ ਨਾ ਸਿਰਫ ਅਹੁਦੇਦਾਰਾਂ ਦੀ ਚੋਣ ਵਾਲੀ ਮੀਟਿੰਗ ਨੂੰ ਅਯੋਗ ਕਰਾਰ ਦਿੱਤਾ ਹੈ ਸਗੋਂ ਮੀਟਿੰਗ ਵਿਚ ਕੀਤੀ ਕਾਰਵਾਈ ਨੂੰ ਵੀ ਰੱਦ ਕੀਤਾ ਹੈ।

ਅਦਾਲਤ ਨੇ ਆਖਿਆ ਕਿ ਜਦੋਂ ਸਦਨ ਦੀ ਮਿਆਦ ਖਤਮ ਹੋ ਚੁੱਕੀ ਹੈ ਤਾਂ ਆਮ ਚੋਣ ਹੋਣੀ ਚਾਹੀਦੀ ਹੈ, ਨਾ ਕਿ ਅਹੁਦੇਦਾਰਾਂ ਦੀ ਮੁੜ ਚੋਣ ਕੀਤੀ ਜਾਣੀ ਚਾਹੀਦੀ ਹੈ।

### ਪ੍ਰਧਾਨ ਦਾ ਅਹੁਦਾ ਸਰਨਾ ਦੀ ਥਾਂ ਮੁੜ ਮੱਕੜ ਹਵਾਲੇ



### ਸਰਨਾ ਵੱਲੋਂ ਹਾਈ ਕੋਰਟ ਜਾਣ ਦੀਆਂ ਤਿਆਰੀਆਂ



**ਅੰਮ੍ਰਿਤਸਰ:** ਹਰਵਿੰਦਰ ਸਿੰਘ ਸਰਨਾ ਨੇ ਆਖਿਆ ਕਿ ਉਹ ਹੇਠਲੀ ਅਦਾਲਤ ਦੇ ਮੀਟਿੰਗ ਨੂੰ ਅਯੋਗ ਕਰਾਰ ਦੇਣ ਅਤੇ ਕਾਰਵਾਈ ਰੱਦ ਕਰਨ ਸਬੰਧੀ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦੇਣਗੇ। ਉਨ੍ਹਾਂ ਆਖਿਆ ਕਿ ਹੇਠਲੀ ਅਦਾਲਤ ਨੇ ਹੀ ਪਹਿਲਾਂ 31 ਅਕਤੂਬਰ ਨੂੰ ਚੋਣ ਕਰਾਉਣ ਦੀ ਪ੍ਰਵਾਨਗੀ ਦਿੱਤੀ ਸੀ ਅਤੇ ਹੁਣ ਅੱਠ ਨਵੰਬਰ ਨੂੰ ਦਿੱਤੇ ਫੈਸਲੇ ਵਿਚ ਚੋਣ ਨੂੰ ਅਯੋਗ ਕਰਾਰ ਦੇ ਦਿੱਤਾ ਹੈ।

## ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਡਾ. ਅਜਰਾਵਤ ਦੇ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਸੈਨ ਫਰਾਂਸਿਸਕੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਕੈਲੀਫੋਰਨੀਆ ਇਕਾਈ ਨੇ ਖਾਲਿਸਤਾਨੀ ਆਗੂ ਡਾ. ਪਰਮਜੀਤ ਸਿੰਘ ਅਜਰਾਵਤ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜ਼ਿਕਰਯੋਗ ਹੈ ਕਿ ਡਾ. ਅਜਰਾਵਤ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਕੈਲੀਫੋਰਨੀਆ ਇਕਾਈ ਦੇ ਪ੍ਰਧਾਨ ਸ. ਤਰਸੇਮ ਸਿੰਘ ਨੇ ਕਿਹਾ ਕਿ ਡਾ. ਅਜਰਾਵਤ ਦੇ ਬੇਵਕਤੇ ਵਿਛੋੜੇ ਦਾ ਪੰਥ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਕਿਹਾ ਕਿ ਡਾ. ਅਜਰਾਵਤ ਨੇ ਆਪਣਾ ਸਾਰਾ ਜੀਵਨ ਕੌਮੀ ਘਰ ਖਾਲਿਸਤਾਨ ਲਈ ਅਰਪਣ ਕਰ ਦਿੱਤਾ। ਨਾਲ ਹੀ ਉਨ੍ਹਾਂ ਕਿਹਾ ਕਿ ਵਾਸ਼ਿੰਗਟਨ ਵਿਚ ਭਾਰਤ ਸਰਕਾਰ ਦੇ ਕੁਝ ਏਜੰਟਾਂ ਨੇ ਭਾਰਤੀ ਹਕੂਮਤ ਨਾਲ ਮਿਲ ਕੇ ਚਲੀਆਂ ਚਾਲਾਂ ਨਾਲ ਸਾਡੇ ਕੋਲੋਂ ਇਕ ਆਗੂ ਖੋਹ ਲਿਆ। ਇਹ ਓਹੀ ਲੋਕ ਹਨ ਜੋ ਸਿੱਖਾਂ ਦੇ ਕਾਤਲਾਂ ਨਾਲ ਵਾਸ਼ਿੰਗਟਨ ਵਿਚ ਡਿਨਰ ਕਰਦੇ ਹਨ ਤੇ ਕੌਮ ਦੀਆਂ ਪੱਗਾਂ ਨੂੰ ਕੌਮੀ ਕਾਤਲਾਂ ਅੱਗੇ ਨੀਵਾਂ ਕਰਦੇ ਹਨ।

ਭਾਈ ਤਰਸੇਮ ਸਿੰਘ ਨੇ ਕਿਹਾ ਕਿ ਅਜਿਹੇ ਲੋਕਾਂ ਦਾ ਪੂਰਾ ਯਤਨ ਹੈ ਕਿ ਅਮਰੀਕਾ ਵਿਚਲੇ ਸਿੱਖਾਂ ਨੂੰ ਭਾਰਤੀ ਹਕੂਮਤ ਅੱਗੇ ਸਿਰ ਨੀਵਾਂ ਕਰਕੇ ਖੜ੍ਹਾ ਕੀਤਾ ਜਾਵੇ। ਇਨ੍ਹਾਂ ਦੀਆਂ ਚਾਲਾਂ ਦਾ ਜਿੱਥੇ ਡਾ. ਅਜਰਾਵਤ ਨੇ ਡਟ ਕੇ ਵਿਰੋਧ ਕੀਤਾ ਸੀ, ਉਥੇ ਖਾਲਿਸਤਾਨ ਦੇ ਨਾਮ 'ਤੇ ਵਾਸ਼ਿੰਗਟਨ ਵਿਚ ਪਰੇਡ ਸ਼ੁਰੂ ਕੀਤੀ ਸੀ। ਇਸੇ ਕਰਕੇ ਡਾ. ਅਜਰਾਵਤ ਇਨ੍ਹਾਂ ਦੀਆਂ ਅੱਖਾਂ ਵਿਚ ਰੜਕਦੇ ਸਨ। ਭਾਈ ਤਰਸੇਮ ਸਿੰਘ ਨੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਪੰਥ ਵਿਰੋਧੀ ਤਾਕਤਾਂ ਨੂੰ ਮੂੰਹ ਨਾ ਲਾਇਆ ਜਾਵੇ ਅਤੇ ਡਾ. ਅਜਰਾਵਤ ਵੱਲੋਂ ਕੌਮੀ ਘਰ ਲਈ ਪਾਏ ਪੂਰਨਿਆਂ 'ਤੇ ਚੱਲਿਆ ਜਾਵੇ।



*ਡਾ. ਪਰਮਜੀਤ ਸਿੰਘ ਅਜਰਾਵਤ*

## ਗੁਰੂ ਤੇਗ ਬਹਾਦਰ ਨੂੰ ਸਿਜਦਾ ਕਰਨਗੇ ਕਸ਼ਮੀਰੀ ਪੰਡਿਤ

**ਜੰਮੂ:** ਕਸ਼ਮੀਰ ਤੋਂ ਉਜੜੇ ਪੰਡਤ ਗੁਰਦੁਆਰਾ ਅਨੰਦਪੁਰ ਸਾਹਿਬ ਦੀ ਯਾਤਰਾ ਕਰ ਕੇ ਗੁਰੂ ਤੇਗ ਬਹਾਦਰ ਸਾਹਿਬ, ਜਿਨ੍ਹਾਂ ਕਸ਼ਮੀਰੀ ਹਿੰਦੂਆਂ ਦੀ ਜਾਨ ਬਚਾਉਣ ਲਈ ਆਪਣਾ ਬਲੀਦਾਨ ਦੇ ਦਿੱਤਾ ਸੀ, ਨੂੰ ਸਿਜਦਾ ਕਰਨਗੇ। ਵਿਸ਼ਵ ਕਸ਼ਮੀਰੀ ਪੰਡਤ ਸਮਾਜ (ਵੀ.ਕੇ.ਪੀ. ਐਸ.) ਦੇ ਬੈਨਰ ਹੇਠ ਅਸ਼ੋਕ ਪੰਡਤ ਅਤੇ ਪ੍ਰੀਤੀ ਸਪਰੂ ਵਰਗੀਆਂ ਫਿਲਮ ਹਸਤੀਆਂ ਸਾਬਕਾ ਨੌਕਰਸ਼ਾਹ ਕਿਰਨ ਵੱਟਲ ਨਾਲ ਦਸੰਬਰ ਦੇ ਪਹਿਲੇ ਹਫਤੇ 'ਚ ਤੀਰਥ ਯਾਤਰਾ ਦੀ ਅਗਵਾਈ ਕਰਨਗੀਆਂ।

ਸਮਾਜ ਦੇ ਕਨਵੀਨਰ ਵੱਟਲ ਨੇ ਦੱਸਿਆ,''ਯਾਤਰਾ, ਜਿਸ ਦੀ ਮੁਲਕ ਦੀਆਂ ਵੱਖ-ਵੱਖ ਸਮਾਜਿਕ-ਸਭਿਆਚਾਰਕ ਜਥੇਬੰਦੀਆਂ ਨੇ ਯੋਜਨਾ ਬਣਾਈ ਹੈ, ਦਿੱਲੀ ਦੇ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਸ਼ੁਰੂ ਹੋ ਕੇ ਅਨੰਦਪੁਰ ਸਾਹਿਬ ਤੱਕ ਜਾਵੇਗੀ।'' ਗੁਰੂ ਤੇਗ ਬਹਾਦਰ ਸਾਹਿਬ ਨੇ ਕਸ਼ਮੀਰੀ ਪੰਡਤਾਂ ਅਤੇ ਗੈਰ ਮੁਸਲਮਾਨਾਂ ਨੂੰ ਜਬਰੀ ਮੁਸਲਮਾਨ ਬਣਾਉਣ ਦਾ ਵਿਰੋਧ ਕੀਤਾ ਸੀ ਅਤੇ ਮੁਗਲ ਬਾਦਸ਼ਾਹ ਔਰੰਗਜ਼ੇਬ ਵੱਲੋਂ ਉਨ੍ਹਾਂ ਨੂੰ ਜਬਰੀ ਇਸਲਾਮ ਕਬੂਲਣ ਤੋਂ ਬਚਾਉਣ ਲਈ ਆਪਣਾ ਬਲੀਦਾਨ ਦੇ ਦਿੱਤਾ ਸੀ। ਹਰ ਸਾਲ 24 ਨਵੰਬਰ ਨੂੰ ਉਨ੍ਹਾਂ ਦੇ ਬਲੀਦਾਨ ਨੂੰ ਸ਼ਹੀਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਅਦਾਕਾਰਾ ਪ੍ਰੀਤੀ ਸਪਰੂ ਨੇ ਕਿਹਾ ਕਿ ਕਸ਼ਮੀਰ ਦੇ ਹਿੰਦੂ ਗੁਰੂ ਤੇਗ ਬਹਾਦਰ ਸਾਹਿਬ ਦੇ ਕਰਜ਼ਦਾਰ ਹਨ।

### ਪਾਕਿ ਵਿਚ ਆਟੋਮੈਟਿਕ ਹਥਿਆਰਾਂ 'ਤੇ ਪਾਬੰਦੀ

**ਇਸਲਾਮਾਬਾਦ:** ਪਾਕਿਸਤਾਨ ਨੇ ਸਾਰੇ ਆਟੋਮੈਟਿਕ ਹਥਿਆਰਾਂ ਦੇ ਲਾਇਸੈਂਸ ਮੁਅੱਤਲ ਕਰ ਦਿੱਤੇ। ਪ੍ਰਧਾਨ ਮੰਤਰੀ ਸ਼ਾਹਿਦ ਖਾਕਾਨ ਅੱਬਾਸੀ ਨੇ ਆਟੋਮੈਟਿਕ ਹਥਿਆਰਾਂ ਉਤੇ ਪਾਬੰਦੀ ਦੀ ਵਚਨਬੱਧਤਾ ਪ੍ਰਗਟਾਈ ਸੀ।


**Prince's Barber Shop**

37477 Fremont Blvd, suite C, Fremont, CA 94536

*Men & Children's Hair Cut*

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com





**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ
ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ
ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening

• 8 Drive Tires For $3300
Kelly KDA

• Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211
www.gfbontime.com, raj@gfbontime.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਰਵਿੰਦਰ ਭੱਲਾ ਬਣੇ ਅਮਰੀਕੀ ਸ਼ਹਿਰ ਦੇ ਪਹਿਲੇ ਸਿੱਖ ਮੇਅਰ

**ਨਿਊ ਜਰਸੀ:** ਰਵਿੰਦਰ ਭੱਲਾ ਨਿਊ ਜਰਸੀ ਦੇ ਹੋਬੋਕੇਨ ਸ਼ਹਿਰ ਦੇ ਪਹਿਲੇ ਸਿੱਖ ਮੇਅਰ ਬਣ ਗਏ ਹਨ। ਮੇਅਰ ਦੇ ਅਹੁਦੇ ਲਈ ਸਖਤ ਮੁਕਾਬਲਾ ਉਦੋਂ ਕੌੜਾ ਹੋ ਗਿਆ ਸੀ ਜਦੋਂ ਸ੍ਰੀ ਭੱਲਾ ਉਤੇ ਅਤਿਵਾਦੀ ਦਾ ਠੱਪਾ ਲਾ ਦਿੱਤਾ ਗਿਆ ਸੀ। ਕਿਸੇ ਸ਼ਰਾਰਤੀ ਨੇ ਉਨ੍ਹਾਂ ਦੀ ਕਾਰ ਉਤੇ ਅਤਿਵਾਦੀ ਲਿਖੇ ਵਾਲੇ ਪਰਚੇ ਲਗਾ ਦਿੱਤੇ ਸਨ। ਸ੍ਰੀ ਭੱਲਾ ਦਾ ਮੌਜੂਦਾ ਮੇਅਰ ਡਾਅਨ ਜ਼ਿਮਰ, ਜਿਨ੍ਹਾਂ ਨੇ ਜੂਨ ਵਿਚ ਮੁੜ ਚੋਣ ਨਾ ਲੜਨ ਬਾਰੇ ਫੈਸਲੇ ਦਾ ਐਲਾਨ ਕੀਤਾ ਸੀ, ਨੇ ਸਮਰਥਨ ਕੀਤਾ ਸੀ।


ਐਨਜੇ.ਕਾਮ ਦੀ ਰਿਪੋਰਟ ਮੁਤਾਬਕ ਸ੍ਰੀ ਭੱਲਾ ਨਿਊ ਜਰਸੀ ਵਿਚ ਇਸ ਅਹੁਦੇ ਲਈ ਚੁਣੇ ਗਏ ਪਹਿਲੇ ਸਿੱਖ ਹਨ। ਉਹ ਸੱਤ ਸਾਲਾਂ ਤੋਂ ਵੱਧ ਸਮੇਂ ਤੱਕ ਸਿਟੀ ਕੌਂਸਲ ਵਿਚ ਰਹੇ ਹਨ। ਉਨ੍ਹਾਂ ਨੇ ਸਮਰਥਕਾਂ ਸਮੇਤ ਗਾਰਡਨ ਸਟਰੀਟ ਵਿਚ ਮੌਰਨਜ਼ ਪੱਬ ਵਿਚ ਜਿੱਤ ਦਾ ਦਾਅਵਾ ਕੀਤਾ। ਸ੍ਰੀ ਭੱਲਾ ਨੇ ਟਵੀਟ ਕੀਤਾ, 'ਹੋਬੋਕੇਨ ਤੁਹਾਡਾ ਸ਼ੁਕਰੀਆ। ਮੈਂ ਤੁਹਾਡਾ ਮੇਅਰ ਬਣਨ ਦੀ ਆਸ ਵਿਚ ਹਾਂ। ਮੇਰੇ ਅਤੇ ਸਾਡੇ ਭਾਈਚਾਰੇ ਵਿਚ ਵਿਸ਼ਵਾਸ ਲਈ ਤੁਹਾਡਾ ਧੰਨਵਾਦ। ਇਹੀ ਅਮਰੀਕਾ ਹੈ।' ਉਨ੍ਹਾਂ ਨੇ ਕੌਂਸਲ ਮੈਂਬਰ ਮਾਈਕਲ ਡੀਫੁਸਕੋ, ਜੈਨੀਫਰ ਗਿਆਟਿੰਨੋ ਅਤੇ ਹਡਸਨ ਕਾਊਂਟੀ ਫਰੀਹੋਲਡਰ ਐਂਟੋਨੀ ਰੋਮਾਨੋ ਸਮੇਤ ਛੇ ਉਮੀਦਵਾਰਾਂ ਨੂੰ ਮਾਤ ਦਿੱਤੀ ਹੈ। ਜੂਨ ਵਿਚ ਜ਼ਿਮਰ ਵੱਲੋਂ ਮੁੜ ਚੋਣ ਨਾ ਲੜਨ ਦੇ ਫੈਸਲੇ ਬਾਅਦ ਮੇਅਰ ਦੇ ਅਹੁਦੇ ਲਈ ਮੁਹਿੰਮ ਭਖ ਗਈ ਸੀ। ਪਿਛਲੇ ਦਿਨਾਂ ਦੌਰਾਨ ਇਹ ਮੁਹਿੰਮ ਭੱਦਾ ਮੋੜ ਕੱਟ ਗਈ ਜਦੋਂ ਸ੍ਰੀ ਭੱਲਾ ਉਤੇ ਅਤਿਵਾਦੀ ਦਾ ਠੱਪਾ ਲਾਉਂਦੇ ਪਰਚੇ ਵੰਡੇ ਗਏ, ਜਿਨ੍ਹਾਂ 'ਤੇ ਲਿਖਿਆ ਸੀ, 'ਸਾਡੇ ਸ਼ਹਿਰ 'ਤੇ ਅਤਿਵਾਦ ਨੂੰ ਕਬਜ਼ਾ ਨਾ ਕਰਨ ਦਿਓ।'



## ਜਥੇਦਾਰ ਵੱਲੋਂ ਰਵਿੰਦਰ ਸਿੰਘ ਭੱਲਾ ਨੂੰ ਵਧਾਈ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਨਿਊ ਜਰਸੀ ਵਿਚ ਹੈਬੋਕੋਨ ਸ਼ਹਿਰ ਦੇ ਪਹਿਲੇ ਸਿੱਖ ਮੇਅਰ ਬਣਨ 'ਤੇ ਰਵਿੰਦਰ ਸਿੰਘ ਭੱਲਾ ਨੂੰ ਮੁਬਾਰਕਬਾਦ ਦਿੱਤੀ। ਕੈਨੇਡਾ ਵਿਚ ਅੰਮ੍ਰਿਤਧਾਰੀ ਸਿੱਖਾਂ ਨੂੰ ਘਰੇਲੂ ਤੇ ਹੋਰ ਹਵਾਈ ਉਡਾਣਾਂ ਵਿਚ ਛੇ ਸੈਂਟੀਮੀਟਰ ਦੀ ਕਿਰਪਾਨ ਪਹਿਨ ਕੇ ਹਵਾਈ ਸਫਰ ਕਰਨ ਦੀ ਦਿੱਤੀ ਗਈ ਪ੍ਰਵਾਨਗੀ ਦਾ ਸਵਾਗਤ ਕੀਤਾ।

## ਟਰੰਪ ਨੂੰ ਤੀਹਰੀ ਹਾਰ ਦਾ ਸਾਹਮਣਾ ਕਰਨਾ ਪਿਆ



**ਨਿਊ ਯਾਰਕ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਆਪਣੀ ਜਿੱਤ ਦੀ ਪਹਿਲੀ ਵਰ੍ਹੇਗੰਢ ਮੌਕੇ ਤੀਹਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਕਿਉਂਕਿ ਡੈਮੋਕਰੈਟਾਂ ਨੇ ਅਹਿਮ ਸੂਬਿਆਂ 'ਚ ਗਵਰਨਰ ਅਤੇ ਮੇਅਰ ਦੀਆਂ ਚੋਣਾਂ ਜਿੱਤ ਲਈਆਂ ਹਨ। ਵਾਸ਼ਿੰਗਟਨ ਸੂਬੇ ਨਾਲ ਖਹਿੰਦੇ ਵਰਜੀਨੀਆ ਵਿਚ ਹੋਈ ਹਾਰ ਸਭ ਤੋਂ ਘਾਤਕ ਮੰਨੀ ਜਾ ਰਹੀ ਹੈ ਕਿਉਂਕਿ 2018 ਵਿਚ ਕਾਂਗਰਸ ਚੋਣਾਂ ਅਤੇ 2020 ਵਿਚ ਰਾਸ਼ਟਰਪਤੀ ਦੀ ਚੋਣ ਹੋਣੀ ਹੈ। ਵਰਜੀਨੀਆ ਦੇ ਗਵਰਨਰ ਦੀ ਚੋਣ ਵਿਚ ਲੈਫ. ਗਵਰਨਰ ਰਾਲਫ ਨਾਰਦਮ ਨੇ ਆਪਣੇ ਰਿਪਬਲੀਕਨ ਵਿਰੋਧੀ ਈ.ਡੀ. ਗਿਲਸਪੀ ਨੂੰ 9 ਫੀਸਦੀ ਅੰਕਾਂ ਦੇ ਫਰਕ ਨਾਲ ਸ਼ਿਕਸਤ ਦਿੱਤੀ ਹੈ। ਨਿਊ ਜਰਸੀ ਵਿਚ ਡੈਮੋਕਰੈਟਿਕ ਫਿਲ ਮਰਫੀ ਮੁੜ ਗਵਰਨਰ ਚੁਣੇ ਗਏ ਹਨ। ਉਨ੍ਹਾਂ ਨੇ 13 ਫੀਸਦੀ ਅੰਕਾਂ ਨਾਲ ਰਿਪਬਲੀਕਨ ਗਵਰਨਰ ਕ੍ਰਿਸ ਕ੍ਰਿਸਟੀ, ਜੋ ਟਰੰਪ ਦੇ ਸਹਿਯੋਗੀ ਰਹੇ ਹਨ, ਨੂੰ ਹਰਾਇਆ ਹੈ। ਅਮਰੀਕਾ ਦੇ ਸਭ ਤੋਂ ਵੱਧ ਵਸੋਂ ਵਾਲੇ ਸ਼ਹਿਰ ਨਿਊ ਯਾਰਕ ਵਿਚ ਮੇਅਰ ਬਿੱਲ ਡੀ. ਬਲੈਸਿਓ ਮੁੜ ਜੇਤੂ ਰਹੇ ਹਨ।

# ਬਹਾਮਸ 'ਚ ਪੰਜਾਬੀ ਮੁੰਡਿਆਂ ਦੇ ਡੁੱਬਣ ਦਾ ਦਾਅਵਾ ਰੱਦ

**ਜਲੰਧਰ:** ਅਮਰੀਕਾ ਨੇੜਲੇ ਮਸ਼ਹੂਰ ਸੈਰ-ਸਪਾਟਾ ਟਾਪੂ ਬਹਾਮਸ ਵਿਚ ਸਥਿਤ ਭਾਰਤੀ ਮਿਸ਼ਨ ਦੇ ਅਧਿਕਾਰੀਆਂ ਨੇ ਕੇਂਦਰੀ ਵਿਦੇਸ਼ ਮੰਤਰਾਲੇ ਨੂੰ ਭੇਜੀ ਈਮੇਲ ਵਿਚ ਲਿਖਿਆ ਹੈ ਕਿ ਉਨ੍ਹਾਂ ਵੱਲੋਂ ਆਪਣੇ ਸਰੋਤਾਂ ਰਾਹੀਂ ਕੀਤੀ ਪੜਤਾਲ, ਬਹਾਮਸ ਦੇ ਵਿਦੇਸ਼ ਮੰਤਰਾਲੇ, ਪ੍ਰੈਸ, ਜੇਲ੍ਹਾਂ ਤੇ ਇਮੀਗਰੇਸ਼ਨ ਅਧਿਕਾਰੀਆਂ ਨਾਲ ਰਾਬਤਾ ਕਰਨ ਉਤੇ ਪਿਛਲੇ 4-5 ਮਹੀਨਿਆਂ ਵਿਚ ਤਕਰੀਬਨ 20 ਪੰਜਾਬੀ ਮੁੰਡਿਆਂ ਦੇ ਉਥੇ ਪੁੱਜਣ ਦੀ ਕਿਧਰੇ ਪੁਸ਼ਟੀ ਨਹੀਂ ਹੋਈ।

ਉਨ੍ਹਾਂ ਕਿਹਾ ਹੈ ਕਿ ਬਹਾਮਸ ਦੀਆਂ ਕਈ ਸੰਸਥਾਵਾਂ ਤੇ ਏਜੰਸੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਥੇ ਪਿਛਲੇ ਦਿਨਾਂ 'ਚ ਕਿਸੇ ਕਿਸ਼ਤੀ ਆਦਿ ਦੇ ਹਾਦਸੇ ਵਿਚ ਡੁੱਬ ਕੇ ਮਰਨ ਦੀ ਕੋਈ ਘਟਨਾ ਨਹੀਂ ਵਾਪਰੀ। ਮਿਸ਼ਨ ਨੇ ਇਥੋਂ ਤੱਕ ਲਿਖਿਆ ਹੈ ਕਿ ਬਹਾਮਸ ਤੋਂ ਮੁੰਡਿਆਂ ਦੇ ਲਾਪਤਾ ਹੋਣ ਦੀ ਖਬਰ ਨਿਰਅਧਾਰ ਹੈ ਜਦਕਿ ਦੁਆਬੇ ਦੇ 4 ਨੌਜਵਾਨਾਂ ਦੇ ਮਾਪੇ ਪੁਲਿਸ ਕੋਲ ਵੀ ਇਸ ਬਾਰੇ ਸ਼ਿਕਾਇਤ ਦਰਜ ਕਰਵਾ ਚੁੱਕੇ ਹਨ।

## ਸਾਊਦੀ ਅਰਬ ਤੋਂ ਪਰਤੀ ਰੀਨਾ

**ਨਵਾਂ ਸ਼ਹਿਰ:** ਸਾਊਦੀ ਅਰਬ ਵਿਚ ਫਸੀ ਰੀਨਾ (22 ਸਾਲ) ਭਾਰਤ ਪਰਤ ਆਈ ਹੈ। ਰੀਨਾ ਦੀ ਮਾਂ ਗੁਰਬਖਸ਼ ਕੌਰ ਇਕ ਹਫਤਾ ਪਹਿਲਾਂ ਸਾਊਦੀ ਅਰਬ ਤੋਂ ਆ ਗਈ ਸੀ। ਇਹ ਮਾਂ-ਧੀ ਤਿੰਨ ਮਹੀਨੇ ਤੋਂ ਉਥੇ ਫਸੀਆਂ ਹੋਈਆਂ ਸਨ। ਧੀ ਨੂੰ ਸਹੀ ਸਲਾਮਤ ਵੇਖ ਕੇ ਗੁਰਬਖਸ਼ ਕੌਰ ਖੁਸ਼ੀ ਵਿਚ ਰੋ ਪਈ। ਪਿੰਡ ਗੜ੍ਹੀ ਫਤਿਹ ਖਾਨ ਨਾਲ ਸਬੰਧਤ ਰੀਨਾ ਨੇ ਕਿਹਾ ਕਿ ਹੁਣ ਉਹ ਆਪਣਾ ਇਲਾਕਾ ਛੱਡਣ ਬਾਰੇ ਕਦੇ ਨਹੀਂ ਸੋਚੇਗੀ। ਰੀਨਾ ਨੇ ਦੱਸਿਆ ਕਿ ਉਥੇ ਉਸ ਤੋਂ ਲਗਾਤਾਰ ਕੰਮ ਕਰਾਇਆ ਜਾਂਦਾ ਸੀ ਤੇ ਭੁੱਖੇ ਪੇਟ ਰੱਖਿਆ ਜਾਂਦਾ ਸੀ। ਮਾਲਕਾਂ ਵੱਲੋਂ ਉਸ ਦੀ ਕੁੱਟਮਾਰ ਵੀ ਕੀਤੀ ਜਾਂਦੀ ਸੀ। ਗੌਰਤਲਬ ਹੈ ਕਿ ਰੀਨਾ ਨੇ ਆਪਣੀ ਹੋਣੀ ਬਾਰੇ ਵੀਡੀਓ ਕਲਿੱਪ ਪਰਿਵਾਰ ਨੂੰ ਭੇਜੀ ਸੀ, ਜਿਸ ਤੋਂ ਬਾਅਦ ਮਾਂ-ਧੀ ਦੀ ਵਾਪਸੀ ਦੀ ਕਵਾਇਦ ਸ਼ੁਰੂ ਹੋਈ ਸੀ।



# ਵਾਸ਼ਿੰਗਟਨ ਦੀਆਂ ਚੋਣਾਂ ਵਿਚ ਦੋ ਪੰਜਾਬਣਾਂ ਨੇ ਜਿੱਤ ਦੇ ਝੰਡੇ ਗੱਡੇ



ਮਨਕਾ ਕੌਰ ਢੀਂਗੜਾ



ਸਤਵਿੰਦਰ ਕੌਰ

**ਸਿਆਟਲ (ਬਿਊਰੋ):** ਇਸ ਵਾਰ ਵਾਸ਼ਿੰਗਟਨ ਸਟੇਟ ਦੀਆਂ ਚੋਣਾਂ ਵਿਚ ਦੋ ਪੰਜਾਬਣਾਂ-ਮਨਕਾ ਕੌਰ ਢੀਂਗੜਾ ਅਤੇ ਸਤਵਿੰਦਰ ਕੌਰ ਨੇ ਜਿੱਤ ਹਾਸਲ ਕਰ ਕੇ ਇਥੋਂ ਦੀ ਸਿਆਸਤ ਵਿਚ ਨਵਾਂ ਮੋੜ ਲੈ ਆਂਦਾ ਹੈ। ਢੀਂਗੜਾ ਦੀ ਜਿੱਤ ਨੇ ਸਟੇਟ ਸੈਨੇਟ ਦਾ ਕੰਟਰੋਲ ਡੈਮੋਕ੍ਰੇਟਿਕ ਪਾਰਟੀ ਦੀ ਝੋਲੀ ਪਾ ਦਿੱਤਾ ਹੈ ਅਤੇ ਸਤਵਿੰਦਰ ਕੌਰ ਨੇ ਪੰਜਾਬੀਆਂ ਦੇ ਗੜ੍ਹ ਮੰਨੇ ਜਾਂਦੇ ਸ਼ਹਿਰ ਕੈਂਟ ਵਿਚ ਪਹਿਲੀ ਵਾਰੀ ਸਿਟੀ ਕੌਂਸਲ ਮੈਂਬਰ ਦੀ ਸੀਟ ਜਿੱਤ ਕੇ ਝੰਡੇ ਗੱਡ ਦਿੱਤੇ ਹਨ।

ਇਨ੍ਹਾਂ ਸਿੱਖ ਬੀਬੀਆਂ ਦੇ ਜਿੱਤਣ ਨਾਲ ਸਾਰੇ ਪੰਜਾਬੀਆਂ, ਭਾਰਤੀਆਂ ਅਤੇ ਏਸ਼ੀਅਨ ਲੋਕਾਂ ਨੂੰ ਆਪਣੇ ਚੰਗੇ ਭਵਿੱਖ ਦੀ ਆਸ ਬੱਝੀ ਹੈ। ਦੋਵੇਂ ਹੀ ਬਹੁਤ ਮਿਹਨਤੀ, ਦਲੇਰ ਤੇ ਨਿਧੜਕ ਹਨ।

# ਇਟਲੀ ਦੀ ਪੁਲਿਸ ਨੇ ਸਮੁੰਦਰ ਵਿਚੋਂ 26 ਕੁੜੀਆਂ ਦੀਆਂ ਲਾਸ਼ਾਂ ਕੱਢੀਆਂ

**ਰੋਮ:** ਭੂਮੱਧ ਸਾਗਰ ਵਿਚ 26 ਕੁੜੀਆਂ ਦੀਆਂ ਲਾਸ਼ਾਂ ਮਿਲਣ ਪਿੱਛੋਂ ਇਟਲੀ ਦੀ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਕੁੜੀਆਂ ਦੀ ਉਮਰ 14 ਤੋਂ 18 ਸਾਲ ਦਰਮਿਆਨ ਸੀ ਤੇ ਇਹ ਨਾਈਜਰ ਜਾਂ ਨਾਈਜੀਰੀਆ ਦੀਆਂ ਸ਼ਰਨਾਰਥੀ ਜਾਪਦੀਆਂ ਹਨ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਹ ਲੀਬੀਆ ਤੋਂ ਯੂਰਪ ਜਾ ਰਹੀਆਂ ਸਨ। ਇਟਲੀ ਪੁਲਿਸ ਨੇ ਦੱਸਿਆ ਕਿ ਇਹ ਕੁੜੀਆਂ ਸਪੇਨ ਦੇ ਇਕ ਜਹਾਜ਼ ਰਾਹੀਂ ਜਾ ਰਹੀਆਂ ਸਨ ਤੇ ਰਸਤੇ ਵਿਚ ਇਨ੍ਹਾਂ ਨੂੰ ਰਬੜ ਦੀਆਂ ਕਿਸ਼ਤੀਆਂ ਰਾਹੀਂ ਵੱਖ-ਵੱਖ ਥਾਵਾਂ ਉਤੇ ਉਤਾਰ ਦਿੱਤਾ ਗਿਆ। ਪੁਲਿਸ ਨੇ ਇਸ ਸਬੰਧੀ ਦੋ ਜਣਿਆਂ ਨੂੰ ਮਨੁੱਖੀ ਤਸਕਰੀ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਹੈ ਜੋ ਮਿਸਰ ਤੇ ਲੀਬੀਆ ਦੇ ਹਨ।



## ਅਮਰੀਕਾ ਦੇਵੇਗਾ ਧਾਰਮਿਕ ਆਜ਼ਾਦੀ ਨੂੰ ਹੱਲਾਸ਼ੇਰੀ

**ਵਾਸ਼ਿੰਗਟਨ:** ਅਮਰੀਕਾ ਨੇ ਭਾਰਤ ਵਿਚ ਧਾਰਮਿਕ ਆਜ਼ਾਦੀ ਨੂੰ ਉਤਸ਼ਾਹਿਤ ਕਰਨ ਲਈ ਇਕ ਗੈਰ-ਸਰਕਾਰੀ ਸੰਗਠਨ, ਜਿਸ ਨੇ ਧਰਮ ਅਤੇ ਜਾਤ ਦੇ ਆਧਾਰ ਉਤੇ ਪ੍ਰੇਰਿਤ ਹਿੰਸਾ ਨੂੰ ਘਟਾਉਣ ਲਈ ਅਗਾਊਂ ਚਿਤਾਵਨੀ ਪ੍ਰਣਾਲੀ ਵਿਕਸਤ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਹੈ, ਨੂੰ ਤਕਰੀਬਨ 5 ਲੱਖ ਅਮਰੀਕੀ ਡਾਲਰ ਦੀ ਗਰਾਂਟ ਦੇਣ ਦਾ ਐਲਾਨ ਕੀਤਾ ਹੈ। ਅਮਰੀਕੀ ਸਟੇਟ ਵਿਭਾਗ ਨੇ ਇਸੇ ਤਰ੍ਹਾਂ ਦੀ ਗ੍ਰਾਂਟ ਸ੍ਰੀਲੰਕਾ ਨੂੰ ਵੀ ਦੇਣ ਦਾ ਐਲਾਨ ਕੀਤਾ ਹੈ।

'ਦਿ ਡਿਪਾਰਟਮੈਂਟ ਆਫ ਸਟੇਟ, ਬਿਊਰੋ ਆਫ ਡੈਮੋਕ੍ਰੇਸੀ, ਹਿਊਮਨ ਰਾਈਟਸ ਐਂਡ ਲੇਬਰ' ਨੇ ਇਸ ਸਬੰਧੀ ਕਿਹਾ ਕਿ 4,93,827 ਡਾਲਰ ਨਾਲ ਭਾਰਤ ਵਿਚ ਧਰਮ ਅਤੇ ਜਾਤ ਦੇ ਆਧਾਰ 'ਤੇ ਪ੍ਰੇਰਿਤ ਹਿੰਸਾ ਨੂੰ ਘਟਾਉਣ ਲਈ ਪ੍ਰੋਗਰਾਮ ਚਲਾਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

# ਹਿੰਦੂਆਂ ਦੀ ਕੈਲੀਫੋਰਨੀਆ ਵਿਚ ਸਕੂਲ ਕਿਤਾਬਾਂ 'ਤੇ ਕਾਨੂੰਨੀ ਜਿੱਤ

**ਸੈਕਰਾਮੈਂਟੋ:** ਕੈਲੀਫੋਰਨੀਆ ਸੂਬੇ ਵਿਚ ਰਹਿੰਦੇ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਉਸ ਵੇਲੇ ਅਹਿਮ ਜਿੱਤ ਪ੍ਰਾਪਤ ਹੋਈ ਜਦੋਂ ਸਿੱਖਿਆ ਅਧਿਕਾਰੀਆਂ ਨੇ ਇਥੋਂ ਦੇ ਸਕੂਲ ਦੀਆਂ ਕਿਤਾਬਾਂ 'ਚ ਹਿੰਦੂਤਵ ਤੇ ਭਾਰਤ ਦੀ ਅਸਲ ਤਸਵੀਰ ਪੇਸ਼ ਕਰਨ ਲਈ ਉਨ੍ਹਾਂ ਦੀ ਦਹਾਕਿਆਂ ਪੁਰਾਣੀ ਕੋਸ਼ਿਸ਼ ਨੂੰ ਸਵੀਕਾਰ ਕਰ ਲਿਆ।

ਪਿਛਲੇ ਹਫਤੇ ਇਥੇ ਅੰਤਿਮ ਸੁਣਵਾਈ ਮੌਕੇ ਕੈਲੀਫੋਰਨੀਆ ਦੇ ਸਿੱਖਿਆ ਵਿਭਾਗ ਤੇ ਰਾਜ ਸਿੱਖਿਆ ਬੋਰਡ ਨੇ ਹਿੰਦੂ ਅਮਰੀਕੀ ਸਮਾਜ ਵੱਲੋਂ ਪਾਸ ਕੀਤੀ ਭਾਰਤ ਤੇ ਹਿੰਦੂਆਂ ਦੀ ਅਸਲ ਤਸਵੀਰ ਬਾਰੇ 10 ਕਿਤਾਬਾਂ 'ਚ ਸੋਧ ਨੂੰ ਸਰਬਸੰਮਤੀ ਨਾਲ ਮਨਜ਼ੂਰੀ ਦੇ ਦਿੱਤੀ। ਇਸ ਸਬੰਧੀ ਹਿੰਦੂ ਐਜੂਕੇਸ਼ਨ ਫਾਉਂਡੇਸ਼ਨ ਯੂ.ਐਸ.ਏ. ਨਾਂ ਦੇ ਸੰਗਠਨ ਨਾਲ ਸਬੰਧਤ ਸ਼ਾਂਤਾਰਾਮ ਨੇਕਰ ਨੇ ਕਿਹਾ ਕਿ ਇਹ ਉਨ੍ਹਾਂ ਵਾਸਤੇ ਇਤਿਹਾਸਕ ਪ੍ਰਾਪਤੀ ਹੈ। ਕਈ ਸਾਲਾਂ ਦੀ ਮਿਹਨਤ ਤੋਂ ਬਾਅਦ ਹਿੰਦੂ ਸਮਾਜ ਦੀ ਇਸ ਮੰਗ ਨੂੰ ਸੁਣਿਆ ਗਿਆ ਹੈ।

## ਨਿਊਜ਼ੀਲੈਂਡ ਵਿਚ ਭਾਰਤੀ ਔਰਤ ਦਾ ਕਤਲ

**ਮੈਲਬਰਨ:** ਨਿਊਜ਼ੀਲੈਂਡ ਦੇ ਸ਼ਹਿਰ ਆਕਲੈਂਡ ਵਿਚ ਭਾਰਤੀ ਮੂਲ ਦੀ 24 ਸਾਲਾ ਔਰਤ ਦੀ ਆਪਣੇ ਮਕਾਨ 'ਚੋਂ ਲਾਸ਼ ਮਿਲੀ ਹੈ। ਉਸ ਦੇ ਸਰੀਰ ਉਤੇ ਸੱਟਾਂ ਦੇ ਨਿਸ਼ਾਨ ਹਨ। 'ਐਨਜ਼ੈਡ ਹੇਰਾਲਡ' ਦੀ ਰਿਪੋਰਟ ਮੁਤਾਬਕ ਅਰਿਸ਼ਮਾ ਅਰਚਨਾ ਸਿੰਘ, ਜੋ ਆਪਣੀ ਤਿੰਨ ਸਾਲਾ ਧੀ ਅਤੇ ਮਾਪਿਆਂ ਨਾਲ ਮਾਇਚ ਰੋਡ ਸਥਿਤ ਮਕਾਨ ਵਿਚ ਰਹਿੰਦੀ ਸੀ, ਦੀ ਖੂਨ ਨਾਲ ਲੱਥਪੱਥ ਲਾਸ਼ ਮਿਲੀ।

ਇਸ ਮਾਮਲੇ ਦੀ ਕਤਲ ਕੇਸ ਵਜੋਂ ਜਾਂਚ ਸ਼ੁਰੂ ਕਰਨ ਬਾਅਦ ਪੁਲਿਸ ਨੇ ਕਿਹਾ ਕਿ ਇਸ ਔਰਤ, ਜੋ ਯੂਨੀਵਰਸਿਟੀ ਆਫ ਸਾਊਥ ਪੈਸੀਫਿਕ 'ਚ ਪੜ੍ਹਦੀ ਸੀ ਅਤੇ ਇਕ ਬੱਚੇ ਨੂੰ ਸਿੱਖਿਆ ਦਿੰਦੀ ਸੀ, ਦੀ ਚੋਰ ਜਾਂ ਘੁਸਪੈਠੀਏ ਵੱਲੋਂ ਹੱਤਿਆ ਕੀਤੀ ਗਈ ਹੋ ਸਕਦੀ ਹੈ। ਉਹ ਆਪਣੇ ਇਕ ਦੋਸਤ ਦੀ ਜਨਮ ਦਿਨ ਦੀ ਪਾਰਟੀ ਤੋਂ ਘਰ ਪਰਤੀ ਸੀ ਅਤੇ ਮੁਢਲੀ ਪੜਤਾਲ ਮੁਤਾਬਕ ਘਰ ਆਉਣ ਦੇ ਤੁਰਤ ਬਾਅਦ ਉਸ ਦੀ ਹੱਤਿਆ ਕੀਤੀ ਗਈ ਹੈ।

# ਬਡੂੰਗਰ ਦੇ ਖਾਲਿਸਤਾਨ ਬਾਰੇ ਬਿਆਨ ਤੋਂ ਸਿਆਸਤ ਭਖੀ

**ਜਲੰਧਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਖਾਲਿਸਤਾਨ ਸਬੰਧੀ ਬਿਆਨ ਨਾਲ ਵਿਰੋਧੀਆਂ ਦੇ ਨਿਸ਼ਾਨੇ ਉਤੇ ਆ ਗਏ ਹਨ। ਸੀ.ਪੀ.ਆਈ. ਦਾ ਦਾਅਵਾ ਹੈ ਕਿ ਪ੍ਰੋ. ਬਡੂੰਗਰ ਨੇ ਇਹ ਬਿਆਨ ਬਾਦਲਾਂ ਦੇ ਕਹਿਣ ਉਤੇ ਦਿੱਤਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਨੀਲ ਜਾਖੜ ਨੇ ਵੀ ਪ੍ਰੋ. ਬਡੂੰਗਰ ਦੇ ਬਿਆਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਜਗਤ ਦੀ ਸਿਰਮੌਰ ਜਥੇਬੰਦੀ ਹੈ, ਇਸ ਲਈ ਕਮੇਟੀ ਪ੍ਰਧਾਨ ਨੂੰ ਕੋਈ ਵੀ ਬਿਆਨ ਸੋਚ-ਸਮਝ ਦੇਣਾ ਚਾਹੀਦਾ ਹੈ।

ਸ੍ਰੀ ਜਾਖੜ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਕ ਪਾਸੇ 'ਆਪ' ਵਿਧਾਇਕ ਸੁਖਪਾਲ ਸਿੰਘ ਖਹਿਰਾ ਦੇ ਪਿਤਾ ਸੁਖਜਿੰਦਰ ਸਿੰਘ ਨੂੰ ਖਾਲਿਸਤਾਨੀ ਦੱਸ ਕੇ ਉਸ ਦੀ ਨਿੰਦਾ ਕਰ ਰਹੇ ਹਨ ਤੇ ਦੂਜੇ ਪਾਸੇ ਪ੍ਰੋ. ਬਡੂੰਗਰ ਤੋਂ ਅਜਿਹੀ ਬਿਆਨਬਾਜ਼ੀ ਕਰਵਾ ਰਹੇ ਹਨ। ਸੀ.ਪੀ.ਆਈ. ਦੀ ਕੇਂਦਰੀ ਕਮੇਟੀ ਦੇ ਮੈਂਬਰ ਡਾ. ਜੋਗਿੰਦਰ ਦਿਆਲ ਦਾ ਕਹਿਣਾ ਹੈ ਕਿ ਪ੍ਰੋ. ਬਡੂੰਗਰ ਵਰਗਾ ਸਮਝਦਾਰ ਸ਼ਖਸ ਅਜਿਹਾ ਬਿਆਨ ਨਹੀਂ ਦੇ ਸਕਦਾ। ਇਹ ਬਿਆਨ ਬਾਦਲਾਂ ਦੇ ਦਬਾਅ ਹੇਠ ਆਇਆ ਹੈ। ਡਾ. ਦਿਆਲ ਨੇ ਮੰਗ ਕੀਤੀ ਕਿ ਬਾਦਲ ਇਸ ਬਾਰੇ ਸਪੱਸ਼ਟੀਕਰਨ ਦੇਣ। ਇਸ ਦੌਰਾਨ ਭਾਜਪਾ ਨੇ ਵੀ ਪ੍ਰੋ. ਬਡੂੰਗਰ ਦੇ ਬਿਆਨ ਦੀ ਨਿੰਦਾ ਕੀਤੀ ਹੈ। ਭਾਜਪਾ ਦੇ ਸੂਬਾ ਸਕੱਤਰ ਵਿਨੀਤ ਜੋਸ਼ੀ ਨੇ ਕਿਹਾ ਕਿ ਖਾਲਿਸਤਾਨ ਦੀ ਮੰਗ ਗੈਰ-ਸੰਵਿਧਾਨਕ ਹੈ ਤੇ ਹਮੇਸ਼ਾ ਰਹੇਗੀ।

ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪ੍ਰੋ. ਬਡੂੰਗਰ ਨੇ ਪ੍ਰੈਸ ਕਾਨਫਰੰਸ ਦੌਰਾਨ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਸੁਪਰੀਮ ਕੋਰਟ ਦੇ ਫੈਸਲੇ ਦਾ ਸਿਰਫ ਹਵਾਲਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੇ ਕਦੇ ਖਾਲਿਸਤਾਨ ਦੀ ਹਮਾਇਤ ਨਹੀਂ ਕੀਤੀ ਹੈ। ਦੱਸ ਦਈਏ ਕਿ ਬਡੂੰਗਰ ਨੇ ਆਖਿਆ ਸੀ ਕਿ ਖਾਲਿਸਤਾਨ ਦੀ ਮੰਗ ਗੈਰ ਕਨੂੰਨੀ ਨਹੀਂ ਹੈ। ਕੋਰੀਆ, ਇੰਗਲੈਂਡ ਤੇ ਫਰਾਂਸ, ਸਪੇਨ ਵਿਚ ਵੀ ਲੋਕ ਆਜ਼ਾਦੀ ਦੀ ਮੰਗ ਕਰ ਰਹੇ ਨੇ। ਬਡੂੰਗਰ ਨੇ ਕਿਹਾ ਕਿ ਦੇਸ਼ ਦੀ ਸੁਪਰੀਮ ਕੋਰਟ ਵੀ ਮੰਨਦੀ ਹੈ ਕਿ ਖਾਲਿਸਤਾਨ ਵਿਚਾਰਧਾਰਾ ਨਾਲ ਸਹਿਮਤ ਹੋਣਾ ਕੋਈ ਜੁਰਮ ਨਹੀਂ ਹੈ। ਜਮਹੂਰੀਅਤ 'ਚ ਆਪਣੀ ਗੱਲ ਕਹਿਣ ਦਾ ਹੱਕ ਸਭ ਨੂੰ ਹੈ।




## ਹਿੰਦੂਆਂ ਨੂੰ ਘੱਟ ਗਿਣਤੀ ਰੁਤਬਾ ਦੇਣ ਤੋਂ ਨਾਂਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮੁਲਕ ਦੇ ਸੱਤ ਰਾਜਾਂ ਤੇ ਇਕ ਕੇਂਦਰੀ ਪ੍ਰਦੇਸ਼ ਵਿਚ ਹਿੰਦੂਆਂ ਨੂੰ ਘੱਟ ਗਿਣਤੀ ਰੁਤਬਾ ਦੇਣ ਦੀ ਮੰਗ ਕਰਦੀ ਪਟੀਸ਼ਨ ਨੂੰ ਸੁਣਨ ਤੋਂ ਨਾਂਹ ਕਰ ਦਿੱਤੀ ਹੈ। ਕੋਰਟ ਨੇ ਪਟੀਸ਼ਨਰ ਅਸ਼ਵਨੀ ਉਪਾਧਿਆਏ ਨੂੰ ਘੱਟ ਗਿਣਤੀਆਂ ਬਾਰੇ ਕੌਮੀ ਕਮਿਸ਼ਨ ਕੋਲ ਪਹੁੰਚ ਕਰਨ ਲਈ ਕਿਹਾ ਹੈ। ਜਸਟਿਸ ਰੰਜਨ ਗੋਗੋਈ ਨੇ ਕਿਹਾ ਕਿ ਉਹ ਅਜਿਹੇ ਹੁਕਮ ਨਹੀਂ ਕਰ ਸਕਦੇ। ਅਜਿਹੇ ਰਾਜਾਂ ਵਿਚ ਪੰਜਾਬ ਵੀ ਸ਼ਾਮਲ ਹੈ।

# ਰਾਸ਼ਟਰੀ ਸਿੱਖ ਸੰਗਤ ਨੇ ਸਮਾਗਮ ਬਾਰੇ ਆਪਣਾ ਪੱਖ ਰੱਖਿਆ

**ਅੰਮ੍ਰਿਤਸਰ:** ਆਰ.ਐਸ.ਐਸ. ਨਾਲ ਸਬੰਧਤ ਜਥੇਬੰਦੀ ਰਾਸ਼ਟਰੀ ਸਿੱਖ ਸੰਗਤ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਪੱਤਰ ਭੇਜ ਕੇ 25 ਅਕਤੂਬਰ ਨੂੰ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਚ ਕਰਾਏ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨਾਲ ਸਬੰਧਤ ਸਮਾਗਮ ਬਾਰੇ ਸਥਿਤੀ ਸਪੱਸ਼ਟ ਕੀਤੀ ਹੈ। ਉਨ੍ਹਾਂ ਰਾਸ਼ਟਰੀ ਸਿੱਖ ਸੰਗਤ ਨੂੰ ਅਕਾਲ ਤਖਤ ਵੱਲੋਂ ਗੱਲਬਾਤ ਲਈ ਦਿੱਤੇ ਹੁੰਗਾਰੇ ਲਈ ਧੰਨਵਾਦ ਕੀਤਾ।

ਰਾਸ਼ਟਰੀ ਸਿੱਖ ਸੰਗਤ ਦੀ ਮੀਟਿੰਗ ਤੋਂ ਬਾਅਦ ਜਥੇਬੰਦੀ ਦੇ ਕੌਮੀ ਜਨਰਲ ਸਕੱਤਰ ਡਾ. ਅਵਤਾਰ ਸਿੰਘ ਸ਼ਾਸਤਰੀ ਵੱਲੋਂ ਪੱਤਰ ਜਾਰੀ ਕੀਤਾ ਗਿਆ, ਜਿਸ ਵਿਚ ਕੌਮੀ ਪ੍ਰਧਾਨ ਗੁਰਚਰਨ ਸਿੰਘ ਗਿੱਲ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸੰਬੋਧਤ ਹੁੰਦਿਆਂ ਸਥਿਤੀ ਸਪੱਸ਼ਟ ਕੀਤੀ ਹੈ। ਇਹ ਪੱਤਰ ਹੋਰ ਤਖਤਾਂ ਦੇ ਜਥੇਦਾਰਾਂ ਨੂੰ ਵੀ ਭੇਜਿਆ ਗਿਆ ਹੈ। ਇਕ ਸਫੇ ਦੇ ਹਿੰਦੀ ਵਿਚ ਲਿਖੇ ਪੱਤਰ ਵਿਚ ਆਰ.ਐਸ.ਐਸ. ਆਗੂਆਂ ਨੇ ਆਖਿਆ ਕਿ ਰਾਸ਼ਟਰੀ ਸਿੱਖ ਸੰਗਤ ਗੁਰੂ ਨਾਨਕ ਦੇਵ ਜੀ ਦੀ ਪਰੰਪਰਾ ਨਾਲ ਜੁੜੀ ਹੋਈ ਹੈ ਤੇ ਨਿਮਾਣੇ ਦਾਸ ਵਜੋਂ ਪੂਰੇ ਦੇਸ਼ ਵਿਚ ਇਸ ਪਰੰਪਰਾ ਦੇ ਪ੍ਰਚਾਰ ਤੇ ਪਸਾਰ ਵਿਚ ਭੂਮਿਕਾ ਨਿਭਾਉਣਾ ਚਾਹੁੰਦੀ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ 25 ਅਕਤੂਬਰ ਨੂੰ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਨਹੀਂ ਮਨਾਇਆ ਗਿਆ, ਸਗੋਂ ਸਾਰੇ ਦੇਸ਼ ਵਿਚ ਪ੍ਰਕਾਸ਼ ਦਿਹਾੜੇ ਦੇ ਸਮਾਗਮਾਂ ਦੀ ਸਮਾਪਤੀ ਸਬੰਧੀ ਸਮਾਗਮ ਕਰਾਇਆ ਗਿਆ ਸੀ। ਇਹ ਸਮਾਗਮ 350ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸੀ। ਸਮਾਗਮ ਵਿਚ ਗੁਰੂ ਸਾਹਿਬਾਨ ਦੀ ਮਹਿਮਾ ਦਾ ਗੁਣਗਾਣ ਕੀਤਾ ਗਿਆ। ਸਟੇਡੀਅਮ ਵਿਚ ਲਾਈਆਂ ਕੁਰਸੀਆਂ ਉਚੀ ਥਾਂ ਉਤੇ ਸਨ, ਇਸ ਲਈ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕੀਤਾ ਗਿਆ।

ਪੱਤਰ ਵਿਚ ਅਕਾਲ ਤਖਤ ਦੇ ਜਥੇਦਾਰ ਨੂੰ ਦੱਸਿਆ ਗਿਆ ਕਿ ਰਾਸ਼ਟਰੀ ਸਿੱਖ ਸੰਗਤ ਵੱਲੋਂ ਅਜਿਹੇ ਤਿੰਨ ਤਰ੍ਹਾਂ ਦੇ ਜਨਤਕ ਸਮਾਗਮ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚੋਂ ਦੋ ਸਮਾਗਮਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕੀਤਾ ਜਾਂਦਾ। ਇਨ੍ਹਾਂ ਵਿਚੋਂ ਇਕ ਸਮਾਗਮ ਦੌਰਾਨ ਸਕੂਲੀ ਬੱਚਿਆਂ ਨੂੰ ਸੰਬੋਧਨ ਕੀਤਾ ਜਾਂਦਾ ਹੈ। ਦੂਜੇ ਸਮਾਗਮ ਵਿਚ ਗੋਸ਼ਟੀ ਦੇ ਰੂਪ ਵਿਚ ਵੱਖ-ਵੱਖ ਬੁਲਾਰਿਆਂ ਵੱਲੋਂ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਵੱਖ ਵੱਖ ਪੱਖਾਂ ਉਤੇ ਵਿਚਾਰ ਪ੍ਰਗਟ ਕੀਤੇ ਜਾਂਦੇ ਹਨ। ਇਨ੍ਹਾਂ ਦੋਵਾਂ ਸਮਾਗਮਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕੀਤਾ ਜਾਂਦਾ, ਜਦੋਂਕਿ ਤੀਜਾ ਸਮਾਗਮ ਸਮਾਜ ਦੀ ਵੱਡੀ ਭਾਗੀਦਾਰੀ ਨਾਲ ਮਨਾਇਆ ਜਾਂਦਾ ਹੈ ਤੇ ਉਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ।

# ਵਿਰੋਧ ਪਿੱਛੋਂ ਢੱਡਰੀਆਂਵਾਲੇ ਨੇ ਆਪੇ ਰੱਦ ਕੀਤੇ ਸਮਾਗਮ

**ਅੰਮ੍ਰਿਤਸਰ:** ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲਾ ਦਾ ਅੰਮ੍ਰਿਤਸਰ ਵਿਚ 14 ਤੋਂ 16 ਨਵੰਬਰ ਤੱਕ ਹੋਣ ਵਾਲਾ ਗੁਰੂ ਗ੍ਰੰਥ ਸਾਹਿਬ ਚੇਤਨਾ ਸਮਾਗਮ ਸਿੱਖ ਜਥੇਬੰਦੀਆਂ ਦੇ ਵਿਰੋਧ ਕਾਰਨ ਰੱਦ ਕਰ ਦਿੱਤਾ ਗਿਆ ਹੈ।

ਇਹ ਸਮਾਗਮ ਖੁਦ ਰਣਜੀਤ ਸਿੰਘ ਵੱਲੋਂ ਹੀ ਰੱਦ ਕੀਤਾ ਗਿਆ ਹੈ। ਰਣਜੀਤ ਐਵੇਨਿਊ ਵਿਚ ਹੋਣ ਵਾਲੇ ਇਸ ਗੁਰਮਤਿ ਸਮਾਗਮ ਖਿਲਾਫ ਦਮਦਮੀ ਟਕਸਾਲ ਸਮੇਤ ਹੋਰ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ ਦਾ ਪ੍ਰਗਟਾਵਾ ਕੀਤਾ ਗਿਆ ਸੀ। ਇਸ ਸਮਾਗਮ 'ਤੇ ਰੋਕ ਲਾਉਣ ਲਈ ਇਨ੍ਹਾਂ ਜਥੇਬੰਦੀਆਂ ਵੱਲੋਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਮੇਤ ਡਿਪਟੀ ਕਮਿਸ਼ਨਰ ਅਤੇ ਪੁਲਿਸ ਕਮਿਸ਼ਨਰ ਨੂੰ ਮੰਗ ਪੱਤਰ ਦਿੱਤੇ ਗਏ ਸਨ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਜਾਂਚ ਕਮੇਟੀ ਬਣਾਉਣ ਦੀ ਹਦਾਇਤ ਕੀਤੀ ਸੀ ਅਤੇ ਜਾਂਚ ਕਮੇਟੀ ਨੂੰ ਆਪਣੀ ਰਿਪੋਰਟ 12 ਨਵੰਬਰ ਤੱਕ ਸੌਂਪਣ ਲਈ ਆਖਿਆ ਗਿਆ ਸੀ। ਇਸ ਰਿਪੋਰਟ ਨੂੰ ਪੰਜ ਸਿੰਘ ਸਾਹਿਬਾਨ ਦੀ 13 ਨਵੰਬਰ ਨੂੰ ਹੋਣ ਵਾਲੀ ਮੀਟਿੰਗ ਵਿਚ ਵਿਚਾਰਿਆ ਜਾਣਾ ਸੀ। ਇਸ ਤੋਂ ਪਹਿਲਾਂ ਹੀ ਸੰਤ ਢੱਡਰੀਆਂਵਾਲਾ ਵੱਲੋਂ ਆਪਣੇ ਇਸ ਗੁਰਮਤਿ ਸਮਾਗਮ ਨੂੰ ਰੱਦ ਕਰ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਕਿ ਗੁਰੂ ਨਗਰੀ ਵਿਚ ਸ਼ਾਂਤੀ ਕਾਇਮ ਰੱਖਣ ਦੇ ਮੰਤਵ ਨਾਲ ਇਹ ਸਮਾਗਮ ਰੱਦ ਕਰ ਦਿੱਤੇ ਹਨ।

### ਅਦਾਲਤ ਨੇ ਪਾਇਰੇਸੀ ਕਰਨ ਵਾਲਿਆਂ ਖਿਲਾਫ ਸ਼ਿਕੰਜਾ ਕੱਸਿਆ

# ਰਿਟੇਲਰ ਨੂੰ ਡਿਸ਼ ਨੈਟਵਰਕ ਨੂੰ ਅਦਾਇਗੀ ਕਰਨ ਦੇ ਹੁਕਮ

**ਏਂਜਲਵੁੱਡ, ਕਾਲੋਰਾਡੋ:** ਫਲੋਰਿਡਾ ਦੀ ਇਕ ਬੈਂਕਰਪਸੀ ਅਦਾਲਤ ਨੇ ਫੈਸਲਾ ਦਿੱਤਾ ਹੈ ਕਿ ਕਾਪੀ ਰਾਈਟ ਦੀ ਉਲੰਘਣਾ ਦੇ ਮਾਮਲੇ ਵਿਚ ਅਮਿਤ ਭੱਲਾ ਵਿੱਤੀ ਦੇਣਦਾਰੀਆਂ ਤੋਂ ਬਚਣ ਲਈ ਬੈਂਕਰਪਸੀ ਦਾ ਸਹਾਰਾ ਨਹੀਂ ਲੈ ਸਕਦਾ। ਜ਼ਿਕਰਯੋਗ ਹੈ ਕਿ ਇਸ ਸ਼ਖਸ ਨੇ ਆਈ.ਪੀ.ਟੀ.ਵੀ. ਰਾਹੀਂ ਸੀ.ਸੀ.ਟੀ.ਵੀ. ਅਤੇ ਟੀ.ਵੀ.ਬੀ. ਦੇ ਪ੍ਰੋਗਰਾਮ ਗੈਰ-ਕਾਨੂੰਨੀ ਢੰਗ ਨਾਲ ਢੰਗ ਨਾਲ ਨਸ਼ਰ ਕਰਦੇ ਹਨ। ਹੁਣ ਅਦਾਲਤ ਨੇ ਟੀ.ਵੀ. ਪੈਡ ਦੇ ਨਿਰਮਾਤਾਵਾਂ ਅਤੇ ਵਿਤਰਣ ਕਰਨ ਵਾਲਿਆਂ ਨੂੰ ਹੁਕਮ ਦਿੱਤਾ ਹੈ ਕਿ ਉਹ ਡਿਸ਼, ਟੀ.ਵੀ.ਬੀ., ਸੀ.ਸੀ.ਟੀ.ਵੀ. ਅਤੇ ਸੀ.ਆਈ.ਸੀ.ਸੀ. ਨੂੰ ਵਿਤਰਣ, ਇਸ਼ਤਿਹਾਰਬਾਜ਼ੀ ਮਾਰਕੀਟਿੰਗ ਆਦਿ ਵਿਚ ਪਏ ਘਾਟੇ ਲਈ 55 ਮਿਲੀਅਨ ਡਾਲਰ ਅਦਾ ਕਰੇ।

ਦੂਜੇ ਬੰਨ੍ਹੇ ਅਮਿਤ ਭੱਲਾ ਨੇ ਆਪਣੀਆਂ ਅਤੇ ਯੰਤਰ ਮੁਹੱਈਆ ਕਰਨਗੇ।

ਚੇਤੇ ਰਹੇ, ਟੀ.ਵੀ.ਬੀ. (ਟੈਲੀਵਿਜ਼ਨ ਬਰਾਡਕਾਸਟਸ ਲਿਮਟਿਡ) ਸੰਸਾਰ ਦੀ ਸਭ ਤੋਂ ਵੱਡੀ ਅਤੇ ਲੋਕਪ੍ਰਿਅ ਕੰਪਨੀ ਹੈ। ਇਸ ਨਾਲ ਜੁੜੀ ਟੀ.ਵੀ.ਬੀ.ਯੂ.ਐਸ.ਏ. ਚੀਨੀ, ਵੀਅਤਨਾਮੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਦਰਸ਼ਕਾਂ ਨੂੰ ਟੀ.ਵੀ. ਪ੍ਰੋਗਰਾਮ ਮੁਹੱਈਆ ਕਰਵਾਉਂਦੀ ਹੈ। ਇਹ ਪ੍ਰੋਗਰਾਮ ਹਾਂਗਕਾਂਗ ਅਤੇ ਤਾਇਵਾਨ ਤੋਂ ਨਸ਼ਰ

ਵਿਸ਼ੇਸ਼ ਯੰਤਰਾਂ ਰਾਹੀਂ ਹੋਰ ਗੈਰ-ਮਾਨਤਾ ਪ੍ਰਾਪਤ ਚੈਨਲਾਂ 'ਤੇ ਨਸ਼ਰ ਕੀਤੇ ਸਨ।

2016 ਵਿਚ ਕੈਲੀਫੋਰਨੀਆ ਦੀ ਕੇਂਦਰੀ ਜ਼ਿਲ੍ਹਾ ਅਦਾਲਤ ਨੇ ਸੀ.ਸੀ.ਟੀ.ਵੀ. ਅਤੇ ਟੀ.ਵੀ.ਬੀ. ਦੇ ਪ੍ਰੋਗਰਾਮਾਂ ਦਾ ਟੀ.ਵੀ. ਪੈਡ ਯੰਤਰਾਂ 'ਤੇ ਗੈਰਕਾਨੂੰਨੀ ਪ੍ਰਸਾਰਣ ਪੱਕੇ ਤੌਰ 'ਤੇ ਬੰਦ ਕਰਨ ਦੇ ਹੁਕਮ ਦਿੱਤੇ ਸਨ। ਡਿਸ਼ ਨੈਟਵਰਕ, ਜਿਸ ਕੋਲ ਸੀ.ਸੀ.ਟੀ.ਵੀ. ਅਤੇ ਟੀ.ਵੀ.ਬੀ. ਦੇ ਪ੍ਰੋਗਰਾਮ ਡਿਸਟ੍ਰੀਬਿਊਟ (ਇਸ ਦੀ ਸਲਿੰਗ ਟੀ.ਵੀ. ਓ.ਟੀ.ਟੀ. ਸਰਵਿਸ) ਕਰਨ ਦੇ ਅਧਿਕਾਰ ਹਨ, ਤੇ ਸੀ.ਸੀ.ਟੀ.ਵੀ. ਦੀ ਭਾਈਵਾਲ ਸੀ.ਆਈ.ਸੀ.ਸੀ. ਇਸ ਸਬੰਧੀ 2015 ਵਿਚ ਦਾਇਰ ਕੀਤੇ ਗਏ ਕੇਸ ਵਿਚ ਮੁੱਦਈ ਹਨ।

ਸ਼ਿਕਾਇਤ ਵਿਚ ਦੋਸ਼ ਲਾਇਆ ਗਿਆ ਸੀ ਕਿ ਟੀ.ਵੀ. ਪੈਡ ਯੰਤਰ ਬਣਾਉਣ ਅਤੇ ਵਿਤਰਣ ਕਰਨ ਵਾਲੇ ਕੁਝ ਲੋਕ, ਸੀ.ਸੀ.ਟੀ.ਵੀ. ਅਤੇ ਟੀ.ਵੀ.ਬੀ. ਚੈਨਲਾਂ ਦੇ ਪ੍ਰੋਗਰਾਮ ਗੈਰ-ਕਾਨੂੰਨੀ ਕਾਰਵਾਈਆਂ ਦੀ ਜ਼ਿੰਮੇਵਾਰੀ ਸਵੀਕਾਰ ਕਰਨ ਦੀ ਥਾਂ ਬੈਂਕਰਪਸੀ ਦਾ ਕੇਸ ਲਾ ਦਿੱਤਾ ਤਾਂ ਕਿ ਰਕਮ ਨਾ ਦੇਣੀ ਪਵੇ। ਸ਼ਿਕਾਇਤਕਰਤਾ ਨੇ ਅਮਿਤ ਭੱਲਾ ਦੇ ਇਸ ਵਿਹਾਰ ਦਾ ਮਸਲਾ ਅਮਰੀਕੀ ਬੈਂਕਰਪਸੀ ਅਦਾਲਤ ਵਿਚ ਮੋਸ਼ਨ ਪਾ ਕੇ ਉਠਾਇਆ। ਅਦਾਲਤ ਨੇ ਇਹ ਮੋਸ਼ਨ ਸਵੀਕਾਰ ਕਰ ਲਿਆ ਅਤੇ ਹੁਣ ਭੱਲਾ ਨੂੰ ਕਾਪੀ ਰਾਈਟ ਅਤੇ ਕਾਰੋਬਾਰੀ ਨਿਯਮਾਂ ਦੀ ਉਲੰਘਣਾ ਲਈ 4.4. ਮਿਲੀਅਨ ਡਾਲਰ ਅਦਾ ਕਰਨੇ ਪੈਣਗੇ।

ਇਸੇ ਦੌਰਾਨ ਟੀ.ਵੀ.ਬੀ. ਯੂ.ਐਸ.ਏ. ਦੇ ਮੀਤ ਪ੍ਰਧਾਨ (ਓਪਰੇਸ਼ਨਜ਼) ਸੈਮੂਅਲ ਤਸਾਂਗ ਨੇ ਕਿਹਾ ਹੈ ਕਿ ਇਸ ਫੈਸਲੇ ਨਾਲ ਉਨ੍ਹਾਂ ਰਿਟੇਲਰਾਂ ਨੂੰ ਸਬਕ ਮਿਲੇਗਾ ਜਿਹੜੇ ਸੋਚਦੇ ਹਨ ਕਿ ਉਹ ਇਉਂ ਸਮੱਗਰੀ ਚੋਰੀ ਕਰ ਕੇ ਆਖਿਰਕਾਰ ਬਚ ਕੇ ਨਿਕਲ ਜਾਣਗੇ। ਹੁਣ ਆਸ ਹੈ ਕਿ ਰਿਟੇਲਰ ਗੈਰ-ਕਾਨੂੰਨੀ ਕਾਰੋਬਾਰ ਛੱਡ ਦੇਣਗੇ ਅਤੇ ਆਪਣੇ ਗ੍ਰਾਹਕਾਂ ਨੂੰ ਕਾਨੂੰਨੀ ਢੰਗ ਨਾਲ ਸਮੱਗਰੀ ਕੀਤੇ ਜਾਂਦੇ ਹਨ ਜਿਹੜੇ ਅਮਰੀਕਾ ਦੇ 10 ਵੱਖ-ਵੱਖ ਚੈਨਲਾਂ 'ਤੇ ਪ੍ਰਸਾਰਤ ਕੀਤੇ ਜਾਂਦੇ ਹਨ।

ਸੀ.ਸੀ.ਟੀ.ਵੀ. (ਚਾਈਨਾ ਸੈਂਟਰਲ ਟੈਲੀਵਿਜ਼ਨ) ਚੀਨ ਦਾ ਕੌਮੀ ਨੈਟਵਰਕ ਹੈ ਅਤੇ ਇਹ ਚੀਨ ਦੀਆਂ ਖਬਰਾਂ ਨਸ਼ਰ ਕਰਨ ਵਾਲੀਆਂ ਅਹਿਮ ਕੰਪਨੀਆਂ ਵਿਚੋਂ ਇਕ ਹੈ। ਅੱਜ ਕੱਲ੍ਹ ਸੀ.ਸੀ.ਟੀ.ਵੀ. ਚੀਨ ਦਾ ਸਭ ਤੋਂ ਪ੍ਰਭਾਵਸ਼ਾਲੀ ਮੀਡੀਆ ਗਰੁਪ ਹੈ ਜੋ ਅਮਰੀਕਾ 'ਚ 7 ਕੌਮਾਂਤਰੀ ਚੈਨਲਾਂ ਨੂੰ ਸਮੱਗਰੀ ਵਿਤਰਣ ਕਰਦਾ ਹੈ।

30 ਜੂਨ 2017 ਦੇ ਰਿਕਾਰਡ ਮੁਤਾਬਕ ਡਿਸ਼ ਨੈਟਵਰਕ ਕਾਰਪੋਰੇਸ਼ਨ ਦੀ 13.332 ਮਿਲੀਅਨ ਟੀ.ਵੀ. ਗ੍ਰਾਹਕਾਂ ਤੱਕ ਪਹੁੰਚ ਹੈ। ਇਹ 200 ਤੋਂ ਵੱਧ ਕੌਮੀ ਹਾਈ ਡੈਫੀਨੇਸ਼ਨ (ਐਚ.ਡੀ.) ਚੈਨਲਾਂ ਰਾਹੀਂ ਕੰਮ ਕਰਦਾ ਹੈ। ਇਨ੍ਹਾਂ ਵਿਚੋਂ ਬਹੁਤੇ ਚੈਨਲ ਕੌਮਾਂਤਰੀ ਅਤੇ ਇਨਾਮਯਾਫਤਾ ਹੋਣ ਤੋਂ ਇਲਾਵਾ ਡੀ.ਵੀ.ਆਰ. ਟੈਕਨਾਲੋਜੀ ਨਾਲ ਜੁੜੇ ਹੋਏ ਹਨ।

# ਖਾਲਸਾ ਏਡ ਯੂ.ਕੇ. ਦਾ ਸਨਮਾਨ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮਾਜ ਭਲਾਈ ਕੰਮਾਂ ਬਦਲੇ ਖਾਲਸਾ ਏਡ ਯੂਕੇ ਦਾ ਸਨਮਾਨ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਖਾਲਸਾ ਏਡ ਯੂਕੇ ਦੇ ਨੁਮਾਇੰਦਿਆਂ ਨੂੰ ਦੋ ਲੱਖ ਇਕਵੰਜਾ ਹਜ਼ਾਰ ਰੁਪਏ ਦੀ ਰਾਸ਼ੀ, ਚਾਂਦੀ ਦੀ ਤਸ਼ਤਰੀ ਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ।



ਇਸ ਮੌਕੇ ਖਾਲਸਾ ਏਡ ਸੰਸਥਾ ਵੱਲੋਂ ਏਸ਼ੀਆ ਖਿੱਤੇ ਦੇ ਮੁਖੀ ਅਮਰਪ੍ਰੀਤ ਸਿੰਘ ਵਿਸ਼ੇਸ਼ ਤੌਰ ਉਤੇ ਪੁੱਜੇ ਸਨ। ਉਨ੍ਹਾਂ ਨਾਲ ਖਾਲਸਾ ਏਡ ਦੇ ਪਰਮਪਾਲ ਸਿੰਘ, ਗੁਰਪ੍ਰੀਤ ਸਿੰਘ, ਗੁਰਸਾਹਿਬ ਸਿੰਘ, ਤਜਿੰਦਰਪਾਲ ਸਿੰਘ ਤੇ ਹਰਪ੍ਰੀਤ ਸਿੰਘ ਵੀ ਹਾਜ਼ਰ ਸਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਬਖਸ਼ੇ ਸੇਵਾ ਦੇ ਸਿਧਾਂਤ ਅਨੁਸਾਰ ਖਾਲਸਾ ਏਡ ਯੂਕੇ ਵੱਲੋਂ ਕੁਦਰਤੀ ਆਫਤਾਂ ਸਮੇਂ ਮਨੁੱਖਤਾ ਦੀ ਭਲਾਈ ਲਈ ਜ਼ਿਕਰਯੋਗ ਕਾਰਜ ਕੀਤੇ ਗਏ ਹਨ, ਜਿਨ੍ਹਾਂ ਦੀ ਚੁਫੇਰਿਓਂ ਪ੍ਰਸ਼ੰਸਾ ਹੋਈ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਖਾਲਸਾ ਏਡ ਮਨੁੱਖਤਾ ਦੀ ਭਲਾਈ ਲਈ ਸੇਵਾਵਾਂ ਜਾਰੀ ਰੱਖੇਗੀ।


WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS ➡ USA 951-824-6365
skype - DHOLRADIO.ORG
LISTEN BY CALL ➡ USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 18 ਨਵੰਬਰ 2017*

## ਧੁਆਂਖੀ ਸਿਆਸਤ ਅਤੇ ਸੱਤਾ

ਧੁਆਂਖੀ ਗਰਦ-ਗੁਬਾਰ ਵਾਲੇ ਮੌਸਮ ਨੇ ਸਮੁੱਚੇ ਉਤਰੀ ਭਾਰਤ ਨੂੰ ਤਾਂ ਆਪਣੇ ਕਲਾਵੇ ਵਿਚ ਲਿਆ ਹੀ ਹੋਇਆ ਹੈ, ਸਿਆਸਤ ਨੂੰ ਕਿਸ ਕਿਸ ਧੁਆਂਖ ਨੇ ਕੱਸਿਆ ਹੋਇਆ ਹੈ, ਇਸ ਬਾਰੇ ਚਰਚਾ ਘੱਟ-ਵੱਧ ਹੀ ਹੋਈ ਹੈ। ਹੋਰ ਤਾਂ ਹੋਰ, ਪੰਜਾਬ ਸਰਕਾਰ ਦਾ ਖਜ਼ਾਨਾ ਖਾਲੀ ਹੋਣ ਵਾਲੀ ਗੱਲ ਅਜੇ ਵੀ ਪੁਰਾਣੀ ਨਹੀਂ ਹੋ ਰਹੀ ਅਤੇ ਸਰਕਾਰ ਦੇ ਮੰਤਰੀ-ਸੰਤਰੀ ਅਜੇ ਤੱਕ ਇਹੀ ਮੁਹਾਰਨੀ ਦੁਹਰਾ ਰਹੇ ਹਨ। ਇਸ ਮਾਮਲੇ 'ਤੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਦਾ ਹਾਲ ਇਸ ਤੋਂ ਪਹਿਲੀ ਬਾਦਲ ਸਰਕਾਰ ਵਾਲਾ ਹੀ ਹੋਇਆ ਪਿਆ ਹੈ। ਉਂਜ ਇਕ ਕੰਮ ਪੂਰੀ ਗਤੀ ਨਾਲ ਲਗਾਤਾਰ ਹੋ ਰਿਹਾ ਹੈ, ਉਹ ਹੈ ਸੂਬੇ ਦੀ ਕਾਨੂੰਨ-ਵਿਵਸਥਾ ਬਾਰੇ ਪੁਲਿਸ ਦੀ ਕਾਰਗੁਜ਼ਾਰੀ ਦਾ। ਮਸਲਾ ਭਾਵੇਂ ਸਿਆਸੀ ਕਤਲਾਂ ਦਾ ਹੈ, ਤੇ ਭਾਵੇਂ ਗੈਂਗਸਟਰਾਂ ਦੀ ਕਾਰਵਾਈਆਂ ਦਾ, ਪੁਲਿਸ ਇਨ੍ਹਾਂ ਕਾਰਵਾਈਆਂ ਦੀ ਖਾਨਾਪੂਰਤੀ ਖਾਤਰ ਆਪਣੀਆਂ ਕਾਰਵਾਈਆਂ ਦਰਜ ਕਰ ਰਹੀ ਹੈ। ਸ਼ਾਇਦ ਇਸੇ ਕਰ ਕੇ ਆਮ ਆਦਮੀ ਪਾਰਟੀ ਦੇ ਸੀਨੀਅਤ ਆਗੂ ਅਤੇ ਸਾਬਕਾ ਪੱਤਰਕਾਰ ਕੰਵਰ ਸੰਧੂ ਨੇ ਸਿਆਸੀ ਕਤਲਾਂ ਵਿਚ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਦੀ ਗ੍ਰਿਫਤਾਰੀ ਬਾਰੇ ਸਵਾਲ ਉਠਾਏ ਹਨ ਅਤੇ ਪੁਲਿਸ ਦੀ ਕਹਾਣੀ ਨੂੰ ਪੰਕਚਰ ਕੀਤਾ ਹੈ। ਉਨ੍ਹਾਂ ਸਵਾਲ ਕੀਤਾ ਹੈ ਕਿ ਪੰਜਾਬ ਵਿਚ ਵਿਆਹ ਕਰਵਾਉਣ ਗਿਆ ਕੋਈ ਬੰਦਾ ਕਤਲ ਵਿਚ ਭਲਾ ਕਿਸ ਤਰ੍ਹਾਂ ਸ਼ਾਮਲ ਹੋ ਸਕਦਾ ਹੈ? ਜੇ ਜਾਂਚ ਤੋਂ ਬਾਅਦ ਅਜਿਹੀ ਕੋਈ ਗੱਲ ਸਾਹਮਣੇ ਵੀ ਆਉਂਦੀ ਹੈ, ਤਾਂ ਇਸ ਜਾਂਚ ਵਿਚ ਬਰਤਾਨਵੀ ਪੁਲਿਸ ਨੂੰ ਬਾਕਾਇਦਾ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਮਾਮਲੇ 'ਤੇ ਉਨ੍ਹਾਂ ਕੈਨੇਡਾ ਵਾਸੀ ਅਮਰਜੀਤ ਸਿੰਘ ਸੋਹੀ ਦਾ ਹਵਾਲਾ ਵੀ ਦਿੱਤਾ ਹੈ ਜਿਸ ਨੂੰ ਬਿਹਾਰ ਤੋਂ ਨਕਸਲਵਾਦੀ ਕਹਿ ਕੇ ਫੜ ਲਿਆ ਗਿਆ ਸੀ ਅਤੇ ਬਾਅਦ ਵਿਚ ਉਹ ਬੇਕਸੂਰ ਸਾਬਤ ਹੋਇਆ ਸੀ। ਇਹ ਸ਼ਖਸ ਅੱਜ ਕੱਲ੍ਹ ਕੈਨੇਡਾ ਦਾ ਫੈਡਰਲ ਮੰਤਰੀ ਹੈ। ਦਰਅਸਲ, ਕੁਝ ਮਸਲਿਆਂ ਬਾਰੇ ਪੁਲਿਸ ਅਤੇ ਸਿਆਸਤਦਾਨ ਅਕਸਰ ਖਾਨਾਪੂਰਤੀ ਹੀ ਕਰਦੇ ਹਨ। ਇਸ ਦਾ ਸਿੱਧਾ ਨਤੀਜਾ ਇਹ ਨਿਕਲਦਾ ਹੈ ਕਿ ਮਸਲਾ ਪਹਿਲਾਂ ਨਾਲੋਂ ਵੀ ਭਿਅੰਕਰ ਹੋ ਕੇ ਟੱਕਰਦਾ ਹੈ ਅਤੇ ਫਿਰ ਇਸ ਸਭ ਕਾਸੇ ਦਾ ਨਤੀਜਾ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਮਸਲਾ ਭਾਵੇਂ ਪਰਾਲੀ ਸਾੜਨ ਦਾ ਹੈ, ਜਾਂ ਸੂਬੇ ਵਿਚ ਹੋਈਆਂ ਹਿੰਸਕ ਕਾਰਵਾਈਆਂ ਦਾ, ਆਖਰਕਾਰ ਲੋਕਾਂ ਨੂੰ ਹੀ ਔਖ ਵਿਚੋਂ ਲੰਘਣਾ ਪੈਂਦਾ ਹੈ।

ਹੁਣ ਵਿਧੀ ਦੀ ਵਿਡੰਬਨਾ ਇਹ ਹੈ ਕਿ ਪਰਾਲੀ ਵਾਲੇ ਮਾਮਲੇ 'ਤੇ ਸਰਕਾਰ ਅਤੇ ਕਿਸਾਨ-ਦੋਵੇਂ ਕਸੂਤੇ ਫਸਦੇ ਨਜ਼ਰ ਆ ਰਹੇ ਹਨ। ਤੱਥ ਦੱਸਦੇ ਹਨ ਕਿ ਪਰਾਲੀ ਸਾੜਨ ਦੀ ਕਾਰਵਾਈ ਕਾਰਨ ਧੂੰਏਂ ਅਤੇ ਧੁੰਦ ਦੇ ਸੁਮੇਲ ਨਾਲ ਜਿਹੜੀ ਸੰਘਣੀ ਸਮੌਗ ਬਣੀ ਹੈ, ਉਸ ਨਾਲ ਅਜਿਹਾ ਮੌਸਮ ਬਣ ਗਿਆ ਹੈ ਕਿ ਖੇਤਾਂ ਨੂੰ ਵੱਤਰ ਹੀ ਨਹੀਂ ਆ ਰਹੀ, ਭਾਵ ਅਗਲੀ ਫਸਲ ਦੀ ਬਿਜਾਈ ਲੇਟ ਹੋ ਰਹੀ ਹੈ। ਧੁੱਪ ਨਾ ਨਿਕਲਣ ਦਾ ਸਿੱਧਾ ਅਸਰ ਫਸਲ ਦੇ ਝਾੜ ਉਤੇ ਵੀ ਪੈਣਾ ਹੈ। ਇਸ ਮਸਲੇ 'ਤੇ ਸਰਕਾਰ ਦੇ ਤਾਂ ਕਹਿਣੇ ਹੀ ਕੀ! ਪਰਾਲੀ ਸਾੜਨ ਤੋਂ ਬਚਾਅ ਲਈ ਕੇਂਦਰ ਸਰਕਾਰ ਵੱਲੋਂ ਪੰਜਾਬ ਲਈ ਭੇਜੇ 49 ਕਰੋੜ ਰੁਪਏ ਵੀ ਸਰਕਾਰ ਨੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ ਵਰਤ ਛੱਡੇ। ਇਹੀ ਨਹੀਂ, ਸਰਕਾਰ ਦੇ ਹੋਰ ਕਿੰਨੇ ਸਾਰੇ ਕੰਮ ਵੀ ਪੈਸੇ ਦੀ ਥੁੜ੍ਹ ਕਾਰਨ ਅੜੇ ਹੋਏ ਹਨ। ਜ਼ਾਹਰ ਹੈ ਕਿ ਨਵੀਂ ਸਰਕਾਰ ਦੀ ਹਾਲਤ ਵੀ ਪਿਛਲੀ ਸਰਕਾਰ ਨਾਲੋਂ ਕੋਈ ਵੱਖਰੀ ਨਹੀਂ ਹੈ। ਅਸਲ ਵਿਚ ਮਸਲਾ ਸਰਕਾਰ ਬਦਲਣ ਦਾ ਹੈ ਹੀ ਨਹੀਂ ਸੀ, ਮਸਲਾ ਤਾਂ ਉਸ ਸਿਸਟਮ ਦਾ ਹੈ ਜਿਸ ਵੱਲ ਕੋਈ ਧਿਆਨ ਹੀ ਨਹੀਂ ਦੇ ਰਿਹਾ। ਹਾਂ, ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਸ ਬਾਰੇ ਕੁਝ ਕੁ ਗੱਲ ਜ਼ਰੂਰ ਚੱਲੀ ਸੀ ਜਦੋਂ ਆਮ ਆਦਮੀ ਪਾਰਟੀ ਦੀ ਜਿੱਤ ਦੇ ਦਾਅਵੇ ਹਰ ਪਾਸਿਓਂ ਹੋ/ਕੀਤੇ ਜਾ ਰਹੇ ਸਨ। ਉਨ੍ਹਾਂ ਵਕਤਾਂ ਦੀ ਪੁਣ-ਛਾਣ ਦੱਸਦੀ ਹੈ ਕਿ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਗਠਜੋੜ ਅਤੇ ਕਾਂਗਰਸ ਨੇ ਆਮ ਆਦਮੀ ਪਾਰਟੀ ਨੂੰ ਹਰਾਉਣ ਖਾਤਰ ਅੰਦਰੋ-ਅੰਦਰੀ ਸੂਲ੍ਹਾ ਮਾਰ ਲਈ ਸੀ। ਇਸ ਦਾ ਮੁਖ ਕਾਰਨ ਇਹ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਨਾਲ ਸਿਸਟਮ ਵਿਚ ਕੋਈ ਨਾ ਕੋਈ ਤਬਦੀਲੀ ਹੋਣੀ ਲਾਜ਼ਮੀ ਜਾਪ ਰਹੀ ਸੀ ਅਤੇ ਮੁਖ ਪਾਰਟੀਆਂ ਨੂੰ ਮਨਜ਼ੂਰ ਨਹੀਂ ਸੀ। ਇਸ ਕਰ ਕੇ ਜਦੋਂ ਅਕਾਲੀ ਦਲ ਨੂੰ ਜਾਪਿਆ ਕਿ ਉਹ ਹਰ ਹਾਲ ਸੱਤਾ ਤੋਂ ਬਾਹਰ ਹੋ ਰਹੇ ਹਨ, ਤਾਂ ਇਸ ਨੇ ਐਨ ਮੌਕੇ ਉਤੇ ਕਾਂਗਰਸੀ ਉਮੀਦਵਾਰਾਂ ਵੱਲ ਝੁਕਾਅ ਵਧਾ ਦਿੱਤਾ ਅਤੇ ਸਿੱਟੇ ਵਜੋਂ ਸੂਬੇ ਵਿਚ ਕਾਂਗਰਸ ਦੀ ਸਰਕਾਰ ਕਾਇਮ ਹੋ ਗਈ। ਉਸ ਵੇਲੇ ਅਜਿਹੀ ਪੁਣ-ਛਾਣ ਅਲੋਕਾਰੀ ਲੱਗਦੀ ਸੀ, ਪਰ ਹੁਣ ਇਕ ਇਕ ਕਰ ਕੇ ਤੱਥ ਖੁਦ ਹੀ ਸਾਹਮਣੇ ਆ ਰਹੇ ਹਨ। ਇਹ ਗੱਲ ਵੱਖਰੀ ਹੈ ਕਿ ਪ੍ਰਦੂਸ਼ਣ ਦੇ ਮਾਮਲੇ ਵਿਚ ਦਿੱਲੀ ਵਿਚ ਆਮ ਆਦਮੀ ਪਾਰਟੀ ਉਹ ਕਾਰਜ ਨਹੀਂ ਵਿੱਢ ਸਕੀ ਜੋ ਇਹ ਆਪਣੀ ਸਰਕਾਰ ਹੁੰਦਿਆਂ ਵਿੱਢ ਸਕਦੀ ਸੀ। ਦਿੱਲੀ ਵਿਚ ਦੇਖਦਿਆਂ ਦੇਖਦਿਆਂ ਹਾਲਾਤ ਬਦ ਤੋਂ ਬਦਤਰ ਹੁੰਦੇ ਗਏ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਮਸ਼ਵਰਿਆਂ ਵੱਲ ਉਕਾ ਹੀ ਧਿਆਨ ਨਹੀਂ ਦਿੱਤਾ। ਕੁਝ ਵੀ ਹੋਵੇ ਹੁਣ ਮਸਲਾ ਇਹ ਹੈ ਕਿ ਮੌਕੇ ਦੀਆਂ ਸਰਕਾਰਾਂ ਵੱਖ ਵੱਖ ਮਸਲਿਆਂ ਨੂੰ ਲੋਕਾਂ ਦੀ ਸਹੂਲਤ ਜਾਂ ਵੇਲੇ ਦੀ ਲੋੜ ਮੁਤਾਬਕ ਨਹੀਂ, ਸਗੋਂ ਆਪਣੀ ਸਿਆਸੀ ਸਹੂਲਤ ਮੁਤਾਬਕ ਨਜਿਠਣ ਦਾ ਯਤਨ ਕਰਦੀਆਂ ਹਨ। ਹੁਣ ਤੱਕ ਸੌੜੇ ਹਿਤਾਂ ਵਾਲੀ ਇਸ ਪਹੁੰਚ ਵਿਚ ਮੁੱਢੋਂ-ਸੁੱਢੋਂ ਕੋਈ ਤਬਦੀਲੀ ਨਹੀਂ ਆਉਂਦੀ, ਹਾਲਾਤ ਜਿਉਂ ਦੇ ਤਿਉਂ ਹੀ ਨਹੀਂ, ਇਸ ਤੋਂ ਵੀ ਮਾੜੇ ਬਣਦੇ ਰਹਿਣਗੇ। ਇਸ ਸੂਰਤ ਵਿਚ ਹੁਣ ਲੋਕਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਸਰਕਾਰ ਨੂੰ ਲੀਹ ਉਤੇ ਲਿਆਉਣ ਲਈ ਲਾਮਬੰਦ ਹੋਣ। ਇਹੀ ਇਕ ਰਾਹ ਹੈ ਜਿਸ ਉਤੇ ਤੁਰ ਕੇ ਦਰਪੇਸ਼ ਸਮੱਸਿਆਵਾਂ ਉਤੇ ਕਾਬੂ ਪਾਇਆ ਜਾ ਸਕਦਾ ਹੈ। ਨਹੀਂ ਤਾਂ ਸਰਕਾਰਾਂ ਆਪਣੇ ਹਿਸਾਬ ਨਾਲ ਚੱਲਦੀਆਂ ਰਹਿਣਗੀਆਂ ਅਤੇ ਔਕੜਾਂ ਵਿਚ ਘਿਰੇ ਲੋਕ ਇਸੇ ਤਰ੍ਹਾਂ ਤੜਫਦੇ-ਵਿਲਕਦੇ ਰਹਿਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਚੁਤਰਫੀ ਅਫਰਾ-ਤਫਰੀ

ਘਰੀਂ ਗ੍ਰਿਹਸਥੀਆਂ ਪਿਆ ਕਲੇਸ਼ ਰਹਿੰਦਾ, ਰਾਹ ਵੱਖਰੇ ਸਾਰੇ ਜੀਅ ਫੜੀ ਜਾਂਦੇ।
ਮੁੰਡੇ-ਕੁੜੀਆਂ ਸਕੂਲਾਂ ਤੇ ਕਾਲਜਾਂ ਵਿਚ, ਸਿੱਖਿਆ-ਦਾਤਿਆਂ ਨਾਲ ਹੀ ਅੜੀ ਜਾਂਦੇ।
ਸੁਣਦੀ ਨਹੀਂ ਸਰਕਾਰ ਮੁਲਾਜ਼ਮਾਂ ਦੀ, ਰੋਹ ਵਿਚ ਆਣ ਕੇ ਟੈਂਕੀਆਂ 'ਤੇ ਚੜ੍ਹੀ ਜਾਂਦੇ।
'ਟੈਨਸ਼ਨ' ਚੰਦਰੀ ਚਿੰਬੜੀ ਸਾਰਿਆਂ ਨੂੰ, ਲੋਕੀਂ ਗੁੱਸੇ ਦੇ ਭਾਂਬੜ ਵਿਚ ਸੜੀ ਜਾਂਦੇ।
ਹੁਣ ਕੋਈ ਵਰਜਦਾ ਨਹੀਂ ਐ ਲੜਦਿਆਂ ਨੂੰ, ਫੋਨ-ਕੈਮਰੇ ਲੈ ਲੈ ਕੇ ਖੜ੍ਹੀ ਜਾਂਦੇ।
ਸਹਿਣਸ਼ੀਲਤਾ ਧਰਮ-ਪ੍ਰਚਾਰ ਕਰਦੇ, ਉਹ ਵੀ ਆਪਸ ਵਿਚ ਰੋਜ਼ ਹੀ ਲੜੀ ਜਾਂਦੇ।

# 'ਆਪ' ਦੀ ਸਿਆਸਤ ਦਾ ਦਲਿਤ ਪੱਖ ਹਾਸ਼ੀਏ 'ਤੇ

***ਪਿਛਲੇ ਸਮੇਂ ਦੌਰਾਨ ਸਭ ਤੋਂ ਵੱਧ ਚਰਚਾ ਆਮ ਆਦਮੀ ਪਾਰਟੀ ਦੀ ਹੀ ਹੋਈ ਹੈ, ਇਸ ਦੇ ਕਾਰਨ ਭਾਵੇਂ ਹਾਂ-ਪੱਖੀ ਸਨ ਤੇ ਭਾਵੇਂ ਨਾਂਹ-ਪੱਖੀ। ਬਹੁਤ ਸਾਰੇ ਲੋਕਾਂ ਨੇ ਇਸ ਪਾਰਟੀ ਵਿਚੋਂ ਤਬਦੀਲੀ ਦੀ ਚਿਣਗ ਫੁੱਟਦੀ ਦੇਖੀ ਸੀ, ਪਰ ਹੁਣ ਇਸ ਪਾਰਟੀ ਅਤੇ ਇਸ ਦੇ ਲੀਡਰਾਂ ਦੀ ਸਿਆਸਤ ਬਾਰੇ ਸਵਾਲਾਂ ਦੀ ਝੜੀ ਲੱਗ ਗਈ ਹੋਈ ਹੈ। ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਦਾ ਇਹ ਲੇਖ ਇਨ੍ਹਾਂ ਅਹਿਮ ਸਵਾਲਾਂ ਨਾਲ ਹੀ ਨਜਿਠਦਾ ਨਜ਼ਰੀਂ ਪੈਂਦਾ ਹੈ। ਇਸ ਵਿਚ ਉਨ੍ਹਾਂ ਦਲਿਤਾਂ ਦੇ ਹਾਸ਼ੀਏ ਉਤੇ ਧੱਕੇ ਜਾਣ ਬਾਰੇ ਪੁਣ-ਛਾਣ ਕੀਤੀ ਹੈ। -ਸੰਪਾਦਕ***

ਗੁਰਦਾਸਪੁਰ ਹਲਕੇ ਦੀ ਸੰਸਦੀ ਚੋਣ ਵਿਚ ਆਮ ਆਦਮੀ ਪਾਰਟੀ (ਆਪ) ਦੀ ਨਿਰਾਸ਼ਾਜਨਕ ਹਾਰ ਨੂੰ ਜੇ ਪਾਰਟੀ ਦੇ ਭਵਿਖ ਉਤੇ ਪੈਣ ਵਾਲੇ ਮਾੜੇ ਅਸਰਾਂ ਵਿਚ ਨਾ ਸ਼ਾਮਲ ਕੀਤਾ ਜਾਏ ਤਾਂ ਵੀ ਇਸ ਗੱਲ ਦੇ ਠੋਸ ਆਧਾਰ ਮੌਜੂਦ ਹਨ ਕਿ ਪਾਰਟੀ ਦਾ ਸੁਨਹਿਰੀ ਯੁੱਗ ਖਤਮ ਹੋ ਚੁੱਕਾ ਹੈ। ਹੁਣ ਉਹ ਰਾਜਨੀਤਕ ਰੌਣਕਾਂ ਪਰਤ ਕੇ ਨਹੀਂ ਆਉਣ ਲੱਗੀਆਂ ਜਦੋਂ 'ਕੇਜਰੀਵਾਲ-ਆਪ-ਝਾੜੂ' ਤਿੰਨਾਂ ਨੇ ਰਲ ਕੇ ਪੰਜਾਬ ਦੇ ਹਰ ਘਰ ਵਿਚ ਆਪਣੀ ਥਾਂ ਬਣਾ ਲਈ ਸੀ; ਜਦੋਂ ਵਿਸ਼ੇਸ਼ ਕਰ ਕੇ ਨੌਜਵਾਨ ਪੀੜ੍ਹੀ ਤੇ ਪੁਰਾਤਨ ਪੀੜ੍ਹੀ ਵਿਚ ਡੂੰਘੀ ਲਕੀਰ ਖਿੱਚੀ ਗਈ ਸੀ। ਇਕ ਪਲ ਲਈ ਰੁਕੋ ਤੇ ਯਾਦ ਕਰੋ ਕਿ ਭਗਵੰਤ ਮਾਨ ਅਤੇ ਗੁਰਪ੍ਰੀਤ ਘੁੱਗੀ (ਵੜੈਚ) ਜਦੋਂ ਜਲਸਿਆਂ ਵਿਚ ਭਾਸ਼ਨ ਦਿੰਦੇ ਸਨ ਤਾਂ ਇਉਂ ਲੱਗਦਾ ਸੀ, ਜਿਵੇਂ ਉਨ੍ਹਾਂ ਦਾ ਆਤਮ-ਵਿਸ਼ਵਾਸ ਤੇ ਤੇਜ ਪ੍ਰਤਾਪ ਹੰਕਾਰ ਦੀਆਂ ਸਭ ਹੱਦਾਂ ਪਾਰ ਕਰ ਚੁੱਕਾ ਹੋਵੇ। ਇਸ ਖੂਬਸੂਰਤ ਭਰਮ ਨੂੰ ਉਨ੍ਹਾਂ ਨੇ ਜਵਾਨ ਕਰ ਲਿਆ ਸੀ ਕਿ ਉਹ ਜਿੱਤ ਦੇ ਘੋੜੇ 'ਤੇ ਸਵਾਰ ਹਨ, ਪਰ ਇਤਿਹਾਸ ਦੀ ਬੇਰਹਿਮ ਤੋਰ ਅਤੇ ਉਸ ਦੇ ਚੱਲਣ ਦਾ ਅੰਦਾਜ਼ ਵੱਖਰਾ ਵੀ ਹੁੰਦਾ ਹੈ ਅਤੇ ਉਸ ਨੇ ਉਨ੍ਹਾਂ ਨੂੰ ਐਸਾ ਮੂਧੜੇ ਮੂੰਹ ਸੁੱਟਿਆ ਕਿ ਹਾਰ ਤੋਂ ਪਿਛੋਂ, ਜੇ ਇਕ ਕਈ ਦਿਨ ਅੰਦਰੋਂ ਹੀ ਬਾਹਰ ਨਾ ਨਿਕਲਿਆ ਤਾਂ ਦੂਜੇ ਨੇ ਛੇਤੀ ਹੀ ਪਾਰਟੀ ਨੂੰ ਤਲਾਕ ਦੇ ਦਿੱਤਾ।



ਕਰਮਜੀਤ ਸਿੰਘ ਚੰਡੀਗੜ੍ਹ
ਫੋਨ: +91-99150-91063

ਪਾਰਟੀ ਦੀ ਲੀਡਰਸ਼ਿਪ ਹੁਣ ਆਪਣੇ ਕਾਡਰ ਅਤੇ ਪੰਜਾਬ ਦੇ ਲੋਕਾਂ ਨੂੰ ਕਿੰਨੀਆਂ ਵੀ ਤਸੱਲੀਆਂ ਕਿਉਂ ਨਾ ਦੇਵੇ, ਉਹ ਜਿੱਤ ਦੀ ਖੇਡ ਵਿਚ ਸਾਰੀਆਂ 'ਤੇ ਚਲੇ ਗਏ ਹਨ, ਜਾਂ ਪੰਜਾਬੀ ਬੋਲਚਾਲ ਮੁਤਾਬਕ ਉਹ ਨੁੱਕਰੇ ਲਾ ਦਿੱਤੇ ਗਏ ਹਨ। ਇਸ ਦੇ ਅਸਲ ਕਾਰਨ ਲੱਭਣ ਲਈ ਸਾਨੂੰ ਸਾਹਮਣੇ ਦਿਸਣ ਵਾਲੇ ਰੋਜ਼ਮਰ੍ਹਾ ਦੇ ਰੌਲੇ-ਰੱਪੇ ਤੋਂ ਹੇਠਲੀਆਂ ਤਹਿਆਂ ਵਿਚ ਉਤਰਨਾ ਪੈਣਾ ਹੈ ਅਤੇ ਇਸ ਸਵਾਲ ਦਾ ਜਵਾਬ ਵੀ ਲੱਭਣਾ ਪੈਣਾ ਹੈ ਕਿ ਪੰਜਾਬ ਦੇ ਲੋਕਾਂ ਨੇ ਹੀ ਅਰਵਿੰਦ ਕੇਜਰੀਵਾਲ ਨੂੰ ਝਟਪਟ ਹੱਥਾਂ ਉਤੇ ਕਿਉਂ ਚੁੱਕ ਲਿਆ ਅਤੇ ਆਪਣੇ ਦਿਲਾਂ ਵਿਚ ਵਸਾ ਲਿਆ ਸੀ? ਇਹ ਸਵਾਲ ਵੀ ਕੇਜਰੀਵਾਲ ਦੇ ਵਿਹੜੇ ਵਿਚ ਸੁੱਟਣਾ ਪੈਣਾ ਹੈ ਕਿ ਉਸ ਨੇ ਪੰਜਾਬ ਦੇ ਮਨੋਵਿਗਿਆਨ, ਉਸ ਦੇ ਗੁੰਝਲਦਾਰ ਇਤਿਹਾਸ ਅਤੇ ਉਸ ਦੇ ਦਾਸਤਾਨ-ਏ-ਦਰਦ ਨੂੰ ਉਸ ਜਜ਼ਬੇ ਤੇ ਤਰਕ ਨਾਲ ਕਿਉਂ ਨਾ ਸਮਝਿਆ, ਜਿਵੇਂ ਉਹ ਚਾਹੁੰਦੇ ਸਨ?

ਕੇਜਰੀਵਾਲ ਵਰਤਾਰਾ ਭਾਰਤ ਦੇ ਬਹੁ-ਪਰਤੀ ਰਾਜਨੀਤਕ ਤਾਣੇ-ਬਾਣੇ ਵਿਚ ਇਨਕਲਾਬੀ ਤਬਦੀਲੀ ਦੀ ਉਮੀਦ ਲੈ ਕੇ ਆਇਆ ਸੀ। ਅਰਵਿੰਦ ਕੇਜਰੀਵਾਲ ਦਾ ਰਾਜਸੀ ਪੁਨਰਜਨਮ ਭਾਵੇਂ ਲੋਕਪਾਲ ਦੇ ਮੁੱਦੇ ਉਤੇ ਅੰਨਾ ਹਜ਼ਾਰੇ ਦੀ ਲਹਿਰ ਵਿਚੋਂ ਹੀ ਹੋਇਆ, ਪਰ ਇਹ ਉਹੀ ਸੀ, ਜਿਸ ਨੇ ਇਸ ਅੰਦੋਲਨ ਵਿਚ ਆਪਣੀ ਵਿਲੱਖਣ, ਨਿਆਰੀ, ਵੱਖਰੀ, ਇਥੋਂ ਤੱਕ ਕਿ ਪਿਆਰੀ ਤੇ ਸਤਿਕਾਰ ਵਾਲੀ ਪਛਾਣ ਬਣਾ ਲਈ ਸੀ। ਹੋਰਨਾਂ ਵਿਚੋਂ ਬਹੁਤ ਗੂੜ੍ਹੇ ਤੇ ਗੁੱਝੇ ਲਾਲਚਾਂ ਦੇ ਪੈਰੋਕਾਰ ਵੀ ਸਨ ਅਤੇ ਉਨ੍ਹਾਂ ਨੇ ਆਪਣੇ ਸਵਾਰਥ ਦੇ ਸਬੂਤ ਵੀ ਦਿੱਤੇ, ਜਦੋਂ ਉਨ੍ਹਾਂ ਨੇ ਛੇਤੀ ਹੀ ਹੋਰ ਰਾਜਸੀ ਪਾਰਟੀਆਂ ਵਿਚ ਸ਼ਰਨ ਲੈ ਲਈ। ਇਹ ਉਹ ਸਮਾਂ ਸੀ ਜਦੋਂ ਵੱਖ-ਵੱਖ ਟੀ.ਵੀ. ਚੈਨਲਾਂ ਉਤੇ ਹੋਣ ਵਾਲੀਆਂ ਬਹਿਸਾਂ ਵਿਚ ਕੇਜਰੀਵਾਲ ਦੀਆਂ ਵਜ਼ਨਦਾਰ ਦਲੀਲਾਂ, ਰਾਜਨੀਤਕ ਗਿਆਨ ਦਾ ਖਜ਼ਾਨਾ ਅਤੇ ਵੱਖ-ਵੱਖ ਮਸਲਿਆਂ ਉਤੇ ਉਨ੍ਹਾਂ ਦੀ ਪਰਪੱਕ ਸਮਝ ਨੇ ਆਮ ਲੋਕਾਂ ਨੂੰ ਤਾਂ ਪ੍ਰਭਾਵਿਤ ਕੀਤਾ ਹੀ, ਪਰ ਬੌਧਿਕ ਹਲਕਿਆਂ ਵਿਚ ਵੀ ਉਨ੍ਹਾਂ ਨੇ ਥਾਂ ਬਣਾ ਲਈ। 'ਟਾਈਮ' ਮੈਗਜ਼ੀਨ ਨੇ ਉਸ ਨੂੰ ਵਿਸ਼ੇਸ਼ ਜਗ੍ਹਾ ਦਿੱਤੀ, ਜਦਕਿ ਯੂਰਪ ਦੇ ਪ੍ਰਸਿਧ ਅਖਬਾਰਾਂ ਨੇ ਉਸ ਨੂੰ 'ਨਵੇਂ ਯੁੱਗ ਦਾ ਮਸੀਹਾ' ਸਮਝਿਆ। ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਦਲਿਤਾਂ, ਘੱਟ ਗਿਣਤੀਆਂ ਅਤੇ ਕਮਜ਼ੋਰ ਵਰਗਾਂ ਦੀਆਂ ਸਮੱਸਿਆਵਾਂ ਅਤੇ ਭਾਵਨਾਵਾਂ ਨੂੰ ਆਮ ਆਦਮੀ ਪਾਰਟੀ ਕੇਂਦਰ ਵਿਚ ਰੱਖ ਕੇ ਹੀ ਅੱਗੇ ਵਧੇਗੀ, ਪਰ ਇਹ ਸਭ ਕੁਝ ਵਾਵਰੋਲੇ ਨਾਲ ਹੀ ਉਡ ਗਿਆ। ਅਸੀਂ ਇਥੇ ਆਪਣੇ ਆਪ ਨੂੰ ਅਜੇ ਦਲਿਤਾਂ ਅਤੇ ਕਮਜ਼ੋਰ ਵਰਗਾਂ ਤੱਕ ਹੀ ਸੀਮਤ ਰੱਖਾਂਗੇ, ਜੋ ਆਮ ਆਦਮੀ ਪਾਰਟੀ ਵਿਚ ਹਾਸ਼ੀਏ ਵੱਲ ਧੱਕ ਦਿੱਤੇ ਗਏ ਹਨ।

ਇਹ ਠੀਕ ਹੈ ਕਿ ਕਿਸਾਨਾਂ ਦੀਆਂ ਖੁਦਕੁਸ਼ੀਆਂ ਅਤੇ ਉਨ੍ਹਾਂ ਦੀ ਡਿਗ ਰਹੀ ਆਰਥਿਕ ਹਾਲਤ ਪੰਜਾਬ ਦੀ ਅਹਿਮ ਸਮੱਸਿਆ ਹੈ, ਪਰ ਉਨ੍ਹਾਂ ਨਾਲ ਜੁੜੇ ਹੋਏ ਖੇਤ ਮਜ਼ਦੂਰਾਂ, ਸੀਰੀਆਂ ਅਤੇ ਉਨ੍ਹਾਂ ਦੇ ਰੁਲਦੇ ਪਰਿਵਾਰਾਂ ਦੀ ਹਾਲਤ ਬਦ ਤੋਂ ਬਦਤਰ ਹੈ। ਕੀ ਇਹ ਸਮੱਸਿਆ ਇਕ ਹਿਸਾਬ ਨਾਲ ਕਿਸਾਨਾਂ ਦੀ ਸਮੱਸਿਆ ਨਾਲੋਂ ਘੱਟ ਹੈ? ਉਨ੍ਹਾਂ ਦੀ ਸਥਿਤੀ ਬਾਰੇ ਵ੍ਹਾਈਟ ਪੇਪਰ ਜਾਰੀ ਹੋਣਾ ਚਾਹੀਦਾ ਹੈ, ਜਦਕਿ ਵਿਧਾਨ ਸਭਾ ਦੇ ਪਿਛਲੇ ਸੈਸ਼ਨ ਦੌਰਾਨ 'ਆਪ' ਨੇ ਇਸ ਅਤਿਅੰਤ ਮਹੱਤਵਪੂਰਨ ਮਸਲੇ ਨੂੰ ਏਜੰਡੇ ਵਿਚ ਥਾਂ ਤਾਂ ਕੀ ਦੇਣੀ ਸੀ, ਕਿਸੇ ਨੇ ਰਸਮੀ ਤੌਰ 'ਤੇ ਛੂਹਿਆ ਤੱਕ ਵੀ ਨਹੀਂ। ਅਰਵਿੰਦ ਕੇਜਰੀਵਾਲ ਦੀ 'ਆਪ' ਵਿਚ ਕਥਿਤ ਉਚੀਆਂ ਜਾਤੀਆਂ ਥੋਕ ਦੇ ਭਾਅ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਅੰਕੜੇ ਇਸ ਰੁਝਾਨ ਦੀ ਗਵਾਹੀ ਭਰਦੇ ਹਨ।

ਤੱਥ ਤੇ ਹਕੀਕਤਾਂ ਇਹ ਦੱਸਦੀਆਂ ਹਨ ਕਿ ਪੰਜਾਬ ਵਿਚ ਸੀਟਾਂ ਵੰਡਣ ਵੇਲੇ, ਜਥੇਬੰਦੀ ਦੇ ਅੰਦਰ ਵੀ ਅਤੇ ਮਲਾਈਦਾਰ ਅਹੁਦਿਆਂ ਦੀ ਚੋਣ ਵਿਚ ਖਾਂਦੇ-ਪੀਂਦੇ ਤੇ ਵੱਡੇ ਘਰਾਂ ਨੂੰ ਹੀ ਥਾਂ ਦਿੱਤੀ ਗਈ ਹੈ। ਦਿਲਚਸਪ ਸਰਵੇਖਣ ਇਹ ਕਹਿੰਦਾ ਹੈ ਕਿ ਵਿਧਾਨ ਸਭਾ ਲਈ 62 ਸੀਟਾਂ ਜੱਟ ਬਰਾਦਰੀ ਨੂੰ ਮਿਲੀਆਂ, ਪਰ ਜਿੱਤੇ ਕੇਵਲ ਅੱਠ ਹੀ। 9 ਦਲਿਤ ਭਰਾ ਜਿੱਤੇ ਅਤੇ ਦੋ ਪਛੜੀਆਂ ਜਾਤੀਆਂ ਦੇ ਉਮੀਦਵਾਰ ਜਿੱਤੇ। ਜਿਹੜੇ 8 ਜੱਟ ਉਮੀਦਵਾਰ ਜਿੱਤੇ, ਇਕ-ਅੱਧੇ ਨੂੰ ਛੱਡ ਕੇ ਬਾਕੀ ਸਾਰੇ ਜ਼ਮੀਨਾਂ ਤੇ ਜਾਇਦਾਦਾਂ ਦੇ ਮਾਲਕ ਹਨ। ਕਾਰਾਂ-ਕੋਠੀਆਂ ਵਿਚ ਰਹਿੰਦੇ ਤੇ ਸਫਰ ਕਰਦੇ ਹਨ। ਕਰੋੜਾਂ ਵਿਚ ਖੇਡਦੇ ਅਤੇ ਹਰ ਇਕ ਦੇ ਨੇੜੇ ਤੇ ਦੂਰ ਦੇ ਰਿਸ਼ਤੇਦਾਰ ਵਿਦੇਸ਼ਾਂ ਵਿਚ ਰਹਿੰਦੇ ਹਨ, ਜੋ ਇਨ੍ਹਾਂ ਨੂੰ ਪਾਰਟੀ ਲਈ ਅਕਸਰ ਫੰਡ ਭੇਜਦੇ ਹਨ। ਦੂਜੇ ਪਾਸੇ ਦਲਿਤ ਵਿਧਾਇਕਾਂ ਨੂੰ ਫੰਡਾਂ ਦੀ ਘਾਟ ਰਹਿੰਦੀ ਹੈ। ਬਾਹਰਲੇ ਮੁਲਕਾਂ ਵਿਚ ਉਨ੍ਹਾਂ ਦੇ ਬਹੁਤ ਘੱਟ ਰਿਸ਼ਤੇਦਾਰ ਹਨ। ਜਿਨ੍ਹਾਂ ਦੇ ਰਿਸ਼ਤੇਦਾਰ ਬਾਹਰਲੇ ਮੁਲਕਾਂ ਵਿਚ ਹਨ, ਉਹ ਵਿਚਾਰੇ ਅਜੇ ਆਰਥਿਕ ਤੌਰ 'ਤੇ ਖੁਦ ਹੀ ਪੈਰਾਂ ਉਤੇ ਨਹੀਂ ਖੜੋਤੇ, ਫੰਡ ਤਾਂ ਉਨ੍ਹਾਂ ਨੇ ਕੀ ਭੇਜਣੇ ਸਨ।

***'ਆਪ' ਵਿਚ ਦਲਿਤ ਰਾਜਨੀਤੀ ਦੀ ਗ਼ੈਰਹਾਜ਼ਰੀ ਉਤੇ ਚਰਚਾ ਕਰਦਿਆਂ ਸਾਨੂੰ ਰਤਾ ਅਕਾਲੀ ਰਾਜਨੀਤੀ ਅਤੇ ਕਾਂਗਰਸੀ ਰਾਜਨੀਤੀ ਵਿਚ ਦਲਿਤ ਦੀ ਥਾਂ, ਮਹੱਤਤਾ, ਰੁਤਬੇ ਦਾ ਵੀ ਵਿਸ਼ਲੇਸ਼ਣ ਕਰਨ ਦੀ ਲੋੜ ਹੈ। ਹੁਣ ਇਸ ਅਫਸੋਸਨਾਕ ਰੁਝਾਨ ਉਤੇ ਦੋ ਰਾਵਾਂ ਨਹੀਂ ਕਿ ਅਕਾਲੀ ਰਾਜਨੀਤੀ ਦੇ ਕਲਚਰ ਵਿਚ ਵੀ ਜੱਟ-ਰਾਜਨੀਤੀ ਜ਼ੋਰਾਵਰ ਹੈ, ਜਦਕਿ ਕਾਂਗਰਸੀ ਕਲਚਰ ਵਿਚ ਇਹ ਰਾਜਨੀਤੀ ਏਨੀ ਸੰਘਣੀ ਤੇ ਮਹਾਂਬਲੀ ਨਹੀਂ, ਪਰ ਜ਼ੋਰਾਵਰ ਤੇ ਪ੍ਰਭਾਵਸ਼ਾਲੀ ਅਕਾਲੀ ਰਾਜਨੀਤੀ ਜਿੰਨੀ ਹੀ ਹੈ।***

ਇਕ ਮੋਟੇ ਅੰਦਾਜ਼ੇ ਅਨੁਸਾਰ ਕਈ ਦਲਿਤ ਵਿਧਾਇਕ ਫੰਡਾਂ ਦੀ ਘਾਟ ਕਾਰਨ ਅਜੇ ਵੀ ਕਰਜ਼ਾਈ ਹਨ। ਉਨ੍ਹਾਂ ਕੋਲ ਜ਼ਮੀਨ ਨਹੀਂ ਤੇ ਉਨ੍ਹਾਂ ਦੇ ਘਰ ਵੀ ਸਾਧਾਰਨ ਹੀ ਹਨ। ਬਹੁਤਿਆਂ ਨੇ ਵਿਧਾਇਕ ਬਣਨ ਪਿਛੋਂ ਹੀ ਕਾਰਾਂ ਦੇ ਦਰਸ਼ਨ ਕੀਤੇ ਹਨ। ਨੌਂ ਦਲਿਤ ਵਿਧਾਇਕਾਂ ਵਿਚੋਂ ਕੇਵਲ ਇਕ ਨੂੰ ਹੀ ਵਿਰੋਧੀ ਧਿਰ ਦੀ ਉਪ ਨੇਤਾ ਲਈ ਚੁਣਿਆ ਗਿਆ ਹੈ। ਸੂਤਰਾਂ ਮੁਤਾਬਕ ਚੀਫ ਵ੍ਹਿਪ ਦੀ ਖਾਲੀ ਪੋਸਟ ਵੀ ਉਚੀਆਂ ਜਾਤੀਆਂ ਵਿਚੋਂ ਕਿਸੇ ਇੱਕ ਨੂੰ ਮਿਲਣ ਦੀ ਸੰਭਾਵਨਾ ਹੈ, ਜਦਕਿ ਇੱਕ ਦਲਿਤ ਵਿਧਾਇਕ ਕੋਲ ਬਾਕਾਇਦਾ ਐਲ.ਐਲ.ਬੀ. ਦੀ ਡਿਗਰੀ ਹੈ ਤੇ ਇੱਕ ਹੋਰ ਦਲਿਤ ਵਿਧਾਇਕ ਬੀਬੀ ਕਾਨੂੰਨ ਦੇ ਵਿਸ਼ੇ ਵਿਚ ਪੀਐਚ. ਡੀ. ਕਰ ਰਹੀ ਹੈ।

ਜਥੇਬੰਦੀ ਦੇ ਅੰਦਰ ਵੀ ਉਚੀਆਂ ਜਾਤੀਆਂ ਦਾ ਹੀ ਬੋਲਬਾਲਾ ਹੈ। ਉਪਰਲੀਆਂ ਦੋ ਅਸਾਮੀਆਂ ਉਤੇ ਵੀ ਤੇ ਉਚ ਜਾਤੀਆਂ ਦਾ ਹੀ ਕਬਜ਼ਾ ਹੈ, ਬਾਕੀ ਜਨਰਲ ਸਕੱਤਰਾਂ ਦਾ ਵੱਡਾ ਗੱਫਾ ਵੀ ਉਨ੍ਹਾਂ ਨੂੰ ਹੀ ਮਿਲਿਆ ਹੈ। ਜ਼ਿਲ੍ਹਿਆਂ ਵਿਚ ਵੀ ਉਨ੍ਹਾਂ ਦੀ ਹੀ ਸਰਦਾਰੀ ਹੈ। ਅਜਿਹਾ ਕਿਉਂ ਹੈ? ਇਸ ਵਿਤਕਰੇ ਦੇ ਕੀ ਕਾਰਨ ਹਨ? ਪਾਰਟੀ ਦੀ ਲੀਡਰਸ਼ਿਪ ਵਿਚ ਦਲਿਤ ਨੂੰ ਵਿਸ਼ੇਸ਼ ਅਤੇ ਪ੍ਰਮੁੱਖ ਥਾਂ ਕਿਉਂ ਨਹੀਂ ਮਿਲ ਰਹੀ? ਅਫਸੋਸ ਇਸ ਗੱਲ ਦਾ ਹੈ ਕਿ ਨਾ ਹੀ ਪਾਰਟੀ ਇਸ ਲਈ ਗੰਭੀਰ ਹੈ ਅਤੇ ਨਾ ਹੀ ਦਲਿਤ ਖੁਦ ਆਪਣਾ ਹੱਕ ਮੰਗ ਰਹੇ ਹਨ।

'ਆਪ' ਵਿਚ ਦਲਿਤ ਰਾਜਨੀਤੀ ਦੀ ਗ਼ੈਰਹਾਜ਼ਰੀ ਉਤੇ ਚਰਚਾ ਕਰਦਿਆਂ ਸਾਨੂੰ ਰਤਾ ਅਕਾਲੀ ਰਾਜਨੀਤੀ ਅਤੇ ਕਾਂਗਰਸੀ ਰਾਜਨੀਤੀ ਵਿਚ ਦਲਿਤ ਦੀ ਥਾਂ, ਮਹੱਤਤਾ, ਰੁਤਬੇ ਦਾ ਵੀ ਵਿਸ਼ਲੇਸ਼ਣ ਕਰਨ ਦੀ ਲੋੜ ਹੈ। ਹੁਣ ਇਸ ਅਫਸੋਸਨਾਕ ਰੁਝਾਨ ਉਤੇ ਦੋ ਰਾਵਾਂ ਨਹੀਂ ਕਿ ਅਕਾਲੀ ਰਾਜਨੀਤੀ ਦੇ ਕਲਚਰ ਵਿਚ ਵੀ ਜੱਟ-ਰਾਜਨੀਤੀ ਜ਼ੋਰਾਵਰ ਹੈ, ਜਦਕਿ ਕਾਂਗਰਸੀ ਕਲਚਰ ਵਿਚ ਇਹ ਰਾਜਨੀਤੀ ਏਨੀ ਸੰਘਣੀ ਤੇ ਮਹਾਂਬਲੀ ਨਹੀਂ, ਪਰ ਜ਼ੋਰਾਵਰ ਤੇ ਪ੍ਰਭਾਵਸ਼ਾਲੀ ਅਕਾਲੀ ਰਾਜਨੀਤੀ ਜਿੰਨੀ ਹੀ ਹੈ। ਇਸ ਲਈ ਪੰਜਾਬ ਦੀ ਜੱਟ-ਰਾਜਨੀਤੀ ਦੇ ਅਸਲ ਖਾਸੇ ਨੂੰ ਨੇੜਿਓਂ ਵੇਖਣ ਵਾਲੇ ਪਾਰਖੂ ਮਾਹਿਰਾਂ ਦਾ ਇਹ ਵਿਚਾਰ ਸੁੱਟਣ ਵਾਲਾ ਨਹੀਂ ਕਿ ਇਸ ਵਾਰ ਅਸੈਂਬਲੀ ਚੋਣਾਂ ਵਿਚ ਜਦੋਂ ਸਿੱਖਾਂ ਦੀ ਜੱਟ ਰਾਜਨੀਤੀ ਨੇ ਦੇਖਿਆ ਕਿ ਅਕਾਲੀ ਹਾਰ ਰਹੇ ਹਨ ਤਾਂ ਉਨ੍ਹਾਂ ਨੇ ਆਪਣੀ ਰਾਜਨੀਤਕ ਸਿਆਣਪ ਤੇ ਗਿਆਨ ਦਾ ਖਜ਼ਾਨਾ ਕਾਂਗਰਸੀਆਂ ਦੀ ਝੋਲੀ ਵਿਚ ਪਾ ਦਿੱਤਾ, ਕਿਉਂਕਿ ਅਜੋਕੇ ਹਾਲਾਤ ਵਿਚ ਉਨ੍ਹਾਂ ਨੂੰ ਲੱਗਦਾ ਸੀ ਕਿ ਕਾਂਗਰਸੀ ਕਲਚਰ ਦੀ ਰਾਜਨੀਤੀ ਵੀ ਲੈ ਦੇ ਕੇ ਉਨ੍ਹਾਂ ਦੀ ਆਪਣੀ ਹੀ ਹੈ, ਪਰ ਉਹ ਕਿਸੇ ਵੀ ਹਾਲਤ ਵਿਚ ਤੀਜੀ ਧਿਰ, ਭਾਵ 'ਆਪ' ਨੂੰ ਪੰਜਾਬ ਅੰਦਰ ਜੇਤੂਆਂ ਦੇ ਰੂਪ ਵਿਚ ਵੇਖਣ ਲਈ ਰਾਜ਼ੀ ਨਹੀਂ ਸਨ। ਉਂਜ, ਉਨ੍ਹਾਂ ਨੂੰ ਕੀ ਪਤਾ ਸੀ ਕਿ 'ਆਪ' ਅੰਦਰ ਵੀ ਥੋੜ੍ਹੇ ਬਹੁਤੇ ਫਰਕ ਨਾਲ ਜੱਟ ਰਾਜਨੀਤੀ ਦਾ ਹੀ ਬੋਲਬਾਲਾ ਰਹੇਗਾ। ਅਕਾਲੀ-ਰਾਜਨੀਤੀ ਗਰੀਬ ਗੁਰਬਿਆਂ ਅਤੇ ਕਿਰਤੀਆਂ ਤੇ ਮਜ਼ਲੂਮਾਂ ਦੀ ਰਾਖੀ ਕਰਨ ਦੀ ਥਾਂ ਐਸ਼ੋ-ਇਸ਼ਰਤ ਕਰਨ ਵਾਲਿਆਂ ਅਤੇ ਟੱਬਰ-ਪਾਲ ਰਾਜਨੀਤੀ ਕਰਨ ਵਾਲਿਆਂ ਦੇ ਕਬਜ਼ੇ ਹੇਠ ਚਲੀ ਗਈ ਹੈ ਅਤੇ ਇਹ ਪੰਜਾਬ ਦੇ ਇਤਿਹਾਸ ਨਾਲ ਵੱਡਾ ਵਿਸ਼ਵਾਸਘਾਤ ਹੋਇਆ ਹੈ, ਪਰ ਆਮ ਆਦਮੀ ਪਾਰਟੀ ਉਤੇ ਅਜੇ ਵੱਡੇ ਇਲਜ਼ਾਮ ਲਾਉਣਾ ਸਥਿਤੀ ਦੀ ਗ਼ੈਰ-ਹਕੀਕੀ ਪੜਚੋਲ ਹੋਵੇਗੀ। ਉਹ ਦਲਿਤਾਂ ਵੱਲ ਮੂੰਹ ਕਰੇਗੀ, ਇਸ ਦੀ ਉਮੀਦ ਬਹੁਤ ਘੱਟ ਹੈ।

***ਭਾਰਤ ਦਾ ਉਤਰੀ ਹਿੱਸਾ ਸੰਘਣੇ ਧੁੰਦਨੁਮਾ ਗ਼ਰਦ-ਗੁਬਾਰ ਦੀ ਲਪੇਟ ਵਿਚ ਹੋਣ ਕਾਰਨ ਰੋਜ਼ਮਰਾ ਜ਼ਿੰਦਗੀ ਪ੍ਰਭਾਵਿਤ ਹੋ ਚੁੱਕੀ ਹੈ। ਪੰਜਾਬ ਹੈ ਜਾਂ ਦਿੱਲੀ, ਸੜਕੀ ਹਾਦਸੇ ਜਾਨਾਂ ਦਾ ਖ਼ੌਅ ਬਣੇ ਹੋਏ ਹਨ, ਪਰ ਇਸ ਨੂੰ ਲੈ ਕੇ ਹੋ ਰਹੀ ਚਰਚਾ ਵਿਚ ਇਸ ਦਾ ਇਕੋ-ਇਕ ਜ਼ਿੰਮੇਵਾਰ ਪੰਜਾਬ ਦੇ ਕਿਸਾਨਾਂ ਵਲੋਂ ਝੋਨੇ ਦੀ ਪਰਾਲੀ ਸਾੜੇ ਜਾਣ ਨੂੰ ਠਹਿਰਾਇਆ ਗਿਆ ਹੈ। ਨਿਸ਼ਚੇ ਹੀ ਇਸ ਵਿਚ ਪੌਣਪਾਣੀ ਪ੍ਰਤੀ ਕਿਸਾਨਾਂ ਦੀ ਲਾਪਰਵਾਹੀ ਦੀ ਕੁਝ ਭੂਮਿਕਾ ਹੈ, ਪਰ ਉਸ ਖੇਤੀ ਮਾਡਲ ਦੀ ਮੁੱਖ ਭੂਮਿਕਾ ਉਪਰ ਪਰਦਾ ਪਾ ਦਿੱਤਾ ਗਿਆ ਹੈ ਜੋ ਕਿਸਾਨਾਂ ਦੀ ਚੋਣ ਨਹੀਂ, ਬਲਕਿ ਮੁਲਕ ਦੇ ਹੁਕਮਰਾਨਾਂ ਵਲੋਂ ਆਪਣੇ ਸੌੜੇ ਹਿਤਾਂ ਲਈ ਥੋਪਿਆ ਸੀ ਜਿਸ ਦੀ ਥਾਂ ਵਾਤਾਵਰਣ ਹਿਤੈਸ਼ੀ ਖੇਤੀ ਮਾਡਲ ਪੇਸ਼ ਕਰਨ ਦੀ ਕੋਈ ਕੋਸ਼ਿਸ਼ ਹੁਕਮਰਾਨਾਂ ਦੀ ਤਰਫ਼ੋਂ ਨਹੀਂ ਹੋ ਰਹੀ। ਇਸ ਨੇ ਨਾ ਕੇਵਲ ਆਬੋ-ਹਵਾ ਵਿਚ ਜ਼ਹਿਰਾਂ ਘੋਲ ਕੇ ਪੰਜਾਬ ਨੂੰ ਰੋਗੀ ਬਣਾ ਦਿੱਤਾ। ਇਸ ਲੇਖ ਵਿਚ ਪੱਤਰਕਾਰ ਪੁਨਿਆ ਪ੍ਰਸੂੰਨ ਵਾਜਪਾਈ ਨੇ ਸਰਕਾਰਾਂ ਦੇ ਪ੍ਰਦੂਸ਼ਣ ਨੂੰ ਘਟਾਉਣ ਪ੍ਰਤੀ ਰਵੱਈਏ ਦੀ ਚਰਚਾ ਕੀਤੀ ਹੈ ਜਿਸ ਦਾ ਸਾਡੇ ਕਾਲਮਨਵੀਸ ਬੂਟਾ ਸਿੰਘ ਵੱਲੋਂ ਕੀਤਾ ਪੰਜਾਬੀ ਅਨੁਵਾਦ ਪਾਠਕਾਂ ਦੇ ਰੂ-ਬ-ਰੂ ਕੀਤਾ ਜਾ ਰਿਹਾ ਹੈ। -ਸੰਪਾਦਕ***

# ਕਿਸ ਨੂੰ ਫਿਕਰ ਹੈ ਦਿੱਲੀ ਦੀ ਹਵਾ 'ਚ ਘੁਲੇ ਜ਼ਹਿਰ ਦੀ?

**ਪੁਨਿਆ ਪ੍ਰਸੂੰਨ ਵਾਜਵਾਈ**
**ਅਨੁਵਾਦ : ਬੂਟਾ ਸਿੰਘ**

2675 ਕਰੋੜ 42 ਲੱਖ ਰੁਪਏ। ਇਹ ਹੈ ਭਾਰਤ ਦਾ ਵਾਤਾਵਰਣ ਬਜਟ। ਜੀ ਹਾਂ, ਵਾਤਾਵਰਣ ਮੰਤਰਾਲੇ ਦਾ ਬਜਟ। ਜਿਸ ਮੁਲਕ ਵਿਚ ਪ੍ਰਦੂਸ਼ਣ ਦੀ ਵਜ੍ਹਾ ਨਾਲ ਹਰ ਮਿੰਟ ਵਿਚ 5 ਦੇ ਹਿਸਾਬ, ਯਾਨੀ ਹਰ ਸਾਲ 25 ਲੱਖ ਤੋਂ ਵਧੇਰੇ ਲੋਕ ਮਰ ਜਾਂਦੇ ਹਨ, ਉਸ ਮਹਾਨ ਮੁਲਕ ਵਿਚ ਵਾਤਾਵਰਣ ਨੂੰ ਠੀਕ ਰੱਖਣ ਲਈ ਬਜਟ ਸਿਰਫ਼ 2675.42 ਕਰੋੜ ਹੈ। 2014 ਦੀਆਂ ਲੋਕ ਸਭਾ ਚੋਣਾਂ ਵਿਚ 3870 ਕਰੋੜ ਰੁਪਏ ਖ਼ਰਚੇ ਗਏ। ਔਸਤ ਹਰ ਸਾਲ ਬੈਂਕਾਂ ਤੋਂ ਕਰਜ਼ਾ ਲੈ ਕੇ ਨਾ ਮੋੜਨ ਵਾਲੇ ਰਈਸ 2 ਲੱਖ ਕਰੋੜ ਰੁਪਏ ਡਕਾਰ ਜਾਂਦੇ ਹਨ। ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਦੇ ਚੋਣ ਪ੍ਰਚਾਰ ਉਪਰ ਹੀ 3000 ਕਰੋੜ ਰੁਪਏ ਤੋਂ ਜ਼ਿਆਦਾ ਫੂਕੇ ਜਾ ਰਹੇ ਹਨ, ਪਰ ਮੁਲਕ ਦੇ ਵਾਤਾਵਰਣ ਲਈ ਸਰਕਾਰ ਦਾ ਜੋ ਉਪਰੋਕਤ ਬਜਟ ਹੈ, ਉਸ ਨੂੰ ਲੈ ਕੇ ਵੀ ਮੁਸ਼ਕਲ ਇਹ ਹੈ ਕਿ ਇਹ ਬਜਟ ਸਿਰਫ਼ ਵਾਤਾਵਰਣ ਦੀ ਸੰਭਾਲ ਲਈ ਨਹੀਂ ਹੈ; ਬਲਕਿ ਦਫ਼ਤਰਾਂ ਨੂੰ ਸੰਭਾਲਣ ਵਿਚ 439.56 ਕਰੋੜ ਰੁਪਏ ਖ਼ਰਚੇ ਜਾਂਦੇ ਹਨ। ਸੂਬਿਆਂ ਨੂੰ ਸਿਰਫ਼ 962.01 ਕਰੋੜ ਰੁਪਏ ਦਿੱਤੇ ਜਾਂਦੇ ਹਨ। ਸਮੁੱਚੇ ਪ੍ਰੋਜੈਕਟ ਲਈ 915.21 ਕਰੋੜ ਰੁਪਏ ਦਾ ਬਜਟ ਹੈ। ਰੈਗੂਲੇਟਰੀ ਸੰਸਥਾਵਾਂ ਲਈ ਸਿਰਫ਼ 358.64 ਕਰੋੜ ਰੁਪਏ ਦਾ ਬਜਟ ਹੈ। ਇਸ ਪੂਰੇ ਬਜਟ ਵਿਚੋਂ ਜੇ ਤੁਸੀਂ ਸਿਰਫ਼ ਵਾਤਾਵਰਣ ਸੰਭਾਲ ਦੇ ਬਜਟ ਉਪਰ ਗ਼ੌਰ ਕਰੋਗੇ ਤਾਂ ਜਾਣ ਕੇ ਹੈਰਾਨ ਹੋ ਜਾਵੋਗੇ ਕਿ ਸਿਰਫ਼ 489.53 ਕਰੋੜ ਹੀ ਸਿੱਧੇ ਪ੍ਰਦੂਸ਼ਣ ਨਾਲ ਸਬੰਧਤ ਹੈ ਜਿਸ ਤੋਂ ਦਿੱਲੀ ਸਮੇਤ ਸਮੁੱਚਾ ਉਤਰੀ ਹਿੰਦੁਸਤਾਨ ਅੱਜ ਕੱਲ੍ਹ ਬੇਹੱਦ ਪ੍ਰੇਸ਼ਾਨ ਹੈ। ਇਸ ਨੂੰ ਲੈ ਕੇ ਜਦੋਂ ਹਰ ਕੋਈ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਸਵਾਲ ਕਰਦਾ ਹੈ ਤਾਂ ਗ਼ੌਰ ਕਰਨਾ ਬਣਦਾ ਹੈ ਕਿ ਇਸ ਦਾ ਕੁਲ ਬਜਟ ਹੀ 74 ਕਰੋੜ 30 ਲੱਖ ਰੁਪਏ ਦਾ ਹੈ। ਇਸ ਤਰ੍ਹਾਂ ਮੁਲਕ ਦੇ ਪ੍ਰਦੂਸ਼ਣ ਮੰਤਰਾਲੇ ਦੇ ਕੁਲ ਬਜਟ ਦਾ ਹਾਲ ਇਹ ਹੈ ਕਿ ਮੁਲਕ ਵਿਚ ਪ੍ਰਤੀ ਵਿਅਕਤੀ ਸਰਕਾਰ ਸਿਰਫ਼ 21 ਰੁਪਏ ਖ਼ਰਚ ਕਰਦੀ ਹੈ। ਅਗਲਾ ਸੱਚ ਇਹ ਹੈ ਕਿ ਇਕ ਪਾਸੇ ਵਾਤਾਵਰਣ ਮੰਤਰਾਲੇ ਦਾ ਬਜਟ ਸਿਰਫ਼ 2675.42 ਕਰੋੜ ਰੁਪਏ ਹੈ, ਦੂਜੇ ਪਾਸੇ ਵਾਤਾਵਰਣ ਦੇ ਵਿਗਾੜਾਂ ਤੋਂ ਬਚਣ ਦੇ ਉਪਾਅ ਕਰਨ ਵਾਲੀ ਸਨਅਤ ਦਾ ਮੁਨਾਫ਼ਾ 3000 ਕਰੋੜ ਤੋਂ ਉਪਰ ਹੈ!

ਮੁਲਕ ਦੇ ਵਾਤਾਵਰਣ ਮੰਤਰੀ ਹਰਸ਼ਵਰਧਨ ਉਸ ਵਕਤ ਜਰਮਨੀ ਵਿਚ ਸਨ ਜਦੋਂ ਦਿੱਲੀ ਗੈਸ ਚੈਂਬਰ ਬਣ ਚੁੱਕੀ ਸੀ। ਵਾਪਸ ਆ ਕੇ ਵੀ ਉਹ ਦਿੱਲੀ ਨਹੀਂ ਪਹੁੰਚੇ, ਬਲਕਿ ਉਹ ਆਪਣੀ ਗੱਲ ਗੋਆ ਤੋਂ ਕਹਿ ਰਹੇ ਹਨ। ਜ਼ਾਹਿਰ ਹੈ ਕਿ ਵਾਤਾਵਰਣ ਮੰਤਰੀ ਵੀ ਇਸ ਸੱਚ ਨੂੰ ਸਮਝਦੇ ਹਨ ਕਿ ਉਨ੍ਹਾਂ ਦੇ ਮੰਤਰਾਲੇ ਦੇ ਬਜਟ ਵਿਚ ਪ੍ਰਦੂਸ਼ਣ ਤੋਂ ਮੁਕਤੀ ਲਈ ਹੀ ਸਿਰਫ਼ 275 ਕਰੋੜ ਰੁਪਏ ਹਨ ਅਤੇ ਪ੍ਰੋਜੈਕਟ ਟਾਈਗਰ ਦੇ ਲਈ 345 ਕਰੋੜ ਰੁਪਏ।

ਵਾਤਾਵਰਣ ਮੰਤਰੀ ਦਾ ਕੰਮ ਦੁਨੀਆ ਭਰ ਵਿਚ ਵਾਤਾਵਰਣ ਨੂੰ ਲੈ ਕੇ ਫ਼ਿਕਰਮੰਦੀ ਦੇ ਦਰਮਿਆਨ ਵੱਖ-ਵੱਖ ਕਾਨਫਰੰਸਾਂ ਵਿਚ ਸ਼ਾਮਲ ਹੋਣ ਤੋਂ ਇਲਾਵਾ ਹੋਰ ਕੀ ਹੋ ਸਕਦਾ ਹੈ। ਜਰਮਨੀ ਵਿਚ ਵੀ ਵਾਤਾਵਰਣ ਮੰਤਰੀ ਸੰਯੁਕਤ ਰਾਸ਼ਟਰ ਦੇ ਮੌਸਮ ਬਦਲਾਓ ਦੀ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਹੀ ਗਏ ਸਨ। ਇਸ ਹਾਲਤ ਵਿਚ ਇਕ ਸਵਾਲ ਜਿਊਣ ਦੇ ਹੱਕ ਦਾ ਵੀ ਹੈ, ਕਿਉਂਕਿ ਸੰਵਿਧਾਨ ਦੀ ਧਾਰਾ 21 ਵਿਚ ਸਾਫ਼ ਸਾਫ਼ ਜਿਊਣ ਦਾ ਹੱਕ ਦਰਜ ਕੀਤਾ ਗਿਆ ਹੈ। ਅਤੇ ਸੰਵਿਧਾਨ ਦੀ ਧਾਰਾ 21 ਦੇ ਤਹਿਤ ਸਾਫ਼ ਵਾਤਾਵਰਣ ਵਿਚ ਜ਼ਿੰਦਗੀ ਜਿਊਣ ਦੇ ਹੱਕ ਨੂੰ ਪਹਿਲੀ ਵਾਰ ਉਸ ਵਕਤ ਮਾਨਤਾ ਦਿੱਤੀ ਗਈ ਸੀ, ਜਦੋਂ ਰੂਰਲ ਲਿਟੀਗੇਸ਼ਨ ਐਂਡ ਐਨਟਾਈਟਲਮੈਂਟ ਕੇਂਦਰ ਬਨਾਮ ਰਾਜ, ਏ.ਆਈ.ਆਰ. 1988 ਸੁਪਰੀਮ ਕੋਰਟ 2187 (ਦੇਹਰਾਦੂਨ ਖ਼ਨਣ ਮਾਮਲੇ ਵਜੋਂ ਮਸ਼ਹੂਰ) ਦਾ ਮਾਮਲਾ ਸਾਹਮਣਾ ਆਇਆ ਸੀ। ਇਹ ਹਿੰਦੁਸਤਾਨ ਵਿਚ ਆਪਣੀ ਤਰ੍ਹਾਂ ਦਾ ਪਹਿਲਾ ਮਾਮਲਾ ਸੀ, ਜਿਸ ਵਿਚ ਸੁਪਰੀਮ ਕੋਰਟ ਨੇ ਵਾਤਾਵਰਣ (ਸੰਭਾਲ) ਅਧਿਨਿਯਮ 1986 ਦੇ ਤਹਿਤ ਵਾਤਾਵਰਣ ਅਤੇ ਵਾਤਾਵਰਣ ਸੰਤੁਲਨ ਸਬੰਧੀ ਮੁੱਦਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਮਾਮਲੇ ਵਿਚ ਗ਼ੈਰਕਾਨੂੰਨੀ ਖਣਣ ਨੂੰ ਰੋਕਣ ਦੇ ਨਿਰਦੇਸ਼ ਦਿੱਤੇ ਸਨ।

ਨਾਲ ਹੀ ਐਮ.ਸੀ. ਮਹਿਤਾ ਬਨਾਮ ਇੰਡੀਅਨ ਯੂਨੀਅਨ, ਏ.ਆਈ.ਆਰ. 1988 ਸੁਪਰੀਮ ਕੋਰਟ 2187 ਮਾਮਲੇ ਵਿਚ ਸੁਪਰੀਮ ਕੋਰਟ ਨੇ ਪ੍ਰਦੂਸ਼ਣ ਰਹਿਤ ਵਾਤਾਵਰਣ ਵਿਚ ਜਿਊਣ ਦੇ ਹੱਕ ਨੂੰ ਸੰਵਿਧਾਨ ਦੀ ਧਾਰਾ 21 ਤਹਿਤ ਜ਼ਿੰਦਗੀ ਜਿਊਣ ਦੇ ਮੌਲਿਕ ਹੱਕ ਦੇ ਅੰਗ ਦੇ ਤੌਰ 'ਤੇ ਸਵੀਕਾਰ ਕੀਤਾ ਸੀ, ਪਰ ਮੁਲਕ ਵਿਚ ਹਰ ਮਿੰਟ ਵਿਚ 5 ਲੋਕਾਂ ਦੀ ਮੌਤ ਪ੍ਰਦੂਸ਼ਣ ਨਾਲ ਹੋ ਰਹੀ ਹੈ। ਇਹ ਇਸ ਕਰਕੇ ਗ਼ੌਰਤਲਬ ਹੈ ਕਿ ਇਸ ਮੁਲਕ ਵਿਚ ਪ੍ਰਧਾਨ ਮੰਤਰੀ ਤੋਂ ਲੈ ਕੇ ਮੁੱਖ ਮੰਤਰੀ ਅਤੇ ਹਰ ਮੰਤਰੀ ਹੀ ਨਹੀਂ, ਹਰ ਸੰਸਦ ਮੈਂਬਰ ਵੀ ਸੰਵਿਧਾਨ ਦੀ ਸਹੁੰ ਖਾ ਕੇ ਅਹੁਦਾ ਸੰਭਾਲਦਾ ਹੈ। ਜਦੋਂ ਜਿਊਣ ਦੇ ਹੱਕ ਦੀਆਂ ਧੱਜੀਆਂ ਉਡ ਰਹੀਆਂ ਹਨ ਤਾਂ ਇਸ ਉਪਰ ਚਰਚਾ ਲਈ ਇਹ ਲੋਕ ਸੰਸਦ ਦਾ ਵਿਸ਼ੇਸ਼ ਸੈਸ਼ਨ ਕਿਉਂ ਨਹੀਂ ਬੁਲਾ ਰਹੇ? ਸੁਪਰੀਮ ਕੋਰਟ ਖ਼ੁਦ ਹੀ ਨੋਟਿਸ ਲੈ ਕੇ ਕੇਂਦਰ ਨੂੰ ਨੋਟਿਸ ਦੇ ਕੇ ਇਹ ਸਵਾਲ ਕਿਉਂ ਨਹੀਂ ਪੁੱਛ ਰਹੀ? ਏਮਜ਼ ਦੇ ਡਾਇਰੈਕਟਰ ਤਕ ਕਹਿ ਰਹੇ ਹਨ ਕਿ ਦਿੱਲੀ ਵਿਚ ਲੰਡਨ ਦੇ 1952 ਦੇ 'ਦਿ ਗਰੇਟ ਸਮਾਗ' ਵਰਗੇ ਹਾਲਾਤ ਬਣ ਰਹੇ ਹਨ। ਫਿਰ ਵੀ ਵਾਤਾਵਰਣ ਨੂੰ ਲੈ ਕੇ ਸੰਸਦ ਦੀ ਤਾਂ ਗੱਲ ਛੱਡੋ, ਤਮਾਮ ਸੂਬਿਆਂ ਦੇ ਮੁੱਖ ਮੰਤਰੀ ਵੀ ਮਿਲ ਬੈਠਣ ਲਈ ਤਿਆਰ ਨਹੀਂ ਹਨ।



*ਨਵੀਂ ਦਿੱਲੀ ਵਿਚ ਦਿਨੇ ਹੀ ਪਏ ਹਨੇਰ ਦੀ ਮੂੰਹ ਬੋਲਦੀ ਤਸਵੀਰ।*

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਤੋਂ ਮੁਲਾਕਾਤ ਦਾ ਵਕਤ ਮੰਗ ਰਹੇ ਹਨ। ਹਰ ਸੂਬੇ ਦੀ ਮੁਸ਼ਕਲ ਇਹ ਵੀ ਹੈ ਕਿ ਕਿਸੇ ਦੇ ਕੋਲ ਵਾਤਾਵਰਣ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਨੂੰ ਰੋਕਣ ਲਈ ਵੱਖਰਾ ਬਜਟ ਨਹੀਂ ਹੈ। ਇਸ ਹਾਲਤ ਵਿਚ ਗੈਸ ਚੈਂਬਰ ਬਣ ਚੁੱਕੀ ਦਿੱਲੀ ਵਿਚ ਲੋਕਾਂ ਦੇ ਸਾਹ ਦੀ ਡੋਰ ਕਦੋਂ ਟੁੱਟ ਜਾਵੇ, ਕੁਝ ਨਹੀਂ ਕਿਹਾ ਜਾ ਸਕਦਾ। ਮੁਲਕ ਦੀ ਰਾਜਧਾਨੀ ਵਿਚ ਲੋਕ ਸਮਾਗ ਵਿਚ ਦਮ ਘੁਟ ਕੇ ਨਹੀਂ ਮਰਨਗੇ, ਇਸ ਦੀ ਜ਼ਾਮਨੀ ਦੇਣ ਵਾਲਾ ਕੋਈ ਨਹੀਂ। ਸੱਚ ਕਿਉਂਕਿ ਇਹੀ ਹੈ ਕਿ ਆਮ ਆਦਮੀ ਦੀ ਜਾਨ ਦੀ ਫ਼ਿਕਰ ਕਿਸੇ ਨੂੰ ਨਹੀਂ ਹੈ। ਆਲਮ ਇਹ ਹੈ ਕਿ ਸੁਪਰੀਮ ਕੋਰਟ, ਹਾਈ ਕੋਰਟ ਅਤੇ ਐਨ.ਜੀ.ਟੀ. (ਨੈਸ਼ਨਲ ਗਰੀਨ ਟ੍ਰਿਬਿਊਨਲ) ਨੇ ਤਿੰਨ ਸਾਲ ਵਿਚ ਕੇਂਦਰ ਅਤੇ ਦਿੱਲੀ ਸਰਕਾਰ ਨੂੰ ਪ੍ਰਦੂਸ਼ਣ ਨੂੰ ਰੋਕਣ ਵਿਚ ਨਾਕਾਮ ਰਹਿਣ ਦੇ ਲਈ ਕਈ ਵਾਰ ਫ਼ਿਟਕਾਰ ਪਾਈ ਹੈ ਅਤੇ ਤਿੰਨਾਂ ਅਦਾਲਤਾਂ ਨੇ ਤਿੰਨ ਸਾਲ ਵਿਚ 44 ਤੋਂ ਜ਼ਿਆਦਾ ਵਾਰ ਵੱਖ-ਵੱਖ ਆਦੇਸ਼ ਦਿੱਤੇ- ਜਿਨ੍ਹਾਂ ਦੀਆਂ ਧੱਜੀਆਂ ਉਡਾਈਆਂ ਗਈਆਂ। ਮਸਲਨ, ਸੁਪਰੀਮ ਕੋਰਟ ਨੇ ਤਿੰਨ ਸਾਲ ਵਿਚ 18 ਆਦੇਸ਼ ਦਿਤੇ। ਹਾਈਕੋਰਟ ਨੇ ਵੀ ਤਿੰਨ ਸਾਲ ਵਿਚ 18 ਆਦੇਸ਼ ਦਿੱਤੇ। ਐਨ.ਜੀ.ਟੀ. ਦੇ ਤਿੰਨ ਸਾਲ ਵਿਚ 8 ਆਦੇਸ਼ ਹਨ। ਇਨ੍ਹਾਂ ਆਦੇਸ਼ਾਂ ਉਪਰ ਅਮਲ ਹੋਇਆ ਹੁੰਦਾ ਤਾਂ ਦਿੱਲੀ ਦਾ ਅੱਜ ਇਹ ਹਾਲ ਨਾ ਹੁੰਦਾ। ਕਿਉਂਕਿ ਪਰਾਲੀ ਸਾੜਨ ਤੋਂ ਹੋਣ ਵਾਲੇ ਪ੍ਰਦੂਸ਼ਣ ਨੂੰ ਲੈ ਕੇ ਡੀਜ਼ਲ ਗੱਡੀਆਂ ਉਪਰ ਰੋਕ ਤਕ ਕਈ ਆਦੇਸ਼ ਦਿੱਤੇ ਗਏ, ਲੇਕਿਨ ਅਮਲੀ ਜਾਮਾ ਕਿਸੇ ਨੂੰ ਨਹੀਂ ਪਹਿਨਾਇਆ ਜਾ ਸਕਿਆ।

ਗੈਸ ਚੈਂਬਰ ਦਾ ਰੂਪ ਧਾਰ ਚੁੱਕੀ ਦਿੱਲੀ ਵਿਚ ਧੁੰਦ ਦੀ ਵਜ੍ਹਾ ਨਾਲ 20 ਤੋਂ ਉਪਰ ਲੋਕਾਂ ਦੀ ਜਾਨ ਜਾ ਚੁੱਕੀ ਹੈ। ਫਿਰ ਵੀ ਦਿੱਲੀ, ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੇ ਆਪਸ ਵਿਚ ਗੱਲ ਤਕ ਨਹੀਂ ਕੀਤੀ ਹੈ। ਮਸਨੂਈ ਬਾਰਿਸ਼ ਉਪਰ ਕੋਈ ਫ਼ੈਸਲਾ ਨਹੀਂ ਹੋ ਸਕਿਆ। ਇਕ ਏਜੰਸੀ ਕਹਿੰਦੀ ਹੈ ਕਿ ਇਹ ਜ਼ਰੂਰੀ ਹੈ ਤਾਂ ਕੇਂਦਰ ਸਰਕਾਰ ਇਸ ਨੂੰ ਖ਼ਾਰਜ ਕਰ ਦਿੰਦੀ ਹੈ। ਸਰਕਾਰ ਦੇ ਹੀ ਵੱਖ-ਵੱਖ ਮੰਤਰੀ ਵੱਖ-ਵੱਖ ਦਲੀਲਾਂ ਦੇਈ ਜਾਂਦੇ ਹਨ। ਆਖ਼ਰੀ ਸੱਚ ਇਹੀ ਹੈ ਕਿ ਧੁੰਦ ਵਿਚ ਪਸਰੇ ਜ਼ਹਿਰ ਨੂੰ ਸਾਹਾਂ ਵਿਚ ਉਤਾਰਨਾ ਉਸ ਗ਼ਰੀਬ ਆਦਮੀ ਦੀ ਮਜਬੂਰੀ ਹੈ ਜਿਸ ਨੂੰ ਰਾਤ ਨੂੰ ਪੇਟ ਭਰਨ ਲਈ ਸਵੇਰੇ ਹੀ ਕੰਮ ਉਪਰ ਨਿਕਲਣਾ ਪੈਂਦਾ ਹੈ। ਉਹ ਘਰ ਦੀ ਚਾਰਦੀਵਾਰੀ ਵਿਚ ਬੰਦ ਹੋ ਕੇ ਨਹੀਂ ਬੈਠ ਸਕਦਾ। ਉਹ ਏਅਰ ਪਿਊਰੀਫਾਇਰ ਨਹੀਂ ਖ਼ਰੀਦ ਸਕਦਾ। ਉਹ ਕਾਰ ਵਿਚ ਕੰਮ ਉਪਰ ਨਹੀਂ ਜਾ ਸਕਦਾ। ਉਸ ਨੂੰ ਕੰਮ ਉਪਰ ਜਾਣਾ ਹੀ ਪਵੇਗਾ। ਉਸ ਨੂੰ ਸਾਹ ਦੁਆਰਾ ਆਪਣੀ ਛਾਤੀ ਵਿਚ ਜ਼ਹਿਰ ਨਿਗਲਣਾ ਹੀ ਪਵੇਗਾ।

ਸਵਾਲ ਇਹ ਹੈ ਕਿ ਕੀ ਜ਼ਹਿਰੀਲੀ ਧੁੰਦ ਉਪਰ ਸਰਕਾਰ ਕੁਝ ਕਰੇਗੀ ਜਾਂ ਵਾਤਾਵਰਣ ਦਾ ਜੋ ਤਮਾਸ਼ਾ ਚਲ ਰਿਹਾ ਹੈ, ਉਹ ਕੁਦਰਤ ਦੇ ਆਸਰੇ ਖ਼ੁਦ ਹੀ ਖ਼ਤਮ ਹੋ ਜਾਵੇਗਾ। ਕਿਉਂਕਿ ਕੁਦਰਤ ਦੇਰ ਸਵੇਰ ਖ਼ੁਦ ਹੀ ਧੁੰਦ ਨੂੰ ਹਟਾ ਦੇਵੇਗੀ ਅਤੇ ਅਵਾਮ-ਸਰਕਾਰ-ਅਦਾਲਤ ਸਾਰੇ ਮੁੜ ਆਪੋ ਆਪਣੇ ਕੰਮਾਂ ਧੰਦਿਆਂ ਵਿਚ ਲੱਗ ਜਾਣਗੇ। ਜ਼ਹਿਰੀਲੀ ਧੁੰਦ ਤੋਂ ਬੇਪ੍ਰਵਾਹ!

# ਆਬੋ-ਹਵਾ 'ਚ ਨਿਘਾਰ ਤੇ ਨਿਖਾਰ

ਜੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਦੇ ਦਾਅਵਿਆਂ ਉਤੇ ਯਕੀਨ ਕੀਤਾ ਜਾਵੇ ਤਾਂ ਰਾਜ ਵਿਚ ਚਲੰਤ ਰੁੱਤ ਦੌਰਾਨ ਝੋਨੇ ਦੀ ਪਰਾਲੀ ਸਾੜਨ ਕਾਰਨ ਪ੍ਰਦੂਸ਼ਣ ਓਨਾ ਨਹੀਂ ਵਧਿਆ, ਜਿੰਨਾ ਪਿਛਲੇ ਸਾਲਾਂ ਦੌਰਾਨ ਵਧਦਾ ਰਿਹਾ ਹੈ। ਬੋਰਡ ਦਾ ਇਹ ਵੀ ਦਾਅਵਾ ਹੈ ਕਿ ਉਤਰੀ ਭਾਰਤ, ਖ਼ਾਸ ਤੌਰ 'ਤੇ ਕੌਮੀ ਰਾਜਧਾਨੀ ਖੇਤਰ ਦਿੱਲੀ ਦੀ ਫ਼ਿਜ਼ਾ ਵਿਚ ਫੈਲੀ ਧੁਆਂਖੀ ਧੁੰਦ ਵਿਚ ਪੰਜਾਬ ਦਾ ਕੋਈ 'ਯੋਗਦਾਨ' ਨਹੀਂ, ਸਗੋਂ ਦਿੱਲੀ ਦੀ ਧੁਆਂਖੀ ਹਵਾ ਤਾਂ ਪੰਜਾਬ ਦਾ ਵੀ ਨੁਕਸਾਨ ਕਰ ਰਹੀ ਹੈ। ਇਨ੍ਹਾਂ ਦਾਅਵਿਆਂ ਦਾ ਕੱਚ-ਸੱਚ ਤਾਂ ਵਾਤਾਵਰਨ ਮਾਹਿਰ, ਖ਼ਾਸ ਤੌਰ 'ਤੇ ਨਿਰਪੱਖ ਮਾਹਿਰ ਹੀ ਸਾਹਮਣੇ ਲਿਆ ਸਕਦੇ ਹਨ, ਪਰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅੰਕੜੇ ਹਨ ਪ੍ਰਭਾਵਸ਼ਾਲੀ। ਬੋਰਡ ਅਨੁਸਾਰ, ਇਸ ਸਾਲ 11 ਨਵੰਬਰ ਤਕ ਪੰਜਾਬ ਵਿਚ ਪਰਾਲੀ ਸਾੜਨ ਦੇ ਕੁੱਲ 42025 ਮਾਮਲੇ ਸਾਹਮਣੇ ਆਏ ਹਨ, ਜਦੋਂਕਿ ਪਿਛਲੇ ਸਾਲ ਇਸੇ ਤਰੀਕ ਤਕ 76045 ਮਾਮਲੇ ਸਾਹਮਣੇ ਆਏ ਸਨ। ਇਸ ਤਰ੍ਹਾਂ ਅਜਿਹੇ ਕੇਸਾਂ ਵਿਚ 44.73 ਫ਼ੀਸਦੀ ਦੀ ਕਮੀ ਕਾਰਨ ਪੰਜਾਬ ਦੀ ਆਬੋ-ਹਵਾ ਵਿਚ ਪਿਛਲੇ ਸਾਲ ਦੇ ਇਨ੍ਹਾਂ ਦਿਨਾਂ ਦੇ ਮੁਕਾਬਲੇ ਸੁਧਾਰ ਹੀ ਹੋਇਆ, ਨਿਘਾਰ ਨਹੀਂ।

ਬੋਰਡ ਦੇ ਅੰਕੜੇ ਇਹ ਵੀ ਦੱਸਦੇ ਹਨ ਕਿ ਰਾਜ ਦੇ ਚਾਰ ਜ਼ਿਲ੍ਹਿਆਂ- ਮੁਹਾਲੀ, ਰੂਪਨਗਰ, ਹੁਸ਼ਿਆਰਪੁਰ ਤੇ ਨਵਾਂ ਸ਼ਹਿਰ ਵਿਚ ਪਰਾਲੀ ਸਾੜਨ ਦੇ ਮਾਮਲਿਆਂ ਵਿਚ ਭਰਵੀਂ ਕਮੀ ਦਰਜ ਕੀਤੀ ਗਈ। ਹੁਸ਼ਿਆਰਪੁਰ ਵਿਚ ਝੋਨੇ ਦੀ ਕਾਸ਼ਤ ਘੱਟ ਹੁੰਦੀ ਹੈ, ਕਿਉਂਕਿ ਕੰਢੀ ਖੇਤਰ ਜ਼ਿਆਦਾ ਹੋਣ ਕਾਰਨ ਉਥੇ ਘੱਟ ਪਾਣੀ ਖ਼ਪਤ ਕਰਨ ਵਾਲੀਆਂ ਫ਼ਸਲਾਂ ਵੱਧ ਬੀਜੀਆਂ ਜਾਂਦੀਆਂ ਹਨ। ਬਾਕੀ ਤਿੰਨ ਜ਼ਿਲ੍ਹਿਆਂ ਦੀ ਪ੍ਰਗਤੀ ਜ਼ਾਹਰਾ ਤੌਰ 'ਤੇ ਸ਼ਲਾਘਾਯੋਗ ਹੈ। ਝੋਨੇ ਦੀ ਪੈਦਾਵਾਰ ਪੱਖੋਂ ਮੋਹਰੀ ਜ਼ਿਲ੍ਹੇ ਸੰਗਰੂਰ ਵਿਚ ਪਰਾਲੀ ਸਾੜਨ ਦੇ ਸਭ ਤੋਂ ਵੱਧ 6446 ਕੇਸ ਹੋਣਾ ਚਿੰਤਾਜਨਕ ਮਾਮਲਾ ਹੈ, ਪਰ ਹੋਰਨਾਂ ਸਾਰੇ ਜ਼ਿਲ੍ਹਿਆਂ ਵਿਚ ਅਜਿਹੇ ਕੇਸ ਘਟੇ ਹਨ, ਵਧੇ ਨਹੀਂ। ਇਸ ਤੋਂ ਇਹ ਪ੍ਰਭਾਵ ਬਣਦਾ ਹੈ ਕਿ ਕਾਸ਼ਤਕਾਰ ਪਰਾਲੀ ਸਾੜਨ ਨਾਲ ਜੁੜੇ ਨੁਕਸਾਨਾਂ ਪ੍ਰਤੀ ਚੌਕਸ ਹਨ ਅਤੇ ਉਹ ਪਰਾਲੀ ਨੂੰ ਖਪਾਉਣ ਦੇ ਬਦਲਵੇਂ ਢੰਗ-ਤਰੀਕੇ ਅਪਨਾਉਣ ਤੋਂ ਇਨਕਾਰੀ ਨਹੀਂ। ਉਂਜ, ਮਾਇਕ ਬੋਝ ਵਧਣ ਦੇ ਬਾਵਜੂਦ ਕਾਸ਼ਤਕਾਰ ਜਿਥੇ ਆਬੋ-ਹਵਾ ਪ੍ਰਤੀ ਆਪਣੀ ਜ਼ਿੰਮੇਵਾਰੀ ਖੁੱਲ੍ਹ ਕੇ ਦਰਸਾਉਣ ਲੱਗੇ ਹਨ, ਉਥੇ ਸਿਆਸਤਦਾਨਾਂ ਦੀ ਸੋਚ ਵਿਚੋਂ ਜ਼ਿੰਮੇਵਾਰੀ ਅਜੇ ਵੀ ਗਾਇਬ ਹੈ। ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀ ਹੀ ਦਬੀ ਸੁਰ ਵਿਚ ਮੰਨਦੇ ਹਨ ਕਿ ਪਰਾਲੀ ਸਾੜਨ ਵਾਲਿਆਂ ਖ਼ਿਲਾਫ਼ ਐਫ.ਆਈ.ਆਰਜ਼ ਦਰਜ ਨਾ ਕਰਨ ਜਾਂ ਹੋਰ ਸਖ਼ਤੀ ਨਾ ਕੀਤੇ ਜਾਣ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੁਕਮਾਂ ਤੋਂ ਬਾਅਦ ਪੂਰੇ ਰਾਜ ਵਿਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਅਤੇ ਅਜਿਹੇ ਕੇਸਾਂ ਨੂੰ ਪੰਜਾਹ ਫ਼ੀਸਦੀ ਤਕ ਘਟਾਉਣ ਦਾ ਬੋਰਡ ਦਾ ਟੀਚਾ ਤਹਿਸ-ਨਹਿਸ ਹੋ ਗਿਆ। ਅਜਿਹੇ ਹੁਕਮ ਮਹਿਲਾਂ ਵਾਲੇ ਹੀ ਕਰ ਸਕਦੇ ਹਨ। ਉਹ ਕੀ ਜਾਨਣ ਕਿ ਜਿਸ ਵੋਟ ਬੈਂਕ ਦਾ ਉਹ 'ਭਲਾ' ਕਰ ਰਹੇ ਹਨ, ਪਰਾਲੀ ਸਾੜਨ ਦੇ ਸਿੱਧੇ ਅਸਰ ਵਜੋਂ ਉਨ੍ਹਾਂ ਦੀ ਹੀ ਨਵੀਂ ਨਸਲ ਔਟਿਜ਼ਮ ਤੇ ਹੋਰ ਜ਼ਿਹਨੀ-ਜਿਸਮਾਨੀ ਮਰਜ਼ਾਂ ਦਾ ਵੱਧ ਸ਼ਿਕਾਰ ਹੋ ਰਹੀ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਮਹਿਜ਼ ਤਿੰਨ ਹਜ਼ਾਰ ਕਰੋੜ ਰੁਪਏ ਦਾ ਪੈਕੇਜ ਪੰਜ ਉਤਰੀ ਰਾਜਾਂ ਵਿਚ ਪਰਾਲੀ ਸਾੜਨ ਦੀ ਸਮੱਸਿਆ ਵੱਡੀ ਹੱਦ ਤਕ ਹੱਲ ਕਰ ਸਕਦਾ ਹੈ, ਬਸ਼ਰਤੇ ਕੇਂਦਰ ਤੇ ਰਾਜ ਸਰਕਾਰਾਂ ਅਜਿਹੇ ਫੰਡ ਜੁਟਾਉਣ ਪ੍ਰਤੀ ਲਚੀਲਾਪਣ ਦਿਖਾਉਣ। ਇਹ ਲਚੀਲਾਪਣ ਇਸ ਸਾਲ ਨਹੀਂ ਦਿਖਾਇਆ ਗਿਆ, ਪਰ ਤਸੱਲੀ ਵਾਲੀ ਗੱਲ ਇਹ ਹੈ ਕਿ ਇਸ ਵਿਸ਼ੇ 'ਤੇ ਆਪਸੀ ਸੰਵਾਦ ਜਾਰੀ ਹੈ ਅਤੇ ਅਗਲੇ ਸਾਲ ਤਕ ਕੋਈ ਨਾ ਕੋਈ ਹੱਲ ਲੱਭ ਲਏ ਜਾਣ ਦੀ ਉਮੀਦ ਜਤਾਈ ਜਾ ਰਹੀ ਹੈ। ਹੁਣ ਇਹੋ ਦੁਆ ਕੀਤੀ ਜਾਣੀ ਚਾਹੀਦੀ ਹੈ ਕਿ ਇਨ੍ਹਾਂ ਯਤਨਾਂ ਨੂੰ ਬੂਰ ਪਵੇ।

*(ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ)*

***ਮੀਡੀਆ ਰਿਪੋਰਟਾਂ ਅਨੁਸਾਰ ਮਹਿਜ਼ ਤਿੰਨ ਹਜ਼ਾਰ ਕਰੋੜ ਰੁਪਏ ਦਾ ਪੈਕੇਜ ਪੰਜ ਉਤਰੀ ਰਾਜਾਂ ਵਿਚ ਪਰਾਲੀ ਸਾੜਨ ਦੀ ਸਮੱਸਿਆ ਵੱਡੀ ਹੱਦ ਤਕ ਹੱਲ ਕਰ ਸਕਦਾ ਹੈ, ਬਸ਼ਰਤੇ ਕੇਂਦਰ ਤੇ ਰਾਜ ਸਰਕਾਰਾਂ ਅਜਿਹੇ ਫੰਡ ਜੁਟਾਉਣ ਪ੍ਰਤੀ ਲਚੀਲਾਪਣ ਦਿਖਾਉਣ। ਇਹ ਲਚੀਲਾਪਣ ਇਸ ਸਾਲ ਨਹੀਂ ਦਿਖਾਇਆ ਗਿਆ, ਪਰ ਤਸੱਲੀ ਵਾਲੀ ਗੱਲ ਇਹ ਹੈ ਕਿ ਇਸ ਵਿਸ਼ੇ 'ਤੇ ਆਪਸੀ ਸੰਵਾਦ ਜਾਰੀ ਹੈ ਅਤੇ ਅਗਲੇ ਸਾਲ ਤਕ ਕੋਈ ਨਾ ਕੋਈ ਹੱਲ ਲੱਭ ਲਏ ਜਾਣ ਦੀ ਉਮੀਦ ਜਤਾਈ ਜਾ ਰਹੀ ਹੈ।***

# ਡੇਰੇਦਾਰੀ: ਤਲਿੱਸਮੀ ਪ੍ਰਾਪੇਗੰਡੇ ਦਾ ਨਤੀਜਾ

ਪਿਛਲੇ ਕੁਝ ਸਮੇਂ ਤੋਂ ਡੇਰਿਆਂ ਬਾਰੇ ਵਿਦਵਾਨਾਂ ਦੇ ਵਿਚਾਰ ਪੜ੍ਹਨ-ਸੁਣਨ ਨੂੰ ਮਿਲੇ। ਇਨ੍ਹਾਂ ਦੀ ਪੈਦਾਇਸ਼ ਅਤੇ ਚੜ੍ਹਤ ਦੇ ਕਈ ਕਾਰਨ ਦੱਸੇ ਜਾਂਦੇ ਹਨ, ਪਰ ਮੈਨੂੰ ਇਸ ਦਾ ਮੁਖ ਕਾਰਨ ਆਮ ਲੋਕਾਂ ਦਾ ਲਾਈਲੱਗ ਹੋਣ ਕਰ ਕੇ ਡੇਰੇਦਾਰਾਂ ਦੀਆਂ ਝੂਠੀਆਂ, ਮਨੋਕਲਪਿਤ ਅਤੇ ਦੰਤੀ ਕਰਾਮਾਤਾਂ ਦੀਆਂ ਕਹਾਣੀਆਂ ਦੇ ਤਲਿਸਮੀ ਪ੍ਰਾਪਗੰਡੇ ਦਾ ਸ਼ਿਕਾਰ ਹੋਣਾ ਹੈ।

ਕਿਸੇ ਵੀ ਛੋਟੇ-ਵੱਡੇ ਡੇਰੇ ਵਿਚ ਚਲੇ ਜਾਓ, ਦੇਖਦੇ ਹਾਂ ਕਿ ਡੇਰਾ ਮੁਖੀ ਦੇ ਪ੍ਰਵਚਨ ਤੋਂ ਪਹਿਲਾਂ ਸੰਗਤ ਛੋਟੀਆਂ-ਵੱਡੀਆਂ ਟੋਲੀਆਂ ਵਿਚ ਵਿਚਾਰ-ਚਰਚਾ ਕਰ ਰਹੀ ਹੁੰਦੀ ਹੈ। ਹਰ ਟੋਲੀ ਵਿਚ ਡੇਰੇ ਦੇ ਖਾਸ ਪੈਰੋਕਾਰ ਆਮ ਲੋਕਾਂ ਵਾਂਗ ਉਨ੍ਹਾਂ ਵਿਚ

**ਨੰਦ ਸਿੰਘ ਬਰਾੜ**
ਫੋਨ: 916-501-3974

ਰਲ ਕੇ ਡੇਰਾ ਮੁਖੀ ਅਤੇ ਉਸ ਤੋਂ ਪਹਿਲਾਂ ਵਾਲੇ ਗੁਰੂਆਂ ਦੀਆਂ ਕਰਾਮਾਤੀ ਕਹਾਣੀਆਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਸੱਚੀਆਂ ਬਣਾ ਕੇ ਲੋਕਾਂ ਨੂੰ ਪ੍ਰਭਾਵਿਤ ਕਰ ਰਹੇ ਹੁੰਦੇ ਹਨ। ਇਹ ਕਥਾਵਾਂ ਤਕਰੀਬਨ ਇਕੋ ਜਿਹੀਆਂ ਹੁੰਦੀਆਂ ਹਨ; ਜਿਵੇਂ ਮੁੰਡੇ ਦੀ ਦਾਤ ਜਾਂ ਮੁਕੱਦਮੇ ਦੀ ਜਿੱਤ। ਇਨ੍ਹਾਂ ਤੋਂ ਬਿਨਾ ਅਨੇਕਾਂ ਲਾਇਲਾਜ ਬਿਮਾਰੀਆਂ, ਜਿਵੇਂ ਕੈਂਸਰ ਤੇ ਏਡਜ਼ ਵਰਗੇ ਰੋਗ ਵੀ ਡੇਰਾ ਮੁਖੀ ਦੇ ਕ੍ਰਿਸ਼ਮਈ ਬੋਲਾਂ ਨਾਲ ਠੀਕ ਹੁੰਦੇ ਦੱਸੇ ਜਾਂਦੇ ਹਨ। ਕਈ ਵਾਰ ਤਾਂ ਅਲੋਕਾਰੀ ਕ੍ਰਿਸ਼ਮੇ ਡੇਰਾਮੁਖੀ ਦੇ ਨਾਲ ਜੋੜੇ ਜਾਂਦੇ ਹਨ ਜਿਵੇਂ ਕਿਸੇ ਪਿੰਗਲੇ ਦਾ ਹੱਟਾ-ਕੱਟਾ ਬਣ ਜਾਣਾ, ਜਮਾਂਦਰੂ ਗੂੰਗੇ-ਬੋਲੇ ਦੀ ਆਵਾਜ਼ ਵਾਪਸ ਆਉਣੀ, ਕੁੱਬੇ ਦਾ ਕੁੱਬ ਠੀਕ ਹੋਣਾ ਜਾਂ ਜਮਾਂਦਰੂ ਅੰਨ੍ਹੇ ਦਾ ਸੁਜਾਖਾ ਹੋਣਾ ਆਦਿ। ਅਸਲ ਗੱਲ ਕਿਸੇ ਕਰਾਮਾਤ ਹੋਣ ਨਾਲੋਂ ਇਸ ਨੂੰ ਪੇਸ਼ ਕਰਨ ਦੀ ਹੁੰਦੀ ਹੈ।

ਡੇਰੇਦਾਰ ਦੇ ਨਿਜੀ ਪੈਰੋਕਾਰ, ਜਿਨ੍ਹਾਂ ਨੂੰ ਆਮ ਭਾਸ਼ਾ ਵਿਚ ਡੇਰੇਦਾਰ ਦੇ ਏਜੰਟ ਵੀ ਕਿਹਾ ਜਾਂਦਾ ਹੈ, ਇਨ੍ਹਾਂ ਕਰਾਮਾਤਾਂ ਦਾ ਜਿੰਨਾ ਤਲਿਸਮੀ ਢੰਗ ਨਾਲ ਪ੍ਰਾਪੇਗੰਡਾ ਕਰਨਗੇ, ਉਨੀ ਹੀ ਡੇਰੇ ਦੀ ਮਹਿਮਾ ਹੋਵੇਗੀ। ਕੁਝ ਕੁ ਪੈਰੋਕਾਰ ਤਾਂ ਇੰਨੇ ਮਾਹਰ ਹੁੰਦੇ ਹਨ ਕਿ ਉਹ ਕਰਾਮਾਤ ਸੁਣਾਉਣ ਲੱਗੇ ਇਹ ਪ੍ਰਭਾਵ ਦੇਣਗੇ, ਜਿਵੇਂ ਇਹ ਉਨ੍ਹਾਂ ਦੇ ਸਾਹਮਣੇ ਹੋਈ ਹੋਵੇ! ਪੈਰੋਕਾਰਾਂ ਦੀ ਇਹੀ ਮੁਹਾਰਤ ਡੇਰੇ ਦੀ ਚੜ੍ਹਤ ਦਾ ਸਬੱਬ ਬਣਦੀ ਹੈ।

ਕਰਾਮਾਤ ਹੁੰਦੀ ਕੀ ਹੈ? ਇਹ ਕੋਈ ਅਲੋਕਾਰੀ ਘਟਨਾ ਹੁੰਦੀ ਹੈ ਜੋ ਸਭ ਨੂੰ ਅਚੰਭਿਤ ਕਰ ਦਿੰਦੀ ਹੈ। ਇਸ ਨੂੰ ਦੋ ਤਰ੍ਹਾਂ ਦੀ ਮੰਨ ਸਕਦੇ ਹਾਂ। ਇਕ, ਜਾਦੂ ਦੇ ਤਮਾਸ਼ੇ ਦੁਆਰਾ ਅਤੇ ਦੂਜੀ ਗੈਬੀ ਸ਼ਕਤੀ ਦੁਆਰਾ। ਜਾਦੂ ਦੇ ਛੋਟੇ-ਮੋਟੇ ਤਮਾਸ਼ਿਆਂ ਦੌਰਾਨ ਜਾਦੂਗਰ ਮਿੱਟੀ ਦੀ ਚੁਟਕੀ ਤੋਂ ਰੁਪਏ ਦਾ ਸਿੱਕਾ ਬਣਾ ਦਿੰਦਾ ਹੈ; ਫੇਰ ਉਸ ਤੋਂ ਦੋ, ਦੋ ਤੋਂ ਚਾਰ ਅਤੇ ਇਸੇ ਤਰ੍ਹਾਂ ਅੱਗੇ। ਪੀ. ਸੀ. ਸਰਕਾਰ ਮਸ਼ਹੂਰ ਭਾਰਤੀ ਜਾਦੂਗਰ ਹੈ। ਉਹ ਅਨੇਕਾਂ ਵੱਡੇ-ਵੱਡੇ ਤਮਾਸ਼ੇ ਦਿਖਾ ਦਿੰਦਾ ਹੈ। ਜਿਵੇਂ ਹਵਾ ਵਿਚੋਂ ਵੱਖ-ਵੱਖ ਚੀਜ਼ਾਂ ਪੈਦਾ ਕਰਨਾ। ਉਹ ਹਜ਼ਾਰਾਂ ਦਰਸ਼ਕਾਂ ਸਾਹਮਣੇ ਪੂਰੀ ਦੀ ਪੂਰੀ ਰੇਲ ਗੱਡੀ ਲੋਪ ਕਰ ਕੇ ਦਿਖਾ ਦਿੰਦਾ ਹੈ। ਫਿਰ ਉਹ ਦੱਸਦਾ ਹੈ ਕਿ ਇਨ੍ਹਾਂ ਕਰਤੱਬਾਂ ਵਿਚ ਕੋਈ ਮੰਤਰ ਜਾਂ ਗੈਬੀ ਸ਼ਕਤੀ ਨਹੀਂ ਹੁੰਦੀ, ਸਗੋਂ ਹੱਥ ਦੀ ਸਫਾਈ ਹੁੰਦੀ ਹੈ ਅਤੇ ਇਹ ਟਰੇਨਿੰਗ ਤੇ ਅਭਿਆਸ ਦੁਆਰਾ ਸਿੱਖੀ ਜਾ ਸਕਦੀ ਹੈ।

ਗੈਬੀ ਸ਼ਕਤੀਆਂ ਜ਼ਰੀਏ ਹੋਣ ਵਾਲੀਆਂ ਕਰਾਮਾਤਾਂ ਦਾ ਕੋਈ ਵਜੂਦ ਨਾ ਹੁਣ ਹੈ, ਨਾ ਪਹਿਲਾਂ ਸੀ ਅਤੇ ਨਾ ਹੀ ਕਦੇ ਅੱਗੇ ਹੋਵੇਗਾ। ਇਨ੍ਹਾਂ ਦਾ ਵਜੂਦ ਸਿਰਫ ਮਨੋਕਲਪਿਤ ਅਤੇ ਮਿਥਿਹਾਸਕ ਕਥਾਵਾਂ ਵਿਚ ਹੈ ਜੋ ਉਨ੍ਹਾਂ ਲੋਕਾਂ ਵਲੋਂ ਫੈਲਾਈਆਂ ਜਾਂਦੀਆਂ ਹਨ ਜੋ ਮਨੁਖਤਾ ਨੂੰ ਅੰਧ-ਵਿਸ਼ਵਾਸਾਂ ਅਤੇ ਕਰਾਮਾਤਾਂ ਦੇ ਭਰਮ ਜਾਲ ਵਿਚ ਫਸਾ ਕੇ ਲੁਟਣਾ ਚਾਹੁੰਦੇ ਹਨ। ਮਾਨਵਤਾ ਨੂੰ ਇਨ੍ਹਾਂ ਲੁਟੇਰਿਆਂ ਦੇ ਮਕੜ-ਜਾਲ ਵਿਚੋਂ ਆਜ਼ਾਦ ਕਰਵਾਉਣ ਵਾਸਤੇ ਗੁਰੂ ਸਾਹਿਬਾਨ ਨੇ ਪ੍ਰਚਾਰ ਕੀਤਾ। ਇਹੀ ਨਹੀਂ, ਉਨ੍ਹਾਂ ਇਹ ਸਿੱਖਿਆਵਾਂ ਬਾਣੀ ਵਿਚ ਵੀ ਦਰਜ ਕਰ ਦਿੱਤੀਆਂ ਤਾਂ ਕਿ ਆਉਣ ਵਾਲੀਆਂ ਨਸਲਾਂ ਵੀ ਬਾਣੀ ਤੋਂ ਸੇਧ ਲੈ ਕੇ ਇਨ੍ਹਾਂ ਲੁਟੇਰਿਆਂ ਤੋਂ ਬਚੇ ਰਹਿਣ, ਪਰ ਅਸੀਂ ਫੇਰ ਵਾਰ ਵਾਰ ਡੇਰਿਆਂ ਦੇ ਫੈਲਾਏ ਜਾ ਰਹੇ ਅੰਧ-ਵਿਸ਼ਵਾਸਾਂ ਤੇ ਕਰਾਮਾਤਾਂ ਦੇ ਭਰਮ ਜਾਲ 'ਚ ਫਸ ਰਹੇ ਹਾਂ।

ਉਘੇ ਵਿਦਵਾਨ ਡਾ. ਗੁਰਨਾਮ ਕੌਰ ਨੇ ਵੀ ਪੰਜਾਬ ਟਾਈਮਜ਼ ਦੇ 16 ਸਤੰਬਰ 2017 ਦੇ ਅੰਕ ਵਿਚ ਛਪੇ ਆਪਣੇ ਲੇਖ ਵਿਚ ਇਹੀ ਫਿਕਰ ਜ਼ਾਹਰ ਕੀਤਾ ਹੈ। ਉਹ ਲਿਖਦੇ ਹਨ, "ਮੈਨੂੰ ਉਦੋਂ ਵੀ ਪ੍ਰੇਸ਼ਾਨੀ ਹੁੰਦੀ ਸੀ, ਇਹ ਸੋਚ ਕੇ ਕਿ ਗੁਰੂਆਂ ਦੀ ਬਖਸ਼ਿਸ਼ ਨਾਲ ਪੰਜਾਬੀਆਂ ਕੋਲ ਆਮ ਕਰ ਕੇ ਅਤੇ ਸਿੱਖਾਂ ਕੋਲ ਖਾਸ ਕਰ ਕੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸ਼ਬਦ ਦਾ, ਬਾਣੀ ਦਾ ਬਹੁਤ ਵੱਡਾ ਖਜ਼ਾਨਾ ਹੈ, ਜਿਸ ਦੇ ਲੜ ਲਗਣ ਲਈ ਕਿਸੇ ਵਿਚੋਲੇ ਦੀ ਲੋੜ ਵੀ ਹੈ ਨਹੀਂ, ਫਿਰ ਕਿਉਂ ਲੋਕ ਇਸ ਤਰ੍ਹਾਂ ਆਸ਼ੂਤੋਸ਼ ਦੇ ਮਗਰ ਲੱਗੇ ਫਿਰਦੇ ਹਨ?" ਇਹ ਟਿੱਪਣੀ ਉਨ੍ਹਾਂ ਕਈ ਸਾਲ ਪਹਿਲਾਂ ਆਸ਼ੂਤੋਸ਼ ਦੇ ਰਫੜ ਸਬੰਧੀ ਬਣੀ ਕਮੇਟੀ ਦੇ ਮੈਂਬਰ ਵਜੋਂ ਹਵਾਲੇ ਦੇ ਤੌਰ 'ਤੇ ਕੀਤੀ। ਉਨ੍ਹਾਂ ਦੀ ਇਸ ਟਿੱਪਣੀ ਦੀ ਆਖਰੀ ਲਾਈਨ ਵਿਚੋਂ ਆਸ਼ੂਤੋਸ਼ ਸ਼ਬਦ ਹਟਾ ਕੇ 'ਡੇਰੇਦਾਰਾਂ' ਸਮਝ ਲਿਆ ਜਾਵੇ ਤਾਂ ਇਹ ਅੱਜ ਦੇ ਹਾਲਾਤ 'ਤੇ ਹੂ-ਬ-ਹੂ ਢੁਕਦੀ ਹੈ। ਇਹ ਸਮਝਣ ਦੀ ਲੋੜ ਹੈ ਕਿ ਸਾਡੇ ਕੋਲ ਗੁਰੂ ਸਾਹਿਬਾਨ ਵਲੋਂ ਸਮੁੱਚੀ ਮਨੁੱਖਤਾ ਨੂੰ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਅਤੇ ਕਰਾਮਾਤਾਂ ਦੇ ਮਕੜ-ਜਾਲ ਵਿਚੋਂ ਕੱਢ ਕੇ ਸੱਚੀ-ਸੁੱਚੀ ਤੇ ਸਹੀ ਜੀਵਨ ਜਾਂਚ ਸਿਖਾਉਣ ਵਾਲੇ ਚਾਨਣ ਮੁਨਾਰੇ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆਂ ਅਸੀਂ ਕਿਵੇਂ ਇਨ੍ਹਾਂ ਡੇਰੇਦਾਰਾਂ ਦੇ ਜਾਲ ਵਿਚ ਫਸ ਜਾਂਦੇ ਹਾਂ?

ਗੁਰੂ ਗ੍ਰੰਥ ਸਾਹਿਬ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ, ਜੇ ਆਮ ਲੋਕ ਇਸ ਨੂੰ ਪੜ੍ਹਨ, ਸਮਝ ਕੇ ਵਿਚਾਰਨ ਅਤੇ ਉਸ ਅਨੁਸਾਰ ਆਪਣਾ ਜੀਵਨ ਜੀਣ, ਪਰ ਅਸੀਂ ਆਪਣੀ ਅਖੌਤੀ ਸ਼ਰਧਾ ਅਤੇ ਆਸਥਾ ਵੱਸ ਕੁਝ ਅਜਿਹੀਆਂ ਮੰਨਤਾਂ ਦਾ ਪ੍ਰਚਾਰ ਕੀਤਾ ਜਿਨ੍ਹਾਂ ਨੇ ਆਮ ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਪਹੁੰਚ ਤੋਂ ਦੂਰ ਕਰ ਦਿੱਤਾ। ਕਦੇ ਬਿਲਕੁਲ ਸ਼ੁੱਧ ਉਚਾਰਨ ਦੇ ਨਾਂ 'ਤੇ, ਕਦੇ ਪਵਿਤਰਤਾ ਦੇ ਨਾਂ 'ਤੇ ਅਤੇ ਕਦੇ ਹੋਰ ਮਰਿਆਦਾਵਾਂ ਦੇ ਨਾਂ 'ਤੇ ਅਸੀਂ ਆਮ ਲੋਕਾਂ ਵਿਚ ਗੁਰੂ ਗ੍ਰੰਥ ਸਾਹਿਬ ਬਾਰੇ ਮਾਨਸਿਕ ਖੌਫ ਖੜ੍ਹਾ ਕਰ ਦਿੱਤਾ ਹੈ ਜਿਸ ਦੇ ਅਸਰ ਹੇਠ ਮਨੁੱਖ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬੈਠ ਕੇ ਗੁਰਬਾਣੀ ਪੜ੍ਹਨਾ ਤਾਂ ਦੂਰ ਦੀ ਗੱਲ, ਉਹ ਤਾਬਿਆ ਵਿਚ ਬੈਠ ਕੇ ਸਿਰਫ ਚੌਰ ਸਾਹਿਬ ਦੀ ਸੇਵਾ ਕਰਨ ਤੋਂ ਵੀ ਹਿਚਕਚਾਉਂਦਾ ਹੈ। ਉਂਜ, ਅਸੀਂ ਇਥੇ ਹੀ ਨਹੀਂ ਰੁਕੇ। ਲਗਦਾ ਇੰਜ ਹੈ, ਜਿਵੇਂ ਆਮ ਲੋਕਾਂ ਵਿਚ ਇਕੱਲੇ ਮਨੋਵਿਗਿਆਨਕ ਖੌਫ ਨਾਲ ਹੀ ਸਾਡੀ ਤਸੱਲੀ ਨਹੀਂ ਹੋ ਰਹੀ, ਹੁਣ ਅਸੀਂ 'ਰੱਬ ਨੇੜੇ ਕਿ ਘਸੁੰਨ' ਵਾਲਾ ਵਤੀਰਾ ਅਪਨਾਉਣਾ ਸ਼ੁਰੂ ਕਰ ਦਿੱਤਾ ਹੈ। ਯੂ-ਟਿਊਬ ਉਤੇ ਪੋਸਟਾਂ ਪਾਈਆਂ ਹੁੰਦੀਆਂ ਹਨ ਜਿਨ੍ਹਾਂ ਵਿਚ ਅੰਮ੍ਰਿਤਧਾਰੀ ਪਾਠੀ ਸਿੰਘ ਨੂੰ ਕੁੱਟਿਆ ਜਾ ਰਿਹਾ ਹੁੰਦਾ ਹੈ। ਇਕ ਵਾਰ ਤਾਂ ਇਕ ਚਿੱਟੀ ਦਾੜ੍ਹੀ ਵਾਲੇ ਬਜ਼ੁਰਗ ਪਾਠੀ ਨੂੰ ਉਸ ਤੋਂ ਅੱਧੀ ਉਮਰ ਦਾ ਅੰਮ੍ਰਿਤਧਾਰੀ ਨੌਜਵਾਨ ਦਾੜ੍ਹੀ ਫੜ ਕੇ ਚਪੇੜਾਂ ਮਾਰ ਰਿਹਾ ਹੁੰਦਾ ਹੈ ਅਤੇ ਫੇਰ ਉਸ ਨੂੰ ਲੰਮਾ ਪਾ ਕੇ ਡੰਡਿਆਂ ਨਾਲ ਕੁਟਦਾ ਵਿਖਾਇਆ ਜਾਂਦਾ ਹੈ। ਇਸ ਤਰ੍ਹਾਂ ਦੇ ਮਾਹੌਲ ਵਿਚ ਆਮ ਲੋਕਾਂ ਵਾਸਤੇ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਣਾ, ਆਪਣੀ ਸਮਰੱਥਾ ਮੁਤਾਬਕ ਤਿਲ-ਫੁਲ ਭੇਟ ਕਰਨਾ, ਆਪਣੀ ਕਿਸੇ ਇੱਛਾ ਜਾਂ ਜ਼ਰੂਰਤ ਦੀ ਪੂਰਤੀ ਵਾਸਤੇ ਸੁਖਾਂ ਸੁਖਣੀਆਂ ਅਤੇ ਮੰਤਵ ਜਾਂ ਕਾਰਜ ਪੂਰਾ ਹੋਣ 'ਤੇ ਕਿਸੇ ਪਾਠੀ ਸਿੰਘ ਤੋਂ ਸ਼ੁਕਰਾਨੇ ਦੀ ਅਰਦਾਸ ਕਰਵਾਉਣਾ ਹੀ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਅਤੇ ਸੇਵਾ ਬਣ ਗਿਆ ਹੈ।

ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਹੀ ਦੂਰ ਨਹੀਂ ਕੀਤਾ, ਸਗੋਂ ਗੁਰੂ ਸਾਹਿਬਾਨ ਦੀਆਂ ਸੱਚੀਆਂ ਰਾਹ ਦਸੇਰਾ ਸਿੱਖਿਆਵਾਂ ਤੋਂ ਦੂਰ ਕਰਨ ਵਾਸਤੇ ਅਨੇਕਾਂ ਕਹਾਣੀਆਂ ਪ੍ਰਚਾਰ ਰਹੇ ਹਾਂ ਜਿਨ੍ਹਾਂ ਵਿਚੋਂ ਬਹੁਤੀਆਂ ਮਨੋਕਲਪਿਤ, ਮਿਥਿਹਾਸਕ, ਅੰਧ-ਵਿਸ਼ਵਾਸੀ ਅਤੇ ਕਰਾਮਾਤਾਂ ਨਾਲ ਭਰਪੂਰ ਹੁੰਦੀਆਂ ਹਨ। ਇਥੇ ਸਿਰਫ ਤਿੰਨ ਕਥਾਵਾਂ, ਜੋ ਬਚਪਨ ਤੋਂ ਸੁਣਦਾ ਆ ਰਿਹਾ ਹਾਂ, ਦਾ ਹਵਾਲਾ ਦੇਵਾਂਗਾ। ਪਹਿਲੀ ਕਥਾ ਸ੍ਰੀ ਗੁਰੂ ਨਾਨਕ ਦੇ ਬਚਪਨ ਵੇਲੇ ਮੱਝਾਂ ਚਾਰਨ ਵੇਲੇ ਦੀ ਹੈ। ਮੱਝਾਂ ਦਾ ਉਜਾੜਿਆ ਖੇਤ ਪਹਿਲਾਂ ਨਾਲੋਂ ਵੀ ਵੱਧ ਹਰਾ-ਭਰਾ ਹੋ ਜਾਂਦਾ ਹੈ। ਦੂਜੀ ਕਥਾ ਸ੍ਰੀ ਗੁਰੂ ਹਰਕ੍ਰਿਸ਼ਨ ਬਾਰੇ ਹੈ ਜੋ ਕਿਸੇ ਘੁਮੰਡੀ ਵਿਦਵਾਨ ਪੰਡਿਤ ਦਾ ਗੁਮਾਨ ਤੋੜਨ ਲਈ ਬਚਪਨ ਤੋਂ ਗੂੰਗੇ-ਬੋਲੇ ਛੱਜੂ ਝਿਊਰ ਦੇ ਸਿਰ 'ਤੇ ਛੜੀ ਰੱਖ ਕੇ ਉਸ ਨੂੰ ਸਿਰਫ ਬੋਲਣ ਹੀ ਨਹੀਂ ਲਾਉਂਦੇ, ਸਗੋਂ ਗੀਤਾ ਦੇ ਅਰਥ ਵੀ ਕਰਵਾ ਦਿੰਦੇ ਹਨ। ਤੀਜੀ ਸਾਖੀ ਸ੍ਰੀ ਗੁਰੂ ਤੇਗ ਬਹਾਦਰ ਵੱਲੋਂ ਮੱਖਣ ਸ਼ਾਹ ਲੁਬਾਣਾ ਦੇ ਡੁੱਬਦੇ ਜਹਾਜ਼ ਨੂੰ ਹਜ਼ਾਰਾਂ ਮੀਲ ਦੀ ਦੂਰੀ ਤੋਂ ਆਪਣੇ ਮੋਢੇ ਦਾ ਆਸਰਾ ਦੇ ਕੇ ਬਚਾਉਣ ਦੀ ਹੈ।

ਅੱਜ ਵੀ ਜਦੋਂ ਕੋਈ ਕਥਾਕਾਰ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਸ਼ਬਦ ਦੀ ਵਿਆਖਿਆ ਕਰਦਾ ਹੈ ਤਾਂ ਉਹ ਸ਼ਬਦ ਤੋਂ ਮਿਲਣ ਵਾਲੀ ਸਿੱਖਿਆ ਤੇ ਸੇਧ ਬਾਰੇ ਦਸਣ ਦੀ ਥਾਂ ਉਸ ਸ਼ਬਦ ਨੂੰ ਕਿਸੇ ਪੁਰਾਤਨ ਮਿਥਿਹਾਸਕ ਘਟਨਾ ਨਾਲ ਜੋੜ ਕੇ ਅਤੇ ਕੋਈ ਨਾ ਕੋਈ ਕਰਾਮਾਤੀ ਘਟਨਾ ਸ਼ਾਮਲ ਕਰ ਕੇ ਸੁਣਾਉਣ ਨੂੰ ਪਹਿਲ ਦਿੰਦਾ ਹੈ। ਸ਼ਾਇਦ ਉਹ ਖੁਦ ਨੂੰ ਗੁਰੂ ਇਤਿਹਾਸ ਬਾਰੇ ਦੂਜਿਆਂ ਨਾਲੋਂ ਵੱਧ ਗਿਆਨਵਾਨ ਸਾਬਤ ਕਰਨਾ ਚਾਹੁੰਦਾ ਹੈ।

ਇਸ ਸਭ ਕੁਝ ਦੇ ਬਾਵਜੂਦ ਅਸੀਂ ਵਾਰ ਵਾਰ ਕਹਿੰਦੇ ਹਾਂ ਕਿ ਗੁਰੂ ਸਾਹਿਬਾਨ ਕਰਾਮਾਤ ਨਹੀਂ ਸਨ ਦਿਖਾਉਂਦੇ। ਅਸੀਂ ਕਹਿੰਦੇ ਹਾਂ ਕਿ ਸ੍ਰੀ ਗੁਰੂ ਨਾਨਕ ਨੇ ਜੋਗੀਆਂ ਦੇ ਕਹਿਣ 'ਤੇ ਕੋਈ ਕਰਾਮਾਤ ਨਹੀਂ ਦਿਖਾਈ। ਸ੍ਰੀ ਗੁਰੂ ਹਰਕ੍ਰਿਸ਼ਨ ਨੇ ਔਰੰਗਜ਼ੇਬ ਨਾਲ ਮੁਲਾਕਾਤ ਵੇਲੇ ਔਰੰਗਜ਼ੇਬ ਦੇ ਕਹਿਣ 'ਤੇ ਕੋਈ ਕਰਾਮਾਤ ਨਹੀਂ ਦਿਖਾਈ। ਸ੍ਰੀ ਗੁਰੂ ਤੇਗ ਬਹਾਦਰ ਨੇ ਸ਼ਹੀਦੀ ਟਾਲਣ ਵਾਸਤੇ ਕੋਈ ਕਰਾਮਾਤ ਨਹੀਂ ਦਿਖਾਈ।

ਦਰਅਸਲ, ਪ੍ਰਚਾਰ ਕਾਰਨ ਆਮ ਲੋਕਾਂ ਦੇ ਮਨਾਂ 'ਤੇ ਕਰਾਮਾਤਾਂ ਬਾਰੇ ਖਾਸ ਸੰਕਲਪ ਬਣ ਜਾਂਦਾ ਹੈ। ਉਹ ਮਹਿਸੂਸ ਕਰਦੇ ਹਨ ਕਿ ਕਰਾਮਾਤਾਂ ਹੁੰਦੀਆਂ ਤਾਂ ਹਨ, ਪਰ ਉਹ ਸੱਚੇ ਸਤਿਗੁਰੂ ਕੋਲ ਹੀ ਹੁੰਦੀਆਂ ਅਤੇ ਸੱਚਾ ਸਤਿਗੁਰੂ ਕਰਾਮਾਤ ਦਿਖਾਉਣ ਵਾਸਤੇ ਕਰਾਮਾਤ ਨਹੀਂ ਕਰਦਾ। ਉਨ੍ਹਾਂ ਦਾ ਕਰਾਮਾਤਾਂ ਬਾਰੇ ਅਜਿਹਾ ਵਿਸ਼ਵਾਸ ਹੀ ਅੰਤ ਵਿਚ ਉਨ੍ਹਾਂ ਨੂੰ ਡੇਰੇਦਾਰਾਂ ਦੇ ਚੁੰਗਲ ਵਿਚ ਫਸਾ ਦਿੰਦਾ ਹੈ। ਨਿਜੀ ਪੈਰੋਕਾਰ ਆਪਣੇ ਡੇਰਾ ਮੁਖੀ ਬਾਰੇ ਇਕ ਹੋਰ ਪ੍ਰਚਾਰ ਕਰਦੇ ਹਨ ਕਿ ਦੁਨੀਆਂ 'ਤੇ ਜਦੋਂ ਜਦੋਂ ਜ਼ੁਲਮਾਂ ਦਾ ਬੋਲ ਬਾਲਾ ਹੁੰਦਾ ਹੈ; ਅਧਰਮ, ਧਰਮ ਉਤੇ ਭਾਰੂ ਹੋ ਜਾਂਦਾ ਹੈ; ਝੂਠ, ਸੱਚ ਨੂੰ ਪਿਛੇ ਧੱਕ ਦਿੰਦਾ ਹੈ ਅਤੇ ਮੁਸੀਬਤਾਂ ਨਾਲ ਘਿਰੇ ਲੋਕ ਤਰ੍ਹਾਂ ਤਰ੍ਹਾਂ ਦੇ ਕਰਮ-ਕਾਂਡਾਂ ਦੇ ਜਾਲ ਵਿਚ ਫਸ ਜਾਂਦੇ ਹਨ ਤਾਂ ਪਰਮਾਤਮਾ ਮਨੁਖਤਾ ਦੇ ਕਲਿਆਣ ਵਾਸਤੇ ਆਪ ਮਨੁੱਖੀ ਜਾਮੇ ਵਿਚ ਪਰਗਟ ਹੁੰਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਸ੍ਰੀ ਗੁਰੂ ਨਾਨਕ ਨੂੰ ਕਿਹੜਾ ਸਭ ਨੇ ਗੁਰੂ ਮੰਨ ਲਿਆ ਸੀ। ਸਿਰਫ ਉਨ੍ਹਾਂ ਨੇ ਹੀ ਗੁਰੂ ਮੰਨਿਆ ਜਿਨ੍ਹਾਂ ਉਤੇ ਪਰਮਾਤਮਾ ਦੀ ਕ੍ਰਿਪਾ ਹੋਈ ਸੀ।



ਆਮ ਤੌਰ 'ਤੇ ਸਿੱਖੀ ਨਾਲ ਜੁੜੇ ਮਨੁੱਖ ਛੇਤੀ ਕੀਤੇ ਕਿਸੇ ਦੇਹਧਾਰੀ ਗੁਰੂ ਨੂੰ ਗੁਰੂ ਮੰਨਣ ਲਈ ਤਿਆਰ ਨਹੀਂ ਹੁੰਦੇ, ਪਰ ਜੇ ਮੰਨ ਲੈਣ ਤਾਂ ਡੇਰੇਦਾਰ ਲਈ ਉਹ ਵਧੀਆ ਉਪਜਾਊ ਜਾਇਦਾਦ ਬਣ ਜਾਂਦੇ ਹਨ। ਫਿਰ ਉਹ ਸੁਖਮਨੀ ਸਾਹਿਬ 'ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ॥ ਆਪਿ ਜਪਹੁ ਅਵਰਹ ਨਾਮੁ ਜਪਾਵਹੁ॥' ਦੇ ਮਹਾਨ ਵਾਕ ਅਨੁਸਾਰ ਡੇਰੇਦਾਰ ਦੀ ਸੰਗਤ ਵਧਾਉਣ ਲਈ ਕੋਈ ਕਸਰ ਨਹੀਂ ਛਡਦੇ ਤੇ ਕੁਝ ਹੀ ਸਾਲਾਂ ਵਿਚ ਡੇਰੇਦਾਰ ਦੇ ਪੈਰੋਕਾਰਾਂ ਦੀ ਗਿਣਤੀ ਸੈਂਕੜਿਆਂ ਤੋਂ ਹਜ਼ਾਰਾਂ ਤੇ ਲੱਖਾਂ ਨੂੰ ਪਾਰ ਕਰ ਸਕਦੀ ਹੈ। ਜਿਵੇਂ ਜਿਵੇਂ ਪੈਰੋਕਾਰਾਂ ਦੀ ਗਿਣਤੀ ਵਧਦੀ ਹੈ, ਡੇਰੇਦਾਰ ਦੀ ਆਮਦਨੀ ਤਾਂ ਵਧਦੀ ਹੀ ਹੈ, ਉਸ ਦਾ ਸਰਕਾਰੇ ਦਰਬਾਰੇ ਰੋਹਬ-ਦਾਬ ਵੀ ਵਧਦਾ ਹੈ।

ਇਉਂ ਜਦੋਂ ਬਿਨਾ ਮਿਹਨਤ ਤੋਂ ਐਨੀ ਜ਼ਿਆਦਾ ਦੌਲਤ ਤੇ ਤਾਕਤ ਆ ਜਾਵੇ, ਜੁਆਬਦੇਹੀ ਵੀ ਕੋਈ ਨਾ ਹੋਵੇ ਤਾਂ ਕਿਸੇ ਵੀ ਆਦਮੀ ਦੀ ਹਾਲਤ 'ਸਿਰ 'ਤੇ ਨਹੀਂ ਕੁੰਡਾ, ਹਾਥੀ ਫਿਰੇ ਲੁੰਡਾ' ਵਾਲੀ ਹੋ ਜਾਂਦੀ ਹੈ ਅਤੇ ਇਹ ਅੱਤ ਚੁੱਕਣ 'ਤੇ ਉਤਾਰੂ ਹੋ ਜਾਂਦਾ ਹੈ। ਇਕ ਸੱਚਾਈ ਹੋਰ ਵੀ ਹੈ, ਜਿਵੇਂ ਲੋਕ ਕਥਾਵਾਂ ਵਿਚ ਸੁਣਦੇ ਹਾਂ ਕਿ ਕੋਈ ਵਿਹਲੜ ਤੇ ਆਵਾਰਾ ਕਿਸਮ ਦਾ ਮੁੰਡਾ ਆਪਣੀ ਮਾਂ ਨੂੰ ਕਹਿੰਦਾ ਹੈ ਕਿ 'ਜੇ ਮੈਂ ਥਾਣੇਦਾਰ ਬਣ ਗਿਆ ਤਾਂ ਸਭ ਤੋਂ ਪਹਿਲਾਂ ਤੇਰੇ...ਕੁਟੂੰਗਾ'। ਇੰਜ ਉਕਤ ਸ਼ਖਸ ਦੇ ਜ਼ੁਲਮਾਂ ਦਾ ਸ਼ਿਕਾਰ ਵੀ ਸਭ ਤੋਂ ਪਹਿਲਾਂ ਉਸ ਦੇ ਨੇੜੇ ਵਾਲੇ ਬਣਦੇ ਹਨ।

ਡੇਰਾਵਾਦ ਫੈਲਣ ਦਾ ਇਕ ਹੋਰ ਕਾਰਨ ਸਮਾਜ ਦੀ ਜਾਤੀ ਵੰਡ ਵੀ ਹੈ। ਕਿਹਾ ਜਾਂਦਾ ਹੈ ਕਿ ਡੇਰੇ ਵਾਲੇ ਨੀਵੀਆਂ ਜਾਤਾਂ ਵਾਲਿਆਂ ਨੂੰ ਬਰਾਬਰ ਦਾ ਸਨਮਾਨ ਦਿੰਦੇ ਹਨ, ਜਦੋਂ ਕਿ ਸਥਾਪਤ ਧਰਮਾਂ ਵਾਲੇ ਉਨ੍ਹਾਂ ਨੂੰ ਨੁਕਰੇ ਲਾ ਕੇ ਰੱਖਦੇ ਹਨ। ਮੈਨੂੰ ਇਸ ਅੰਦਰ ਵੀ ਪ੍ਰਾਪੇਗੰਡਾ ਦਾ ਰੋਲ ਜ਼ਿਆਦਾ ਮਹਿਸੂਸ ਹੁੰਦਾ ਹੈ। ਸਾਰੇ ਧਾਰਮਿਕ ਅਤੇ ਸਿਆਸੀ ਸੰਗਠਨ, ਇਥੋਂ ਤੱਕ ਕਿ ਉਹ ਸੰਗਠਨ ਵੀ ਜੋ ਜਾਤੀਵਾਦ (ਮੰਨੂਵਾਦ) ਦਾ ਖੁੱਲ੍ਹ ਕੇ ਸਮਰਥਨ ਕਰਦੇ ਹਨ, ਪੂਰੇ ਜ਼ੋਰ-ਸ਼ੋਰ ਨਾਲ ਇਨ੍ਹਾਂ ਨੀਵੀਆਂ ਜਾਤਾਂ ਦੀ ਭਲਾਈ ਅਤੇ ਇਨ੍ਹਾਂ ਨੂੰ ਉਪਰ ਚੁਕਣ ਦਾ ਦਿਖਾਵਾ ਕਰਦੇ ਹਨ, ਪਰ ਅਸੀਂ ਕਿਸੇ ਵੀ ਡੇਰੇ, ਧਾਰਮਿਕ ਜਾਂ ਸਿਆਸੀ ਸੰਗਠਨ ਵਿਚ ਇਨ੍ਹਾਂ ਜਾਤਾਂ ਦੇ ਬੰਦਿਆਂ ਦੀ ਮੁੱਖ ਅਹੁਦਿਆਂ 'ਤੇ ਨਿਯੁਕਤੀ ਨਹੀਂ ਦੇਖਦੇ।

ਡੇਰਿਆਂ ਵੱਲ ਖਿੱਚੇ ਜਾਣ ਦਾ ਇਕ ਹੋਰ ਕਾਰਨ ਲੋੜਵੰਦਾਂ ਦੀ ਇਮਦਾਦ ਕਰਨਾ ਵੀ ਹੈ। ਜੋ ਕੰਮ ਸਰਕਾਰਾਂ ਜਾਂ ਧਰਮਾਂ ਨੂੰ ਕਰਨੇ ਚਾਹੀਦੇ ਹਨ, ਜਿਵੇਂ ਲੋੜਵੰਦਾਂ ਲਈ ਮੁਫਤ ਇਲਾਜ, ਵਿਦਿਆ, ਸਸਤਾ ਭੋਜਨ ਤੇ ਬੇਸਹਾਰਾ ਪਰਿਵਾਰਾਂ ਲਈ ਮਕਾਨ ਆਦਿ ਮੁਹੱਈਆ ਕਰਨੇ ਸਰਕਾਰਾਂ ਅਤੇ ਧਰਮ ਨਹੀਂ ਕਰਦੇ ਤੇ ਡੇਰਿਆਂ ਵਾਲੇ ਕਰਦੇ ਹਨ ਤਾਂ ਲੋਕਾਂ ਦਾ ਉਨ੍ਹਾਂ ਵੱਲ ਖਿੱਚੇ ਜਾਣਾ ਕੁਦਰਤੀ ਹੈ। ਹੁਣ ਡੇਰੇਦਾਰਾਂ ਦੇ ਇਨ੍ਹਾਂ ਲੋਕ ਭਲਾਈ ਕੰਮਾਂ ਦੀ ਸੱਚਾਈ ਕੀ ਹੈ? ਇਸ ਨੂੰ ਸਮਝਣ ਵਾਸਤੇ ਕਾਫੀ ਸਮਾਂ ਪਹਿਲਾਂ ਪਤਵੰਤੇ ਸੱਜਣ ਵਲੋਂ ਦੱਸੀ ਘਟਨਾ ਦੀ ਮਿਸਾਲ ਲਈਏ। ਇਕ ਰਾਤ ਕੁਝ ਡਾਕੂਆਂ ਨੇ ਇਕ ਘਰ ਡਾਕਾ ਮਾਰਿਆ। ਉਨ੍ਹਾਂ ਘਰ ਵਾਲਿਆਂ ਨੂੰ ਬੰਦੂਕ ਦੀ ਨੋਕ 'ਤੇ ਇਕ ਥਾਂ ਬਿਠਾ ਦਿੱਤਾ ਅਤੇ ਸਾਰਾ ਗਹਿਣਾ-ਗੱਟਾ, ਰੁਪਇਆ-ਪੈਸਾ ਅਤੇ ਹੋਰ ਕੀਮਤੀ ਸਮਾਨ ਇਕੱਠਾ ਕਰ ਲਿਆ। ਔਰਤਾਂ ਦੇ ਸੋਨੇ ਦੇ ਗਹਿਣੇ ਵੀ ਲੁਹਾ ਲਏ। ਜਾਂਦੇ ਹੋਏ ਧਮਕੀ ਦਿੱਤੀ ਕਿ ਸੂਰਜ ਚੜ੍ਹਨ ਤੋਂ ਪਹਿਲਾਂ ਕੋਈ ਰੌਲਾ ਨਹੀਂ ਪਾਉਣਾ, ਨਾ ਹੀ ਪੁਲਿਸ ਨੂੰ ਇਤਲਾਹ ਕਰਨੀ ਹੈ। ਉਸੇ ਵੇਲੇ ਇਕ ਮਾਈ ਨੇ ਹੱਥ ਜੋੜਦਿਆਂ ਤਰਲਾ ਕੀਤਾ ਕਿ ਤੁਸੀਂ ਸਾਡਾ ਸਾਰਾ ਸਮਾਨ ਤਾਂ ਲੁੱਟ ਲਿਆ ਹੈ, ਮੇਰੀ ਇਹ ਪੋਤਰੀ ਤਾਂ ਅੱਜ ਹੀ ਮਿਲਣ ਆਈ ਸੀ, ਤੁਸੀਂ ਇਹਦੇ ਗਹਿਣੇ ਵੀ ਲੁਹਾ ਲਏ। ਇਹ ਵਿਚਾਰੀ ਸਹੁਰਿਆਂ ਨੂੰ ਕੀ ਮੂੰਹ...। ਮਾਈ ਦੀ ਗੱਲ ਪੂਰੀ ਕਰਨ ਤੋਂ ਪਹਿਲਾਂ ਹੀ ਡਾਕੂਆਂ ਦਾ ਸਰਦਾਰ ਬੋਲਿਆ, "ਪਹਿਲਾਂ ਕਿਉਂ ਨਹੀਂ ਦੱਸਿਆ" ਤੇ ਫਿਰ ਆਪਣੇ ਨਾਲਦਿਆਂ ਨੂੰ ਕਹਿਣ ਲੱਗਾ, "ਸਾਰੇ ਜਣੇ ਕੁੜੀ ਨੂੰ 5-5 ਰੁਪਏ ਸ਼ਗਨ ਦਿਓ। ਇਹ ਪੇਕੀਂ ਮਿਲਣ ਆਈ ਹੈ।" ਸ਼ਗਨ ਦੇ ਕੇ ਉਹ ਚਲੇ ਗਏ।

ਅਗਲੇ ਦਿਨ ਪੁਲਿਸ ਵੀ ਆ ਗਈ ਅਤੇ ਪਿੰਡਾਂ ਵਾਲੇ ਵੀ ਇਕੱਠੇ ਹੋ ਗਏ। ਘਰ ਦੇ ਮੁਖੀ ਨੇ ਸਾਰਾ ਬਿਰਤਾਂਤ ਦੱਸਦਿਆਂ ਰੁਪਏ, ਗਹਿਣੇ-ਗੱਟੇ ਅਤੇ ਬਾਕੀ ਸਮਾਨ ਬਾਰੇ ਪੁਲਿਸ ਨੂੰ ਦੱਸਿਆ। ਇੰਨੇ ਵਿਚ ਮਾਈ ਬੋਲ ਪਈ, ਇਹ ਤਾਂ ਠੀਕ ਹੈ ਕਿ ਉਨ੍ਹਾਂ ਸਾਡੇ ਪੱਲੇ ਕੁਝ ਨਹੀਂ ਛੱਡਿਆ, ਪਰ ਉਨ੍ਹਾਂ ਦਾ ਸਰਦਾਰ ਕੋਈ ਭਲਾ ਤੇ ਧਰਮੀ ਬੰਦਾ ਸੀ। ਉਸ ਨੇ ਸਭ ਤੋਂ ਸ਼ਗਨ ਦਿਵਾਇਆ ਸੀ।

ਇਹ ਸਭ ਕੁਝ ਸਾਡੇ ਡੇਰੇਦਾਰਾਂ 'ਤੇ ਬਿਲਕੁਲ ਠੀਕ ਢੁਕਦਾ ਹੈ। ਉਨ੍ਹਾਂ ਦੇ ਸ਼ਰਧਾਲੂ ਅੰਨੀ ਸ਼ਰਧਾ ਕਰ ਕੇ ਆਪਣਾ ਤਨ-ਮਨ-ਧਨ ਡੇਰੇਦਾਰਾਂ ਨੂੰ ਲੁਟਾਈ ਜਾਂਦੇ ਹਨ। ਕਦੇ ਕਦੇ ਆਪਣੇ ਧਰਮੀ ਹੋਣ ਦਾ ਪ੍ਰਾਪੇਗੰਡਾ ਕਰਨ ਲਈ ਡੇਰਾ ਮੁਖੀ ਕੁਝ ਅਜਿਹੀਆਂ ਸਕੀਮਾਂ ਦਾ ਐਲਾਨ ਕਰਦਾ ਹੈ ਜੋ ਪੂਰੀ ਤਰ੍ਹਾਂ ਲੋਕ ਭਲਾਈ ਦੀਆਂ ਹੁੰਦੀਆਂ ਹਨ। ਮਸਲਨ, ਉਹ ਕਹੇਗਾ ਕਿ ਫਲਾਣੀ ਬੀਬੀ ਦਾ ਕੋਈ ਵਾਲੀਵਾਰਸ ਨਹੀਂ, ਤੇ ਵਿਚਾਰੀ ਦਾ ਕੋਠਾ ਵੀ ਮੀਂਹ ਵਿਚ ਡਿਗ ਪਿਆ, ਸੋ ਡੇਰੇ ਵੱਲੋਂ ਇਸ ਦਾ ਕੋਠਾ ਬਣਾ ਕੇ ਦੇਣਾ ਹੈ। ਬੀਬੀ ਦਾ ਕੋਠਾ ਬਣਾਉਣ ਵਾਲੇ ਵੀ ਸ਼ਰਧਾਲੂ ਹੁੰਦੇ ਹਨ ਅਤੇ ਖਰਚ ਦਾ ਇੰਤਜ਼ਾਮ ਕਰਨ ਵਾਲੇ ਵੀ। ਕਈ ਡੇਰਾ ਮੁਖੀ ਤਾਂ ਅਜਿਹੇ ਮੌਕੇ ਨੂੰ ਵਾਧੂ ਕਮਾਈ ਵਾਲਾ ਵੀ ਬਣਾ ਲੈਂਦੇ ਹਨ।

ਨਸ਼ੇ ਛੁਡਾਉਣ ਬਾਰੇ ਭੱਲ ਵੀ ਇਨ੍ਹਾਂ ਡੇਰਿਆਂ ਦੀ ਐਵੇਂ ਬਣੀ ਹੋਈ ਹੈ। ਨਸ਼ਿਆਂ ਵਿਰੁਧ ਪ੍ਰਚਾਰ ਭਾਵੇਂ ਸਾਰੇ ਹੀ, ਸਮੇਤ ਸਿਆਸੀ ਪਾਰਟੀਆਂ ਦੇ ਕਰਦੇ ਹਨ, ਪਰ ਇਨ੍ਹਾਂ ਦੇ ਪੈਰੋਕਾਰਾਂ ਦੇ ਪ੍ਰਾਪੇਗੰਡੇ ਕਰ ਕੇ ਬੱਲ ਬੱਲੇ ਸਿਰਫ ਇਨ੍ਹਾਂ ਦੀ ਹੁੰਦੀ ਹੈ। ਪਰਖ ਲਈ ਅਸੀਂ ਆਪਣੇ ਆਲੇ-ਦੁਆਲੇ, ਪਿੰਡ ਜਾਂ ਗੁਆਂਢੀ ਪਿੰਡਾਂ ਵਿਚ ਪੜਤਾਲ ਕਰਾਂਗੇ ਤਾਂ ਇਸ ਨਤੀਜੇ 'ਤੇ ਹੀ ਪਹੁੰਚਾਂਗੇ ਕਿ ਇਹ ਭੱਲ ਵੀ ਬਾਬੇ ਵੱਲੋਂ ਮੁੰਡੇ ਦੀ ਦਾਤ ਬਖਸ਼ਣ ਵਰਗਾ ਸ਼ੋਸ਼ਾ ਹੀ ਹੁੰਦਾ ਹੈ।


ਡੇਰਾਵਾਦ ਫੈਲਣ ਦੇ ਬਹੁਪਰਤੀ ਕਾਰਨ ਹੋ ਸਕਦੇ ਹਨ ਅਤੇ ਹਰ ਇਕ ਦਾ ਥੋੜ੍ਹਾ ਜਾਂ ਬਹੁਤਾ ਯੋਗਦਾਨ ਇਸ ਵਿਚ ਹੋ ਸਕਦਾ ਹੈ, ਪਰ ਸਭ ਤੋਂ ਵੱਡਾ ਕਾਰਨ ਕਿਸੇ ਡੇਰਾ ਮੁਖੀ ਬਾਰੇ, ਸੰਤ, ਫਕੀਰ ਜਾਂ ਗੁਰੂ ਨਾਲ ਜੋੜੀਆਂ ਕਰਾਮਾਤਾਂ ਦਾ ਹੀ ਅਸਰ ਲਗਦਾ ਹੈ। ਇਸ ਦੀ ਵਜ੍ਹਾ ਆਪਣੇ ਦੇਸ਼ ਦੇ ਆਰਥਿਕ, ਸਿਆਸੀ, ਸਮਾਜਕ ਅਤੇ ਧਾਰਮਿਕ ਹਾਲਾਤ ਲੋਕਾਂ ਵਾਸਤੇ ਸਾਜ਼ਗਾਰ ਨਾ ਹੋਣਾ ਹੈ। ਆਰਥਿਕ ਪਖੋਂ ਗਰੀਬ ਅਤੇ ਅਮੀਰ ਦਾ ਪਾੜਾ ਲਗਾਤਾਰ ਵਧ ਰਿਹਾ ਹੈ। ਸਿਆਸਤਦਾਨਾਂ ਨੇ ਲੋਕ ਸੇਵਾ ਤਿਆਗ ਕੇ ਆਪਣਾ ਮੁੱਖ ਮਨੋਰਥ ਆਪਣੇ ਘਰ ਭਰਨ ਤੱਕ ਸੀਮਤ ਕਰ ਲਿਆ ਹੈ। ਸਾਡਾ ਸਮਾਜ ਜਾਤ-ਪਾਤ 'ਤੇ ਆਧਾਰਤ ਤਾਂ ਹੈ ਹੀ, ਹੁਣ ਧਰਮ ਦੇ ਠੇਕੇਦਾਰਾਂ ਨੇ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਲਈ ਇਸ ਨੂੰ ਖੱਖੜੀਆਂ ਕਰੇਲੇ ਕਰ ਦਿੱਤਾ ਹੈ ਜਿਸ ਕਰ ਕੇ ਭਾਈਚਾਰਕ ਸਾਂਝ ਲਗਭਗ ਖਤਮ ਹੋ ਗਈ ਹੈ। ਧਾਰਮਿਕ ਪੱਖ ਦੀ ਗੱਲ ਕਰਨ ਤੋਂ ਤਾਂ ਹੁਣ ਡਰ ਹੀ ਲਗਦਾ ਹੈ ਕਿ ਪਤਾ ਨਹੀਂ ਕਿਹੜੀ ਗੱਲ ਨੂੰ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਵਲੂੰਧਰਨ ਵਾਲੀ ਗਰਦਾਨ ਦਿੱਤਾ ਜਾਵੇ।

ਅਜਿਹੇ ਮਾਹੌਲ ਅੰਦਰ ਰਾਜਕੀ ਢਾਂਚਾ ਬਹੁਤ ਥੋੜ੍ਹੇ, ਖਾਸ ਹਿੱਸਿਆਂ ਦੇ ਹਿੱਤਾਂ ਲਈ ਕੰਮ ਕਰਦਾ ਹੋਣ ਕਰ ਕੇ ਆਵਾਮ ਦੇ ਹਿੱਤ ਹਮੇਸ਼ਾ ਨਜ਼ਰਅੰਦਾਜ਼ ਕਰਦਾ ਹੈ। ਇਉਂ ਆਮ ਲੋਕਾਂ ਵਾਸਤੇ ਅਨਿਸ਼ਚਤਤਾ ਵਾਲਾ ਮਾਹੌਲ ਬਣਾ ਦਿੱਤਾ ਗਿਆ ਹੈ ਜਿਸ ਵਿਚ ਆਮ ਲੋਕ ਮੁਸੀਬਤਾਂ ਵਿਚ ਘਿਰ ਰਹੇ ਹਨ। ਕਿਸੇ ਨੂੰ ਰੋਜ਼ਗਾਰ ਦੀ ਲੋੜ ਹੈ, ਕੋਈ ਬਿਮਾਰੀ ਤੋਂ ਪੀੜਤ ਹੈ, ਕੋਈ ਕਰਜ਼ੇ ਦਾ ਮਾਰਿਆ ਹੈ ਅਤੇ ਕੋਈ ਕਿਸੇ ਸਕਤੇ ਦੇ ਜ਼ੁਲਮਾਂ ਦਾ ਸਤਾਇਆ ਹੋਇਆ ਹੈ। ਮੁਸੀਬਤਾਂ ਮਾਰੇ ਬੰਦੇ ਨੂੰ ਜਦੋਂ ਕੋਈ ਹੱਲ ਨਹੀਂ ਦਿਸਦਾ, ਤਾਂ ਉਹ ਕਿਸੇ ਸਾਧ, ਸੰਤ ਜਾਂ ਡੇਰੇਦਾਰ ਦੀ ਸ਼ਰਨ ਵਿਚ ਜਾ ਪਹੁੰਚਦੇ ਹਨ। ਹਰ ਡੇਰਾ ਮੁਖੀ ਆਪਣੇ ਪ੍ਰਵਚਨਾਂ ਵਿਚ ਇਕ ਹੋਰ ਡਰਾਮਾ ਕਰਦਾ ਹੈ ਕਿ ਉਸ ਕੋਲ ਕੋਈ ਕਰਾਮਾਤਾਂ ਨਹੀਂ ਹਨ, ਕੇਵਲ ਪਰਮਾਤਮਾ ਹੀ ਸਭ ਕੁਝ ਕਰਨ ਦੇ ਸਮਰੱਥ ਹੈ, ਪਰ ਉਹ ਕਰਤਾ ਪੁਰਖ ਹਮੇਸ਼ਾ ਆਪਣੇ ਸੱਚੇ ਭਗਤਾਂ ਦੀ ਲੱਜ ਰਖਦਾ ਹੈ। ਇਸ ਤਰ੍ਹਾਂ ਕਹਿ ਕੇ ਇਕ ਤਾਂ ਉਹ ਕਰਾਮਾਤਾਂ ਬਾਰੇ ਹੋਣ ਵਾਲੇ ਕਿਸੇ ਵੀ ਚੈਲੰਜ ਤੋਂ ਬਚ ਜਾਂਦਾ ਹੈ, ਦੂਜਾ ਉਹ ਆਪਣੇ ਆਪ ਨੂੰ ਪਰਮਾਤਮਾ ਦਾ ਇਕੋ ਇਕ ਸੱਚਾ ਭਗਤ ਹੋਣ ਦਾ ਪ੍ਰਭਾਵ ਦੇ ਦਿੰਦਾ ਹੈ।

ਬਹੁਤ ਸਾਰੇ ਲੋਕ ਮੰਨਦੇ ਹਨ ਕਿ ਇਨ੍ਹਾਂ ਵਿਚੋਂ ਸਿਰਫ ਕੁਝ ਇਕ ਹੀ ਸੱਚੇ ਸੁੱਚੇ ਸੰਤ ਹੁੰਦੇ ਹਨ, ਬਹੁਤੇ ਪਖੰਡੀ ਹੀ ਹੁੰਦੇ ਹਨ। ਇਸ ਬਾਰੇ ਡਾ. ਗੁਬਿੰਦਰ ਸਿੰਘ ਸਮਰਾਓ ਦਾ ਵਿਸ਼ਲੇਸ਼ਣ ਜ਼ਿਆਦਾ ਸਹੀ ਲਗਦਾ ਹੈ ਜੋ ਉਨ੍ਹਾਂ 'ਪੰਜਾਬ ਟਾਈਮਜ਼' ਦੇ 30 ਸਤੰਬਰ 2017 ਦੇ ਅੰਕ ਵਿਚ ਕੀਤਾ ਹੈ। ਉਹ ਲਿਖਦੇ ਹਨ, "ਧਰਮ ਦਾ ਉਜਲ ਬਾਣਾ ਪਾ ਕੇ ਗੱਲ ਕਰਨ ਵਾਲਿਆਂ ਦੀ ਕਹਿਣੀ ਕੁਝ ਹੋਰ ਹੁੰਦੀ ਹੈ ਤੇ ਕਰਨੀ ਕੁਝ ਹੋਰ। ਕਹਿਣੀ ਦੀ ਪੁਨੀਤਤਾ ਤੇ ਕਾਰਗੁਜ਼ਾਰੀ ਵਿਚ ਪਤਿੱਤਤਾ ਦੇ ਕਾਰਨ ਸਭ ਧਾਰਮਿਕ ਸੰਸਥਾਵਾਂ ਤੇ ਡੇਰਿਆਂ ਦੀ ਫਿਤਰਤ ਇਕੋ ਜਿਹੀ ਬਣ ਜਾਂਦੀ ਹੈ। ਪੂਰੇ ਸੁਧਾਰਕ ਪ੍ਰਬੰਧਾਂ ਉਪਰੰਤ ਵੀ ਇੱਥੇ ਸ਼ਰਧਾਲੂਆਂ ਦਾ ਸ਼ੋਸ਼ਣ ਹੋਣਾ ਹੀ ਹੋਣਾ ਹੈ।...ਕਈ ਲੋਕ ਕਹਿੰਦੇ ਹਨ ਕਿ ਸਾਰੇ ਡੇਰੇ ਇਕੋ ਜਿਹੇ ਨਹੀਂ ਹੁੰਦੇ ਪਰ ਗੱਲ ਚੰਗੇ ਤੇ ਮਾੜੇ ਡੇਰਿਆਂ ਦੀ ਨਹੀਂ ਸਗੋਂ ਸਮੁੱਚੇ ਧਾਰਮਿਕ ਢਾਂਚੇ ਵਿਚ ਪੈਦਾ ਹੋਏ ਡੇਰਾ ਕਲਚਰ ਦੀ ਹੈ। ਇਸ ਕਲਚਰ ਦਾ ਮੁੱਖ ਤੱਤ ਹੈ ਕਿ ਧਾਰਮਿਕ ਭੇਖ ਤੋਂ ਬਿਨਾ ਲੋਕ ਇਕੱਠੇ ਨਹੀਂ ਹੁੰਦੇ ਤੇ ਜੇ ਇਨ੍ਹਾਂ ਇਕੱਠਾਂ ਦਾ ਸ਼ੋਸ਼ਣ ਨਾ ਕੀਤਾ ਜਾਵੇ ਤਾਂ ਭੀੜਾਂ ਇਕੱਠੀਆਂ ਕਰਨ ਦਾ ਕੀ ਲਾਭ? ਇਸ ਲਈ ਜੋ ਦੇਖ ਲਏ ਹਨ, ਉਹ ਤਾਂ ਮਾੜੇ ਹਨ ਹੀ ਪਰ ਜੋ ਦੇਖੇ ਨਹੀਂ, ਉਨ੍ਹਾਂ ਨੂੰ ਵੀ ਚੰਗੇ ਕਹਿਣਾ ਕੋਈ ਵਧੀਆ ਦਲੀਲ ਨਹੀਂ।" ਇਸ ਦਲੀਲ ਨੂੰ ਅਸੀਂ ਸੰਖੇਪ ਵਿਚ ਪ੍ਰਚਲਿਤ ਮੁਹਾਵਰਾ ਵਰਤ ਕੇ ਵੀ ਸਾਫ ਕਰ ਸਕਦੇ ਹਾਂ ਕਿ 'ਢਕੀ ਰਿਝੇ ਤੇ ਕੋਈ ਨਾ ਬੁਝੇ।'

# ਦੇਸ਼ ਦੇ ਜੜ੍ਹੀਂ ਤੇਲ ਦੇਣ ਲੱਗੇ ਸਿਆਸੀ ਤਮਾਸ਼ੇ


ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455


ਇਸ ਵਕਤ ਭਾਰਤ ਵਿਚ ਇੱਕ ਫਿਲਮ ਨੂੰ ਲੈ ਕੇ ਬਖੇੜਾ ਖੜ੍ਹਾ ਕੀਤਾ ਜਾ ਰਿਹਾ ਹੈ। 'ਪਦਮਾਵਤੀ' ਨਾਂ ਦੀ ਇਸ ਫਿਲਮ ਉਤੇ ਕੁਝ ਲੋਕ ਇਹ ਕਹਿ ਕੇ ਪਾਬੰਦੀ ਦੀ ਮੰਗ ਕਰ ਰਹੇ ਹਨ ਕਿ ਇਸ ਵਿਚ ਇੱਕ ਹਿੰਦੂ ਰਾਜਪੂਤ ਰਾਣੀ ਦੀ ਦਿੱਖ ਖਰਾਬ ਕੀਤੀ ਗਈ ਹੈ। ਇਤਿਹਾਸਕਾਰੀ, ਸਾਹਿਤਕਾਰੀ ਤੇ ਕਲਾਕਾਰੀ-ਤਿੰਨ ਵੱਖ ਵੱਖ ਚੀਜ਼ਾਂ ਹਨ। ਇਸ ਤਰ੍ਹਾਂ ਦੇ ਕਈ ਮੌਕੇ ਆਏ ਹਨ, ਜਦੋਂ ਇਤਿਹਾਸ ਦੇ ਨਾਂ 'ਤੇ ਅਜਿਹਾ ਕੁਝ ਕਿਤਾਬੀ ਰੂਪ ਵਿਚ ਤੇ ਸਟੇਜਾਂ 'ਤੇ ਵੀ ਪੇਸ਼ ਕੀਤਾ ਜਾਂਦਾ ਰਿਹਾ ਹੈ, ਜੋ ਇੰਨ-ਬਿੰਨ ਇਤਿਹਾਸ ਨਹੀਂ ਹੁੰਦਾ। ਰਾਮਾਇਣ ਦੇ ਕੁਝ ਹਵਾਲਿਆਂ ਬਾਰੇ ਮੱਤਭੇਦ ਉਠਦੇ ਰਹਿੰਦੇ ਹਨ। ਇਸ ਦੇ ਬਾਵਜੂਦ ਭਾਰਤ ਵਿਚ ਹਰ ਸਾਲ ਉਸ ਬਾਰੇ ਰਾਮ-ਲੀਲਾ ਹੁੰਦੀ ਹੈ। ਪੇਸ਼ਕਾਰੀ ਆਪੋ ਆਪਣੇ ਢੰਗ ਦੀ ਤੇ ਵਰਤੇ ਗਏ ਡਾਇਲਾਗ ਤੱਕ ਵੀ ਵੱਖੋ-ਵੱਖ ਹੁੰਦੇ ਹਨ। ਜਿਸ ਕਿਸੇ ਨੇ ਰਾਮਾਇਣ ਜਾਂ ਮਹਾਂਭਾਰਤ ਬਾਰੇ ਫਿਲਮ ਬਣਾਈ ਹੈ, ਉਸ ਨੇ ਪਹਿਲੀ ਵਾਂਗ ਇੰਨ-ਬਿੰਨ ਕਦੇ ਪੇਸ਼ ਨਹੀਂ ਕੀਤੀ, ਕੁਝ ਨਾ ਕੁਝ ਫਰਕ ਪਾ ਲਿਆ ਜਾਂਦਾ ਹੈ ਤੇ ਇਹ ਇਸ ਵਾਸਤੇ ਜ਼ਰੂਰੀ ਹੁੰਦਾ ਹੈ ਕਿ ਜੇ ਪਹਿਲੀ ਵਾਂਗ ਹੀ ਪੇਸ਼ ਕਰਨੀ ਹੈ ਤਾਂ ਲੋਕ ਵੇਖਣ ਨਹੀਂ ਜਾਣਗੇ। ਕਲਾਕਾਰ ਕਿਹੜੇ ਪੇਸ਼ ਕਰਨੇ ਹਨ, ਇਸ ਮਾਮਲੇ ਵਿਚ ਵੀ ਪੇਸ਼ਕਰਤਿਆਂ ਦੀ ਮਰਜ਼ੀ ਹੁੰਦੀ ਹੈ।

ਰਾਜਨੀਤੀ ਵੀ ਇਹ ਰੰਗ ਵਰਤ ਲੈਂਦੀ ਹੈ। ਹਾਲੇ ਪਿਛਲੇ ਮਹੀਨੇ ਅਯੁੱਧਿਆ ਵਿਚ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਅਗਵਾਈ ਹੇਠ ਦੀਵਾਲੀ ਮੌਕੇ ਰਾਮਾਇਣ ਵਾਲੀ ਰਾਮ ਜੀ ਦੀ ਅਯੁੱਧਿਆ ਵਾਪਸੀ ਦਾ ਦ੍ਰਿਸ਼ ਪੇਸ਼ ਕੀਤਾ ਗਿਆ ਸੀ। ਰਾਮ, ਸੀਤਾ, ਲਛਮਣ ਤੇ ਰਾਮ-ਲੀਲਾ ਵਾਲੇ ਹੋਰ ਕਲਾਕਾਰ ਹੈਲੀਕਾਪਟਰ ਉਤੇ ਲਿਆ ਕੇ ਪੂਜਾ ਕਰਵਾਈ ਤੇ ਉਨ੍ਹਾਂ ਦਾ ਮਾਣ-ਤਾਣ ਕੀਤਾ ਗਿਆ। ਪਿੱਛੋਂ ਇਹ ਭੇਦ ਖੁੱਲ੍ਹਾ ਕਿ ਉਹ ਰਾਮ-ਲੀਲਾ ਵਾਲੇ ਕਲਾਕਾਰ ਹੀ ਨਹੀਂ ਸਨ, ਵੱਧ ਖਿਚ-ਪਾਊ ਦਿੱਖ ਵਾਲੇ ਮਾਡਲ ਮੁੰਡੇ-ਕੁੜੀਆਂ ਦਿੱਲੀ ਤੋਂ ਉਚੇਚੇ ਅਯੁੱਧਿਆ ਲਿਆਂਦੇ ਸਨ। ਰਾਜਸੀ ਮੰਚ ਉਤੇ ਕਿਸੇ ਹੋਰ ਧਿਰ ਨੇ ਇਹੋ ਕੁਝ ਕੀਤਾ ਹੁੰਦਾ ਤਾਂ ਰੌਲਾ ਪੈ ਜਾਣਾ ਸੀ। ਰੌਲਾ ਇਸ ਲਈ ਨਹੀਂ ਪਿਆ ਕਿ ਲਿਆਂਦੇ ਖੁਦ ਉਨ੍ਹਾਂ ਨੇ ਸਨ, ਜਿਹੜੇ ਰਾਈ ਦਾ ਪਹਾੜ ਬਣਾਉਣ ਦਾ ਕੰਮ ਬੜੀ ਆਸਾਨੀ ਨਾਲ ਕਰ ਸਕਦੇ ਹਨ।

ਇੱਕ ਦਿਲਚਸਪ ਮਾਮਲਾ ਸਾਨੂੰ ਯਾਦ ਆਉਂਦਾ ਹੈ। ਜਦੋਂ ਸੀਰੀਅਲ 'ਰਾਮਾਇਣ' ਟੀ. ਵੀ. ਉਤੇ ਪੇਸ਼ ਕੀਤਾ ਗਿਆ ਤਾਂ ਇੱਕ ਕੁੜੀ ਦੀਪਕਾ ਚਿਖਾਲੀਆ ਨੇ ਉਦੋਂ ਸੀਤਾ ਦਾ ਰੋਲ ਕੀਤਾ ਸੀ। ਫਿਰ ਟੀਪੂ ਸੁਲਤਾਨ ਦਾ ਸੀਰੀਅਲ ਪੇਸ਼ ਹੋਇਆ ਤਾਂ ਉਸੇ ਕੁੜੀ ਨੂੰ ਟੀਪੂ ਸੁਲਤਾਨ ਦੀ ਅੰਮੀ ਜਾਨ ਦਾ ਰੋਲ ਦੇ ਦਿੱਤਾ ਗਿਆ। ਅਗਲੀਆਂ ਪਾਰਲੀਮੈਂਟ ਚੋਣਾਂ ਮੌਕੇ ਭਾਜਪਾ ਨੇ ਉਸ ਨੂੰ ਟਿਕਟ ਦਿੱਤੀ ਤਾਂ ਉਹ ਜਿੱਥੇ ਵੀ ਜਾਂਦੀ, ਉਸ ਦੇ ਜਾਣ ਤੋਂ ਪਹਿਲਾਂ ਇਹ ਪ੍ਰਚਾਰ ਕੀਤਾ ਜਾਂਦਾ ਸੀ ਕਿ




ਰਾਮਾਇਣ ਵਾਲੀ ਸੀਤਾ ਆ ਰਹੀ ਹੈ। ਉਹ ਵੋਟਾਂ ਮੰਗਣ ਦੀ ਥਾਂ ਲੋਕਾਂ ਨੂੰ ਆਸ਼ੀਰਵਾਦ ਦਿੰਦੀ ਜਾਂਦੀ ਸੀ। ਇਹ ਚਰਚਾ ਚੱਲਦੀ ਰਹੀ ਕਿ ਇਸ ਨੇ ਸੀਤਾ ਮਾਤਾ ਦਾ ਰੋਲ ਹੀ ਨਹੀਂ ਕੀਤਾ, ਇਹ ਟੀਪੂ ਸੁਲਤਾਨ ਦੀ ਅੰਮੀ ਦਾ ਰੋਲ ਵੀ ਕਰ ਚੁਕੀ ਹੈ, ਪਰ ਇਹ ਹਕੀਕਤ ਇਸ ਲਈ ਰੌਲੇ ਵਿਚ ਰੁਲ ਗਈ ਕਿ ਰੌਲਾ ਪਾਉਣ ਵਾਲੀਆਂ ਧਿਰਾਂ ਉਸ ਨੂੰ ਸੀਤਾ ਮਾਤਾ ਵਜੋਂ ਪੇਸ਼ ਕਰਨ ਦੇ ਕੰਮ ਲੱਗੀਆਂ ਹੋਈਆਂ ਸਨ। ਨਤੀਜੇ ਵਜੋਂ ਉਹ ਕੁੜੀ ਹਾਰੀ ਹੋਈ ਜਾਪਦੀ ਸੀਟ ਤੋਂ ਜਿੱਤ ਗਈ ਸੀ।

ਹੁਣ ਰਾਣੀ ਪਦਮਾਵਤੀ ਦੇ ਬਹਾਨੇ ਇੱਕ ਫਿਲਮ ਦਾ ਵਿਰੋਧ ਕੀਤਾ ਗਿਆ ਹੈ। ਸਾਨੂੰ ਨਿਜੀ ਤੌਰ ਉਤੇ ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਨਾ ਅਸੀਂ ਕਦੀ 'ਮੁਗਲ-ਏ-ਆਜ਼ਮ' ਵੇਖੀ ਸੀ, ਨਾ 'ਪਦਮਾਵਤੀ' ਵੇਖਣ ਜਾਣਾ ਹੈ। ਫਿਲਮਾਂ ਦੇ ਸ਼ੌਕੀਨਾਂ ਲਈ ਇਹ ਫਿਲਮ ਇੱਕ ਵਧੀਆ ਡਾਇਰੈਕਟਰ ਸੰਜੇ ਲੀਲਾ ਭੰਸਾਲੀ ਨੇ ਬਣਾਈ ਹੈ, ਜੋ ਗੁਜਰਾਤੀ ਹਿੰਦੂਆਂ ਦੇ ਭੰਸਾਲੀ ਪਰਿਵਾਰ ਵਿਚ ਪੈਦਾ ਹੋਇਆ ਸੀ। ਉਸ ਦੀ ਮਾਂ ਲੀਲਾ ਵੀ ਹਿੰਦੂ ਸੀ। ਫਿਲਮ ਦਾ ਇੱਕ ਕਲਾਕਾਰ ਰਣਬੀਰ ਜੇ ਸਿੰਧੀ ਹਿੰਦੂ ਪਰਿਵਾਰ ਵਿਚ ਪੈਦਾ ਹੋਇਆ ਸੀ ਤਾਂ ਦੂਜੀ ਮੁੱਖ ਕਲਾਕਾਰ ਦੀਪਿਕਾ ਇਸ ਦੇਸ਼ ਦੇ ਉਘੇ ਬੈਡਮਿੰਟਨ ਸਟਾਰ ਪ੍ਰਕਾਸ਼ ਪਾਦੂਕੋਨੇ ਦੀ ਧੀ ਹੈ ਤੇ ਪੁਰਾਣੇ ਸਨਾਤਨੀ ਹਿੰਦੂ ਪਰਿਵਾਰ ਵਿਚੋਂ ਹੈ। ਜਿਹੜੇ ਹਿੰਦੂ ਆਗੂ ਇਹ ਫਿਲਮ ਰੋਕਣ ਲਈ ਝੰਡੇ ਚੁੱਕੀ ਖੜ੍ਹੇ ਹਨ, ਉਹ ਇਨ੍ਹਾਂ ਤਿੰਨਾਂ ਨਾਲੋਂ ਵੱਧ ਧਾਰਮਿਕ ਨਹੀਂ ਜਾਪਦੇ। ਇਸ ਫਿਲਮ ਸਬੰਧੀ ਕੁਝ ਮਤਭੇਦ ਹਨ ਤਾਂ ਉਨ੍ਹਾਂ ਦੀ ਚਰਚਾ ਹੋ ਸਕਦੀ ਹੈ, ਪਰ ਇਥੇ ਚਰਚਾ ਦੀ ਥਾਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਸਾਡੇ ਸਮਿਆਂ ਵਿਚ ਹਰ ਕਿਸੇ ਰਾਜ ਵਿਚ, ਸਰਕਾਰ ਭਾਵੇਂ ਲੋਕਤੰਤਰੀ ਹੋਵੇ, ਭਾਵੇਂ ਕਿਸੇ ਫੌਜੀ ਜੁੰਡੀ ਦਾ ਰਾਜ ਹੋਵੇ ਤੇ ਬੇਸ਼ੱਕ ਪਿਤਾ-ਪੁਰਖੀ ਰਾਜਿਆਂ ਦਾ ਰਾਜ ਚੱਲ ਰਿਹਾ ਹੋਵੇ, ਹਰ ਥਾਂ ਇਸ ਗੱਲ ਦੀ ਗਾਰੰਟੀ ਦੇਣੀ ਪੈਂਦੀ ਹੈ ਕਿ ਕਿਸੇ ਨੂੰ ਵੀ ਕਿਸੇ ਦੂਜੇ ਦਾ ਕਤਲ ਕਰਨ ਜਾਂ ਕਤਲ ਦੀ ਧਮਕੀ ਸਮੇਤ ਕੋਈ ਧਮਕੀ ਦੇਣ ਦੀ ਖੁੱਲ੍ਹ ਨਹੀਂ ਹੋਵੇਗੀ। ਭਾਰਤੀ ਲੋਕਤੰਤਰ ਇਸ ਤਰ੍ਹਾਂ ਦਾ ਹੈ ਕਿ ਇਥੇ ਬੜੇ ਸਹਿਜ ਨਾਲ 'ਫਲਾਣੇ ਦਾ ਸਿਰ ਵੱਢ ਦੇਣ ਵਾਲੇ ਨੂੰ ਐਨੇ ਰੁਪਏ' ਅਤੇ 'ਫਲਾਣੇ ਦੀ ਜ਼ਬਾਨ ਵੱਢ ਕੇ ਲਿਆਉਣ ਵਾਲੇ ਨੂੰ ਐਨੇ ਰੁਪਏ' ਦੇ ਇਨਾਮ ਐਲਾਨ ਕਰ ਦਿੱਤੇ ਜਾਂਦੇ ਹਨ। ਕਾਨੂੰਨ ਕਦੇ ਰੋਕਦਾ ਨਹੀਂ। ਹੁਣ ਫਿਲਮ ਪਦਮਾਵਤੀ ਨੂੰ ਲੈ ਕੇ ਵੀ ਇਹੋ ਖੇਡ ਦੁਹਰਾਈ ਜਾ ਰਹੀ ਹੈ ਤੇ ਕਾਨੂੰਨ ਲਾਪਰਵਾਹ ਹੈ।

ਹੈਰਾਨੀ ਦੀ ਗੱਲ ਹੈ ਕਿ ਇਸ ਕੰਮ ਵਿਚ ਕੁਝ ਲੋਕ ਉਹ ਵੀ ਸ਼ਾਮਲ ਹਨ, ਜਿਨ੍ਹਾਂ ਬਾਰੇ ਅਸੀਂ ਕਹਿ ਸਕਦੇ ਹਾਂ ਕਿ ਉਹ 'ਇੱਲ ਦਾ ਨਾਂ ਕੋਕੋ' ਤੱਕ ਨਹੀਂ ਜਾਣਦੇ, ਪਰ ਕੁਝ ਉਹ ਲੋਕ ਵੀ ਇਸ ਕੰਮ ਲੱਗੇ ਹੋਏ ਹਨ, ਜਿਨ੍ਹਾਂ ਨੇ ਕਾਨੂੰਨ ਮੁਤਾਬਕ ਰਾਜ ਚਲਾਉਣ ਅਤੇ ਸੰਵਿਧਾਨ ਦੀ ਪਾਲਣਾ ਕਰਨ ਦੀ ਸਹੁੰ ਚੁੱਕੀ ਸੀ। ਦੋ ਪਾਰਲੀਮੈਂਟ ਮੈਂਬਰਾਂ ਨੂੰ ਇਸ ਖੇਡ ਦੇ ਪਹਿਲੇ ਹੱਲੇ ਵਾਲੀ ਭੀੜ ਨਾਲ ਖੜ੍ਹੇ ਵੇਖਿਆ ਗਿਆ। ਫਿਰ ਹਰਿਆਣੇ ਦੇ ਇੱਕ ਮੰਤਰੀ ਨੇ ਕਹਿ ਦਿੱਤਾ ਕਿ ਸਾਰੇ ਭਾਰਤ ਵਿਚ ਇਹ ਫਿਲਮ ਚੱਲ ਜਾਵੇ, ਸਾਡੇ ਰਾਜ ਵਿਚ ਫਿਰ ਵੀ ਨਹੀਂ ਚੱਲਣ ਦੇਵਾਂਗੇ। ਇਸ ਦੇ ਬਾਅਦ ਇੱਕ ਕੇਂਦਰੀ ਮੰਤਰੀ ਨੇ ਬਿਆਨ ਦਾਗ ਦਿੱਤਾ ਕਿ ਇਹ ਫਿਲਮ ਚੱਲਣ ਨਹੀਂ ਦਿੱਤੀ ਜਾਵੇਗੀ। ਭਾਰਤ ਵਿਚ ਕਾਨੂੰਨੀ ਢਾਂਚਾ ਹੈ, ਜਿੱਥੇ ਫਿਲਮਾਂ ਦੀ ਪੁਣ-ਛਾਣ ਦੇ ਕੰਮ ਲਈ ਫਿਲਮ ਸਰਟੀਫਿਕੇਸ਼ਨ ਬੋਰਡ ਮੌਜੂਦ ਹੈ, ਜਿਸ ਨੂੰ ਆਮ ਧਾਰਨਾ ਮੁਤਾਬਕ ਲੋਕੀਂ ਸੈਂਸਰ ਬੋਰਡ ਕਹਿ ਛੱਡਦੇ ਹਨ। ਉਸ ਬੋਰਡ ਦੇ ਕੀਤੇ-ਕਤਰੇ ਨੂੰ ਚੈਲਿੰਜ ਕਰਨ ਲਈ ਇੱਕ ਅਦਾਲਤੀ ਢਾਂਚਾ ਮੌਜੂਦ ਹੈ, ਜੋ ਸਥਾਨਕ ਅਦਾਲਤਾਂ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਜਾਂਦਾ ਹੈ। ਜੇ ਹਰ ਕਿਸੇ ਜਣੇ-ਖਣੇ ਨੇ ਸੜਕਾਂ ਉਤੇ ਆਪਣੀ ਮਰਜ਼ੀ ਲਾਗੂ ਕਰਵਾਉਣ ਲੱਗ ਜਾਣਾ ਹੈ ਤਾਂ ਅਦਾਲਤੀ ਢਾਂਚੇ ਦੀ ਕੀ ਲੋੜ ਹੈ? ਹੱਦ ਤਾਂ ਇਹ ਹੈ ਕਿ ਇਸ ਕਾਨੂੰਨੀ ਢਾਂਚੇ ਨੂੰ ਹੁਣ ਚੁਣੌਤੀ ਦਿੱਤੀ ਜਾਣ ਲੱਗ ਪਈ ਹੈ।


ਦੀਵਾਲੀ ਮੌਕੇ ਜਦੋਂ ਅਦਾਲਤ ਨੇ ਪਟਾਕਿਆਂ ਦੀ ਪਾਬੰਦੀ ਲਾਈ ਤਾਂ ਇਹ ਗੱਲ ਕਹੀ ਗਈ ਕਿ ਅੱਜ ਪਟਾਕੇ ਚਲਾਉਣ ਉਤੇ ਪਾਬੰਦੀ ਲਾਉਂਦੇ ਹਨ, ਭਲਕੇ ਸਾਨੂੰ ਦੀਵੇ ਜਗਾਉਣ ਤੋਂ ਵੀ ਰੋਕਿਆ ਜਾਵੇਗਾ, ਦੀਵੇ ਤੇ ਪਟਾਕੇ ਸਾਡੀ ਪਰੰਪਰਾ ਦਾ ਹਿੱਸਾ ਹਨ। ਜਿਨ੍ਹਾਂ ਲੋਕਾਂ ਨੇ ਅਜਿਹੀ ਗੱਲ ਕਹੀ, ਉਹ ਇਹ ਸੱਚ ਨਹੀਂ ਜਾਣਦੇ ਕਿ ਉਨ੍ਹਾਂ ਦੀ ਪਰੰਪਰਾ ਭਗਵਾਨ ਰਾਮ ਤੋਂ ਸ਼ੁਰੂ ਹੁੰਦੀ ਹੈ ਤੇ ਉਸ ਵੇਲੇ ਪਟਾਕੇ ਹੁੰਦੇ ਹੀ ਨਹੀਂ ਸਨ, ਇਹ ਮਸਾਂ ਦੋ ਕੁ ਸੌ ਸਾਲ ਪਹਿਲਾਂ ਬਣਨੇ ਤੇ ਚਲਾਏ ਜਾਣੇ ਸ਼ੁਰੂ ਹੋਏ ਸਨ। ਗੱਲ ਪਟਾਕਿਆਂ ਦੀ ਨਹੀਂ, ਅਦਾਲਤੀ ਫੈਸਲੇ ਦੇ ਬੇਹੂਦਗੀ ਭਰੇ ਵਿਰੋਧ ਦੀ ਸੀ, ਜਿਸ ਵਿਚ ਪਰੰਪਰਾ ਦੇ ਨਾਂ ਉਤੇ ਅਗਿਆਨ ਦਾ ਪਰਦਾ ਤਾਣਿਆ ਜਾ ਰਿਹਾ ਸੀ।

ਹਰ ਫਿਲਮ ਹਕੀਕਤਾਂ 'ਤੇ ਆਧਾਰਤ ਨਹੀਂ ਹੋ ਸਕਦੀ। ਭਾਰਤ ਵਿਚ ਡਾਕੂਆਂ ਨੂੰ ਵਡਿਆਉਣ ਵਾਲੀਆਂ ਫਿਲਮਾਂ ਵੀ ਬਣੀਆਂ ਅਤੇ ਚੱਲਦੀਆਂ ਰਹੀਆਂ ਹਨ। ਉਨ੍ਹਾਂ ਦਾ ਕੋਈ ਵਿਰੋਧ ਨਹੀਂ ਹੋਇਆ। ਆਮ ਲੋਕ ਵਿਰੋਧ ਨਹੀਂ ਕਰਦੇ, ਉਨ੍ਹਾਂ ਨੂੰ ਅੱਗੇ ਲਾ ਕੇ ਕੁਝ ਹੋਰ ਤਾਕਤਾਂ ਕਰਾਉਂਦੀਆਂ ਹਨ। ਕਈ ਵਾਰੀ ਅਜਿਹੇ ਵਿਰੋਧ ਪਿੱਛੋਂ ਜਦੋਂ ਸੌਦਾ ਸਿਰੇ ਚੜ੍ਹ ਜਾਵੇ, ਫਿਰ ਵਿਰੋਧ ਸ਼ਾਂਤ ਹੁੰਦਾ ਵੀ ਵੇਖਿਆ ਜਾਂਦਾ ਹੈ। ਹੁਣ ਵੀ ਹੋ ਸਕਦਾ ਹੈ। ਨਿਵੇਕਲੀ ਵੰਨ-ਸੁਵੰਨਤਾ ਦਾ ਮਾਣ ਕਰਨ ਵਾਲੇ ਇਸ ਦੇਸ਼ ਵਿਚ ਕਿਸੇ ਵੀ ਥਾਂ ਚੰਗੇ ਕੰਮ ਲਈ ਦਸ ਬੰਦੇ ਜੋੜਨੇ ਮੁਸ਼ਕਿਲ ਹੋ ਸਕਦੇ ਹਨ, ਭਾਂਬੜ ਮਚਾਉਣ ਦੀ ਨੀਅਤ ਨਾਲ ਕੋਈ ਧਿਰ ਚੱਲ ਪਵੇ ਤਾਂ ਦਸ ਬੰਦੇ ਕੀ, ਦਸ ਹਜ਼ਾਰ ਬੰਦੇ ਵੀ ਚੁਟਕੀਆਂ ਵਿਚ ਜੁੜ ਸਕਦੇ ਹਨ। ਹੁਣ ਵੀ ਫਿਲਮ ਪਦਮਾਵਤੀ ਦੇ ਸਵਾਲ ਉਤੇ ਇਹੋ ਵਾਪਰਦਾ ਪਿਆ ਹੈ ਤੇ ਬਹੁਤੇ ਲੋਕ ਇਸ ਲਈ ਚੁੱਪ ਹੋਏ ਵੇਖ ਰਹੇ ਹਨ ਕਿ ਚਾਰ ਦਿਨਾਂ ਦਾ ਤਮਾਸ਼ਾ ਹੈ। ਇਹ ਚਾਰ-ਚਾਰ ਦਿਨਾਂ ਦਾ ਤਮਾਸ਼ਾ ਇਸ ਦੇਸ਼ ਦੇ ਜੜ੍ਹੀਂ ਤੇਲ ਦੇਈ ਜਾਂਦਾ ਹੈ। ਲੋਕ ਇਹ ਸਮਝਣ ਤੋਂ ਅਸਮਰਥ ਹਨ ਕਿ ਇਹ ਤਮਾਸ਼ੇ ਕਦੋਂ ਕੁ ਤੱਕ ਚੱਲਦੇ ਰਹਿਣਗੇ ਤੇ ਜੇ ਇਸੇ ਤਰ੍ਹਾਂ ਚੱਲਦੇ ਰਹੇ ਤਾਂ ਫਿਰ ਗੰਗਾ-ਜਮਨੀ ਸੱਭਿਅਤਾ ਉਤੇ ਮਾਣ ਕਰਨ ਵਾਲੇ ਦੇਸ਼ ਦਾ ਭਵਿੱਖ ਕਿਸ ਤਰ੍ਹਾਂ ਦਾ ਹੋਵੇਗਾ!

# ਨਹੀਂ ਸੰਭਲਾਂਗੇ ਤਾਂ ਪੁਰਖੇ ਕੀ ਕਹਿਣਗੇ?

***ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਚ ਸਰੀਰਕ ਪੱਖੋਂ ਹੀਣੇ ਸ਼ਰਧਾਲੂਆਂ ਲਈ ਕੁਰਸੀਆਂ ਲੱਗਣੀਆਂ ਚਾਹੀਦੀਆਂ ਹਨ ਜਾਂ ਨਹੀਂ, ਇਸ ਮਾਮਲੇ 'ਤੇ ਵੱਡਾ ਵਿਵਾਦ ਹੈ। ਕਈ ਗੁਰੂ ਘਰਾਂ ਦੇ ਪ੍ਰਬੰਧਕਾਂ ਨੇ ਸ਼ਰਧਾਲੂ ਦੇ ਬੈਠਣ ਦੇ ਤਰੀਕੇ ਦੀ ਥਾਂ ਉਸ ਦੀ ਸ਼ਰਧਾ ਨੂੰ ਪਹਿਲ ਦਿੰਦਿਆਂ ਦੀਵਾਨ ਹਾਲ ਵਿਚ ਕੁਰਸੀਆਂ ਲੁਆ ਦਿੱਤੀਆਂ ਹੋਈਆਂ ਹਨ, ਖਾਸ ਕਰ ਵਿਦੇਸ਼ਾਂ ਵਿਚ। ਇਸ ਲੇਖ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਪ੍ਰੋ. ਬਲਕਾਰ ਸਿੰਘ ਨੇ ਇਸੇ ਮਾਮਲੇ ਨੂੰ ਆਧਾਰ ਬਣਾ ਕੇ ਸਵਾਲ ਉਠਾਇਆ ਹੈ ਕਿ ਸਿੱਖ ਦੀ ਸ਼ਰਧਾ ਪਹਿਲਾਂ ਹੈ ਜਾਂ ਫਿਰ ਕੁਝ ਲੋਕਾਂ ਦੀ ਮਰਿਆਦਾ ਦੇ ਨਾਂ 'ਤੇ ਬੇਮੁਹਾਰੀ ਹਉਮੈ? -ਸੰਪਾਦਕ***

ਵੈਸੇ ਤਾਂ ਹਵਾ ਹੀ ਮੈਲੀ ਹੋ ਗਈ ਹੈ ਅਤੇ ਸਾਹ ਵੀ ਔਖੇ ਹੁੰਦੇ ਜਾ ਰਹੇ ਹਨ, ਪਰ ਇਸ ਨਾਲ ਸੁਭਾ ਜਿਸ ਤਰ੍ਹਾਂ ਬੇਇਤਬਾਰੇ ਹੁੰਦੇ ਜਾ ਰਹੇ ਹਨ, ਇਹ ਫਿਕਰ ਵਾਲੀ ਗੱਲ ਹੈ। ਤੇਜ਼ੀ ਨਾਲ ਵਾਪਰ ਰਹੀਆਂ ਘਟਨਾਵਾਂ ਵਿਚੋਂ ਇਕ ਮੇਰੇ ਨਾਲ 12 ਨਵੰਬਰ ਵਾਲੇ ਐਤਵਾਰ ਨੂੰ ਵਾਪਰ ਚੁਕੀ ਹੈ। ਮੇਰੇ ਮਿੱਤਰ ਦੀ ਪਤਨੀ ਕਰਤਾਰ ਕੌਰ ਦੇ ਭੋਗ 'ਤੇ ਸਿੰਘ ਸਭਾ ਗੁਰਦੁਆਰਾ ਮਾਲ ਰੋਡ, ਪਟਿਆਲਾ ਗਿਆ ਤਾਂ ਵੇਖਿਆ ਕਿ ਵੱਡੀ ਗਿਣਤੀ 70ਵਿਆਂ ਤੋਂ ਟੱਪਿਆਂ ਹੋਇਆਂ ਦੀ ਸੀ।

ਪ੍ਰੋ. ਬਲਕਾਰ ਸਿੰਘ
ਫੋਨ: +91-93163-01328


ਮੇਰਾ ਮਿਤਰ ਪ੍ਰੋ. ਸਿੱਧੂ ਆਪ ਲਕਵੇ ਦਾ ਝੰਬਿਆ ਹੋਇਆ ਹੈ ਅਤੇ ਬਾਹਰ ਹੀ ਕੁਰਸੀ 'ਤੇ ਬੈਠਾ ਆਉਣ ਵਾਲਿਆਂ ਨੂੰ ਮਿਲ ਰਿਹਾ ਸੀ। ਉਸ ਨੂੰ ਤੁਰਨ ਵਾਸਤੇ ਇੱਕ ਬੰਦੇ ਦਾ ਸਹਾਰਾ ਲੈਣਾ ਪੈਂਦਾ ਹੈ। ਮੈਂ ਵੀ ਮੱਥਾ ਟੇਕ ਕੇ ਉਸ ਕੋਲ ਹੀ ਆ ਗਿਆ। ਉਸ ਦੇ ਧੀ-ਜਵਾਈ ਅਤੇ ਨੂੰਹ-ਪੁੱਤ ਕੈਨੇਡਾ ਤੋਂ ਉਚੇਚੇ ਆਏ ਹੋਏ ਸਨ ਤੇ ਸਾਰੇ ਪ੍ਰਬੰਧ ਦੀ ਦੇਖ-ਭਾਲ ਕਰ ਰਹੇ ਸਨ। ਚਾਹ ਪਾਣੀ ਅਤੇ ਕੁਰਸੀਆਂ ਦਾ ਸ਼ਾਮਿਆਨੇ ਸਮੇਤ ਚੰਗਾ ਪ੍ਰਬੰਧ ਸੀ ਅਤੇ ਜੋ ਥੱਲੇ ਨਹੀਂ ਬੈਠ ਸਕਦੇ ਸਨ, ਉਹ ਬਾਹਰ ਹੀ ਬੈਠੇ ਹੋਏ ਸਨ। ਵੈਸੇ ਵੀ ਸਿੰਘ ਸਭਾ ਗੁਰਦੁਆਰਾ ਸਮਾਗਮਾਂ ਵਾਸਤੇ ਪਟਿਆਲਵੀਆਂ ਲਈ ਖਿੱਚ ਦਾ ਕੇਂਦਰ ਹੈ।

ਭੋਗ ਪੈਣ ਦੇ ਨੇੜੇ ਪ੍ਰੋ. ਸਿੱਧੂ ਨੂੰ ਪੁੱਛਿਆ ਗਿਆ ਕਿ ਉਹ ਅਰਦਾਸ ਮੌਕੇ ਅੰਦਰ ਜਾਣਾ ਚਾਹੁੰਦੇ ਹਨ? ਉਸ ਦਾ ਉਤਰ ਸੀ ਕਿ ਗੁਰੂ ਕੋਲ ਹਾਜ਼ਰੀ ਤਾਂ ਲੁਆਉਣੀ ਹੀ ਹੈ ਕਿਉਂਕਿ ਉਸੇ ਦੇ ਆਸਰੇ ਤਾਂ ਤੁਰੇ ਫਿਰਦੇ ਹਾਂ। ਮੈਨੂੰ ਉਸ ਦਾ ਬਚਨਬੱਧ ਜਜ਼ਬਾ ਬੜਾ ਚੰਗਾ ਲੱਗਾ। ਉਸ ਤੋਂ ਪਹਿਲਾਂ ਮੇਰੇ ਵਰਗਾ ਇਕ ਮੈਨੂੰ ਕਹਿ ਚੁਕਾ ਸੀ ਕਿ ਮੈਂ ਮੱਥਾ ਟੇਕ ਕੇ ਸਿੱਧਾ ਬਾਹਰ ਆ ਗਿਆ ਕਿਉਂਕਿ ਜੇ ਬੈਠਦਾ ਤਾਂ ਉਠਿਆ ਨਹੀਂ ਜਾਣਾ ਸੀ। ਉਸ ਦੀ ਪਤਨੀ ਗੋਡਿਆਂ ਕਰਕੇ ਮੱਥਾ ਟੇਕਣ ਵੀ ਨਹੀਂ ਜਾ ਸਕੀ ਕਿਉਂਕਿ ਉਸ ਨੂੰ ਡਾਕਟਰਾਂ ਨੇ ਪੌੜੀਆਂ ਚੜ੍ਹਨ ਤੋਂ ਮਨ੍ਹਾਂ ਕੀਤਾ ਹੋਇਆ ਹੈ। ਫੈਸਲਾ ਇਹ ਹੋਇਆ ਕਿ ਕੁਝ ਕੁਰਸੀਆਂ ਦਾ ਪ੍ਰਬੰਧ ਕਰ ਲਿਆ ਜਾਵੇ। ਹਾਲਾਂਕਿ ਪਹਿਲਾਂ ਕੁਰਸੀਆਂ ਹੁੰਦੀਆਂ ਸਨ, ਪਰ ਅੱਜ ਨਹੀਂ ਸਨ।

ਬਾਹਰ ਬੈਠੇ ਬਜ਼ੁਰਗਾਂ ਵਿਚ ਇਹ ਚਰਚਾ ਚੱਲਦੀ ਰਹੀ ਸੀ ਕਿ ਗੁਰਦੁਆਰਿਆਂ ਵਿਚ ਸ਼ਰਧਾਵਾਨਾਂ ਦੀਆਂ ਸਰੀਰਕ ਮਜਬੂਰੀਆਂ ਨਾਲ ਨਿਭ ਸਕਣ ਦੀ ਉਸ ਤਰ੍ਹਾਂ ਕੋਈ ਵਿਵਸਥਾ ਨਹੀਂ ਹੈ, ਜਿਸ ਨਾਲ ਸ਼ਰਧਾਵਾਨ ਦੀ ਸ਼ਰਧਾ ਵਿਚ ਰੁਕਾਵਟ ਨਾ ਪੈਂਦੀ ਹੋਵੇ। ਇਹ ਸਵਾਲ ਵੀ ਉਠਾਇਆ ਗਿਆ ਸੀ ਕਿ ਬਾਣੀ ਨਾਲੋਂ ਰਹਿਤ ਮਰਿਆਦਾ ਨੂੰ ਵੱਧ ਮਾਨਤਾ ਦੇਣ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਰਸੀ ਹੋਈ ਸਿੱਖ ਚੇਤਨਾ ਵਾਲੇ ਇਹ ਵੀ ਕਹਿ ਰਹੇ ਸਨ ਕਿ ਧਰਮ 'ਤੇ ਸਿਆਸਤ ਦਾ ਕਬਜ਼ਾ ਹੋ ਜਾਣ ਨਾਲ ਹੀ ਅਜਿਹੇ ਵਰਤਾਰਿਆਂ ਦਾ ਬੋਲਬਾਲਾ ਹੁੰਦਾ ਜਾ ਰਿਹਾ ਹੈ। ਇਕ ਬਜ਼ੁਰਗ ਦਾ ਵਿਚਾਰ ਸੀ ਕਿ ੴ ਨਾਲੋਂ ਖੰਡੇ ਨੂੰ ਪਹਿਲ ਦਿੱਤੀ ਜਾਣ ਲੱਗ ਪਈ ਹੈ।

ਸਵਾਲਾਂ ਦਾ ਇਹ ਵਹਿਣ ਬਿਨਾ ਜਵਾਬਾਂ ਤੋਂ ਸਿੱਖੀ ਦੀ ਵਰਤਮਾਨ ਦਸ਼ਾ ਅਤੇ ਦਿਸ਼ਾ ਦੀ ਵਿਆਖਿਆ ਲੱਗ ਰਿਹਾ ਸੀ। ਬਜ਼ੁਰਗੀ ਵਾਲੇ ਅਨੁਭਵੀ ਲਗਾਉ ਦਾ ਇਹ ਵਕਤੀ ਵਹਿਣ ਉਸ ਵੇਲੇ ਰੁਕ ਗਿਆ ਜਦੋਂ ਪ੍ਰੋ. ਸਿੱਧੂ ਨੂੰ ਸਹਾਰੇ ਨਾਲ ਅਰਦਾਸ ਵਿਚ ਸ਼ਾਮਲ ਹੋਣ ਲਈ ਲੈ ਜਾਣ ਵਾਸਤੇ ਤਿਆਰੀ ਸ਼ੁਰੂ ਹੋ ਗਈ।

ਚਾਰ ਪੰਜ ਕੁਰਸੀਆਂ ਅੰਦਰ ਉਸ ਥਾਂ 'ਤੇ ਰੱਖ ਲਈਆਂ ਸਨ, ਜਿਸ ਨਾਲ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਵਿਚ ਫਰਕ ਨਾ ਪੈਂਦਾ ਹੋਵੇ। ਮੈਂ ਅਜੇ ਕੁਰਸੀ 'ਤੇ ਬੈਠਾ ਹੀ ਸਾਂ ਕਿ ਇਕ ਗੁਰਸਿਖ ਮੁਲਾਜ਼ਮ ਕੁਰਸੀਆਂ ਬਾਹਰ ਕੱਢਣ ਦਾ ਹੁਕਮ ਜਿਸ ਤਰ੍ਹਾਂ ਸੁਣਾ ਰਿਹਾ ਸੀ, ਉਸ ਨਾਲ ਲੱਗ ਰਿਹਾ ਸੀ ਕਿ ਇਕ ਮਰਿਆਦਾ ਦੀ ਪਾਲਣਾ ਵਾਸਤੇ ਇਕ ਮਰਿਆਦਾ ਦਾ ਧਿਆਨ ਨਹੀਂ ਰੱਖਿਆ ਜਾ ਰਿਹਾ ਸੀ। ਮੇਰੇ ਅੰਦਰਲਾ ਪ੍ਰੋਫੈਸਰ ਹਰਕਤ ਵਿਚ ਆ ਗਿਆ ਕਿਉਂਕਿ ਮੈਨੂੰ ਲੱਗਾ ਕਿ ਇਸ ਨੌਜਵਾਨ ਨੂੰ ਮੇਰੇ ਜਿੰਨਾ ਮਰਿਆਦਾ ਦਾ ਪਤਾ ਨਹੀਂ ਹੈ। ਕੁਰਸੀ ਤੋਂ ਉਠਣ ਦਾ ਹੁਕਮ ਸੁਣ ਕੇ ਮੈਂ ਉਸ ਦੀ ਬਾਂਹ ਫੜ੍ਹ ਕੇ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗਾ ਤਾਂ ਉਹ ਹੋਰ ਵੀ ਉਚੀ ਸੁਰ ਵਿਚ ਕਹਿਣ ਲੱਗ ਪਿਆ ਕਿ ਪਹਿਲਾਂ ਬਾਂਹ ਛੱਡ। ਮੈਂ ਇਹ ਵੀ ਨਾ ਕਹਿ ਸਕਿਆ ਕਿ ਬਾਂਹ ਤਾਂ ਪੁੱਤਰਾ ਮੈਂ ਇਸ ਕਰ ਕੇ ਫੜ੍ਹੀ ਹੈ ਕਿਉਂਕਿ ਮੈਨੂੰ ਆਸਰੇ ਦੀ ਲੋੜ ਹੈ। ਏਨੇ ਵਿਚ ਇਹ ਹਿੰਦੂ ਪ੍ਰੋਫੈਸਰ ਆ ਗਿਆ ਅਤੇ ਉਸ ਨੂੰ ਸਮਝਾਉਣ ਲੱਗਾ ਕਿ ਪ੍ਰੋਫੈਸਰ ਸਾਹਿਬ ਦੀ ਬਈਪਾਸ ਸਰਜਰੀ ਹੋਈ ਹੈ ਅਤੇ ਇਹ ਭੁੰਜੇ ਨਹੀਂ ਬੈਠ ਸਕਦਾ।

ਗੱਲ ਨੂੰ ਵਧਣ ਤੋਂ ਰੋਕਣ ਲਈ ਮੈਂ ਕਿਹਾ ਕਿ ਮੈਨੂੰ ਆਪਣਾ ਫਿਕਰ ਨਹੀਂ ਹੈ। ਪਰ ਪ੍ਰੋ. ਸਿੱਧੂ ਦਾ ਕੀ ਬਣੇਗਾ ਕਿਉਂਕਿ ਉਹ ਤਾਂ ਬਿਨਾ ਆਸਰੇ ਖਲੋ ਵੀ ਨਹੀਂ ਸਕਦਾ। ਕੁਰਸੀਆਂ ਚੁੱਕ ਦਿੱਤੀਆਂ ਗਈਆਂ ਤੇ ਮੈਂ ਇਹ ਵੇਖਣ ਲਈ ਬੈਠ ਗਿਆ ਕਿ ਵੇਖਾਂ ਪ੍ਰੋ. ਸਿੱਧੂ ਦਾ ਕੀ ਬਣਦਾ ਹੈ? ਮੇਰੇ ਕੋਲੋਂ ਬੈਠਿਆ ਨਹੀਂ ਗਿਆ ਅਤੇ ਮੈਨੂੰ ਬਾਹਰ ਆਉਣਾ ਪੈ ਗਿਆ। ਅੱਗੇ ਮੇਰੇ ਨਾਲੋਂ ਉਮਰ ਵਿਚ ਬਹੁਤ ਛੋਟੇ ਸਥਾਪਤ ਸਰਜਨ ਡਾ. ਕਾਂਡੇ ਬੈਠੇ ਹੋਏ ਸਨ ਕਿਉਂਕਿ ਉਸ ਨੂੰ ਰੀੜ੍ਹ ਦੀ ਤਕਲੀਫ ਨਾਲ ਜੂਝਣਾ ਪੈ ਰਿਹਾ ਸੀ। ਅਰਦਾਸ ਉਪਰੰਤ ਡਾ. ਕਾਂਡੇ ਦੀ ਪਤਨੀ ਡਾ. ਸਾਹਿਬ ਲਈ ਪ੍ਰਸ਼ਾਦ ਲੈ ਕੇ ਆਈ ਅਤੇ ਉਹੀ ਅਸੀਂ ਸਾਰਿਆਂ ਨੇ ਵੰਡ ਕੇ ਛਕਿਆ। ਮੇਰੇ ਅੰਦਰ ਬਚਪਨ ਵਿਚ ਸੁਣੇ ਢਾਡੀਆਂ ਦੇ ਇਹ ਬੋਲ ਛਣਕਣ ਲੱਗੇ, "ਇਕ ਮੁੱਠੀ ਛੋਲਿਆਂ ਦੀ ਖਾ ਕੇ ਤੇਰੇ ਲੰਗਰਾਂ 'ਚੋਂ ਮਸਤ ਹੋਏ ਹਾਥੀਆਂ ਨੂੰ ਢਾਹਵੇ ਤੇਰਾ ਖਾਲਸਾ।" ਅਸੀਂ ਕਿਥੋਂ ਕਿਥੇ ਪਹੁੰਚ ਗਏ ਹਾਂ?

ਭੋਗ ਉਪਰੰਤ ਲੰਗਰ ਤਾਂ ਭੋਗ ਵਾਲੇ ਕਾਰਡਾਂ ਵਿਚ ਹੀ ਲਿਖਿਆ ਹੁੰਦਾ ਹੈ ਅਤੇ ਸਾਹਮਣੇ ਬੋਰਡ ਵੀ ਲੱਗਾ ਹੋਇਆ ਸੀ, 'ਲੰਗਰ ਦਾ ਰਸਤਾ।' ਸਾਰਾ ਪ੍ਰਬੰਧ ਬੈਹਰਿਆਂ ਕੋਲ ਸੀ ਅਤੇ ਪ੍ਰਬੰਧ ਵੀ ਬਹੁਤ ਵਧੀਆ ਕੀਤਾ ਹੋਇਆ ਸੀ। ਜੋ ਕੁਰਸੀਆਂ ਲੰਗਰ ਹਾਲ ਵਿਚ ਇਕ ਪਾਸੇ ਰੱਖੀਆਂ ਹੋਈਆਂ ਸਨ, ਉਹੀ ਕੁਰਸੀਆਂ ਕਿਸੇ ਵੇਲੇ ਗੁਰਦੁਆਰੇ ਦੇ ਅੰਦਰ ਰੱਖੀਆਂ ਹੁੰਦੀਆਂ ਸਨ। ਕੌਣ ਕਿਸ ਤੋਂ ਪੁੱਛੇ ਕਿ ਜੋ ਸੰਗਤ ਨੇ ਪਕਾਇਆ ਨਹੀਂ ਅਤੇ ਸੰਗਤ ਨੇ ਵਰਤਾਇਆ ਨਹੀਂ, ਉਹ ਲੰਗਰ ਕਿਵੇਂ ਹੋਇਆ?

ਆਸਥਾ ਦੇ ਖੇਤਰ ਵਿਚ ਜਿਸ ਤਰ੍ਹਾਂ 'ਬੋਲਣ ਦੀ ਨਹੀਂ ਜਾਹ ਵੇ ਅੜਿਆ' ਵਾਲਾ ਵਰਤਾਰਾ ਆਮ ਹੁੰਦਾ ਜਾ ਰਿਹਾ ਹੈ, ਉਸ ਨਾਲ ਧਰਮ ਦੇ ਕੋਮਲ ਪਹਿਲੂ ਗੁੰਮ ਹੁੰਦੇ ਜਾ ਰਹੇ ਹਨ ਅਤੇ ਪ੍ਰਬੰਧਕੀ ਆਤੰਕਣ ਦਾ ਬੋਲਬਾਲਾ ਹੁੰਦਾ ਜਾ ਰਿਹਾ ਹੈ। ਕਿਸੇ ਵੇਲੇ ਸਿੱਖਾਂ ਕੋਲ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦੇ ਹੱਲ ਲਈ ਸੰਸਥਾਵਾਂ ਸਨ, ਹੁਣ ਉਹ ਵੀ ਪ੍ਰਬੰਧਕੀ-ਅਪਹਰਣ ਦਾ ਸ਼ਿਕਾਰ ਹੋ ਗਈਆਂ ਹਨ। ਇਸੇ ਦਾ ਸਿੱਟਾ ਹੈ ਕਿ ਬਾਣੀ ਦੇ ਆਧਾਰ 'ਤੇ ਪੈਦਾ ਹੋਇਆ ਆਮ ਬੰਦੇ ਵਾਲਾ ਸਿੱਖ ਧਰਮ, ਖਾਸ ਬੰਦਿਆਂ ਦੀ ਸਿਆਸਤ ਵਾਲਾ ਸਿੱਖ ਧਰਮ ਹੁੰਦਾ ਜਾ ਰਿਹਾ ਹੈ। ਇਸ ਵਿਚੋਂ ਨਿਕਲਣ ਵਾਸਤੇ ਲੋੜੀਂਦੀ ਚੇਤਨਾ ਲਹਿਰ ਨੂੰ ਧਰਮ ਪ੍ਰਚਾਰ ਦੇ ਨਾਂ ਹੇਠ ਦਬਾਉਣ ਦੀ ਪ੍ਰਬੰਧਕੀ-ਸਿਆਸਤ ਰੁਕਦੀ ਨਜ਼ਰ ਨਹੀਂ ਆਉਂਦੀ ਕਿਉਂਕਿ 'ਮੈਂ ਗੁਰੂ ਦਾ ਹਾਂ' ਵਾਲੀ ਸਿੱਖ ਲਹਿਰ 'ਗੁਰੂ ਮੇਰਾ ਹੈ' ਦੀ ਪੰਥਕ-ਸਿਆਸਤ ਸਮਝੀ ਜਾਣ ਲੱਗ ਪਈ ਹੈ। ਇਸੇ ਦਾ ਸਿੱਟਾ ਹੈ ਕਿ ਗੁਰਦੁਆਰਿਆਂ ਵਿਚ ਵੀ ਹਲੀਮ ਨੈਤਿਕਤਾ ਦੀ ਥਾਂ ਪ੍ਰਬੰਧਕੀ ਆਤੰਕਣ ਭਾਰੂ ਹੁੰਦਾ ਜਾ ਰਿਹਾ ਹੈ।

# ਉਤਪਾਦਾਂ ਉਤੇ ਭਗਵਾਨ ਗਣੇਸ਼ ਦੀਆਂ ਤਸਵੀਰਾਂ 'ਤੇ ਇਤਰਾਜ਼



**ਨੇਵਾਡਾ:** ਹਿੰਦੂ ਭਾਈਚਾਰੇ ਨੇ ਫੈਸ਼ਨ ਨਾਲ ਜੁੜੀ ਕੰਪਨੀ 'ਗੀਅਰਬੰਚ' ਵੱਲੋਂ ਪਜਾਮਿਆਂ, ਕੈਪਰੀਆਂ ਅਤੇ ਬੈੱਡਸ਼ੀਟਾਂ ਉਤੇ ਭਗਵਾਨ ਗਣੇਸ਼ ਦੀਆਂ ਤਸਵੀਰਾਂ ਛਾਪਣ 'ਤੇ ਇਤਰਾਜ਼ ਕਰਦਿਆਂ ਇਹ ਉਤਪਾਦ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ।

ਹਿੰਦੂ ਭਾਈਚਾਰੇ ਨਾਲ ਸਬੰਧਤ ਰਾਜਨ ਜ਼ੈਦ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਹਿੰਦੂ ਧਰਮ ਵਿਚ ਭਗਵਾਨ ਗਣੇਸ਼ ਦਾ ਥਾਂ ਬਹੁਤ ਉਚਾ ਹੈ ਅਤੇ ਮੰਦਿਰਾਂ ਤੇ ਘਰਾਂ ਵਿਚ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ, ਪਰ 'ਗੀਅਰਬੰਚ' ਨੇ ਆਪਣੇ ਉਤਪਾਦਾਂ ਉਤੇ ਭਗਵਾਨ ਗਣੇਸ਼ ਦੀਆਂ ਤਸਵੀਰਾਂ ਛਾਪ ਕੇ ਸ਼ਰਧਾਲੂਆਂ ਦੇ ਮਨਾਂ ਨੂੰ ਠੇਸ ਪੁਚਾਈ ਹੈ। ਕਾਰੋਬਾਰ ਵਧਾਉਣ ਲਈ ਅਜਿਹੀਆਂ ਕਾਰਵਾਈਆਂ ਠੀਕ ਨਹੀਂ ਹਨ।

ਸ੍ਰੀ ਰਾਜਨ ਜ਼ੈਦ, ਜੋ ਯੂਨੀਵਰਸਲ ਸੁਸਾਇਟੀ ਆਫ ਹਿੰਦੂ ਰਿਲੀਜ਼ਨ ਦੇ ਪ੍ਰਧਾਨ ਵੀ ਹਨ, ਨੇ 'ਗੀਅਰਬੰਚ' ਅਤੇ ਇਸ ਦੇ ਸੀ.ਈ.ਓ. ਤੋਂ ਮੁਆਫੀ ਦੀ ਮੰਗ ਵੀ ਕੀਤੀ ਹੈ ਅਤੇ ਕਿਹਾ ਹੈ ਕਿ ਜਿੰਨੀ ਛੇਤੀ ਹੋ ਸਕੇ, ਭਗਵਾਨ ਗਣੇਸ਼ ਦੀਆਂ ਤਸਵੀਰਾਂ ਵਾਲੇ ਉਤਪਾਦ ਵਾਪਸ ਲਏ ਜਾਣ। ਉਨ੍ਹਾਂ ਦੱਸਿਆ ਕਿ ਹਿੰਦੂ ਧਰਮ ਸਭ ਤੋਂ ਪੁਰਾਣਾ ਤੇ ਦੁਨੀਆਂ ਦਾ ਤੀਜਾ ਵੱਡਾ ਧਰਮ ਹੈ ਅਤੇ 1.1 ਅਰਬ ਲੋਕ ਇਸ ਨਾਲ ਜੁੜੇ ਹੋਏ ਹਨ। ਇਕੱਲੇ ਅਮਰੀਕਾ ਵਿਚ ਹੀ 30 ਲੱਖ ਹਿੰਦੂ ਵਸਦੇ ਹਨ। ਇਸ ਦੀ ਆਪਣੀ ਅਮੀਰ ਵਿਰਾਸਤ ਹੈ। ਸਿਰਫ਼ ਪੈਸੇ ਕਮਾਉਣ ਖਾਤਰ 'ਗੀਅਰਬੰਚ' ਵਰਗੀਆਂ ਹੋਛੀਆਂ ਕਾਰਵਾਈਆਂ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ। ਯਾਦ ਰਹੇ ਕਿ 'ਗੀਅਰਬੰਚ' ਅਮਰੀਕਾ ਵਿਚ ਔਰਤਾਂ ਦੇ ਲਿਬਾਸ ਤਿਆਰ ਕਰਦੀ ਹੈ। ਜਿਨ੍ਹਾਂ ਕੱਪੜਿਆਂ 'ਤੇ ਇਤਰਾਜ਼ ਆਇਆ ਹੈ, ਉਨ੍ਹਾਂ ਦੀ ਕੀਮਤ ਕ੍ਰਮਵਾਰ 87.99 ਡਾਲਰ, 89.99 ਡਾਲਰ ਅਤੇ 189 ਡਾਲਰ ਰੱਖੀ ਗਈ ਹੈ।

# ਭਲਾਈ ਯੋਜਨਾਵਾਂ ਬਾਰੇ ਸਰਕਾਰੀ ਨਾਕਾਮੀ ਤੋਂ ਸੁਪਰੀਮ ਕੋਰਟ ਖਫਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਹੈਰਾਨੀ ਜਤਾਈ ਕਿ ਹਜ਼ਾਰਾਂ ਕਰੋੜ ਰੁਪਏ ਖਰਚ ਕਰ ਕੇ ਵੀ ਭਲਾਈ ਯੋਜਨਾਵਾਂ ਨੂੰ ਢੁਕਵੇਂ ਢੰਗ ਨਾਲ ਲਾਗੂ ਨਹੀਂ ਕੀਤਾ ਜਾਂਦਾ। ਉਨ੍ਹਾਂ ਸਰਕਾਰ ਨੂੰ ਕਿਹਾ ਹੈ ਕਿ ਜੇਕਰ ਸਹੀ ਢੰਗ ਨਾਲ ਯੋਜਨਾਵਾਂ ਲਾਗੂ ਨਹੀਂ ਕਰ ਸਕਦੇ ਤਾਂ ਫਿਰ ਇਨ੍ਹਾਂ ਨੂੰ ਬਣਾਇਆ ਕਿਉਂ ਜਾਂਦਾ ਹੈ।

ਸ਼ਹਿਰੀ ਬੇਘਰਿਆਂ ਦੇ ਮੁੱਦੇ 'ਤੇ ਪਟੀਸ਼ਨ ਦੀ ਸੁਣਵਾਈ ਦੌਰਾਨ ਬੈਂਚ ਨੇ ਕੇਂਦਰ ਦੇ ਨੁਮਾਇੰਦੇ ਵਧੀਕ ਸਾਲਿਸਟਰ ਜਨਰਲ ਆਤਮਾ ਰਾਮ ਨੰਦਕਰਨੀ ਨੂੰ ਕਿਹਾ ਕਿ ਇਹ ਯੋਜਨਾ ਤੁਸੀਂ ਰੱਦ ਕਿਉਂ ਨਹੀਂ ਕਰ ਦਿੰਦੇ? ਕੇਂਦਰ ਇਹੋ ਪੈਸਾ ਅਹਿਮ ਮਕਸਦਾਂ ਲਈ ਵਰਤ ਸਕਦਾ ਹੈ।

ਸ਼ਹਿਰੀ ਬੇਘਰੇ ਲੋਕਾਂ ਪ੍ਰਤੀ ਬੇਪਰਵਾਹੀ ਦਿਖਾਉਣ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਲਤਾੜਦਿਆਂ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਆਖਿਆ ਕਿ ਉਹ ਇਨ੍ਹਾਂ ਲੋਕਾਂ ਪ੍ਰਤੀ ਕੁਝ ਹਮਦਰਦੀ ਵਾਲਾ ਵਤੀਰਾ ਅਪਨਾਉਣ।

# ਪਾਕਿਸਤਾਨੀ ਮਹਿਮਾਨ ਨਿਵਾਜ਼ੀ ਤੋਂ ਖੁਸ਼ ਹੋਏ ਸ਼ਰਧਾਲੂ



**ਅਟਾਰੀ:** ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦਾ 548ਵਾਂ ਪ੍ਰਕਾਸ਼ ਪੁਰਬ ਮਨਾਉਣ ਅਤੇ ਗੁਰਧਾਮਾਂ ਦੇ ਦਰਸ਼ਨ ਕਰਨ ਮਗਰੋਂ ਭਾਰਤੀ ਸਿੱਖ ਸ਼ਰਧਾਲੂਆਂ ਦਾ ਜਥਾ ਲਾਹੌਰ ਤੋਂ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਵਤਨ ਪਰਤ ਆਇਆ। ਸ਼ਰਧਾਲੂਆਂ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਪਹਿਲੇ ਗੁਰੂ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।

ਨਨਕਾਣਾ ਸਾਹਿਬ ਵਿਚ ਔਕਾਫ ਬੋਰਡ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਸੰਗਤ ਵੱਲੋਂ ਹਰ ਸਾਲ ਦੀ ਤਰ੍ਹਾਂ ਨਗਰ ਕੀਰਤਨ ਸਜਾਇਆ ਗਿਆ। ਉਨ੍ਹਾਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਔਕਾਫ ਬੋਰਡ ਵੱਲੋਂ ਕੀਤੇ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਈ। ਆਗੂਆਂ ਅਨੁਸਾਰ ਪਾਕਿਸਤਾਨ ਕਮੇਟੀ ਦੇ ਪ੍ਰਧਾਨ ਅਤੇ ਪਾਕਿਸਤਾਨ ਔਕਾਫ ਬੋਰਡ ਦੇ ਚੇਅਰਮੈਨ ਸਦੀਕ ਉਲ ਫਾਰੂਕ ਨੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ ਲਈ ਹੁਣੇ ਤੋਂ ਹੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਜਥੇ ਦੇ ਆਗੂਆਂ ਨੇ ਦੱਸਿਆ ਕਿ ਚੇਅਰਮੈਨ ਸਦੀਕ ਉਲ ਫਾਰੂਕ ਨੇ ਜਥੇ ਦੇ ਆਗੂਆਂ ਨੂੰ ਆਪਣੀ ਰਿਹਾਇਸ਼ ਉਤੇ ਦੁਪਹਿਰ ਦੇ ਖਾਣੇ ਉਤੇ ਵੀ ਬੁਲਾਇਆ।

ਚੇਅਰਮੈਨ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਮੌਕੇ ਭਾਰਤ ਦੇ ਦਸ ਹਜ਼ਾਰ ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ, ਨਨਕਾਣਾ ਸਾਹਿਬ ਵਿਖੇ ਹੀ ਬਣਾਈ ਜਾਵੇਗੀ।

ਇਸ ਮੌਕੇ ਸ਼ਰਧਾਲੂ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਏਸੀ ਬੱਸ ਦੀ ਪ੍ਰਤੀ ਯਾਤਰੀ ਟਿਕਟ 400-600 ਰੁਪਏ ਰੱਖੀ ਗਈ ਸੀ, ਪਰ ਬਾਅਦ ਵਿਚ 400 ਰੁਪਏ ਵਾਲੀ ਟਿਕਟ ਖਤਮ ਕਰ ਕੇ 600 ਰੁਪਏ ਕਿਰਾਇਆ ਮੰਗਣ ਉਤੇ ਸਿੱਖ ਯਾਤਰੀਆਂ ਨੇ ਰੋਸ ਪ੍ਰਗਟਾਇਆ।

# ਐਸ.ਪੀ. ਸਲਵਿੰਦਰ ਸਿੰਘ ਸੇਵਾ ਮੁਕਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਵਾਦਾਂ ਵਿਚ ਘਿਰੇ ਐਸ.ਪੀ. ਸਲਵਿੰਦਰ ਸਿੰਘ ਨੂੰ ਜਬਰੀ ਸੇਵਾ ਮੁਕਤ ਕਰ ਦਿੱਤਾ ਹੈ। ਉਹ ਬਲਾਤਕਾਰ ਦੇ ਦੋ ਕੇਸਾਂ ਵਿਚ ਮੁਲਜ਼ਮ ਹੈ ਅਤੇ ਉਸ ਵਿਰੁੱਧ ਵੱਖ ਵੱਖ ਕੇਸ 'ਚ ਪੰਜ ਚਾਰਜਸ਼ੀਟਾਂ ਦਾਇਰ ਹਨ।

ਪੰਜਾਬ ਸਰਕਾਰ ਨੇ ਐਸ.ਪੀ. ਅਤੇ ਉਸ ਤੋਂ ਉਪਰਲੇ ਰੈਂਕ ਵਾਲੇ ਪੁਲਿਸ ਅਫਸਰਾਂ ਖਿਲਾਫ ਕਾਰਵਾਈ ਲਈ ਮੁੱਖ ਸਕੱਤਰ ਦੀ ਅਗਵਾਈ ਹੇਠ ਛੇ ਮੈਂਬਰੀ ਕਮੇਟੀ ਬਣਾਈ ਹੋਈ ਹੈ, ਜਿਸ ਵਿਚ ਸਲਵਿੰਦਰ ਸਿੰਘ ਨੂੰ ਜਬਰੀ ਸੇਵਾ ਮੁਕਤ ਕਰਨ ਦਾ ਫੈਸਲਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਪਠਾਨਕੋਟ ਏਅਰਬੇਸ ਉਤੇ ਅਤਿਵਾਦੀ ਹਮਲੇ ਸਮੇਂ ਸਲਵਿੰਦਰ ਸਿੰਘ (53) ਚਰਚਾ ਵਿਚ ਆਇਆ ਸੀ।

# ਗੁਰਦੁਆਰਾ ਰੈਂਟਨ ਵਿਖੇ ਖੂਨਦਾਨ ਕੈਂਪ

**ਰੈਂਟਨ, ਵਾਸ਼ਿੰਗਟਨ (ਬਿਊਰੋ):** 1984 ਵਿਚ ਹੋਈ ਸਿੱਖ ਨਸਲਕੁਸ਼ੀ ਦੀ ਯਾਦ ਵਿਚ ਸਥਾਨਕ ਗੁਰਦੁਆਰਾ ਸਿੰਘ ਸਭਾ ਵਿਖੇ ਲੰਘੀ 5 ਨਵੰਬਰ ਨੂੰ ਇਕ ਖੂਨ ਦਾਨ ਕੈਂਪ ਲਾਇਆ ਗਿਆ ਜਿਸ ਵਿਚ ਖੂਨ ਦਾਨ ਕਰਨ ਵਾਲਿਆਂ ਦੀ ਲਾਈਨ ਲੱਗੀ ਰਹੀ। ਖੂਨ ਦਾਨ ਕੈਂਪ ਲਾਉਣ ਲਈ ਗੁਰਜੋਤ ਸਿੰਘ ਬਾਰੜ, ਪਰਮਜੀਤ ਸਿੰਘ ਚਾਵਲਾ ਪਰਿਵਾਰ ਅਤੇ ਹੋਰ ਵਾਲੰਟੀਅਰਾਂ ਨੇ ਭਰਵਾਂ ਸਹਿਯੋਗ ਦਿੱਤਾ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਗਮੋਹਰ ਸਿੰਘ ਨੇ ਕਿਹਾ ਕਿ ਅਸੀਂ ਸਿੱਖ ਕਦੇ ਆਜ਼ਾਦੀ ਲੈਣ ਲਈ ਖੂਨ ਵਹਾਉਂਦੇ ਹਾਂ ਅਤੇ ਕਦੇ ਆਜ਼ਾਦ ਰਹਿਣ ਵਾਲਿਆਂ ਨੂੰ ਬਚਾਉਣ ਲਈ। ਅਗਲਾ ਖੂਨ ਦਾਨ ਕੈਂਪ ਗੁਰੂ ਘਰ ਵਿਖੇ 18 ਨਵੰਬਰ ਨੂੰ 'ਸੋਚ' ਸੰਸਥਾ ਵਲੋਂ ਲਾਇਆ ਜਾਵੇਗਾ।

ਇਸ ਮੌਕੇ ਫਰੀ 5 ਪੁਆਇੰਟ ਹੈਲਥ ਚੈਕਅੱਪ, ਬਲੱਡ, ਸ਼ੂਗਰ, ਮੈਮੋਗ੍ਰਾਮ ਆਦਿ ਸਹੂਲਤਾਂ ਮੁਹੱਈਆ ਹੋਣਗੀਆਂ। ਡੀ. ਐਚ. ਐਸ. (ਲੋਕ ਸੇਵਾਵਾਂ ਵਿਭਾਗ) ਵਲੋਂ ਸਹੂਲਤਾਂ ਅਤੇ ਅਧਿਕਾਰਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਹੋਰ ਜਾਣਕਾਰੀ ਗੁਰੂ ਘਰ ਦੇ ਜਨਰਲ ਸਕੱਤਰ ਅਵਤਾਰ ਸਿੰਘ ਆਦਮਪੁਰੀ ਫੋਨ: 253-335-6062 ਜਾਂ ਬਲਵੰਤ ਸਿੰਘ ਔਲਖ ਪਾਸੋਂ ਫੋਨ: 206-571-7777 ਰਾਹੀਂ ਲਈ ਜਾ ਸਕਦੀ ਹੈ।

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਹਾੜੇ ਦੀ ਕੁਲ ਲੋਕਾਈ ਨੂੰ ਕੋਟਾਨਿ ਕੋਟਿ ਵਧਾਈ

ਸ੍ਰੀ ਗੁਰੂ ਨਾਨਕ ਦੇ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

ਮੋਤੀਆ ਬਿੰਦ ਮੁਫਤ ਆਪਰੇਸ਼ਨ ਕੈਂਪ

ਕੈਂਪ 9 ਅਕਤੂਬਰ 2017 ਤੋਂ ਸ਼ੁਰੂ ਹੈ ਜੋ 2019 ਵਿਚ ਆ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੱਕ ਜਾਰੀ ਰਹੇਗਾ। ਕੈਂਪ ਦਾ ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ

ਸੰਗਤਾਂ ਦੇ ਦਾਸ

ਬਾਬਾ ਗੁਰਨਾਮ ਸਿੰਘ ਜੀ ਮਹਿੰਗਾਪੁਰ

ਸ. ਬਹਾਦਰ ਸਿੰਘ (ਚੇਅਰਮੈਨ)

ਸੇਲਮ, ਓਰੇਗਾਨ (ਯੂ. ਐਸ. ਏ.)

ਫੋਨ: 503-559-8233



ਬਾਬਾ ਗੁਰਨਾਮ ਸਿੰਘ ਜੀ ਮਹਿੰਗਾਪੁਰ



ਸ. ਬਹਾਦਰ ਸਿੰਘ (ਚੇਅਰਮੈਨ)

ਵਨ ਬੀਟ ਹਸਪਤਾਲ, ਭੀਰਾ ਖੀਰੀ

# ਲਿੰਡਸੇ ਵਿਲਸਨ ਕਾਲਜ ਦੇ ਪ੍ਰੋਫੈਸਰ ਨੂੰ ਫੁਲਬਰਾਈਟ ਰਿਸਰਚ ਐਵਾਰਡ

**ਕੋਲੰਬੀਆ, ਕੈਨਟੱਕੀ (ਬਿਊਰੋ):** ਲਿੰਡਸੇ ਵਿਲਸਨ ਕਾਲਜ ਵਿਚ ਰਿਸਰਚ ਡਾਇਰੈਕਟਰ ਅਤੇ ਐਜੂਕੇਸ਼ਨ ਐਂਡ ਸੁਪਰਵਿਜ਼ਨ ਕੌਂਸਲਰ ਡਾ. ਦਯਾ ਸਿੰਘ ਸੰਧੂ ਨੂੰ ਸਾਲ 2017-18 ਦੇ ਵੱਕਾਰੀ ਸੀਨੀਅਰ ਫੁਲਬਰਾਈਟ ਰਿਸਰਚ ਐਵਾਰਡ ਨਾਲ ਨਿਵਾਜਿਆ ਗਿਆ ਹੈ। ਇਹ ਐਵਾਰਡ ਭਾਰਤ ਸਰਕਾਰ ਦੇ ਸੀਨੀਅਰ ਫੁੱਲਬਰਾਈਟ-ਨਹਿਰੂ ਰਿਸਰਚ ਐਵਾਰਡ ਵਜੋਂ ਵੀ ਜਾਣਿਆ ਜਾਂਦਾ ਹੈ। ਅਮਰੀਕਾ ਵਿਚ ਇਸ ਦੀ ਸ਼ੁਰੂਆਤ ਦੋਹਾਂ ਮੁਲਕਾਂ ਦੇ ਆਦਾਨ-ਪ੍ਰਦਾਨ ਪ੍ਰੋਗਰਾਮ ਤਹਿਤ 2008 ਵਿਚ ਹੋਈ ਸੀ।

ਫੁਲਬਰਾਈਟ ਸਕਾਲਰ ਪ੍ਰੋਗਰਾਮ ਤਹਿਤ ਇਹ ਐਵਾਰਡ ਬਹੁਤ ਅਹਿਮ ਮੰਨਿਆ ਜਾਂਦਾ ਹੈ। ਇਹ ਐਵਾਰਡ ਰਿਸਰਚ ਦੇ ਖੇਤਰ ਵਿਚ ਮੱਲਾਂ ਮਾਰਨ ਵਾਲੇ ਉਨ੍ਹਾਂ ਵਿਦਵਾਨਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਆਪਣੇ ਕਾਰਜ ਕਾਲ ਦੌਰਾਨ ਅਕਾਦਮਿਕ ਖੇਤਰ ਵਿਚ ਰਾਹ-ਰੁਸ਼ਨਾਈ ਕੀਤੀ ਹੋਵੇ। ਸੀਨੀਅਰ ਫੁਲਬਰਾਈਟ ਸਕਾਲਰ ਰਿਸਰਚ ਵਜੋਂ ਡਾ. ਦਯਾ ਸਿੰਘ ਸੰਧੂ ਪਟਿਆਲਾ ਵਿਚ ਪੰਜਾਬੀ ਯੂਨੀਵਰਸਿਟੀ ਨਾਲ ਛੇ ਮਹੀਨੇ ਸਿੱਧੇ ਜੁੜੇ ਰਹਿਣਗੇ। ਆਪਣੀ ਰਿਸਰਚ ਦੌਰਾਨ ਡਾ. ਸੰਧੂ ਅਧਿਐਨ ਕਰਨਗੇ ਕਿ ਸਭਿਆਚਾਰਕ ਤੌਰ 'ਤੇ ਵੰਨ-ਸੁਵੰਨੀ ਵਸੋਂ ਉਤੇ ਕਿਸ ਤਰ੍ਹਾਂ ਦੇ ਮਾਨਸਿਕ ਦਬਾਅ ਪੈਂਦੇ ਹਨ। ਆਮ ਤੌਰ 'ਤੇ ਤਾਂ ਇਹੀ ਗੱਲ ਉਭਾਰੀ ਜਾਂਦੀ ਹੈ ਕਿ ਵੱਖ-ਵੱਖ ਸਭਿਆਚਾਰਾਂ ਨਾਲ ਜੁੜੇ ਵੱਖ-ਵੱਖ ਤੱਥ ਇਸ ਦਾ ਕਾਰਨ ਬਣਦੇ ਹਨ। ਆਪਣੀ ਇਸ ਰਿਸਰਚ ਦੇ ਨਾਲ-ਨਾਲ ਡਾ. ਸੰਧੂ ਨੂੰ ਅਮਰੀਕਾ ਅਤੇ ਭਾਰਤ ਵਿਚ ਭਾਸ਼ਣ ਲੜੀ, ਵੱਖ-ਵੱਖ ਵਿਸ਼ਿਆਂ 'ਤੇ ਬਹਿਸ-ਮੁਬਾਹਿਸਿਆਂ ਅਤੇ ਵੱਖ-ਵੱਖ ਸੈਮੀਨਾਰਾਂ ਵਿਚ ਸ਼ਾਮਲ ਹੋਣ ਦਾ ਮੌਕਾ ਵੀ ਮਿਲੇਗਾ। ਉਹ ਵੱਖ-ਵੱਖ ਕਾਨਫਰੰਸਾਂ, ਭਾਸ਼ਣਾਂ ਅਤੇ ਹੋਰ ਸਮਾਗਮਾਂ ਲਈ ਭਾਰਤ ਦੀਆਂ ਉਚ ਸਿੱਖਿਆ ਸੰਸਥਾਵਾਂ ਵਿਚ ਵੀ ਜਾਣਗੇ।



*(ਖੱਬਿਓਂ ਸੱਜੇ) ਅਕਾਦਮਿਕ ਮਾਮਲਿਆਂ ਦੇ ਮੀਤ ਪ੍ਰਧਾਨ ਡਾ. ਤ੍ਰਿਸ਼ ਪਾਰਿਸ਼, ਐਸੋਸੀਏਟ ਡੀਨ ਜੈਕੀ ਮੌਂਟਗੁਮਰੀ, ਡਾ. ਦਯਾ ਸਿੰਘ ਸੰਧੂ ਅਤੇ ਲਿੰਡਸੇ ਵਿਲਸਨ ਕਾਲਜ ਦੇ ਪ੍ਰਧਾਨ ਡਾ. ਵਿਲੀਅਮ ਲੂਕੇ*

ਇਸ ਐਵਾਰਡ ਬਾਰੇ ਡਾ. ਸੰਧੂ ਦਾ ਕਹਿਣਾ ਹੈ, "ਇਹ ਐਵਾਰਡ ਹਾਸਲ ਕਰ ਕੇ ਮੈਂ ਬਹੁਤ ਮਾਣ ਮਹਿਸੂਸ ਕਰ ਰਿਹਾ ਹਾਂ। ਫੁਲਬਰਾਈਟ ਪ੍ਰੋਗਰਾਮ ਤਹਿਤ 58 ਨੋਬਲ ਇਨਾਲ ਜੇਤੂਆਂ, 31 ਮੈਕਆਰਥਰ ਫੈਲੋਜ਼ ਅਤੇ 16 'ਪ੍ਰੈਜੀਡੈਂਸ਼ੀਅਲ ਮੈਡਲ ਆਫ ਫਰੀਡਮ' ਨੂੰ ਇਹ ਮਾਣ ਹਾਸਲ ਹੋਇਆ ਹੈ। ਮੈਂ ਖੁਸ਼ ਹਾਂ ਕਿ ਮੈਨੂੰ ਇਹ ਮਾਣ ਇਕ ਜਾਂ ਦੋ ਵਾਰ ਨਹੀਂ, ਬਲਕਿ ਤਿੰਨ ਵਾਰ ਮਿਲਿਆ ਹੈ। ਇਸ ਤਰ੍ਹਾਂ ਤੀਹਰਾ ਮਾਣ ਕਿਸੇ-ਕਿਸੇ ਦੀ ਝੋਲੀ ਹੀ ਪੈਂਦਾ ਹੈ।"

ਜ਼ਿਕਰਯੋਗ ਹੈ ਕਿ ਡਾ. ਦਯਾ ਸਿੰਘ ਸੰਧੂ ਕੌਂਸਲਿੰਗ ਅਤੇ ਸੁਪਰਵਿਜ਼ਨ ਦੇ ਮਾਮਲਿਆਂ ਵਿਚ ਮਾਹਿਰ ਮੰਨੇ ਜਾਂਦੇ ਹਨ। ਉਹ ਕਈ ਸੰਸਥਾਵਾਂ ਨਾਲ ਵੀ ਜੁੜੇ ਹੋਏ ਹਨ। ਇਸ ਤੋਂ ਇਲਾਵਾ ਉਹ ਕਈ ਵੱਕਾਰੀ ਐਵਾਰਡ ਵੀ ਹਾਸਲ ਕਰ ਚੁਕੇ ਹਨ। 25 ਜਨਵਰੀ 2014 ਨੂੰ ਉਨ੍ਹਾਂ ਨੂੰ ਐਨ.ਆਰ.ਆਈ. ਇੰਡੀਅਨ ਵੈਲਫੇਅਰ ਸੁਸਾਇਟੀ ਵੱਲੋਂ 'ਹਿੰਦ ਰਤਨ' ਦਾ ਐਵਾਰਡ ਦਿੱਤਾ ਗਿਆ ਸੀ। ਉਹ ਹੁਣ ਤੱਕ 100 ਤੋਂ ਵੱਧ ਕਿਤਾਬਾਂ ਲਿਖ ਚੁਕੇ ਹਨ। ਇਨ੍ਹਾਂ ਵਿਚੋਂ 13 ਪਾਠ ਪੁਸਤਕਾਂ ਹਨ। ਉਹ ਸੰਸਾਰ ਭਰ ਦੇ 30 ਤੋਂ ਵੱਧ ਮੁਲਕਾਂ ਜਿਨ੍ਹਾਂ 'ਚ ਆਸਟਰੇਲੀਆ, ਕੈਨੇਡਾ, ਚੀਨ, ਇੰਗਲੈਂਡ, ਫਰਾਂਸ, ਗਰੀਸ, ਹੰਗਰੀ, ਇਟਲੀ, ਸਲੋਵਾਕੀਆ, ਸਵਿਟਜ਼ਰਲੈਂਡ, ਥਾਈਲੈਂਡ ਆਦਿ ਸ਼ਾਮਲ ਹਨ, 'ਚ 250 ਤੋਂ ਵੱਧ ਵਿਖਿਆਨ ਦੇ ਚੁਕੇ ਹਨ।

ਡਾ. ਦਯਾ ਸਿੰਘ ਸੰਧੂ 2014 ਵਿਚ 21 ਵਰ੍ਹਿਆਂ ਦੀ ਸੇਵਾ ਤੋਂ ਬਾਅਦ ਯੂਨੀਵਰਸਿਟੀ ਆਫ ਲੂਈਸਵਿਲ ਦੇ ਐਜੂਕੇਸ਼ਨਲ ਐਂਡ ਕੌਂਸਲਿੰਗ ਸਾਈਕੋਲੋਜੀ ਵਿਭਾਗ ਵਿਚ ਚੇਅਰਮੈਨ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ।

# 'ਪ੍ਰੀਤਮ ਸਿੰਘ ਬਾਸੀ ਯਾਦਗਾਰੀ ਪੁਰਸਕਾਰ' ਲਈ ਸ਼ਾਇਰ ਪ੍ਰੋ. ਸੁਖਵਿੰਦਰ ਕੰਬੋਜ ਨਾਮਜ਼ਦ

**ਸਰੀ, ਬੀ.ਸੀ. (ਬਿਊਰੋ):** ਅਮਰੀਕਾ ਵਸਦੇ ਨਾਮੀ ਸ਼ਾਇਰ ਪ੍ਰੋ. ਸੁਖਵਿੰਦਰ ਕੰਬੋਜ ਨੂੰ ਉਨ੍ਹਾਂ ਦੀਆਂ ਜੀਵਨ ਭਰ ਦੀਆਂ ਸਾਹਿਤਕ ਪ੍ਰਾਪਤੀਆਂ ਅਤੇ ਸਮਾਜਿਕ ਤੇ ਸੱਭਿਆਚਾਰਕ ਪਿੜ ਵਿਚ ਉਨ੍ਹਾਂ ਵਲੋਂ ਪਾਏ ਗਏ ਯੋਗਦਾਨ ਨੂੰ ਮੁਖ ਰਖਦਿਆਂ ਮੰਗਾ ਸਿੰਘ ਬਾਸੀ ਵਲੋਂ ਆਪਣੇ ਪਿਤਾ ਦੀ ਯਾਦ ਵਿਚ ਸ਼ੁਰੂ ਕੀਤੇ ਗਏ 'ਸ. ਪ੍ਰੀਤਮ ਸਿੰਘ ਬਾਸੀ ਮੈਮੋਰੀਅਲ ਅਵਾਰਡ' ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਪੁਰਸਕਾਰ ਵਿਚ ਸਨਮਾਨ ਵਜੋਂ ਗਿਆਰਾਂ ਸੌ ਕੈਨੇਡੀਅਨ ਡਾਲਰ, ਇਕ ਸ਼ਾਲ ਤੇ ਇਕ ਪਲੇਕ ਦਿੱਤੀ ਜਾਂਦੀ ਹੈ। ਇਸ ਤੋਂ ਪਹਿਲਾਂ ਇਹ ਪੁਰਸਕਾਰ ਇੰਡੀਆ ਰਹਿੰਦੇ ਨਾਮੀ ਕਵੀ ਸਰਵਣ ਰਾਹੀ, ਗਜ਼ਲਗੋ ਨਦੀਮ ਪਰਮਾਰ ਤੇ ਨਾਵਲਕਾਰ ਜਰਨੈਲ ਸਿੰਘ ਸੇਖਾ ਦੀ ਝੋਲੀ ਪੈ ਚੁਕਾ ਹੈ।



*ਪ੍ਰੋ. ਸੁਖਵਿੰਦਰ ਕੰਬੋਜ*

ਇਸ ਸਬੰਧੀ ਪੰਜਾਬੀ ਕਲਚਰਲ ਫਾਊਂਡੇਸ਼ਨ ਵਲੋਂ ਕਰਵਾਇਆ ਜਾਂਦਾ ਸਾਲਾਨਾ ਸਮਾਗਮ ਇਸ ਵਾਰ 26 ਨਵੰਬਰ 2017 ਨੂੰ ਦੁਪਹਿਰ ਇਕ ਵਜੇ ਇਥੋਂ ਦੇ ਬੰਬੇ ਬੈਂਕੁਇਟ ਹਾਲ (7475-135 ਸਟਰੀਟ) ਵਿਚ ਕਰਵਾਇਆ ਜਾਵੇਗਾ। ਸਮਾਗਮ ਵਿਚ ਮੰਗਾ ਸਿੰਘ ਬਾਸੀ ਦੀਆਂ ਦੋ ਪੁਸਤਕਾਂ 'ਮਾਂ ਕਹਿੰਦੀ ਸੀ' (ਕਾਵਿ ਸੰਗ੍ਰਿਹ) ਅਤੇ 'ਮੰਗਾ ਬਾਸੀ ਕਾਵਿ, ਮੂਲਵਾਸ ਅਤੇ ਪਰਵਾਸ ਦਾ ਦਵੰਦ' (ਸੰਪਾਦਕ ਡਾ. ਦਰਿਆ) ਵੀ ਰਿਲੀਜ਼ ਕੀਤੀਆਂ ਜਾਣਗੀਆਂ। ਪੰਜਾਬੀ ਸਾਹਿਤ ਦੇ ਨਾਮਵਰ ਚਿੰਤਕ ਡਾ. ਸਾਧੂ ਸਿੰਘ, ਮੈਗਜ਼ੀਨ 'ਸਿਰਜਣਾ' ਦੇ ਸੰਪਾਦਕ ਡਾ. ਰਘਬੀਰ ਸਿੰਘ, ਅਮਰੀਕਾ ਵਸਦੇ ਕਵੀ ਤੇ ਸਾਹਿਤਕ ਮੈਗਜ਼ੀਨ 'ਹੁਣ' ਦੇ ਸੰਪਾਦਕ ਰਵਿੰਦਰ ਸਹਿਰਾਅ ਅਤੇ ਹੋਰ ਬੁੱਧੀਜੀਵੀ ਇਸ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ।

ਹੋਰ ਜਾਣਕਾਰੀ ਲਈ ਮੰਗਾ ਸਿੰਘ ਬਾਸੀ ਫੋਨ: 604-240-1095, ਜਰਨੈਲ ਸਿੰਘ ਸੇਖਾ 778-246-1087 ਜਾਂ ਨਦੀਮ ਪਰਮਾਰ ਨਾਲ ਫੋਨ: 604-298-2920 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



*ਜ਼ਿਲ੍ਹਾ ਪ੍ਰੀਸ਼ਦ ਲੁਧਿਆਣਾ ਦੇ ਚੇਅਰਮੈਨ ਸ. ਭਾਗ ਸਿੰਘ ਮਾਨਗੜ੍ਹ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਹਨ। ਉਹ 27 ਨਵੰਬਰ ਤੱਕ ਓਰੇਗਾਨ ਦੇ ਸ਼ਹਿਰ ਯੂਜ਼ੀਨ ਵਿਚ ਰਹਿਣਗੇ। ਉਨ੍ਹਾਂ ਨਾਲ ਸੰਪਰਕ ਫੋਨ: 541-844-8570 ਰਾਹੀਂ ਹੋ ਸਕਦਾ ਹੈ।*


SAREGAMA
CARVAAN

5000 EVERGREEN HINDI SONGS INSIDE
BLUETOOTH USB FM RADIO RECHARGEABLE BATTERY

November 2017: After an extremely successful launch in India, Saregama is now launching Saregama Carvaan, the portable digital audio player with in-built stereo speakers and 5000 evergreen Hindi songs inside, in United States of America. This audio player combines the best of digital technology with the convenience and ease of use of a physical form factor.Carvaan in USA can now be ordered from amazon.com for $159.



NOW IN USA

These 5000 songs available on Carvaan have been handpicked using data analytics and categorised based on singers, lyricists, music composers, moods etc. Each category can be selected by turning a jog-dial. So with a simple turn of a knob, one camusic can switch from Kishore Kumar classics, to R.D Burman's pulsating hits, to timeless love songs or to soulful Sufi tracks – all in their original versions, back-to-back without any ads. Carvaan's music collection also includes the entire Ameen Sayani's Geetmala collection spanning 50 years.

With the option to tune into FM Radio, Carvaan doubles up as a home radio too. It's possible to enjoy one's personal collection of songs by plugging in a USB drive or streaming songs from a phone to Carvaan via Bluetooth. It works on a rechargeable battery that lasts up to 5 hours. The product comes with a one-year warranty applicable all over the States. All of these features makes Saregama Carvaan as a new and unique gifting options for your loved ones for all occasions.

Vikram Mehra, Managing Director of Saregama India says, "There has been a lot of demand for Carvaan from Indians living in US. It's a perfect treat for anyone living away from home and missing good old Hindi music. There's an inherent nostalgic charm in the songs of yesteryear and we are thrilled that with Carvaan launching in USA, this connect with Indians is complete. Its the perfect gift for your family this Thanksgiving and for Christmas"

Carvaan is being launched in the classic color of Porcelain White.

# ਮਹਾਂਮਾਰੀ ਵਾਂਗ ਫੈਲ ਰਿਹਾ ਹੈ ਬਾਲ ਜਿਨਸੀ ਸ਼ੋਸ਼ਣ

**ਨਵੀਂ ਦਿੱਲੀ:** ਭਾਰਤ ਵਿਚ ਇਸ ਸਮੇਂ ਬੱਚੇ ਨਾ ਬਾਹਰ ਸੁਰੱਖਿਅਤ ਹਨ, ਨਾ ਸਕੂਲ ਤੇ ਨਾ ਹੀ ਘਰ ਵਿਚ ਉਨ੍ਹਾਂ ਦੀ ਸੁਰੱਖਿਆ ਯਕੀਨੀ ਹੈ। ਬਾਲ ਜਿਨਸੀ ਸ਼ੋਸ਼ਣ ਭਾਰਤ ਵਿਚ ਮਹਾਂਮਾਰੀ ਵਾਂਗ ਫੈਲ ਚੁੱਕਿਆ ਹੈ। ਅੰਕੜਿਆਂ ਉਤੇ ਨਜ਼ਰਸਾਨੀ ਤੋਂ ਪਤਾ ਲੱਗਦਾ ਹੈ ਕਿ ਹਰ ਸਾਲ 4 ਵਿਚੋਂ ਇਕ ਲੜਕੀ ਤੇ 6 ਵਿਚੋਂ ਇਕ ਲੜਕਾ 18 ਸਾਲ ਦਾ ਹੋਣ ਤੋਂ ਪਹਿਲਾਂ ਹੀ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ।

ਖੋਜਾਂ ਦੱਸਦੀਆਂ ਹਨ ਕਿ ਬੱਚਿਆਂ ਨਾਲ ਮਾੜਾ ਵਤੀਰਾ ਕਰਨ ਵਾਲੇ 90 ਫੀਸਦੀ ਲੋਕ ਪਰਿਵਾਰ ਦੇ ਹੀ ਲੋਕ ਹੁੰਦੇ ਹਨ। ਉਥੇ ਭਾਰਤ ਵਿਚ ਹਰ ਦਿਨ 40 ਬੱਚਿਆਂ ਨਾਲ ਬਲਾਤਕਾਰ ਦੀ ਘਟਨਾਵਾਂ ਹੁੰਦੀਆਂ ਹਨ, ਜਦਕਿ 48 ਬੱਚੇ ਬੁਰੇ ਵਤੀਰੇ ਜਾਂ ਛੇੜਖਾਨੀ ਦਾ ਸ਼ਿਕਾਰ ਹੁੰਦੇ ਹਨ। ਇਸ ਕੜੀ ਵਿਚ ਹੀ 10 ਬੱਚੇ 'ਟ੍ਰੈਫਿਕਿੰਗ' ਯਾਨੀ ਮਨੁੱਖੀ ਤਸਕਰੀ ਦਾ ਸ਼ਿਕਾਰ ਹੁੰਦੇ ਹਨ। ਇਨ੍ਹਾਂ ਬੱਚਿਆਂ ਨੂੰ ਵੇਸਵਪੁਣੇ ਜਾਂ ਬਾਲ ਮਜ਼ਦੂਰੀ ਵੱਲ ਧੱਕ ਦਿੱਤਾ ਜਾਂਦਾ ਹੈ। ਹਰ ਛੇ ਮਿੰਟ ਵਿਚ ਕਿਸੇ ਕੋਨੇ ਵਿਚੋਂ ਇਕ ਬੱਚਾ ਗਾਇਬ ਹੋ ਜਾਂਦਾ ਹੈ।



ਬੱਚਿਆਂ ਨੂੰ ਹਿੰਸਾ ਦਾ ਸ਼ਿਕਾਰ ਹੋਣ ਤੋਂ ਬਚਾਉਣ ਲਈ ਬੇਹੱਦ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਅਣਜਾਣ ਵਿਅਕਤੀ ਦੀ ਹਾਜ਼ਰੀ ਵਿਚ ਇਕੱਲੇ ਨਾ ਛੱਡੋ ਤੇ ਇਹ ਵੀ ਖਿਆਲ ਰੱਖੋ ਕਿ ਕੀ ਕਿਸੇ ਗੁਆਂਢੀ ਜਾਂ ਰਿਸ਼ਤੇਦਾਰ ਦੇ ਘਰ ਆਉਣ ਉਤੇ ਬੱਚਾ ਘਬਰਾ ਤਾਂ ਨਹੀਂ ਰਿਹਾ। ਜੇਕਰ ਅਜਿਹਾ ਹੈ ਤਾਂ ਤੁਸੀਂ ਆਪਣੇ ਬੱਚੇ ਦੀ ਹਿਮਾਕਤ ਵਿਚ ਖੜ੍ਹੇ ਹੋ ਜਾਓ। ਬੱਚਿਆਂ ਦੇ ਨਾਲ ਘਰ, ਪਾਰਕ, ਸਕੂਲ ਵਿਚ ਅਲਰਟ ਰਹੋ, ਜ਼ਿਆਦਾਤਰ ਹੈਵਾਨ ਇਨ੍ਹਾਂ ਥਾਵਾਂ ਉਤੇ ਹੀ ਬੱਚਿਆਂ ਉਤੇ ਨਜ਼ਰ ਰੱਖਦੇ ਹਨ ਤੇ ਆਪਣਾ ਸ਼ਿਕਾਰ ਬਣਾਉਂਦੇ ਹਨ।

ਜਿਨਸੀ ਸ਼ੋਸ਼ਣ ਕਰਨ ਵਾਲੇ ਜ਼ਿਆਦਾਤਰ ਲੋਕ ਕਰੀਬੀ ਹੀ ਹੁੰਦੇ ਹਨ। ਜੇਕਰ ਬੱਚਾ ਅਜਿਹੀ ਸ਼ਿਕਾਇਤ ਕਰਦਾ ਹੈ ਤਾਂ ਉਸ ਨੂੰ ਬੇਵਜ੍ਹਾ ਝਿੜਕੋ ਨਾ ਸਗੋਂ ਅਜਿਹੇ ਕਰੀਬੀਆਂ 'ਤੇ ਨਿਗ੍ਹਾ ਰੱਖੋ। ਚਾਈਲਡ ਐਬਿਊਜ਼ ਦਾ ਸ਼ਿਕਾਰ ਹੋਏ 7 ਪੀੜਤ ਬੱਚਿਆਂ ਵਿਚੋਂ ਇਕ ਬੱਚਾ 5 ਸਾਲ ਜਾਂ ਇਸ ਤੋਂ ਘੱਟ ਉਮਰ ਦਾ ਹੀ ਹੁੰਦਾ ਹੈ। ਨਿੱਕਾ ਹੋਣ ਕਰ ਕੇ 6 ਸਾਲ ਤੋਂ ਘੱਟ ਉਮਰ ਦੇ 40 ਫੀਸਦੀ ਬੱਚਿਆਂ ਵਿਚੋਂ 10 ਫੀਸਦੀ ਹੀ ਆਪਣੇ ਨਾਲ ਹੋਏ ਬੁਰੇ ਜਾਂ ਛੇੜਖਾਨੀ ਬਾਰੇ ਕਿਸੇ ਵੱਡੇ ਨੂੰ ਦੱਸਣ ਦੀ ਹਿੰਮਤ ਰੱਖਦੇ ਹਨ। ਇਹੋ ਕੁਝ ਬਲਾਤਕਾਰ ਪੀੜਤਾਂ ਨਾਲ ਵਾਪਰਦਾ ਹੈ।

ਉਸ ਦੇ ਦਿਮਾਗ ਵਿਚ ਇਹ ਗੱਲ ਪਹਿਲਾਂ ਤੋਂ ਹੀ ਬੈਠੀ ਹੋਈ ਹੁੰਦੀ ਹੈ ਕਿ ਜੇਕਰ ਕਿਸੇ ਨੂੰ ਕੁਝ ਦੱਸਿਆ ਤਾਂ ਉਸ ਵਿਚ ਹੀ ਨੁਕਸ ਕੱਢਿਆ ਜਾਵੇਗਾ ਜਾਂ ਉਸ ਉਤੇ ਭਰੋਸਾ ਨਹੀਂ ਕੀਤਾ ਜਾਵੇਗਾ। ਬੱਚਿਆਂ ਨਾਲ ਵਧ ਰਹੇ ਹਾਦਸਿਆਂ ਦੀ ਸਭ ਤੋਂ ਵੱਡੀ ਵਜ੍ਹਾ ਹੈ ਕਿ ਭਾਰਤ ਵਿਚ ਸੈਕਸ ਤੇ ਸੈਕਸੂਐਲਿਟੀ 'ਤੇ ਚਰਚਾ ਘੱਟ ਕੀਤੀ ਜਾਂਦੀ ਹੈ। ਜੇਕਰ ਕੋਈ ਬੱਚਾ ਹਿੰਮਤ ਕਰ ਕੇ ਆਪਣੇ ਨਾਲ ਹੋਈ ਕਿਸੇ ਅਜਿਹੀ ਹੀ ਵਾਰਦਾਤ ਬਾਰੇ ਦੱਸਣਾ ਚਾਹੁੰਦਾ ਹੋਵੇ ਤਾਂ ਬਦਨਾਮੀ ਦੇ ਡਰੋਂ ਪਰਿਵਾਰ ਉਸ ਮਸਲੇ ਨੂੰ ਦੱਬਣ ਦੀ ਕੋਸ਼ਿਸ਼ ਕਰਦਾ ਹੈ।

## ਹਿਮਾਚਲ ਪ੍ਰਦੇਸ਼ ਵਿਚ ਰਿਕਾਰਡ ਤੋੜ ਵੋਟਿੰਗ



**ਸ਼ਿਮਲਾ:** ਹਿਮਾਚਲ ਪ੍ਰਦੇਸ਼ 'ਚ ਵਿਧਾਨ ਸਭਾ ਚੋਣਾਂ ਲਈ ਰਿਕਾਰਡ ਤੋੜ 74.45 ਫੀਸਦੀ ਲੋਕਾਂ ਨੇ ਮਤਦਾਨ ਕਰਦਿਆਂ 337 ਉਮੀਦਵਾਰਾਂ ਦੀ ਕਿਸਮਤ ਨੂੰ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮਜ਼.) ਵਿਚ ਬੰਦ ਕਰ ਦਿੱਤਾ। ਚਾਰ ਦਹਾਕਿਆਂ 'ਚ ਇਸ ਵਾਰ ਸਭ ਤੋਂ ਵੱਧ ਵੋਟਿੰਗ ਹੋਈ ਹੈ। 2012 ਦੀਆਂ ਵਿਧਾਨ ਸਭਾ ਚੋਣਾਂ ਵਿਚ 73.5 ਫੀਸਦੀ ਵੋਟਿੰਗ ਹੋਈ ਸੀ। 2014 ਦੀਆਂ ਲੋਕ ਸਭਾ ਚੋਣਾਂ ਸਮੇਂ 64.45 ਫੀਸਦੀ ਲੋਕਾਂ ਨੇ ਵੋਟਾਂ ਪਾਈਆਂ ਸਨ। ਪਹਿਲੀ ਵਾਰ ਈ.ਵੀ.ਐਮਜ਼. ਦੇ ਨਾਲ 11283 ਵੀ.ਵੀ.ਪੈਟ. ਮਸ਼ੀਨਾਂ ਦੀ ਵਰਤੋਂ ਕੀਤੀ ਗਈ। ਵੋਟਾਂ ਦੀ ਗਿਣਤੀ 18 ਦਸੰਬਰ ਨੂੰ ਹੋਵੇਗੀ ਅਤੇ ਉਸੇ ਦਿਨ ਨਤੀਜੇ ਐਲਾਨੇ ਜਾਣਗੇ।

## ਰਾਮਦੇਵ ਨਾਲ ਯੋਗ ਕਰਨ ਵਾਲੀ ਮੁਸਲਿਮ ਕੁੜੀ ਖਿਲਾਫ ਫਤਵਾ




**ਰਾਂਚੀ:** ਯੋਗ ਗੁਰੂ ਰਾਮਦੇਵ ਨਾਲ ਯੋਗ ਕਰ ਕੇ ਸੁਰਖੀਆਂ ਵਿਚ ਆਈ ਮੁਸਲਿਮ ਕੁੜੀ ਰਾਫੀਆ ਨਾਜ਼ ਨੂੰ ਜਾਨ ਤੋਂ ਮਾਰਨ ਦੀ ਧਮਕੀ ਮਿਲੀ ਹੈ। ਯੋਗ ਸਿਖਾਉਣ ਬਾਰੇ ਉਸ ਖਿਲਾਫ ਫਤਵਾ ਜਾਰੀ ਹੋ ਗਿਆ ਹੈ।

ਰਾਂਚੀ ਦੇ ਡੋਰੰਡਾ ਥਾਣਾ ਖੇਤਰ ਵਿਚ ਰਹਿਣ ਵਾਲੀ ਰਾਫੀਆ ਨਾਜ਼ 1995 ਤੋਂ ਰਾਂਚੀ ਵਿਚ ਯੋਗ ਸਿਖਾ ਰਹੀ ਹੈ। ਇਸ ਲਈ ਉਸ ਨੂੰ ਸਰਕਾਰੀ ਤੇ ਸਮਾਜਿਕ ਸੰਗਠਨ ਕਈ ਵਾਰ ਸਨਮਾਨਤ ਕਰ ਚੁੱਕੇ ਹਨ। ਸਾਲ 2015 ਵਿਚ ਰਾਂਚੀ ਵਿਚ ਬਾਬਾ ਰਾਮਦੇਵ ਵੱਲੋਂ ਲਾਏ ਯੋਗ ਕੈਂਪ ਵਿਚ ਰਾਫੀਆ ਦਾ ਸ਼ਾਮਲ ਹੋਣਾ ਗੁਨਾਹ ਮੰਨਿਆ ਗਿਆ ਹੈ।

ਰਾਮਦੇਵ ਨਾਲ ਮੰਚ ਉਤੇ ਯੋਗ ਕਰਨ ਪਿੱਛੋਂ ਉਹ ਕੱਟੜਪੰਥੀਆਂ ਦੇ ਨਿਸ਼ਾਨੇ ਉਤੇ ਆ ਗਈ। ਇਸ ਸਬੰਧੀ ਰਾਫੀਆ ਨੇ ਕਿਹਾ ਕਿ ਬਾਬਾ ਰਾਮਦੇਵ ਨੂੰ ਮਿਲਣ ਤੋਂ ਪਹਿਲਾਂ ਕੱਟੜਪੰਥੀਆਂ ਨੂੰ ਵੀ ਮੇਰਾ ਯੋਗ ਕਰਨਾ ਚੰਗਾ ਲੱਗਦਾ ਸੀ, ਪਰ ਹੁਣ ਸਭ ਉਲਟ ਹੈ।

## ਜਦੋਂ ਬਿਨਾ ਡਰਾਈਵਰ ਦੌੜ ਪਿਆ ਰੇਲ ਇੰਜਣ

**ਕਲਬੁਰਗੀ:** ਕਰਨਾਟਕ ਦੇ ਇਕ ਸਟੇਸ਼ਨ ਉਤੇ ਰੇਲ ਇੰਜਣ ਬਿਨਾਂ ਡਰਾਈਵਰ ਦੌੜ ਪਿਆ। ਇੰਜਣ ਭੱਜਦਾ ਵੇਖ ਸਟੇਸ਼ਨ ਮੈਨੇਜਰ ਤੇ ਡਰਾਈਵਰ ਮੋਟਰਸਾਈਕਲ ਉਤੇ ਉਸ ਨੂੰ ਰੋਕਣ ਚੱਲ ਪਏ। 13 ਕਿਲੋਮੀਟਰ ਇੰਜਣ ਦੇ ਪਿੱਛੇ-ਪਿੱਛੇ ਮੋਟਰਸਾਈਕਲ ਭਜਾ ਕੇ ਫਿਲਮੀ ਅੰਦਾਜ਼ ਵਿਚ ਰੋਕ ਲਿਆ। ਚੇਨਈ ਤੋਂ ਮੁੰਬਈ ਜਾਣ ਵਾਲੀ ਮੁੰਬਈ ਮੇਲ ਕਲਬੁਰਗੀ ਦੇ ਵਾਡੀ ਸਟੇਸ਼ਨ ਉਤੇ ਪਹੁੰਚੀ ਸੀ। ਇਥੋਂ ਰੇਲਵੇ ਦੀ ਬਿਜਲਈ ਲਾਈਨ ਖਤਮ ਹੋ ਜਾਂਦੀ ਹੈ।

ਅੱਗੇ ਸ਼ੋਲਾਪੁਰ ਤੱਕ ਜਾਣ ਲਈ ਰੇਲ ਨੂੰ ਡੀਜ਼ਲ ਇੰਜਣ ਲਾਇਆ ਜਾਣਾ ਸੀ। ਇਲੈਕਟ੍ਰਿਕ ਇੰਜਣ ਨੂੰ ਟਰੇਨ ਨਾਲੋਂ ਵੱਖ ਕੀਤਾ ਗਿਆ। ਬੋਗੀਆਂ ਨੂੰ ਡੀਜ਼ਲ ਇੰਜਣ ਨਾਲ ਜੋੜ ਕੇ ਰੇਲ ਰਵਾਨਾ ਕਰ ਦਿੱਤੀ ਗਈ। ਇਧਰ, ਇਲੈਕਟ੍ਰਿਕ ਇੰਜਣ ਨੂੰ ਲੋਕੋ ਪਾਇਲਟ ਮੇਨ ਟ੍ਰੈਕ ਤੋਂ ਹਟਾ ਕੇ ਦੂਸਰੇ ਟ੍ਰੈਕ ਉਤੇ ਲੈ ਗਿਆ, ਪਰ ਇੰਜਣ ਨੂੰ ਚਾਲੂ ਛੱਡ ਜਦੋਂ ਪਾਇਲਟ ਬਾਹਰ ਆਇਆ ਤਾਂ ਇੰਜਣ ਚੱਲ ਪਿਆ।

13 ਕਿਲੋਮੀਟਰ ਬਾਅਦ ਇੰਜਣ ਦੀ ਰਫਤਾਰ ਆਪਣੇ ਆਪ ਕੁਝ ਘੱਟ ਹੋਈ। ਡਰਾਈਵਰ ਨੇ ਮੋਟਰਸਾਈਕਲ ਤੋਂ ਉਤਰ ਕੇ ਦੌੜ ਲਾਈ ਅਤੇ ਛਾਲ ਮਾਰ ਕੇ ਕਿਸੇ ਤਰ੍ਹਾਂ ਇੰਜਣ 'ਤੇ ਚੜ੍ਹ ਕੇ ਬ੍ਰੇਕ ਲਾਈ।

## ਜਾਨਵਰਾਂ 'ਤੇ ਤਸ਼ੱਦਦ ਵਾਲੀ ਤਸਵੀਰ ਨੇ ਲੋਕਾਂ ਦਾ ਧਿਆਨ ਖਿੱਚਿਆ



**ਬਾਂਕੁਰਾ:** ਪਟਾਕਿਆਂ ਅਤੇ ਅੱਗ ਦੇ ਗੋਲਿਆਂ ਤੋਂ ਬਚ ਕੇ ਭੱਜਦੇ ਹਾਥੀ ਅਤੇ ਉਸ ਦੇ ਬੱਚੇ ਦੀ ਇਕ ਤਸਵੀਰ ਨੇ ਲੋਕਾਂ ਦਾ ਧਿਆਨ ਖਿੱਚਿਆ ਹੈ। ਇਹ ਤਸਵੀਰ ਪੱਛਮੀ ਬੰਗਾਲ ਦੇ ਬਾਂਕੁਰਾ ਜ਼ਿਲ੍ਹੇ ਦੀ ਹੈ ਅਤੇ ਇਸ ਨੂੰ ਖਿੱਚਣ ਵਾਲੇ ਫੋਟੋਗ੍ਰਾਫਰ ਵਿਪੁਲ ਹਾਜਰਾ ਨੂੰ ਇਸ ਸਾਲ ਦਾ ਸੈਂਕਚੁਅਰੀ ਵਾਇਲਡਲਾਇਫ ਫੋਟੋਗ੍ਰਾਫੀ ਅਵਾਰਡ ਮਿਲਿਆ ਹੈ। ਇਹ ਤਸਵੀਰ ਭਾਰਤ ਵਿਚ ਇਨਸਾਨਾਂ ਅਤੇ ਹਾਥੀਆਂ ਵਿਚ ਸੰਘਰਸ਼ ਨੂੰ ਸਾਹਮਣੇ ਲਿਆਉਂਦੀ ਹੈ। ਫੋਟੋ ਵਿਚ ਹਥਣੀ ਭੱਜ ਰਹੀ ਹੈ ਅਤੇ ਪਿੱਛੇ ਅੱਗ ਵਿਚ ਘਿਰਿਆ ਉਸ ਦਾ ਬੱਚਾ ਜਾਨ ਬਚਾਉਣ ਲਈ ਜੱਦੋ ਜਹਿਦ ਕਰ ਰਿਹਾ ਹੈ। ਪਿੱਛੇ ਲੋਕਾਂ ਦੀ ਭੀੜ ਵਿਖਾਈ ਦੇ ਰਹੀ ਹੈ। ਵਾਤਾਵਰਣ ਦੇ ਖੇਤਰ ਵਿਚ ਕੰਮ ਕਰਨ ਵਾਲੇ ਐਨ.ਜੀ.ਓ. ਸੈਂਕਚੁਅਰੀ ਨੇਚਰ ਫਾਊਂਡੇਸ਼ਨ ਹਰ ਸਾਲ ਇਹ ਅਵਾਰਡ ਦਿੰਦਾ ਹੈ।

## ਭਲਾਈ ਯੋਜਨਾਵਾਂ ਬਾਰੇ ਸਰਕਾਰੀ ਨਾਕਾਮੀ ਤੋਂ ਸੁਪਰੀਮ ਕੋਰਟ ਖਫਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਹੈਰਾਨੀ ਜਤਾਈ ਕਿ ਹਜ਼ਾਰਾਂ ਕਰੋੜ ਰੁਪਏ ਖਰਚ ਕਰ ਕੇ ਵੀ ਭਲਾਈ ਯੋਜਨਾਵਾਂ ਨੂੰ ਢੁਕਵੇਂ ਢੰਗ ਨਾਲ ਲਾਗੂ ਨਹੀਂ ਕੀਤਾ ਜਾਂਦਾ। ਉਨ੍ਹਾਂ ਸਰਕਾਰ ਨੂੰ ਕਿਹਾ ਹੈ ਕਿ ਜੇਕਰ ਸਹੀ ਢੰਗ ਨਾਲ ਯੋਜਨਾਵਾਂ ਲਾਗੂ ਨਹੀਂ ਕਰ ਸਕਦੇ ਤਾਂ ਫਿਰ ਇਨ੍ਹਾਂ ਨੂੰ ਬਣਾਇਆ ਕਿਉਂ ਜਾਂਦਾ ਹੈ।

ਸ਼ਹਿਰੀ ਬੇਘਰਿਆਂ ਦੇ ਮੁੱਦੇ 'ਤੇ ਪਟੀਸ਼ਨ ਦੀ ਸੁਣਵਾਈ ਦੌਰਾਨ ਬੈਂਚ ਨੇ ਕੇਂਦਰ ਦੇ ਨੁਮਾਇੰਦੇ ਵਧੀਕ ਸਾਲਿਸਟਰ ਜਨਰਲ ਆਤਮਾ ਰਾਮ ਨੰਦਕਰਨੀ ਨੂੰ ਕਿਹਾ ਕਿ ਇਹ ਯੋਜਨਾ ਤੁਸੀਂ ਰੱਦ ਕਿਉਂ ਨਹੀਂ ਕਰ ਦਿੰਦੇ? ਕੇਂਦਰ ਇਹੋ ਪੈਸਾ ਅਹਿਮ ਮਕਸਦਾਂ ਲਈ ਵਰਤ ਸਕਦਾ ਹੈ।

ਸ਼ਹਿਰੀ ਬੇਘਰੇ ਲੋਕਾਂ ਪ੍ਰਤੀ ਬੇਪਰਵਾਹੀ ਦਿਖਾਉਣ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਲਤਾੜਦਿਆਂ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਆਖਿਆ ਕਿ ਉਹ ਇਨ੍ਹਾਂ ਲੋਕਾਂ ਪ੍ਰਤੀ ਕੁਝ ਹਮਦਰਦੀ ਵਾਲਾ ਵਤੀਰਾ ਅਪਨਾਉਣ।

## ਹੋਂਦ ਬਚਾਉਣ ਲਈ ਮਨੁੱਖ ਨੂੰ ਹੋਰ ਗ੍ਰਹਿ ਲੱਭਣ ਦੀ ਸਲਾਹ

**ਬੀਜਿੰਗ:** ਬ੍ਰਿਟਿਸ਼ ਵਿਗਿਆਨੀ ਸਟੀਫਨ ਹਾਕਿੰਗ ਨੇ ਚਿਤਾਵਨੀ ਦਿੱਤੀ ਹੈ ਕਿ ਮਨੁੱਖੀ ਦੀ ਵਧਦੀ ਆਬਾਦੀ ਤੇ ਵੱਡੇ ਪੈਮਾਨੇ ਉਤੇ ਊਰਜਾ ਖਪਤ ਨਾਲ ਧਰਤੀ 600 ਸਾਲਾਂ ਤੋਂ ਘੱਟ ਸਮਾਂ ਜਾਂ ਸਾਲ 2600 ਤੱਕ ਅੱਗ ਦੇ ਗੋਲੇ ਵਿਚ ਬਦਲ ਜਾਵੇਗੀ। ਮਨੁੱਖੀ ਨਸਲ ਦੀ ਜੇ ਕੁਝ ਹੋਰ ਲੱਖ ਸਾਲਾਂ ਤੱਕ ਹੋਂਦ ਨਿਸ਼ਚਿਤ ਕਰਨੀ ਹੈ ਤਾਂ ਇਨਸਾਨਾਂ ਨੂੰ ਕਿਸੇ ਹੋਰ ਗ੍ਰਹਿ ਵੱਲ ਜਾਣਾ ਹੋਵੇਗਾ, ਜਿਥੇ ਅਜੇ ਕੋਈ ਨਹੀਂ ਗਿਆ। ਬੀਜਿੰਗ ਵਿਚ ਟੈਂਸੇਂਟ ਡਬਲਿਊ.ਈ. ਸਮਿਟ ਵਿਚ ਇਕ ਵੀਡੀਓ ਦੇ ਜ਼ਰੀਏ ਉਨ੍ਹਾਂ ਕਿਹਾ, 'ਮਨੁੱਖੀ ਨਸਲ ਦੀ ਵਧਦੀ ਆਬਾਦੀ ਅਤੇ ਊਰਜਾ ਦੇ ਬੇਹਿਸਾਬ ਇਸਤੇਮਾਲ ਕਾਰਨ ਸਾਡੀ ਦੁਨੀਆਂ ਇਕ ਅੱਗ ਦੇ ਗੋਲੇ ਵਿਚ ਬਦਲਣ ਜਾ ਰਹੀ ਹੈ।' ਹਾਕਿੰਗ ਨੇ ਵਿਗਿਆਨੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਸੂਰਜੀ ਮੰਡਲ ਦੇ ਬਾਹਰ ਇਕ ਅਜਿਹੇ ਤਾਰੇ ਦੀ ਖੋਜ ਕਰੋ, ਜਿਥੇ ਗ੍ਰਹਿਆਂ ਦੀ ਪਰਿਕਰਮਾ ਇਨਸਾਨਾਂ ਦੇ ਰਹਿਣ ਲਾਇਕ ਹੋਵੇ।

## ਪਰਵਾਸੀ ਭਾਰਤੀਆਂ ਲਈ ਵੋਟ ਦੇ ਹੱਕ ਦਾ ਰਾਹ ਹੋਇਆ ਪੱਧਰਾ

**ਨਵੀਂ ਦਿੱਲੀ:** ਪਰਵਾਸੀ ਭਾਰਤੀਆਂ ਲਈ ਖੁਸ਼ੀ ਵਾਲੀ ਖਬਰ ਹੈ। ਆਉਣ ਵਾਲੇ ਸੰਸਦ ਦੇ ਸੈਸ਼ਨ 'ਚ ਪਰਵਾਸੀ ਭਾਰਤੀ ਦੀਆਂ ਵੋਟਾਂ ਨਾਲ ਜੁੜਿਆ ਇਕ ਅਜਿਹਾ ਬਿੱਲ ਪੇਸ਼ ਹੋਣ ਜਾ ਰਿਹਾ ਹੈ ਜਿਸ ਨਾਲ ਉਹ ਵਿਦੇਸ਼ ਬੈਠੇ ਹੀ ਆਪਣੀ ਵੋਟ ਭਾਰਤ 'ਚ ਪਾ ਸਕਣਗੇ।

ਇਸ ਲਈ ਸਰਕਾਰ ਈ-ਬੈਲਟ ਜਾਂ ਪੋਸਟਲ ਬੈਲਟ ਦੀ ਵਰਤੋਂ ਕਰੇਗੀ। ਕੇਂਦਰ ਸਰਕਾਰ ਨੇ ਇਸ ਮਾਮਲੇ ਦੀ ਜਾਣਕਾਰੀ ਸੁਪਰੀਮ ਕੋਰਟ ਨੂੰ ਦਿੱਤੀ ਹੈ ਕਿਉਂਕਿ ਇਸ ਸਬੰਧੀ ਅਦਾਲਤ 'ਚ ਕੇਸ ਚੱਲ ਰਿਹਾ ਸੀ। ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੇ ਕਿਹਾ ਸੀ ਕਿ ਐਨ.ਆਰ.ਆਈਜ਼. ਨੂੰ ਮੌਜੂਦਾ ਐਕਟ ਤਹਿਤ ਵੋਟ ਦਾ ਇਸ ਤਰ੍ਹਾਂ ਵਿਦੇਸ਼ ਬੈਠੇ ਹੱਕ ਨਹੀਂ ਦਿੱਤਾ ਜਾ ਸਕਦਾ। ਸਰਕਾਰ ਇਸ ਲਈ ਵੱਖਰੇ ਪੱਧਰ 'ਤੇ ਬਿੱਲ ਲਿਆਉਣ ਲੱਗੀ ਹੈ। ਇਹ ਬਿੱਲ ਸਰਦ ਰੁੱਤ ਸੈਸ਼ਨ ਦੌਰਾਨ ਲਿਆਂਦਾ ਜਾਵੇਗਾ। ਇਸ ਕਾਨੂੰਨ ਤਹਿਤ ਦੁਨੀਆਂ ਭਰ 'ਚ ਬੈਠੇ ਐਨ.ਆਰ.ਆਈ. ਲਈ ਭਾਰਤ ਦੀਆਂ ਸਾਰੀਆਂ ਚੋਣਾਂ ਵਿਚ ਵੋਟ ਪਾਉਣ ਦੇ ਹੱਕਦਾਰ ਹੋ ਜਾਣਗੇ।

ਇਸ ਤੋਂ ਪਹਿਲਾਂ ਅਜਿਹਾ ਹੱਕ ਸਿਰਫ ਭਾਰਤ 'ਚ ਰਹਿੰਦੇ ਸਰਕਾਰੀ ਮੁਲਾਜ਼ਮਾਂ ਨੂੰ ਸੀ। ਇਸ ਮਸਲੇ ਉਤੇ ਅਦਾਲਤ ਵਿਚ ਕਾਫੀ ਸਮੇਂ ਤੋਂ ਕੇਸ ਚੱਲ ਰਿਹਾ ਹੈ। ਐਨ.ਆਰ.ਆਈ. ਭਾਰਤ ਦੀ ਸਿਆਸਤ 'ਚ ਬਹੁਤ ਰੁਚੀ ਰੱਖਦੇ ਹਨ। ਦੱਸਣਯੋਗ ਹੈ ਕਿ ਹੁਣ ਵੀ ਉਹ ਭਾਰਤ 'ਚ ਆ ਕੇ ਵੋਟ ਪਾ ਸਕਦੇ ਹਨ ਪਰ ਇਸ ਤੋਂ ਬਾਅਦ ਉਹ ਉਥੋਂ ਹੀ ਵੋਟ ਪਾ ਸਕਣਗੇ।

## ਮੈਰੀ ਕਾਮ 5ਵੀਂ ਵਾਰ ਏਸ਼ੀਅਨ ਚੈਂਪੀਅਨ

**ਵੀਅਤਨਾਮ:** ਭਾਰਤੀ ਮਹਿਲਾ ਮੁੱਕੇਬਾਜ਼ ਐਮ.ਸੀ. ਮੈਰੀ ਕਾਮ ਨੇ ਏਸ਼ੀਅਨ ਚੈਂਪੀਅਨਸ਼ਿਪ ਦਾ ਖਿਤਾਬ ਆਪਣੇ ਨਾਂ ਕਰ ਲਿਆ ਹੈ। ਉਨ੍ਹਾਂ ਨੇ 48 ਕਿੱਲੋਗ੍ਰਾਮ ਭਾਰ ਵਰਗ ਦੇ ਫਾਈਨਲ 'ਚ ਉਤਰੀ ਕੋਰੀਆ ਦੀ ਹਿਆਂਗ ਮੀ ਕਿਮ ਨੂੰ ਇਕਪਾਸੜ ਮੈਚ ਵਿਚ 5-0 ਨਾਲ ਹਰਾਇਆ। ਮੈਚ ਦੌਰਾਨ ਮੈਰੀ ਵਿਰੋਧੀ ਮੁੱਕੇਬਾਜ਼ 'ਤੇ ਪੂਰੀ ਤਰ੍ਹਾਂ ਨਾਲ ਹਾਵੀ ਰਹੀ ਤੇ ਉਸ ਨੇ ਆਪਣੀ ਵਿਰੋਧੀ ਖਿਡਾਰਨ ਨੂੰ ਅੰਕ ਇਕੱਠੇ ਕਰਨ ਦਾ ਮੌਕਾ ਨਹੀਂ ਦਿੱਤਾ। ਇਸ ਤਰ੍ਹਾਂ ਟੂਰਨਾਮੈਂਟ 'ਚ ਉਸ ਨੇ 5ਵਾਂ ਸੋਨ ਤਗਮਾ ਆਪਣੇ ਨਾਂ ਕੀਤਾ।



ਏਸ਼ੀਆਈ ਚੈਂਪੀਅਨਸ਼ਿਪ 'ਚ ਕੁੱਲ ਮਿਲਾ ਕੇ ਇਹ ਉਸ ਦਾ 6ਵਾਂ ਤਗਮਾ ਹੈ ਜਦਕਿ 2014 ਦੀ ਏਸ਼ੀਆਈ ਖੇਡਾਂ ਤੋਂ ਬਾਅਦ ਇਹ ਪਹਿਲਾ ਅੰਤਰਰਾਸ਼ਟਰੀ ਤਗਮਾ ਹੈ। ਇਸ ਤੋਂ ਪਹਿਲਾਂ ਉਸ ਦੇ ਨਾਂ 4 ਸੋਨੇ ਤੇ ਇਕ ਚਾਂਦੀ ਦਾ ਤਗਮਾ ਸੀ। ਉਸ ਨੇ ਇਸ ਟੂਰਨਾਮੈਂਟ 'ਚ 2003, 2005, 2010 ਤੇ 2012 'ਚ ਸੋਨ ਤਗਮਾ ਜਿੱਤਿਆ ਸੀ ਜਦਕਿ 2008 'ਚ ਉਸ ਨੂੰ ਚਾਂਦੀ ਦੇ ਤਗਮੇ ਨਾਲ ਸਬਰ ਕਰਨਾ ਪਿਆ ਸੀ।

ਰੀਓ ਉਲੰਪਿਕ ਲਈ ਕੁਆਲੀਫਾਈ ਨਾ ਕਰ ਸਕਣ ਵਾਲੀ ਮੈਰੀ ਕਾਮ ਨੇ ਮੁੱਕੇਬਾਜ਼ੀ ਦੇ ਮੈਦਾਨ 'ਤੇ ਇਕ ਵਾਰੀ ਫਿਰ ਜ਼ਬਰਦਸਤ ਵਾਪਸੀ ਕੀਤੀ ਹੈ। ਜ਼ਿਕਰਯੋਗ ਹੈ ਕਿ ਲੰਡਨ ਉਲੰਪਿਕ ਵਿਚ ਕਾਂਸੀ ਦਾ ਤਗਮਾ ਜੇਤੂ ਖਿਡਾਰਨ ਨੇ ਸੈਮੀਫਾਈਨਲ 'ਚ ਜਾਪਾਨ ਦੀ ਸੁਬਾਸਾ ਕੋਮੂਰਾ ਨੂੰ ਇਕਪਾਸੜ ਮੈਚ 'ਚ 5-0 ਨਾਲ ਹਰਾ ਕੇ ਫਾਈਨਲ ਵਿਚ ਜਗ੍ਹਾ ਬਣਾਈ ਸੀ ਜਦਕਿ ਕੁਆਟਰਫਾਈਨਲ 'ਚ ਉਨ੍ਹਾਂ ਨੇ ਚੀਨੀ ਤਾਈਪੇ ਦੀ ਮੇਂਗ ਚਿਏ ਪਿਨ ਨੂੰ ਹਰਾਇਆ ਸੀ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ 'ਚ ਸਮਾਗਮ

**ਫਰਿਜ਼ਨੋ (ਬਿਊਰੋ):** ਸਥਾਨਕ ਸੰਸਥਾ ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਵੱਲੋਂ ਨਜ਼ਦੀਕੀ ਸ਼ਹਿਰ ਕਰਮਨ ਦੇ ਕਮਿਊਨਟੀ ਸੈਂਟਰ 'ਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਨੂੰ ਸਮਰਪਿਤ ਇਕ ਸਮਾਗਮ ਕਰਵਾਇਆ ਗਿਆ ਜਿਸ ਵਿਚ ਸ਼ਹੀਦ ਸਰਾਭਾ ਦੀ ਦੇਸ਼ ਲਈ ਕੁਰਬਾਨੀ ਨੂੰ ਅਕੀਦਤ ਭੇਟ ਕੀਤੀ ਗਈ। ਸਮਾਗਮ ਦੇ ਅਰੰਭ ਵਿਚ ਸੰਸਥਾ ਦੇ ਸਕੱਤਰ ਸੁਰਿੰਦਰ ਸਿੰਘ ਮੰਢਾਲੀ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਉਪਰੰਤ ਕਰਮਨ ਪੰਜਾਬੀ ਸਕੂਲ ਦੇ ਬੱਚਿਆਂ-ਦਿਲਜੋਤ, ਗਗਨ ਅਤੇ ਸਿਵਜੀਤ ਨੇ ਸ਼ਬਦ ਗਾਇਨ ਕੀਤਾ।

ਸੰਸਥਾ ਦੇ ਮੁੱਖ ਮੈਂਬਰਾਂ-ਗੁਰਦੀਪ ਸਿੰਘ ਅਣਖੀ, ਮਹਿੰਦਰ ਸਿੰਘ ਗਰੇਵਾਲ, ਡਾ. ਮਲਕੀਤ ਸਿੰਘ ਕਿੰਗਰਾ, ਪ੍ਰੋ. ਕੁਲਦੀਪ ਸਿੰਘ ਬੇਦੀ, ਅਮਰੀਕ ਸਿੰਘ ਵਿਰਕ, ਰਾਜ ਧਾਲੀਵਾਲ ਅਤੇ ਹੋਰਨਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਕੁਰਬਾਨੀ ਦੇ ਜਜ਼ਬੇ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ 'ਤੇ ਜ਼ੋਰ ਦਿੱਤਾ।

ਬੱਚਿਆਂ-ਰਾਜਵੀਰ ਸਿੰਘ, ਜੱਸੀ ਰਾਏ, ਰੂਬਨ ਸਿੰਘ, ਮਨਵੀਰ ਕੌਰ ਧਾਲੀਵਾਲ, ਆਂਚਲ ਹੇਅਰ, ਸੈਮਵੀਰ ਹੇਅਰ ਅਤੇ ਜੱਸੀ ਰਾਏ ਨੇ ਕਵਿਤਾਵਾਂ ਅਤੇ ਤਕਰੀਰਾਂ ਰਾਹੀਂ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸਰਧਾਂਜਲੀ ਭੇਟ ਕੀਤੀ। ਕਰਮਨ ਪੰਜਾਬੀ ਸਕੂਲ ਦੇ ਬੱਚਿਆਂ ਨੇ ਕੋਰੀਓਗ੍ਰਾਫੀ ਦੀ ਆਈਟਮ ਪੇਸ਼ ਕੀਤੀ। ਸ਼ਹੀਦਾਂ ਨੂੰ ਸਮਰਪਿਤ ਇਕ ਨਾਟਕ ਗੁਰਪ੍ਰੀਤ ਸਿੰਘ ਗਿੱਲ ਤੇ ਗੁਰਦੀਪ ਸਿੰਘ ਨਾਹਲ ਦੇ ਨਿਰਦੇਸ਼ਨ ਹੇਠ ਪੇਸ਼ ਕੀਤਾ ਗਿਆ। ਜੀ.ਐਚ.ਜੀ. ਡਾਂਸ ਅਤੇ ਸੰਗੀਤ ਅਕੈਡਮੀ ਫਰਿਜ਼ਨੋ ਦੇ ਬੱਚਿਆਂ ਦੇ ਦੋ ਗਰੁਪਾਂ ਨੇ ਭੰਗੜੇ ਦੀਆਂ ਧਮਾਲਾਂ ਪਾਈਆਂ।

ਇਸ ਮੌਕੇ ਗਾਇਕ ਜੋਤ ਰਣਜੀਤ ਨੇ ਸ਼ਹੀਦੀ ਵਾਰਾਂ, ਪੱਪੀ ਭਦੌੜ ਨੇ ਅਜੋਕੇ ਸਿੱਖਾਂ ਦੀ ਗਾਥਾ, ਰਾਜ ਬਰਾੜ ਯਮਲਾ ਅਤੇ ਹਰਜੀਤ ਸਿੰਘ ਮਰਸਡ ਨੇ ਸ਼ਹੀਦਾਂ ਨਾਲ ਸਬੰਧਤ ਗੀਤ ਗਾਏ। ਬੱਚਿਆਂ ਅਤੇ ਗਾਇਕਾਂ ਦਾ ਸੰਸਥਾ ਵੱਲੋਂ ਸਨਮਾਨ ਕੀਤਾ ਗਿਆ। ਮੰਚ ਸੰਚਾਲਨ ਸੁਰਿੰਦਰ ਸਿੰਘ ਮੰਢਾਲੀ ਨੇ ਬਾਖੂਬੀ ਕੀਤਾ। ਚਾਹ-ਪਕੌੜਿਆਂ, ਮਿਠਾਈ ਅਤੇ ਜਲੇਬੀਆਂ ਦੇ ਲੰਗਰ ਦੀ ਸੇਵਾ ਗੁਰਦੁਆਰਾ ਅਨੰਦਗੜ੍ਹ, ਕਰਮਨ ਵੱਲੋਂ ਸੀ।



# ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਕਵੀ ਦਰਬਾਰ

**ਸਿਆਟਲ (ਬਿਊਰੋ):** ਸਥਾਨਕ ਪੰਜਾਬੀ ਲਿਖਾਰੀ ਸਭਾ ਵਲੋਂ ਲੰਘੀ 12 ਨਵੰਬਰ ਨੂੰ ਇਕ ਕਵੀ ਦਰਬਾਰ ਕੀਤਾ ਗਿਆ ਜਿਸ ਵਿਚ ਸੰਸਥਾ ਦੇ ਪ੍ਰਧਾਨ ਮਨਜੀਤ ਕੌਰ ਗਿੱਲ, ਮੀਤ ਪ੍ਰਧਾਨ ਜੰਗ ਬਹਾਦਰ ਸਿੰਘ, ਸਕੱਤਰ ਅਮਰਜੀਤ ਤਰਸਿੱਕਾ, ਸਹਾਇਕ ਸਕੱਤਰ ਬਲਿਹਾਰ ਲੇਹਲ ਤੋਂ ਇਲਾਵਾ ਵਾਸਦੇਵ ਸਿੰਘ ਪਰਹਾਰ, ਹਰਦਿਆਲ ਸਿੰਘ ਚੀਮਾ, ਦਲਜੀਤ ਕੌਰ ਚੀਮਾ, ਅਵਤਾਰ ਸਿੰਘ ਆਦਮਪੁਰੀ, ਕਰਨੈਲ ਕੈਲ, ਸ਼ਿੰਗਾਰ ਸਿੰਘ ਸਿੱਧੂ, ਨਾਵਲਕਾਰ ਅਵਤਾਰ ਸਿੰਘ ਬਿਲਿੰਗ, ਸਾਧੂ ਸਿੰਘ ਝੱਜ, ਬੈਲਿੰਗਹੈਮ ਤੋਂ ਜਸਕਰਨ ਕੌਰ ਬਰਾੜ ਅਤੇ ਹਰਪਾਲ ਸਿੰਘ ਸਿੱਧੂ ਨੇ ਹਿੱਸਾ ਲਿਆ। ਗਾਇਕ ਤੇ ਗੀਤਕਾਰ ਬਲਬੀਰ ਲਹਿਰਾ ਅਤੇ ਅਵਤਾਰ ਬਿੱਲਾ ਨੇ ਗਾਇਕੀ ਦਾ ਖੂਬ ਰੰਗ ਬੰਨ੍ਹਿਆ।




ਇਸੇ ਦੌਰਾਨ ਸਭਾ ਨਾਲ ਲੰਬੇ ਸਮੇਂ ਤੋਂ ਜੁੜੇ ਸ਼ਿੰਗਾਰ ਸਿੰਘ ਸਿੱਧੂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਉਹ ਸਿਆਟਲ ਛੱਡ ਕੇ ਕੈਲੀਫੋਰਨੀਆ ਜਾ ਰਹੇ ਹਨ। ਬਲਿਹਾਰ ਸਿੰਘ ਲੇਹਲ ਦੇ ਘਰ ਕੋਈ ਚਾਰ ਘੰਟੇ ਚੱਲੇ ਇਸ ਸਮਾਗਮ ਨੂੰ ਸਰੋਤਿਆਂ ਨੇ ਬੁਹਤ ਰੀਝ ਨਾਲ ਸੁਣਿਆ।

ਸਭਾ ਵਲੋਂ ਜਾਰੀ ਬਿਆਨ ਅਨੁਸਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਇੱਕ ਕਵੀ ਦਰਬਾਰ 25 ਦਸੰਬਰ, ਸੋਮਵਾਰ ਨੂੰ ਸਵੇਰੇ 10 ਵਜੇ ਗੁਰਦੁਆਰਾ ਸਾਹਿਬ ਸੱਚਾ ਮਾਰਗ, ਕੈਂਟ ਵਿਖੇ ਕੀਤਾ ਜਾਵੇਗਾ। ਹੋਰ ਜਾਣਕਾਰੀ ਲਈ ਸ. ਲੇਹਲ ਨਾਲ ਫੋਨ: 206-244-4663 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਫਿਲਮ 'ਪਦਮਾਵਤੀ' ਰਿਲੀਜ਼ ਹੋਣ ਦਾ ਰਾਹ ਸਾਫ

**ਨਵੀਂ ਦਿੱਲੀ:** ਬਾਲੀਵੁੱਡ ਦੀ ਨਵੀਂ ਫਿਲਮ 'ਪਦਮਾਵਤੀ' ਦੀ ਰਿਲੀਜ਼ ਉਤੇ ਸੁਪਰੀਮ ਕੋਰਟ ਅਤੇ ਅਲਾਹਾਬਾਦ ਹਾਈ ਕੋਰਟ ਨੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਫੈਸਲੇ ਨਾਲ ਸੰਜੇ ਲੀਲਾ ਭੰਸਾਲੀ ਨੂੰ ਹੱਲਾਸ਼ੇਰੀ ਮਿਲੀ ਹੈ ਕਿਉਂਕਿ ਜੈਪੁਰ ਅਤੇ ਕੋਲਹਾਪੁਰ 'ਚ ਸ਼ੂਟਿੰਗ ਦੌਰਾਨ ਹੋਏ ਹਮਲਿਆਂ ਕਾਰਨ ਫਿਲਮ ਦੀ ਰਿਲੀਜ਼ ਉਤੇ ਸਵਾਲ ਖੜ੍ਹੇ ਹੋ ਗਏ ਸਨ।

ਸੁਪਰੀਮ ਕੋਰਟ ਨੇ ਦੀਪਿਕਾ ਪਾਦੂਕੋਣ ਦੀ ਅਦਾਕਾਰੀ ਵਾਲੀ ਬਾਲੀਵੁਡ ਫਿਲਮ 'ਪਦਮਾਵਤੀ' ਦੀ ਰਿਲੀਜ਼ ਉਤੇ ਰੋਕ ਲਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਸੁਣਵਾਈ ਤੋਂ ਇਨਕਾਰ ਕਰਦਿਆਂ ਕਿਹਾ ਕਿ ਫਿਲਮ ਨੂੰ ਅਜੇ ਸੈਂਸਰ ਬੋਰਡ ਨੇ ਮਨਜ਼ੂਰੀ ਦੇਣੀ ਹੈ। ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਬੈਂਚ ਨੇ ਸਭ ਤੋਂ ਪਹਿਲਾਂ ਜਾਣਕਾਰੀ ਮੰਗੀ ਕਿ ਸੈਂਸਰ ਬੋਰਡ ਨੇ ਫਿਲਮ ਨੂੰ ਸਰਟੀਫਿਕੇਟ ਜਾਰੀ ਕਰ ਦਿੱਤਾ ਹੈ ਜਾਂ ਨਹੀਂ। ਸੈਂਸਰ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਵੱਲੋਂ ਫਿਲਮ ਨੂੰ ਅਜੇ ਪ੍ਰਵਾਨਗੀ ਨਾ ਦਿੱਤੇ ਜਾਣ ਬਾਰੇ ਜਦੋਂ ਜਾਣਕਾਰੀ ਦਿੱਤੀ ਗਈ ਤਾਂ ਬੈਂਚ ਨੇ ਕਿਹਾ ਕਿ ਅਦਾਲਤ ਨੂੰ ਇਸ ਹਾਲਾਤ 'ਚ ਆਪਣੇ ਅਧਿਕਾਰ ਖੇਤਰ ਦੀ ਵਰਤੋਂ ਨਹੀਂ ਕਰਨੀ ਚਾਹੀਦੀ।




ਸੁਪਰੀਮ ਕੋਰਟ ਨੇ ਕਿਹਾ ਕਿ ਸੀ.ਬੀ.ਐਫ.ਸੀ. ਵੱਲੋਂ ਫਿਲਮ ਨੂੰ ਸਰਟੀਫਿਕੇਟ ਜਾਰੀ ਕਰਨ ਲਈ ਕਈ ਦਿਸ਼ਾ-ਨਿਰਦੇਸ਼ ਹਨ ਅਤੇ ਜੇਕਰ ਹੋਰ ਵੀ ਕੋਈ ਦਿੱਕਤ ਹੈ ਤਾਂ ਫਿਲਮ ਸਰਟੀਫਿਕੇਸ਼ਨ ਅਪੀਲ ਟ੍ਰਿਬਿਊਨਲ ਇਸ ਦੀ ਘੋਖ ਕਰ ਸਕਦਾ ਹੈ। ਇਸੇ ਦੌਰਾਨ ਰਾਜਪੂਤਾਂ ਅਤੇ ਹਿੰਦੂਆਂ ਨਾਲ ਜੁੜੀਆਂ ਕੁਝ ਸੰਸਥਾਵਾਂ ਨੇ ਫਿਲਮ ਖਿਲਾਫ ਵਿਖਾਵੇ ਤੇਜ਼ ਕਰ ਦਿੱਤੇ ਹਨ ਅਤੇ ਧਮਕੀ ਦਿੱਤੀ ਹੈ ਕਿ ਫਿਲਮ ਰਿਲੀਜ਼ ਨਹੀਂ ਹੋਣ ਦਿੱਤੀ ਜਾਵੇਗੀ।

## ਸਾਬਕਾ ਟੈਸਟ ਕ੍ਰਿਕਟਰ ਮਿਲਖਾ ਸਿੰਘ ਦਾ ਦੇਹਾਂਤ

**ਚੇਨਈ:** ਭਾਰਤ ਦੇ ਸਾਬਕਾ ਟੈਸਟ ਕ੍ਰਿਕਟਰ ਏ.ਜੀ. ਮਿਲਖਾ ਸਿੰਘ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਪਰਿਵਾਰਕ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਉਹ 76 ਸਾਲਾਂ ਦੇ ਸਨ ਤੇ ਉਨ੍ਹਾਂ ਦੇ ਪਰਿਵਾਰ 'ਚ ਪਤਨੀ, ਇਕ ਪੁੱਤ ਤੇ ਧੀ ਹਨ।


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ:
ਪਾਲ ਫੋਨ 1-800-705-3863



Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc. Minneapolis, MN 55426

# ਝੱਲੀ ਡਾਕਟਰ ਦੀਆਂ ਸੁਰਾਂ ਦੇ ਅੰਗ-ਸੰਗ



## ਮਾਸੂਮਾ ਅਨਵਰ ਦੀ ਸ਼ਬਦ-ਸੰਗੀਤ ਦੀ ਸੰਗਤ

ਕਲਾ ਪਰਿਕਰਮਾ

ਪਾਕਿਸਤਾਨੀ ਗਾਇਕਾ ਮਾਸੂਮਾ ਅਨਵਰ ਦੀ ਆਵਾਜ਼ ਸਭ ਤੋਂ ਵੱਧ ਧਿਆਨ ਖਿੱਚਦੀ ਹੈ। ਗੱਲ 2006 ਦੀ ਹੈ ਜਦੋਂ ਉਸ ਨੇ ਕੋਕ ਸਟੂਡੀਓ ਲਈ ਜਾਵੇਦ ਬਸ਼ੀਰ ਨਾਲ ਰਲ ਕੇ 'ਝੱਲਿਆ' ਗੀਤ ਗਾਇਆ ਸੀ। ਇਸ ਗੀਤ ਤੋਂ ਬਾਅਦ ਉਸ ਦੀ ਖਾਸ ਆਵਾਜ਼ ਕਰ ਕੇ ਜਿੰਨੀ ਉਸ ਦੀ ਸ਼ਲਾਘਾ ਹੋਈ ਸੀ, ਉਸ ਤੋਂ ਵੀ ਕਿਤੇ ਵੱਧ ਆਲੋਚਨਾ ਹੋਈ ਸੀ, ਪਰ ਉਸ ਨੇ ਕਿਸੇ ਦੀ ਪਰਵਾਹ ਨਾ ਕੀਤੀ, ਸਗੋਂ ਆਪਣੀ ਆਵਾਜ਼ ਨੂੰ ਸੰਗੀਤ ਦੀ ਦੁਨੀਆਂ ਵਿਚ ਵਿਲੱਖਣ, ਨਿਆਰੀ ਅਤੇ ਨਿਵੇਕਲੀ ਬਣਾ ਕੇ ਸਫ਼ਲਤਾ ਦੀਆਂ ਚੋਟੀਆਂ ਛੂਹ ਲਈਆਂ।

**ਕੀਰਤ ਕਾਸ਼ਣੀ**

ਮਾਸੂਮਾ ਅਨਵਰ ਪੇਸ਼ੇ ਵਜੋਂ ਬੱਚਿਆਂ ਦੀ ਡਾਕਟਰ ਹੈ। ਲਿਖਣਾ ਅਤੇ ਗਾਉਣਾ ਉਸ ਦਾ ਸ਼ੌਕ ਸੀ। ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਹ ਸੰਗੀਤ ਦੀ ਦੁਨੀਆਂ ਵਿਚ ਇੰਨਾ ਉਚਾ ਮੁਕਾਮ ਹਾਸਲ ਕਰੇਗੀ। ਪਹਿਲਾਂ ਪਹਿਲ ਉਹ ਗਿਣਵੀਆਂ-ਚੁਣਵੀਆਂ ਪਰਿਵਾਰਕ ਮਹਿਫ਼ਲਾਂ ਵਿਚ ਸੁਰਾਂ ਦੀ ਛਹਿਬਰ ਲਾਉਂਦੀ ਹੁੰਦੀ ਸੀ, ਪਰ 'ਝੱਲਿਆ' ਗੀਤ ਤੋਂ ਬਾਅਦ ਉਹ ਤਾਂ ਮਾਨੋ ਸੰਗੀਤ ਲਈ ਝੱਲੀ ਹੀ ਹੋ ਗਈ। ਉਂਜ, ਉਸ ਨੇ ਆਪਣੀ ਡਾਕਟਰੀ ਦੀ ਸੇਵਾ ਵੀ ਜਾਰੀ ਰੱਖੀ ਹੋਈ ਹੈ। ਹਰ ਕੋਈ ਹੈਰਾਨ ਹੈ ਕਿ ਉਹ ਇਹ ਦੋਵੇਂ ਕਾਰਜ ਇਕੋ ਵੇਲੇ, ਪੂਰੀ ਸਫ਼ਲਤਾ ਨਾਲ ਕਿਵੇਂ ਨੇਪਰੇ ਚਾੜ੍ਹ ਰਹੀ ਹੈ। ਉਸ ਦੀ ਸਫ਼ਲਤਾ ਦੀਆਂ ਧੁੰਮਾਂ ਤਾਂ ਹੁਣ ਪਾਕਿਸਤਾਨ ਦੀ ਸਰਹੱਦ ਪਾਰ ਕਰ ਕੇ ਹੋਰ ਮੁਲਕਾਂ ਵਿਚ ਵੀ ਜਾ ਪੁੱਜੀਆਂ ਹਨ।

ਹਿੰਦੀ ਫਿਲਮ 'ਕੌਕਟੇਲ' ਦਾ ਗੀਤ 'ਲੁਟਣਾ' ਗਾ ਕੇ ਉਸ ਨੇ ਹਿੰਦੀ ਫਿਲਮ ਜਗਤ ਦਾ ਦਿਲ ਹੀ ਲੁੱਟ ਲਿਆ। ਇਹ ਗੀਤ ਉਹ ਭਾਵੇਂ ਪਹਿਲਾਂ ਵੀ ਗਾ ਚੁੱਕੀ ਸੀ, ਪਰ ਇਹ ਗੀਤ ਫਿਲਮ ਵਿਚ ਆਉਣ ਨਾਲ ਉਸ ਦੀ ਮਕਬੂਲੀਅਤ ਸਿਖਰਾਂ 'ਤੇ ਪੁੱਜ ਗਈ। ਉਸ ਨੇ 2016 ਵਿਚ ਆਈ ਪਾਕਿਸਤਾਨੀ ਫਿਲਮ 'ਮਾਲਿਕ' ਲਈ ਵੀ ਗੀਤ ਗਾਏ। ਇਸ ਤੋਂ ਇਲਾਵਾ ਉਸ ਦੀਆਂ ਚਾਰ ਐਲਬਮਾਂ- 'ਢੋਲਾ', 'ਨਿਗਾਹ-ਏ-ਕਰਮ', 'ਅਪਨਾ ਮੁਕਾਮ ਪੈਦਾ ਕਰ' ਅਤੇ 'ਕਮਲੀ' ਨੇ ਵੀ ਖੂਬ ਰੌਣਕਾਂ ਲਾਈਆਂ। ਮਾਸੂਮਾ ਅਨਵਰ ਨੇ ਪੁਰਾਣੇ ਪਾਕਿਸਤਾਨੀ ਗਾਇਕਾਂ ਦੇ ਮਕਬੂਲ ਗੀਤ ਵੀ ਗਾਏ ਹਨ। ਰੇਸ਼ਮਾ ਦੇ ਗੀਤਾਂ ਲਈ ਉਸ ਦੀ ਖੂਬ ਪ੍ਰਸ਼ੰਸਾ ਹੋਈ ਹੈ। ਉਸ ਦੀ ਆਵਾਜ਼ ਰੇਸ਼ਮਾ ਨਾਲ ਬਹੁਤ ਮਿਲਦੀ ਹੈ। ਉਹ ਜਿਥੇ ਕਿਤੇ ਵੀ ਜਾਂਦੀ ਹੈ, ਸਾਰੇ ਉਸ ਨੂੰ ਇਕ ਹੀ ਸਵਾਲ ਪੁੱਛਦੇ ਹਨ: "ਉਹ ਰੇਸ਼ਮਾ ਦੀ ਧੀ ਹੈ?" ਇੰਨਾ ਸੁਣ ਕੇ ਉਹ ਬਾਗੋ-ਬਾਗ ਹੋ ਜਾਂਦੀ ਹੈ ਅਤੇ ਦੱਸਦੀ ਹੈ ਕਿ ਲੋਕਾਂ ਤੋਂ ਮਿਲ ਰਹੇ ਪਿਆਰ ਨੇ ਉਸ ਨੂੰ ਝੱਲੀ ਹੀ ਤਾਂ ਕਰ ਦਿੱਤਾ ਹੋਇਆ ਹੈ। ਮਾਸੂਮਾ ਅਨਵਰ ਬਹੁਤ ਚੋਣਵੇਂ ਗੀਤ ਗਾਉਂਦੀ ਹੈ, ਖਾਸ ਕਰ ਕੇ ਸੂਫ਼ੀ ਕਲਾਮ ਉਸ ਨੂੰ ਵਧੇਰੇ ਪਸੰਦ ਹੈ। ਉਸ ਦਾ ਕਹਿਣਾ ਹੈ ਕਿ ਉਹ ਵਧੇਰੇ ਗਾਉਣ ਵਾਲੀ ਦੌੜ ਵਿਚ ਕਦੇ ਵੀ ਸ਼ਾਮਲ ਨਹੀਂ ਹੋਵੇਗੀ। ਇੰਨਾ ਗਾ ਕੇ ਹੀ ਉਸ ਨੂੰ ਲੋਕਾਂ ਨੇ ਇੰਨਾ ਜ਼ਿਆਦਾ ਪਿਆਰ ਦਿੱਤਾ ਹੈ। ਮਾਸੂਮਾ ਅਨਵਰ ਨੇ ਵਿਧੀਵਤ ਢੰਗ ਨਾਲ ਕਿਸੇ ਨੂੰ ਗੁਰੂ ਨਹੀਂ ਧਾਰਿਆ; ਦਰਅਸਲ ਉਸ ਦੀ ਅਸਲ ਗੁਰੂ ਉਸ ਦੀ ਆਪਣੀ ਮਾਂ ਹੈ, ਜੋ ਉਸ ਦੀ ਨਿੱਕੀ ਨਿੱਕੀ ਫ਼ਰਮਾਇਸ਼ ਅਤੇ ਲੋੜ ਦਾ ਧਿਆਨ ਰੱਖਦੀ ਹੈ। ਉਹ ਸੋਚਦੀ ਹੈ ਕਿ ਜੇ ਮਾਂ ਉਸ ਨੂੰ ਹੱਲਾਸ਼ੇਰੀ ਨਾ ਦਿੰਦੀ ਤਾਂ ਉਸ ਨੇ ਆਪਣੇ ਡਾਕਟਰ ਪਰਿਵਾਰ ਅਤੇ ਹੋਰ ਡਾਕਟਰਾਂ ਵਾਂਗ ਹਸਪਤਾਲਾਂ ਦੇ ਹੀ ਗੇੜੇ ਕੱਢਣੇ ਸਨ। ਹੁਣ ਉਸ ਦਾ ਮਕਾਮ ਅੰਬਰ ਜਿੱਡਾ ਵਸੀਹ ਹੋ ਗਿਆ ਹੈ। ਸੰਗੀਤ ਦੇ ਸਿਰ 'ਤੇ ਉਹ ਪਤਾ ਨਹੀਂ ਦੁਨੀਆਂ ਦੇ ਕਿਸ ਕਿਸ ਕੋਨੇ ਦੇ ਦਰਸ਼ਨ ਕਰ ਆਈ ਹੈ। ਉਹ ਖੁਸ਼ ਹੈ ਕਿ ਉਸ ਦਾ 'ਝੱਲਿਆ' ਨਾਲ ਸ਼ੁਰੂ ਹੋਇਆ ਸਫ਼ਰ ਉਸ ਨੂੰ ਝੱਲੀ ਕਰ ਕੇ ਛੱਡ ਗਿਆ ਹੈ। ਸੂਫ਼ੀਆਂ ਵਾਂਗ ਹੁਣ ਉਹ ਸੰਗੀਤ ਨਾਲ ਝੱਲੀ ਹੋਈ ਰਹਿਣਾ ਚਾਹੁੰਦੀ ਹੈ। ਇਸੇ ਨੂੰ ਉਹ ਆਪਣੀ ਜ਼ਿੰਦਗੀ ਦਾ ਮੁਕਾਮ ਆਖਦੀ ਹੈ।





# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਨਵੰਬਰ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-300



*ਜੁਗੜੇ ਬੀਤੇ ਧਰਮਸਾਲ ਵਿਚ, ਪੜ੍ਹੇ ਸੀ ਅੱਖਰ ਚਾਰ।*
*ਤਾਹੀਉਂ ਵਿਚ ਅਮਰੀਕਾ ਆ ਕੇ ਪੜ੍ਹ ਰਹੀ ਆਂ ਅਖਬਾਰ।*

## ਕੈਪਸ਼ਨ ਮੁਕਾਬਲਾ-298



ਰੁੱਤਾਂ ਆਵਣ, ਰੁੱਤਾਂ ਜਾਵਣ
ਕੁਦਰਤ ਰੰਗ ਵਟਾਈ ਜਾਵੇ।
ਕਦੇ ਵਿਰਾਨੀ, ਕਦੇ ਹੈ ਖੇੜਾ
ਨਾਲ ਵਾਰੀ ਦੇ ਮੁੜ ਦੁਹਰਾਵੇ।
ਸੋਨ ਸੁਨਹਿਰੀ ਭਾਅ ਦੇਖ ਕੇ
ਧੁਰ ਅੰਦਰ ਤੋਂ ਰੂਹ ਨਸ਼ਿਆਵੇ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*

---

ਜਵਾਨੀ ਹੈ ਬਹਾਰ, ਪਤਝੜ ਹੈ ਬੁਢਾਪਾ।
ਬਦਲੇ ਨਵੀਂ ਨੁਹਾਰ ਭੇਸ ਵਟਾਵੇ ਆਪਾ।
ਰਵਾਨਗੀ ਜ਼ਿੰਦਗੀ ਦੀ ਵਗਦਾ ਜਿਉਂ ਪਾਣੀ।
ਜਾਗੇ ਨਵੀਂ ਆਸ ਬਦਲੇ ਸ਼ੈਅ ਪੁਰਾਣੀ।
ਪਸਰਿਆ ਹੈ ਜਲਵਾ ਕਾਦਰ ਪ੍ਰਵੀਨ ਹੈ।
ਬਹਾਰਾਂ ਹੁਸੀਨ ਨੇ ਪਤਝੜ ਰੰਗੀਨ ਹੈ।

*-ਸੇਵਾ ਸਿੰਘ ਨੂਰਪੁਰੀ*
*ਫੋਨ: 408-912-3438*

---

ਕੁਦਰਤ ਦਾ ਕਿਸੇ ਨਾ ਪਾਇਆ ਅੰਤ
ਪਤਝੜ 'ਚ ਵੀ ਲੱਗੇ ਖਿੜ੍ਹੀ ਬਸੰਤ।
ਰੰਗ-ਬਿਰੰਗੇ ਡਿੱਗੇ ਪੱਤੇ ਫੁੱਲਾਂ ਵਾਂਗ ਜਾਪਣ
ਜਿਉਂ ਇਨ੍ਹਾਂ ਰਾਹਾਂ 'ਤੇ ਤੁਰਨਾ ਹੋਵੇ ਕੰਤ।
ਆਪਣੀ ਅਉਧ ਪੂਰੀ ਕਰ ਚੱਲੇ ਇਹ ਪੱਤੇ
ਨਵੇਂ ਪੌਦ ਨੂੰ ਆਉਣ ਲਈ ਦੇਣ ਇਹ ਸੱਦੇ।

*-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ*

---

ਰੰਗ-ਰੰਗੀਲੀ ਦੁਨੀਆਂ ਦੇ ਵਿਚ
ਲੱਗਦੇ ਬੜੇ ਅਲੌਕਿਕ ਨਜ਼ਾਰੇ।
ਜਿਥੇ ਬੰਦਾ ਸਾਫ ਸੁਥਰਾ ਮਾਹੌਲ ਰੱਖੇ
ਉਥੇ ਕਦਰਤ ਵੀ ਜਾਵੇ ਵਾਰੇ ਵਾਰੇ।
ਪਾਣੀ 'ਚ ਪੱਥਰ ਤੈਰਾਵੇ ਉਹ
ਪਤਝੜ ਬਦਲੇ ਵਿਚ ਬਹਾਰ।
ਮੁਰਦਿਆਂ 'ਚ ਜਾਨ ਪੈ ਜਾਵੇ
ਜਿਸ 'ਤੇ ਮਿਹਰ ਕਰੇ ਕਰਤਾਰ।

*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਸੱਚਮੁੱਚ ਪਤਝੜ ਅਮਰੀਕਾ-ਕੈਨੇਡਾ,
ਝੜ ਝੜ ਪੱਤਿਆਂ ਰਾਹ ਸ਼ਿੰਗਾਰੇ।
ਜਾਪਣ ਕਹਿੰਦੇ ਅਲਵਿਦਾ ਸੱਜਣ ਨੂੰ,
ਸਿਜਦਾ ਕਰਨ, ਕੰਧੇੜੇ ਚੜ੍ਹ ਜੋ ਲਏ ਹੁਲਾਰੇ।
ਖੜ-ਖੜ ਕਰਦੇ ਦੇਣ ਸੁਨੇਹੜਾ,
ਹੋ ਨਾ ਉਦਾਸ, ਨਵਿਆਂ ਨੇ ਆਉਣਾ,
ਬਸੰਤ ਰੱਤ ਲਈ ਅਸਾਂ ਰੰਗ ਖਿਲਾਰੇ।

*-ਦਵਿੰਦਰ ਕੌਰ*

---

ਬਹਾਰਾਂ ਨੇ ਫੁੱਲ ਵਰਸਾਏ,
ਮਨ ਹੋਇਆ ਗੁਲਜਾਰ।
ਮਾਹੀਏ ਦੇ ਆਉਣ ਦਾ ਮੈਸੇਜ,
ਪੜ੍ਹਦੀ ਹਾਂ ਵਾਰ ਵਾਰ।
ਫਿਰ ਵੀ ਮਨ ਨੂੰ ਝੋਰਾ ਖਾਵੇ,
ਨਾ ਆਜੇ ਕੋਈ ਕਸੂਤੀ ਤਾਰ।

*-ਗੁਰਦੇਵ ਸਿੰਘ ਢਿਪਾਲੀ, ਬਠਿੰਡਾ*
*ਫੋਨ: 91-94176-49275*

---

ਮਾਰਚ ਮਹੀਨਾ ਦਿਨ ਪਤਝੜ ਦੇ
ਰੁੱਤ ਵੀ ਬਦਲਦੀ ਜਾਵੇ।
ਫੁੱਲਾਂ ਉਤੇ ਬਹਾਰ ਆ ਗਈ
ਫੱਗਣ ਆਪਣਾ ਰੰਗ ਦਿਖਾਵੇ।
ਫਸਲਾਂ ਪੱਕੀਆਂ ਦੇਖ ਕਿਸਾਨ
ਘਰ ਵਿਚ ਬੈਠੀ ਨਾਰ ਮੁਸਕਰਾਵੇ।

*-ਜਗਜੀਤ ਕੌਰ ਤੂਰ, ਚੰਡੀਗੜ੍ਹ*

---

ਹਰ ਰੁੱਤ ਦਾ ਆਪਣਾ ਜਲਵਾ
ਮੌਸਮ ਬਦਲਦੇ, ਪੱਤੇ ਰੰਗ ਬਦਲਦੇ
ਬਿਰਖ ਨਾਲੋਂ ਤੋੜ ਕੇ ਨਾਤਾ
ਆ ਡਿਗਦੇ ਨੇ ਧਰਤ 'ਤੇ।
ਉਪਰ ਦੇਖੋ ਸਭ ਸੁਨਹਿਰੀ
ਥੱਲੇ ਸੇਜ ਸਜੀ ਰੰਗ-ਬਰੰਗੀ।
ਆ ਜਾਓ, ਲੰਘ ਆਓ
ਜਿਨ੍ਹੇ ਜਿਨ੍ਹੇ ਅਨੰਦ ਮਾਣਨਾ
ਨਹੀਂ ਮੁੱਲ ਲੱਗਦਾ ਕੋਈ।
ਤੁਹਾਡੀ ਚਰਨ-ਛੋਹ ਚਾਹੁੰਦੀ ਹੈ
ਪਤਝੜ ਦੀ ਸੁੰਦਰ ਸੁਨਹਿਰੀ ਰੁੱਤ।

*-ਦਰਸ਼ਨਪਾਲ ਦੋਸਾਂਝ*

To Advertise with Punjab Times Call: 847-359-0746

# ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

**ਪਿਛਲੇ 30 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ**

***Selling Homes from Gilroy to Sacramento, CA***

***Call us before visiting new model homes to save big time.***

## Just Sold

1. 2605 Glen Cotswold Ct., San Jose, CA 95148
2. 59 Dunfirth Dr., Hayward, CA 94542
3. 1806 Cornwall Court, Lathrop, CA 95330
4. 3284 Faith Court, San Jose, CA 95127
5. 39951 Fremont Blvd, #226 Fremont, CA 94536
6. 840 Havasu Court, Livermore, CA 94550
7. 8500 Vista Brook Dr., Elk Grove, CA 95624
8. 4918 Plaza Escuela Dr., Santa Clara, CA 95054
9. 1345 Bridgecreek Way, Hayward, CA 94544
10. 3322 Jericho ln, San Jose, CA 95117
11. 2365 Clairette Place, Manteca, CA 95337
12. 2775 Caminito Ave, Yuba City, CA 95991
13. 2497 Glen Exter Way, San Jose, CA 95148
14. 5828 Newgate Ct., San Jose, CA 95138
15. 3897 Mars Ct, San Jose, CA 95135
16. 133 Orchard Park Pl., Hayward, CA 94544

**Call for Listing Special 2017**

Fremont Office:
86 Pilgrim Loop
Fremont CA 94539
Tel:510-440-9292
Fax:510-656-8941



**Jaswinder (Jassi) Gill**
M.Sc (PAU)
CA BRE# 00966763
Broker/Owner/Notary

Pinnacle Award Winner
2014, 2015 & 2016
Grand Master Award Winner
2012 & 2013

E-mail: jassi@jassigill.com
or
Visit us @ www.jassigill.com
for hot listings

***Follow us on zillow.com and trulia.com***

## Cell: 510-304-9292 & 408-666-8279

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!!

5/1, 7/1 ARM are also attractive Refinance Now At Zero Cost

**Call Sukhveer (Sukhi) Gill** **Ph: 510-207-9067**

DHMS, Loan Broker

CA BRE Lic.#01180969
NMLS# 352095

# ਪ੍ਰਦੂਸ਼ਣ ਦਾ ਲਪੇਟਾ: ਉਤਰੀ ਭਾਰਤ ਵਿਚ ਸਾਹ ਲੈਣਾ ਹੋਇਆ ਔਖਾ

**ਚੰਡੀਗੜ੍ਹ:** ਪ੍ਰਦੂਸ਼ਣ ਦੇ ਮਾਮਲੇ ਵਿਚ ਉਤਰੀ ਭਾਰਤ ਦੇ ਹਾਲਾਤ ਕਾਫੀ ਖਤਰਨਾਕ ਹੱਦ ਪਹੁੰਚ ਗਏ ਹਨ। ਭਾਰਤ ਦੀ ਰਾਜਧਾਨੀ ਦਿੱਲੀ ਦੀ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਤਾਂ ਇਥੋਂ ਤੱਕ ਆਖ ਦਿੱਤਾ ਹੈ ਕਿ ਮੌਜੂਦਾ ਸਮੇਂ ਹਵਾ ਵਿਚ ਪ੍ਰਦੂਸ਼ਣ ਇੰਨਾ ਵੱਧ ਚੁੱਕਾ ਹੈ ਕਿ ਇਕ ਦਿਨ ਵਿਚ ਘੱਟੋ-ਘੱਟ 50 ਸਿਗਰਟਾਂ ਪੀਣ ਜਿੰਨਾ ਧੂੰਆਂ ਸਰੀਰ ਅੰਦਰ ਸਾਹ ਰਾਹੀਂ ਦਾਖਲ ਹੋ ਰਿਹਾ ਹੈ। ਇਕ ਰਿਪੋਰਟ ਅਨੁਸਾਰ ਦਿੱਲੀ ਗੈਸ ਚੈਂਬਰ ਵਿਚ ਬਦਲ ਚੁੱਕੀ ਹੈ। ਇਹੀ ਹਾਲ ਪੰਜਾਬ ਤੇ ਹਰਿਆਣਾ ਦਾ ਹੈ। ਪ੍ਰਦੂਸ਼ਣ ਕਾਰਨ ਦੋਵਾਂ ਸੂਬਿਆਂ ਵਿਚ ਧੁੰਦ ਨੇ ਲੋਕਾਂ ਨੂੰ ਘਰਾਂ ਵਿਚ ਬੰਦ ਕਰ ਦਿੱਤਾ ਹੈ। ਸੜਕ ਹਾਦਸਿਆਂ ਵਿਚ 10 ਗੁਣਾ ਵਾਧਾ ਹੋਇਆ ਹੈ। ਇਸੇ ਕਾਰਨ ਪੰਜਾਬ ਸਰਕਾਰ ਨੂੰ ਚਾਰ ਦਿਨ ਲਈ ਸਕੂਲ ਬੰਦ ਕਰਨੇ ਪਏ।

ਦਿੱਲੀ ਹਾਈ ਕੋਰਟ ਨੇ ਹੰਗਾਮੀ ਹਦਾਇਤਾਂ ਜਾਰੀ ਕਰਦਿਆਂ ਸੜਕਾਂ ਉਤੇ ਪਾਣੀ ਦਾ ਛਿੜਕਾਅ ਕਰਨ ਅਤੇ ਖਤਰਨਾਕ ਧੂੜ-ਮਿੱਟੀ ਨੂੰ ਬਿਠਾਉਣ ਲਈ ਮਸਨੂਈ ਮੀਂਹ ਪੁਆਉਣ ਦੀ ਗੱਲ ਕਹੀ ਹੈ। ਹੁਣ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਇਸ ਅਵਸਥਾ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਦਿੱਲੀ, ਹਰਿਆਣਾ ਅਤੇ ਪੰਜਾਬ ਸਰਕਾਰ ਦੇ ਨਾਲ-ਨਾਲ ਕੇਂਦਰ ਨੂੰ ਵੀ ਨੋਟਿਸ ਜਾਰੀ ਕੀਤਾ ਹੈ ਅਤੇ ਇਹ ਰਿਪੋਰਟ ਵੀ ਮੰਗੀ ਹੈ ਕਿ ਇਸ ਵੱਡੀ ਸਮੱਸਿਆ ਲਈ ਇਨ੍ਹਾਂ ਸਰਕਾਰਾਂ ਵੱਲੋਂ ਕੀ ਉਪਾਅ ਕੀਤੇ ਗਏ ਹਨ? ਗਰੀਨ ਟ੍ਰਿਬਿਊਨਲ ਵੀ ਇਸ ਦਾ ਗੰਭੀਰ ਨੋਟਿਸ ਲੈ ਰਿਹਾ ਹੈ। ਪਿਛਲੇ ਦਿਨੀਂ ਅਮਰੀਕਾ ਦੀ ਪੁਲਾੜ ਏਜੰਸੀ ਨੇ ਸੈਟੇਲਾਈਟ ਜ਼ਰੀਏ ਤਸਵੀਰਾਂ ਲਈਆਂ ਅਤੇ ਧੁਆਂਖੀ ਧੁੰਦ ਲਈ ਪੰਜਾਬ ਅਤੇ ਹਰਿਆਣਾ ਵਿਚ ਪਰਾਲੀ ਨੂੰ ਇਸ ਦਾ ਵੱਡਾ ਕਾਰਨ ਦੱਸਿਆ ਹੈ। ਇਸ ਰਿਪੋਰਟ ਅਨੁਸਾਰ ਹਰਿਆਣਾ ਨਾਲੋਂ ਪੰਜਾਬ ਵਿਚ 5 ਗੁਣਾ ਵਧੇਰੇ ਪਰਾਲੀ ਸਾੜੀ ਜਾ ਰਹੀ ਹੈ। ਪੰਜਾਬ ਵਿਚ ਹੁਣ ਤੱਕ 38 ਲੱਖ ਮਾਮਲੇ ਸਾਹਮਣੇ ਆ ਚੁੱਕੇ ਹਨ, ਜਦੋਂ ਕਿ ਹਰਿਆਣਾ ਵਿਚ ਅਜਿਹੇ 7 ਲੱਖ ਕੇਸ ਸਾਹਮਣੇ ਆਏ ਹਨ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕੁਝ ਦੇਰ ਪਹਿਲਾਂ ਇਸ ਮਸਲੇ ਬਾਰੇ ਗੰਭੀਰਤਾ ਨਾਲ ਸੋਚਣ ਲਈ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨਾਲ ਮਿਲਣ ਦੀ ਗੱਲ ਕੀਤੀ ਸੀ ਪਰ ਇਨ੍ਹਾਂ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਨੇ ਕੋਈ ਉਤਸ਼ਾਹ ਨਹੀਂ ਦਿਖਾਇਆ।



## ਪ੍ਰਦੂਸ਼ਣ 'ਤੇ ਲਹਿੰਦਾ ਤੇ ਚੜ੍ਹਦਾ ਪੰਜਾਬ ਆਹਮੋ-ਸਾਹਮਣੇ

**ਨਵੀਂ ਦਿੱਲੀ:** ਧੁਆਂਖੀ ਧੁੰਦ ਦੇ ਮਸਲੇ ਉਤੇ ਲਹਿੰਦਾ ਤੇ ਚੜ੍ਹਦਾ ਪੰਜਾਬ ਆਹਮੋ-ਸਾਹਮਣੇ ਆ ਗਏ ਹਨ। ਪਾਕਿਸਤਾਨੀ ਪੰਜਾਬ ਦੀ ਸਰਕਾਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਧੁਆਂਖੀ ਧੁੰਦ ਉਤੇ ਕਾਬੂ ਪਾਉਣ ਲਈ ਯੋਜਨਾ ਟਵੀਟ ਕੀਤੀ ਹੈ। ਪਾਕਿਸਤਾਨੀ ਪੰਜਾਬ ਸਰਕਾਰ ਨੇ ਟਵਿੱਟਰ 'ਤੇ ਕੈਪਟਨ ਨੂੰ ਕਿਹਾ ਹੈ ਕਿ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ ਲਈ ਉਨ੍ਹਾਂ ਦੇ ਕਦਮ ਨਾਕਾਫੀ ਹਨ। ਕੈਪਟਨ ਨੂੰ ਉਨ੍ਹਾਂ ਦੀ ਸਰਕਾਰ (ਲਹਿੰਦਾ ਪੰਜਾਬ) ਵਾਂਗ ਸਮੋਗ ਨਾਲ ਨਜਿੱਠਣ ਲਈ ਯਤਨ ਕਰਨੇ ਚਾਹੀਦੇ ਹਨ। ਨਾਸਾ ਨੇ ਸੱਤ ਨਵੰਬਰ ਨੂੰ ਸੈਟੇਲਾਈਟ ਤਸਵੀਰਾਂ ਜਾਰੀ ਕੀਤੀਆਂ ਹਨ। ਇਨ੍ਹਾਂ ਤਸਵੀਰਾਂ ਵਿਚ ਲਾਹੌਰ ਤੇ ਦਿੱਲੀ ਵਿਚ ਪ੍ਰਦੂਸ਼ਣ ਦਾ ਅਸਰ ਸਾਫ ਦਿਖਾਈ ਦੇ ਰਿਹਾ ਹੈ।

## ਮੋਦੀ ਸਰਕਾਰ ਨੇ ਪਰਾਲੀ ਬਾਰੇ ਪੰਜਾਬ ਦੀ ਮੰਗ ਠੁਕਰਾਈ

**ਨਵੀਂ ਦਿੱਲੀ:** ਕੇਂਦਰ ਨੇ ਪੰਜਾਬ ਤੇ ਹਰਿਆਣਾ ਵੱਲੋਂ ਫਸਲਾਂ ਦੀ ਰਹਿੰਦ ਖੂੰਹਦ ਸੰਭਾਲਣ ਲਈ ਸਬਸਿਡੀ ਦੀ ਮੰਗ ਨੂੰ ਠੁਕਰਾ ਦਿੱਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਚਿੱਠੀ ਲਿਖ ਕੇ ਫਸਲਾਂ ਦਾ ਫੋਕਟ ਸੰਭਾਲਣ ਲਈ ਯੋਗ ਮੁਆਵਜ਼ਾ ਦੇਣ ਲਈ ਅਰਜੋਈ ਕੀਤੀ ਸੀ।

## ਹਵਾ ਪ੍ਰਦੂਸ਼ਣ ਉਤੇ ਕੇਜਰੀਵਾਲ ਨੂੰ ਕੈਪਟਨ ਦਾ ਜਵਾਬ



**ਚੰਡੀਗੜ੍ਹ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਹਵਾ ਪ੍ਰਦੂਸ਼ਣ ਸਬੰਧੀ ਆਪਣੇ ਹਮਰੁਤਬਾ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਕੈਪਟਨ ਅਮਰਿੰਦਰ ਸਿੰਘ ਤੇ ਮਨੋਹਰ ਲਾਲ ਖੱਟਰ ਨੂੰ ਮੀਟਿੰਗ ਕਰਨ ਲਈ ਚਿੱਠੀ ਲਿਖੀ ਹੈ। ਇਸ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੇਂਦ ਕੇਂਦਰ ਸਰਕਾਰ ਦੇ ਪਾਲੇ ਵਿਚ ਰੇੜ੍ਹ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਦਿੱਲੀ ਸਰਕਾਰ ਦਾ ਫਿਕਰ ਸਹੀ ਹੈ ਪਰ ਇਹ ਮਸਲਾ ਕੇਂਦਰ ਸਰਕਾਰ ਦੇ ਦਖਲ ਨਾਲ ਹੀ ਹੱਲ ਹੋ ਸਕਦਾ ਹੈ। ਕੇਜਰੀਵਾਲ ਨੇ ਚਿੱਠੀ ਵਿਚ ਕਿਹਾ ਸੀ ਕਿ ਦੋਵਾਂ ਗੁਆਂਢੀ ਰਾਜਾਂ ਦੀਆਂ ਸਰਕਾਰਾਂ ਝੋਨੇ ਦੀ ਪਰਾਲੀ ਸਾੜੇ ਜਾਣ ਬਦਲੇ ਕਿਸਾਨਾਂ ਨੂੰ ਬਦਲ ਦੇਣ ਵਿਚ ਨਾਕਾਮ ਰਹੀਆਂ ਹਨ ਜਿਸ ਕਰ ਕੇ ਰਾਜਧਾਨੀ ਦੀ ਹਵਾ ਵਿਚ ਪ੍ਰਦੂਸ਼ਣ ਵਧਿਆ ਹੈ।

# ਕਰਜ਼ਾ ਮੁਆਫੀ ਲਈ ਸਰਕਾਰ 'ਤੇ ਚੜ੍ਹਾਈ ਦੀ ਤਿਆਰੀ

**ਮੋਗਾ:** ਸੱਤ ਕਿਸਾਨ ਜਥੇਬੰਦੀਆਂ ਨੇ ਕਰਜ਼ਾ-ਮੁਕਤੀ ਅੰਦੋਲਨ ਤੇਜ਼ ਕਰਨ ਦਾ ਫੈਸਲਾ ਲੈਂਦਿਆਂ 13 ਦਸੰਬਰ ਨੂੰ ਸੂਬੇ ਭਰ ਵਿਚ ਡੀ.ਸੀ. ਦਫਤਰਾਂ ਅੱਗੇ ਧਰਨੇ ਦੇਣ ਦਾ ਐਲਾਨ ਕੀਤਾ ਹੈ। ਇਸ ਮੌਕੇ ਮੰਡੀਆਂ ਵਿਚ ਝੋਨੇ ਦੀ ਬੇਕਦਰੀ ਸਣੇ ਕਈ ਮਸਲਿਆਂ 'ਤੇ ਸਰਕਾਰ ਦੀ ਅਰਥੀ ਫੂਕਣ, ਅਧਿਕਾਰੀਆਂ ਦੇ ਘਿਰਾਓ ਤੇ ਟਰੈਫਿਕ ਜਾਮ ਕਰਨ ਦਾ ਫੈਸਲਾ ਵੀ ਕੀਤਾ ਹੈ।

ਜਥੇਬੰਦੀਆਂ ਨੇ ਕਾਂਗਰਸ ਦੇ ਚੋਣ ਵਾਅਦਿਆਂ ਮੁਤਾਬਕ ਕਰਜ਼ਈ ਕਿਸਾਨਾਂ ਤੇ ਮਜ਼ਦੂਰਾਂ ਦੇ ਹਰ ਤਰ੍ਹਾਂ ਦੇ ਕਰਜ਼ੇ ਮੁਆਫ ਕਰਾਉਣ ਤੱਕ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਖੁਦਕੁਸ਼ੀ ਪੀੜਤ ਕਿਸਾਨ ਤੇ ਮਜ਼ਦੂਰ ਪਰਿਵਾਰਾਂ ਨੂੰ 10-10 ਲੱਖ ਰੁਪਏ, 1-1 ਸਰਕਾਰੀ ਨੌਕਰੀ ਤੇ ਸਮੁੱਚੇ ਕਰਜ਼ੇ ਦੇ ਖਾਤਮੇ ਦੀ ਰਾਹਤ ਫੌਰੀ ਦਿੱਤੀ ਜਾਵੇ। ਇਕ ਹੋਰ ਫੈਸਲੇ ਤਹਿਤ ਪੰਜਾਬ ਜਨਤਕ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਐਕਟ 2016 ਦੇ ਨੋਟੀਫਿਕੇਸ਼ਨ ਅਤੇ 'ਪਕੋਕਾ' ਦੀ ਤਜਵੀਜ਼ ਵਾਪਸ ਕਰਾਉਣ ਲਈ ਸਾਰੇ ਪ੍ਰਭਾਵਿਤ ਲੋਕਾਂ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਤੇ ਵਿਦਿਆਰਥੀਆਂ ਦੀਆਂ ਜਨਤਕ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਦੋ ਦਸੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਬੁਲਾਈ ਗਈ ਹੈ।



# ਚੰਡੀਗੜ੍ਹ ਹਵਾਈ ਅੱਡਾ ਬੰਦ ਕਰਨ ਬਾਰੇ ਕੇਂਦਰ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ:** ਚੰਡੀਗੜ੍ਹ ਹਵਾਈ ਅੱਡੇ ਨੂੰ ਸ਼ਾਮ ਚਾਰ ਤੋਂ ਸਵੇਰੇ ਪੰਜ ਵਜੇ ਤੱਕ ਬੰਦ ਰੱਖਣ ਦਾ ਫੈਸਲਾ ਹੋ ਚੁੱਕਾ ਹੈ ਤੇ ਫਰਵਰੀ ਵਿਚ ਦੋ ਹਫਤਿਆਂ ਲਈ ਪੂਰੀ ਤਰ੍ਹਾਂ ਇਸ ਨੂੰ ਬੰਦ ਕਰਨ ਦੇ ਹੁਕਮਾਂ ਖਿਲਾਫ ਹਾਈ ਕੋਰਟ ਵਿਚ ਅਰਜ਼ੀ ਦਾਖਲ ਕੀਤੀ ਗਈ ਹੈ। ਮੁਹਾਲੀ ਇੰਡਸਟਰੀਜ਼ ਐਸੋਸੀਏਸ਼ਨ ਵੱਲੋਂ ਦਿੱਤੀ ਗਈ ਇਸ ਅਰਜ਼ੀ ਉਤੇ ਹਾਈ ਕੋਰਟ ਨੇ ਕੇਂਦਰ ਸਰਕਾਰ ਸਮੇਤ ਸਾਰੀਆਂ ਸਬੰਧਤ ਧਿਰਾਂ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ। ਐਸੋਸੀਏਸ਼ਨ ਨੇ ਹਾਈ ਕੋਰਟ ਨੂੰ ਅਰਜ਼ੀ ਦੇ ਕੇ ਕਿਹਾ ਹੈ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਅਗਲੇ ਸਾਲ ਫਰਵਰੀ ਵਿਚ ਪੈਰਲਲ ਰੰਨਵੇ ਦੇ ਬਣਨ ਵੇਲੇ ਦੋ ਹਫਤਿਆਂ ਲਈ ਚੰਡੀਗੜ੍ਹ ਇੰਟਰਨੈਸ਼ਨਲ ਏਅਰਪੋਰਟ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਜਾਵੇਗਾ। ਇਸ ਦੌਰਾਨ ਇਥੋਂ ਨਾ ਕੋਈ ਜਹਾਜ਼ ਉਡ ਸਕੇਗਾ ਅਤੇ ਨਾ ਉਤਰ ਕਰੇਗਾ।

ਪਹਿਲਾਂ ਹੀ ਇਸ ਰੰਨਵੇਅ ਦੇ ਬਣਨ ਕਾਰਨ ਸ਼ਾਮ ਚਾਰ ਵਜੇ ਤੋਂ ਸਵੇਰੇ ਪੰਜ ਵਜੇ ਉਡਾਣਾਂ ਬੰਦ ਰਹਿੰਦੀਆਂ ਹਨ। ਰੋਜ਼ 13 ਘੰਟੇ ਉਡਾਣਾਂ ਬੰਦ ਰਹਿਣ ਨਾਲ ਪਹਿਲਾਂ ਹੀ ਯਾਤਰੀਆਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਫਰਵਰੀ ਵਿਚ ਪੂਰੇ ਦੋ ਹਫਤੇ ਉਡਾਣਾਂ ਬੰਦ ਰਹਿਣ ਨਾਲ ਯਾਤਰੀਆਂ ਨੂੰ ਹੋਰ ਵੀ ਪਰੇਸ਼ਾਨੀ ਹੋਵੇਗੀ।

# ਵਿਧਾਇਕਾਂ ਨੂੰ ਵੀ ਮਾਲੀ ਤੰਗੀ ਦਾ ਸੇਕ

**ਬਠਿੰਡਾ:** ਸਰਕਾਰ ਦੇ ਖਾਲੀ ਖਜ਼ਾਨੇ ਨੇ ਵਿਧਾਇਕਾਂ ਦਾ ਝੁੱਗਾ ਚੌੜ ਕਰ ਦਿੱਤਾ ਹੈ। ਸਰਕਾਰ ਤੋਂ ਜੋ ਤਨਖਾਹ ਮਿਲਦੀ ਹੈ, ਉਹ ਤੇਲ ਖਰਚ ਵਿਚ ਰੁੜ੍ਹ ਜਾਣ ਕਾਰਨ ਵਿਧਾਇਕ ਮਾਲੀ ਸੰਕਟ ਨਾਲ ਜੂਝ ਰਹੇ ਹਨ। ਇਸ ਮਾਮਲੇ ਵਿਚ ਬਹੁਤੇ ਵਿਧਾਇਕ ਤਾਂ ਚੁੱਪ ਹਨ, ਪਰ 'ਆਪ' ਦੇ ਅੱਧੀ ਦਰਜਨ ਵਿਧਾਇਕਾਂ ਨੇ ਪਿਛਲੇ ਦਿਨੀਂ ਮੁੱਖ ਸਕੱਤਰ ਕੋਲ ਦੁਹਾਈ ਪਾਈ ਹੈ। ਪੰਜਾਬ ਦੇ ਮੁੱਖ ਮੰਤਰੀ ਅਤੇ ਵਜ਼ੀਰਾਂ ਦੇ ਤੇਲ ਦੇ ਬਿੱਲਾਂ ਦੀ ਅਦਾਇਗੀ ਵੀ ਨਹੀਂ ਹੋਈ ਹੈ।

ਸਟੇਟ ਟਰਾਂਸਪੋਰਟ ਕਮਿਸ਼ਨਰ ਤੋਂ ਆਰ.ਟੀ.ਆਈ. ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ 2017-18 ਲਈ 7.78 ਕਰੋੜ ਰੁਪਏ ਦਾ ਬਜਟ ਤੇਲ ਬਿੱਲਾਂ ਅਤੇ ਮੁਰੰਮਤ ਬਿੱਲਾਂ ਲਈ ਪ੍ਰਾਪਤ ਹੋਇਆ ਸੀ। ਸਰਕਾਰੀ ਸੂਚਨਾ ਅਨੁਸਾਰ ਗੱਠਜੋੜ ਸਰਕਾਰ ਅਤੇ ਮੌਜੂਦਾ ਸਰਕਾਰ ਦੇ ਤਕਰੀਬਨ ਪੰਜ ਕਰੋੜ ਦੇ ਤੇਲ ਤੇ ਮੁਰੰਮਤ ਬਿੱਲ ਬਕਾਇਆ ਪਏ ਹਨ, ਜਿਨ੍ਹਾਂ ਨੂੰ ਵਿੱਤ ਵਿਭਾਗ ਨੇ ਕਲੀਅਰ ਨਹੀਂ ਕੀਤਾ ਹੈ। ਪਿਛਲੀ ਸਰਕਾਰ ਦੇ ਵਜ਼ੀਰਾਂ ਅਤੇ ਵਿਧਾਇਕਾਂ ਦੇ ਬਿੱਲ ਵੀ ਅਜੇ ਤੱਕ ਬਕਾਇਆ ਖੜ੍ਹੇ ਹਨ। ਜਾਣਕਾਰੀ ਮੁਤਾਬਕ ਮੁੱਖ ਮੰਤਰੀ ਦੇ ਤਕਰੀਬਨ ਦੋ ਕਰੋੜ ਦੇ ਬਿੱਲ ਹੁਣ ਕਲੀਅਰ ਕੀਤੇ ਗਏ ਹਨ, ਜਦੋਂਕਿ ਬਾਕੀਆਂ ਨੂੰ ਅਜੇ ਤੱਕ ਹਰੀ ਝੰਡੀ ਨਹੀਂ ਦਿੱਤੀ ਗਈ। ਵੇਰਵਿਆਂ ਅਨੁਸਾਰ ਖਜ਼ਾਨੇ ਵਿਚ ਭੇਜੇ ਮੁੱਖ ਮੰਤਰੀ ਪੰਜਾਬ ਤੇ ਵਜ਼ੀਰਾਂ ਦੇ ਤੇਲ ਅਤੇ ਮੁਰੰਮਤ ਦੇ 3.24 ਕਰੋੜ ਦੇ ਬਿੱਲਾਂ ਦੀ ਪਹਿਲੀ ਅਪਰੈਲ ਤੋਂ ਅਜੇ ਤੱਕ ਅਦਾਇਗੀ ਨਹੀਂ ਹੋਈ ਹੈ। ਹਲਕਾ ਭਦੌੜ ਤੋਂ 'ਆਪ' ਵਿਧਾਇਕ ਪਿਰਮਲ ਸਿੰਘ ਦਾ ਪ੍ਰਤੀਕਰਮ ਸੀ ਕਿ ਜੋ ਤਨਖਾਹ ਮਿਲਦੀ ਹੈ, ਉਹ ਤੇਲ ਖਰਚ ਵਿਚ ਚਲੀ ਜਾਂਦੀ ਹੈ, ਖਾਲੀ ਖਜ਼ਾਨੇ ਨੇ ਉਨ੍ਹਾਂ ਨੂੰ ਵੱਡਾ ਰਗੜਾ ਲਾਇਆ ਹੈ। ਉਨ੍ਹਾਂ ਦੱਸਿਆ ਕਿ ਹੁਣ ਗੱਡੀ ਚਲਾਉਣ ਵਿਚ ਸੰਜਮ ਵਰਤਣਾ ਸ਼ੁਰੂ ਕਰ ਦਿੱਤਾ ਹੈ। ਹਲਕਾ ਮਾਨਸਾ ਤੋਂ 'ਆਪ' ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਦਾ ਵੀ ਇਹੀ ਪ੍ਰਤੀਕਰਮ ਸੀ। ਹਲਕਾ ਬੁਢਲਾਡਾ ਤੋਂ 'ਆਪ' ਵਿਧਾਇਕ ਬੁੱਧ ਰਾਮ ਨੇ ਕਿਹਾ ਕਿ ਉਨ੍ਹਾਂ ਨੇ ਇਕੱਠੇ ਹੋ ਕੇ ਮੁੱਖ ਸਕੱਤਰ ਪੰਜਾਬ ਨੂੰ ਬਿੱਲਾਂ ਦੀ ਅਦਾਇਗੀ ਲਈ ਕਿਹਾ ਹੈ।

ਪੰਜਾਬ ਸਰਕਾਰ ਵੱਲੋਂ ਵਿਧਾਇਕਾਂ ਨੂੰ ਪ੍ਰਤੀ ਮਹੀਨਾ 500 ਲੀਟਰ ਤੇਲ ਦੀ ਸਹੂਲਤ ਦਿੱਤੀ ਹੋਈ ਹੈ। ਹਰ ਵਿਧਾਇਕ ਦਾ ਘੱਟੋ-ਘੱਟ ਪ੍ਰਤੀ ਮਹੀਨਾ ਦਾ 28 ਹਜ਼ਾਰ ਦਾ ਬਿੱਲ ਬਣ ਜਾਂਦਾ ਹੈ। ਪਤਾ ਲੱਗਾ ਹੈ ਕਿ ਪੰਜਾਬ ਦੇ ਸੰਸਦ ਮੈਂਬਰਾਂ ਨੂੰ ਵੀ ਤੇਲ ਖਰਚਾ ਨਹੀਂ ਮਿਲ ਰਿਹਾ। ਤੇਲ ਤੋਂ ਇਲਾਵਾ ਇਸ ਵੇਲੇ ਮੁਰੰਮਤ ਖਰਚ ਦੇ ਕਰੀਬ 23.43 ਕਰੋੜ ਰੁਪਏ ਦੀ ਵੀ ਅਦਾਇਗੀ ਨਹੀਂ ਹੋਈ ਹੈ। ਕਾਂਗਰਸੀ ਵਿਧਾਇਕ ਗੁਰਪ੍ਰੀਤ ਸਿੰਘ ਕਾਂਗੜ ਨੇ ਕਿਹਾ ਕਿ ਉਹ ਆਪਣੀ ਜੇਬ ਵਿਚੋਂ ਹੀ ਤੇਲ ਖਰਚ ਕਰ ਰਹੇ ਹਨ ਅਤੇ ਬਿੱਲ ਸਰਕਾਰ ਨੂੰ ਹਰ ਮਹੀਨੇ ਭੇਜ ਦਿੰਦੇ ਹਨ। ਸੂਤਰਾਂ ਅਨੁਸਾਰ ਕਈ ਵਿਧਾਇਕਾਂ ਵੱਲੋਂ ਉਧਾਰ ਤੇਲ ਪਵਾ ਕੇ ਕੰਮ ਚਲਾਇਆ ਜਾ ਰਿਹਾ ਹੈ।



# ਉਘੇ ਕਵੀਸ਼ਰ ਜੋਗਾ ਸਿੰਘ ਜੋਗੀ ਨਹੀਂ ਰਹੇ

**ਬਾਬਾ ਬਕਾਲਾ ਸਾਹਿਬ:** ਕਵੀਸ਼ਰੀ ਜਗਤ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਸ਼੍ਰੋਮਣੀ ਕਵੀਸ਼ਰ ਭਾਈ ਜੋਗਾ ਸਿੰਘ ਜੋਗੀ ਨਹੀਂ ਰਹੇ। ਉਹ 85 ਵਰ੍ਹਿਆਂ ਦੇ ਸਨ। ਤਕਰੀਬਨ 150 ਧਾਰਮਿਕ ਪ੍ਰਸੰਗਾਂ ਦੀਆਂ ਆਡੀਓ-ਵੀਡੀਓ ਕੈਸੇਟਾਂ ਅਤੇ ਦੋ ਦਰਜਨ ਤੋਂ ਵੱਧ ਕਵੀਸ਼ਰੀ ਦੀਆਂ ਪੁਸਤਕਾਂ ਪੰਜਾਬੀ ਮਾਂ-ਬੋਲੀ ਦੀ ਝੋਲੀ ਪਾਉਣ ਵਾਲੇ ਜੋਗਾ ਸਿੰਘ ਜੋਗੀ ਨੂੰ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਕਵੀਸ਼ਰ ਦਾ ਐਵਾਰਡ ਮਿਲ ਚੁੱਕਾ ਹੈ। ਕਵੀਸ਼ਰ ਜੋਗੀ ਦਾ ਜਨਮ 1932 'ਚ ਪਿਤਾ ਜਵੰਦ ਸਿੰਘ ਦੇ ਗ੍ਰਹਿ, ਮਾਤਾ ਦਲੀਪ ਕੌਰ ਦੀ ਕੁੱਖੋਂ ਪਿੰਡ ਤੁਗਲਾਵਾਲ (ਗੁਰਦਾਸਪੁਰ) ਵਿਚ ਹੋਇਆ। ਬਾਪੂ ਬਲੀ ਸਿੰਘ ਗੰਡੀਵਾਲ ਦੇ ਸ਼ਾਗਿਰਦਾਂ ਦੀ ਦੁਨੀਆਂ ਵਿਚੋਂ ਨਾਮਵਰ ਕਵੀਸ਼ਰ ਜੋਗੀ ਵੱਖ-ਵੱਖ ਸਮੇਂ 'ਤੇ ਪੰਜਾਬੀ ਸੂਬੇ ਦੇ ਮੋਰਚੇ ਅਤੇ ਧਰਮ ਯੁੱਧ ਮੋਰਚਿਆਂ ਵਿਚ ਜੇਲ੍ਹ ਯਾਤਰਾ ਵੀ ਕਰ ਚੁੱਕੇ ਹਨ ਅਤੇ ਦੇਸ਼-ਵਿਦੇਸ਼ 'ਚ ਲਗਭਗ ਹਰ ਪੰਥਕ ਸਟੇਜ ਉਤੇ ਉਨ੍ਹਾਂ ਦੀ ਪੂਰੀ ਚੜ੍ਹਾਈ ਸੀ। ਕਵੀਸ਼ਰ ਜੋਗੀ ਨੇ ਹਜ਼ਾਰਾਂ ਹੀ ਸ਼ਾਗਿਰਦ ਪੈਦਾ ਕੀਤੇ ਅਤੇ ਕਵੀਸ਼ਰੀ ਜਗਤ 'ਚ ਵਿਲੱਖਣ ਪੈੜਾਂ ਪਾਈਆਂ। ਉਨ੍ਹਾਂ ਦਾ ਅੰਤਿਮ ਸੰਸਕਾਰ ਬਾਬਾ ਬਕਾਲਾ ਸਾਹਿਬ ਵਿਖੇ ਤਰਨਾ ਦਲ ਬਾਬਾ ਬਕਾਲਾ ਸਾਹਿਬ ਦੇ ਸੁੱਕਾ ਸਰੋਵਰ ਸਾਹਿਬ ਵਿਚ ਪੂਰੀਆਂ ਧਾਰਮਿਕ ਰੁਹ ਰੀਤਾਂ ਨਾਲ ਕੀਤਾ ਗਿਆ।

# ਹਰੀਕੇ ਝੀਲ 'ਚ ਪਰਵਾਸੀ ਪੰਛੀਆਂ ਦੀਆਂ ਰੌਣਕਾਂ

**ਹਰੀਕੇ ਪੱਤਣ:** ਬਿਆਸ-ਸਤਲੁਜ ਦਰਿਆਵਾਂ ਦੇ ਸੰਗਮ ਹਰੀਕੇ ਝੀਲ ਉਤੇ ਮਹਿਮਾਨ ਪਰਵਾਸੀ ਪੰਛੀਆਂ ਦੀ ਆਮਦ ਸ਼ੁਰੂ ਹੋ ਗਈ ਹੈ। ਮੌਸਮ ਦੇ ਕਰਵਟ ਬਦਲਦਿਆਂ ਹੀ ਝੀਲ ਉਤੇ ਰੰਗ-ਬਿਰੰਗੇ ਇਨ੍ਹਾਂ ਪਰਵਾਸੀ ਪੰਛੀਆਂ ਦੀ ਚਹਿਚਹਾਟ ਸ਼ੁਰੂ ਹੋ ਗਈ ਹੈ ਅਤੇ ਪੰਛੀਆਂ ਦੇ ਝੁੰਡ ਪਾਣੀ 'ਚ ਕਲੋਲਾਂ ਕਰਦੇ ਵੱਖਰਾ ਹੀ ਨਜ਼ਾਰਾ ਪੇਸ਼ ਕਰਦੇ ਹਨ। ਜ਼ਿਕਰਯੋਗ ਹੈ ਕਿ ਮਹਿਮਾਨ ਪੰਛੀ ਯੂਰਪ ਦੇਸ਼ਾਂ ਤੋਂ ਹਜ਼ਾਰਾਂ ਕਿਲੋਮੀਟਰ ਦਾ ਸਫਰ ਤੈਅ ਕਰ ਕੇ ਇਥੇ ਪਹੁੰਚਦੇ ਹਨ। ਨਵੰਬਰ ਮਹੀਨੇ ਵਿਚ ਇਹ ਇਥੇ ਆਉਣਾ ਸ਼ੁਰੂ ਕਰਦੇ ਹਨ ਤੇ ਮਾਰਚ ਵਿਚ ਮੁੜ ਆਪਣੇ ਵਤਨਾਂ ਨੂੰ ਉਡਾਰੀ ਮਾਰ ਜਾਂਦੇ ਹਨ।

ਇਸ ਸਮੇਂ ਹਰੀਕੇ ਝੀਲ ਦੇ ਵੱਖ-ਵੱਖ ਖੇਤਰਾਂ ਵਿਚ ਹਜ਼ਾਰਾਂ ਪਰਵਾਸੀ ਪੰਛੀ ਪਹੁੰਚ ਚੁੱਕੇ ਹਨ, ਜਿਨ੍ਹਾਂ ਵਿਚ ਸਾਈਬੇਰੀਅਨ ਗਲਜ਼, ਰੂਡੀ ਸ਼ੈਲਡਕ, ਸ਼ਾਵਲਰ, ਕੋਮਨ ਪੋਚਡ, ਕੂਟ, ਸੈਂਡ ਪਾਈਪਰ, ਕੋਮਨ ਸ਼ੈਲਡੱਕ, ਗ੍ਰੇ-ਲੈਗ-ਗੀਜ਼, ਸਪੂਨ ਬਿਲਜ਼, ਪੇਂਟਿਡ ਸਟੌਰਕ, ਆਦਿ ਕਈ ਕਿਸਮਾਂ ਦੇ ਪੰਛੀ ਝੀਲ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਰਹੇ ਹਨ।

ਸਰਦੀ ਵਧਣ ਦੇ ਨਾਲ-ਨਾਲ ਇਨ੍ਹਾਂ ਦੀ ਗਿਣਤੀ ਵਿਚ ਵਾਧਾ ਹੋਵੇਗਾ। ਪੰਜਾਬ ਦੀਆਂ ਵੈਟਲੈਂਡਾਂ ਵਿਚੋਂ ਸਭ ਤੋਂ ਵੱਧ ਪਰਵਾਸੀ ਪੰਛੀ ਹਰੀਕੇ ਵੈਟਲੈਂਡ ਉਤੇ ਹੀ ਪਹੁੰਚਦੇ ਹਨ ਅਤੇ 260 ਕਿਸਮਾਂ ਦੇ ਪਰਵਾਸੀ ਪੰਛੀ ਹਰੀਕੇ ਝੀਲ ਉਤੇ ਪਾਏ ਜਾਂਦੇ ਹਨ, ਜਦਕਿ ਦੇਸੀ ਅਤੇ ਵਿਦੇਸ਼ੀ ਪੰਛੀਆਂ ਦੀਆਂ ਕੁਲ 360 ਦੇ ਕਰੀਬ ਕਿਸਮਾਂ ਦੇਖਣ ਨੂੰ ਮਿਲਦੀਆਂ ਹਨ। ਝੀਲ ਦੇ ਦੋ ਮੁੱਖ ਖੇਤਰ ਰਿਆਸਤ ਅਤੇ ਖੈਤਾਨ ਹਨ, ਜਿਥੇ ਸਭ ਤੋਂ ਜ਼ਿਆਦਾ ਪੰਛੀ ਦੇਖੇ ਜਾਂਦੇ ਹਨ।



# ਬਿਨਾ ਫੰਡਾਂ ਤੋਂ ਪ੍ਰੀ-ਪ੍ਰਾਇਮਰੀ ਜਮਾਤਾਂ ਲਾਉਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਦਾ ਪ੍ਰੀ-ਪ੍ਰਾਇਮਰੀ ਜਮਾਤਾਂ ਸ਼ੁਰੂ ਕਰਨ ਦਾ ਐਲਾਨ 13 ਹਜ਼ਾਰ ਸਕੂਲਾਂ ਦੇ ਅਧਿਆਪਕਾਂ ਲਈ ਵਿੱਤੀ ਬੋਝ ਬਣਦਾ ਜਾ ਰਿਹਾ ਹੈ।

ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਪੰਚਾਂ, ਪੰਚਾਂ, ਸਕੂਲ ਪ੍ਰਬੰਧਕੀ ਕਮੇਟੀ ਮੈਂਬਰਾਂ, ਮਾਪਿਆਂ ਤੇ ਆਂਗਨਵਾੜੀ ਮੁਲਾਜ਼ਮਾਂ ਨੂੰ ਪ੍ਰੀ-ਪ੍ਰਾਇਮਰੀ ਜਮਾਤਾਂ ਲਈ ਦਾਖਲੇ ਕਰਵਾਉਣ ਲਈ ਕਿਹਾ ਹੈ, ਪਰ ਇਸ ਬਾਬਤ ਕੋਈ ਫੰਡ ਨਹੀਂ ਜਾਰੀ ਕੀਤੇ। ਸਰਕਾਰ ਨੇ ਇਹ ਹਦਾਇਤਾਂ ਵੀ ਕੀਤੀਆਂ ਹਨ ਕਿ ਤਿੰਨ ਤੋਂ ਛੇ ਸਾਲ ਤੱਕ ਦਾ ਕੋਈ ਬੱਚਾ ਸਕੂਲ ਵਿਚ ਦਾਖਲਾ ਲੈਣ ਤੋਂ ਵਾਂਝਾ ਨਾ ਰਹੇ।



ਅਧਿਆਪਕਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਪ੍ਰੀ-ਪ੍ਰਾਇਮਰੀ ਜਮਾਤਾਂ ਸ਼ੁਰੂ ਕਰਨ ਤੋਂ ਪਹਿਲਾਂ ਬੱਚਿਆਂ ਲਈ ਚਾਰਟ, ਪੋਸਟਰ ਤੇ ਬੈਨਰ ਆਦਿ ਲਾ ਕੇ ਕਮਰੇ ਸਜਾਏ ਜਾਣ। ਇਹ ਹਦਾਇਤ ਵੀ ਕੀਤੀ ਹੈ ਕਿ ਬੱਚਿਆਂ ਨੂੰ ਵੱਖ-ਵੱਖ ਗਤੀਵਿਧੀਆਂ ਜਿਵੇਂ ਪਾਣੀ ਦੇ ਰੰਗਾਂ ਦੀ ਵਰਤੋਂ ਕਰ ਕੇ ਕਾਗਜ਼ ਉਪਰ ਹੱਥ ਅਤੇ ਉਂਗਲੀ ਛਾਪਣ, ਕਾਗਜ਼ ਫੋਲਡ ਕਰਨ, ਖਿਡਾਉਣਿਆਂ ਨਾਲ ਖੇਡਣ ਅਤੇ ਬਾਲ ਗੀਤ ਜਾਂ ਦਿਲਚਸਪ ਕਹਾਣੀਆਂ ਸੁਣਾ ਕੇ ਬੱਚਿਆਂ ਦਾ ਦਿਲ ਸਕੂਲ ਵਿਚ ਲਾਇਆ ਜਾਵੇ। ਪ੍ਰੀ-ਪ੍ਰਾਇਮਰੀ ਜਮਾਤਾਂ ਲਈ ਤਿਆਰ ਕਮਰਿਆਂ ਵਿਚ ਬੁੱਕ ਕਾਰਨਰ ਅਤੇ ਖਿਡਾਉਣਿਆਂ ਦਾ ਕਾਰਨਰ ਵੀ ਸਥਾਪਤ ਕਰਨ ਲਈ ਕਿਹਾ ਹੈ। ਹਰੇਕ ਸਕੂਲ ਵਿਚ ਰਜਿਸਟ੍ਰੇਸ਼ਨ ਕਾਊਂਟਰ ਲਾਉਣ ਅਤੇ ਦਾਖਲ ਹੋਏ ਬੱਚਿਆਂ ਦਾ ਨਾਮ ਦਾਖਲਾ ਰਜਿਸਟਰ ਅਤੇ ਹਾਜ਼ਰੀ ਰਜਿਸਟਰ ਵਿਚ ਦਰਜ ਕਰਨ ਲਈ ਕਿਹਾ ਗਿਆ ਹੈ। ਵਿਦਿਆਰਥੀਆਂ ਲਈ ਰੰਗਾ ਰੰਗ ਪ੍ਰੋਗਰਾਮ ਕਰਵਾਉਣ ਦੇ ਹੁਕਮ ਵੀ ਦਿੱਤੇ ਹਨ। ਇਹ ਸਾਰੀਆਂ ਗਤੀਵਿਧੀਆਂ ਕਰਵਾਉਣ ਦੀ ਜ਼ਿੰਮੇਵਾਰੀ ਸਕੂਲ ਮੁਖੀ ਸਮੇਤ ਹੋਰ ਸਬੰਧਤ ਅਧਿਕਾਰੀਆਂ ਦੀ ਲਾਈ ਗਈ ਹੈ। ਅਧਿਆਪਕਾਂ ਵੱਲੋਂ ਬਿਨਾਂ ਗ੍ਰਾਂਟ ਤੋਂ ਪ੍ਰੀ-ਪ੍ਰਾਇਮਰੀ ਜਮਾਤਾਂ ਲਾਉਣ ਲਈ ਸਰਕਾਰ ਵੱਲੋਂ ਚਾੜ੍ਹੇ ਹੁਕਮਾਂ ਕਾਰਨ ਬਿਜਲੀ ਬਿੱਲ, ਸਮਾਰਟ ਕਲਾਸ ਰੂਮ, ਫਲੈਕਸ, ਪੌਦਿਆਂ ਦੀ ਦੇਖ-ਰੇਖ, ਬਲੈਕ ਬੋਰਡ ਪੇਂਟ, ਗੱਦੇ ਲਾਉਣੇ, ਖਿਡਾਉਣੇ ਤੇ ਕਿਤਾਬ ਕਾਰਨਰ ਬਣਾਉਣ ਆਦਿ ਦੀ ਪੂਰਤੀ ਪੱਲਿਓਂ ਪੈਸੇ ਖ਼ਰਚ ਕੇ ਕਰਨੀ ਪੈ ਰਹੀ ਹੈ।

## ਮਿਡ-ਡੇ-ਮੀਲ: ਮਾਸਟਰਾਂ ਵੱਲੋਂ ਪੱਲਿਓਂ ਖਰਚੇ ਤੋਂ ਨਾਂਹ

**ਚੰਡੀਗੜ੍ਹ:** ਸਿੱਖਿਆ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਵਿਚ ਦਿੱਤਾ ਜਾ ਰਿਹਾ ਦੁਪਹਿਰ ਦਾ ਖਾਣਾ ਲਗਾਤਾਰ ਵਿਵਾਦਾਂ ਵਿਚ ਘਿਰਦਾ ਜਾ ਰਿਹਾ ਹੈ। ਬਹੁ ਗਿਣਤੀ ਸਕੂਲਾਂ ਵਿਚ ਸਰਕਾਰ ਦੀ ਇਹ ਸਕੀਮ ਦਮ ਤੋੜ ਰਹੀ ਹੈ। ਇਸੇ ਕਾਰਨ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਬੱਚੇ ਦੁਪਹਿਰ ਦੇ ਖਾਣੇ ਤੋਂ ਵਿਰਵੇ ਹੋ ਰਹੇ ਹਨ। ਸੂਬੇ ਦੇ ਕਈ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਮੁੱਖ ਅਧਿਆਪਕਾਂ ਨੇ ਫੈਸਲਾ ਕੀਤਾ ਹੈ ਕਿ ਬੱਚਿਆਂ ਨੂੰ ਦਿੱਤਾ ਜਾਣ ਵਾਲਾ ਦੁਪਹਿਰ ਦਾ ਖਾਣਾ ਉਹ ਮਜਬੂਰੀ ਵੱਸ ਬੰਦ ਕਰ ਰਹੇ ਹਨ। ਪਤਾ ਲੱਗਾ ਹੈ ਕਿ ਮਿਡ-ਡੇ- ਮੀਲ ਦਾ ਖਾਣਾ ਤਿਆਰ ਕਰਨ ਲਈ ਬੀਤੇ ਤਿੰਨ ਮਹੀਨਿਆਂ ਤੋਂ ਸਥਾਨਕ ਬਲਾਕ ਦੇ ਸਰਕਾਰੀ ਸਕੂਲਾਂ ਵਿਚ ਸਰਕਾਰ ਦੀ ਤਰਫੋਂ ਕੋਈ ਵੀ ਫੰਡ ਨਹੀਂ ਭੇਜਿਆ ਗਿਆ। ਇਸ ਦੇ ਬਾਵਜੂਦ ਵੀ ਅਧਿਆਪਕ ਆਪਣੀਆਂ ਜੇਬਾਂ ਵਿਚੋਂ ਪੈਸਾ ਖਰਚ ਕਰ ਕੇ ਜਿਥੇ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਦੇ ਰਹੇ ਹਨ, ਉਥੇ ਸਰਕਾਰ ਦੀ ਸਕੀਮ ਨੂੰ ਵੀ ਚਾਲੂ ਰੱਖਣ ਵਿਚ ਆਪਣਾ ਯੋਗਦਾਨ ਪਾ ਰਹੇ ਹਨ।

ਅਧਿਆਪਕ ਆਗੂਆਂ ਦਾ ਕਹਿਣਾ ਹੈ ਕਿ ਹੁਣ ਗੱਲ ਉਨ੍ਹਾਂ ਦੇ ਵੱਸੋਂ ਬਾਹਰ ਹੋ ਗਈ ਹੈ ਅਤੇ ਉਹ ਇਸ ਸਕੀਮ ਨੂੰ ਬੰਦ ਕਰਨ ਲਈ ਮਜਬੂਰ ਹੋ ਗਏ ਹਨ। ਇਕ ਪਾਸੇ ਸਰਕਾਰ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਪ੍ਰੀ ਨਰਸਰੀ ਕਲਾਸਾਂ ਸ਼ੁਰੂ ਕਰਨ ਬਾਰੇ ਜੰਗੀ ਪੱਧਰ ਉਤੇ ਪ੍ਰਚਾਰ ਕਰ ਕੇ ਵਾਹ ਵਾਹ ਖੱਟ ਰਹੀ ਹੈ ਜਦੋਂ ਕਿ ਦੂਜੇ ਪਾਸੇ ਪਹਿਲਾਂ ਪੜ੍ਹਦੇ ਬੱਚਿਆਂ ਨੂੰ ਮਿਲ ਰਿਹਾ ਦੁਪਹਿਰ ਦਾ ਖਾਣਾ ਲਗਾਤਾਰ ਜਾਰੀ ਰੱਖਣ ਵਾਸਤੇ ਸੁਹਿਰਦ ਨਹੀਂ। ਅਧਿਆਪਕ ਆਗੂਆਂ ਬੇਵਸੀ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਸਰਕਾਰੀ ਫੰਡ ਜਾਰੀ ਨਾ ਹੋਣ ਦੀ ਸੂਰਤ ਵਿਚ ਸਰਕਾਰੀ ਸਕੂਲਾਂ ਵਿਚ ਮਿਡ-ਡੇਅ-ਮੀਲ ਨਹੀਂ ਬਣ ਸਕੇਗਾ।

## ਬੰਗਲਾਦੇਸ਼ ਵਿਚ ਹਿੰਦੂ ਬਸਤੀ ਉਤੇ ਭੀੜ ਵੱਲੋਂ ਹਮਲਾ, 30 ਘਰ ਸਾੜੇ

**ਢਾਕਾ:** ਫੇਸਬੁੱਕ ਉਤੇ ਇਤਰਾਜ਼ਯੋਗ ਟਿੱਪਣੀ ਦੀ ਚਰਚਾ ਦਰਮਿਆਨ ਬੰਗਲਾਦੇਸ਼ ਵਿਚ ਘੱਟ ਗਿਣਤੀ ਹਿੰਦੂਆਂ ਦੇ 30 ਘਰ ਸਾੜ ਦਿੱਤੇ ਗਏ। ਹਿੰਸਾ ਉਤੇ ਉਤਾਰੂ ਭੀੜ ਨੂੰ ਖਿੰਡਾਉਣ ਲਈ ਪੁਲਿਸ ਫਾਇਰਿੰਗ 'ਚ ਇਕ ਦੰਗਈ ਦੇ ਮਾਰੇ ਜਾਣ ਦੀ ਸੂਚਨਾ ਹੈ।

ਘਟਨਾ ਢਾਕਾ ਤੋਂ ਤਕਰੀਬਨ ਤਿੰਨ ਸੌ ਕਿਲੋਮੀਟਰ ਦੂਰ ਸਥਿਤ ਰੰਗਪੁਰ ਜ਼ਿਲ੍ਹੇ ਦੇ ਠਾਕੁਰਪਾੜਾ ਪਿੰਡ ਦੀ ਹੈ। ਜਾਣਕਾਰੀ ਮੁਤਾਬਕ ਮਾਹੌਲ ਪਿੰਡ ਦੇ ਇਕ ਹਿੰਦੂ ਨੌਜਵਾਨ ਵੱਲੋਂ ਫੇਸਬੁੱਕ ਉਤੇ ਇਤਰਾਜ਼ਯੋਗ ਟਿੱਪਣੀ ਪੋਸਟ ਕਰਨ ਦੀ ਚਰਚਾ ਨਾਲ ਗਰਮਾਇਆ। ਇਸ ਤੋਂ ਬਾਅਦ ਭੜਕੀ ਭੀੜ ਹਿੰਦੂ ਫਿਰਕੇ ਦੇ ਮੁਹੱਲੇ ਵੱਲ ਆਈ ਅਤੇ ਸਾੜਫੂਕ ਸ਼ੁਰੂ ਕਰ ਦਿੱਤੀ।

ਪਤਾ ਲੱਗਾ ਹੈ ਕਿ ਆਸਪਾਸ ਦੇ ਛੇ-ਸੱਤ ਪਿੰਡਾਂ ਦੇ ਤਕਰੀਬਨ 20 ਹਜ਼ਾਰ ਲੋਕ ਹਿੰਸਾ ਉਤੇ ਉਤਾਰੂ ਸਨ। ਮੌਕੇ ਉਤੇ ਪਹੁੰਚੀ ਪੁਲਿਸ ਨੇ ਹਾਲਾਤ ਕਾਬੂ 'ਚ ਕਰਨ ਲਈ ਲਾਠੀਚਾਰਜ ਕੀਤਾ



ਅਤੇ ਰਬੜ ਦੀਆਂ ਗੋਲੀਆਂ ਚਲਾਈਆਂ ਪਰ ਭੀੜ ਸ਼ਾਂਤ ਨਹੀਂ ਹੋਈ। ਫਿਰ ਪੁਲਿਸ ਨੂੰ ਫਾਇਰਿੰਗ ਕਰਨੀ ਪਈ। ਫਾਇਰਿੰਗ 'ਚ ਛੇ ਦੰਗਈ ਜ਼ਖ਼ਮੀ ਹੋਏ ਜਿਨ੍ਹਾਂ 'ਚੋਂ ਇਕ ਦੀ ਹਸਪਤਾਲ ਵਿਚ ਮੌਤ ਹੋ ਗਈ। ਪੁਲਿਸ ਨੇ ਹਿੰਸਾ 'ਚ ਸ਼ਾਮਲ 33 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਲਾਕੇ 'ਚ ਹਾਲਾਤ ਤਣਾਅਪੂਰਨ ਬਣੇ ਹੋਏ ਹਨ। ਪ੍ਰਸ਼ਾਸਨ ਨੇ ਇਲਾਕੇ 'ਚ ਵੱਡੀ ਗਿਣਤੀ ਵਿਚ ਪੁਲਿਸ ਦਸਤਿਆਂ ਦੀ ਤਾਇਨਾਤੀ ਕੀਤੀ ਹੈ।

## ਜਦੋਂ ਬਿਨਾ ਡਰਾਈਵਰ ਦੌੜ ਪਿਆ ਰੇਲ ਇੰਜਣ

**ਕਲਬੁਰਗੀ:** ਕਰਨਾਟਕ ਦੇ ਇਕ ਸਟੇਸ਼ਨ ਉਤੇ ਰੇਲ ਇੰਜਨ ਬਿਨਾਂ ਡਰਾਈਵਰ ਦੌੜ ਪਿਆ। ਇੰਜਨ ਭੱਜਦਾ ਵੇਖ ਸਟੇਸ਼ਨ ਮੈਨੇਜਰ ਤੇ ਡਰਾਈਵਰ ਮੋਟਰਸਾਈਕਲ ਉਤੇ ਉਸ ਨੂੰ ਰੋਕਣ ਚੱਲ ਪਏ। 13 ਕਿਲੋਮੀਟਰ ਇੰਜਨ ਦੇ ਪਿੱਛੇ-ਪਿੱਛੇ ਮੋਟਰਸਾਈਕਲ ਭਜਾ ਕੇ ਫਿਲਮੀ ਅੰਦਾਜ਼ ਵਿਚ ਰੋਕ ਲਿਆ। ਚੇਨਈ ਤੋਂ ਮੁੰਬਈ ਜਾਣ ਵਾਲੀ ਮੁੰਬਈ ਮੇਲ ਕਲਬੁਰਗੀ ਦੇ ਵਾਡੀ ਸਟੇਸ਼ਨ ਉਤੇ ਪਹੁੰਚੀ ਸੀ। ਇਥੋਂ ਰੇਲਵੇ ਦੀ ਬਿਜਲਈ ਲਾਈਨ ਖਤਮ ਹੋ ਜਾਂਦੀ ਹੈ।

ਅੱਗੇ ਸ਼ੋਲਾਪੁਰ ਤੱਕ ਜਾਣ ਲਈ ਰੇਲ ਨੂੰ ਡੀਜ਼ਲ ਇੰਜਨ ਲਾਇਆ ਜਾਣਾ ਸੀ। ਇਲੈਕਟ੍ਰਿਕ ਇੰਜਨ ਨੂੰ ਟਰੇਨ ਨਾਲੋਂ ਵੱਖ ਕੀਤਾ ਗਿਆ। ਬੋਗੀਆਂ ਨੂੰ ਡੀਜ਼ਲ ਇੰਜਨ ਨਾਲ ਜੋੜ ਕੇ ਰੇਲ ਰਵਾਨਾ ਕਰ ਦਿੱਤੀ ਗਈ। ਇਧਰ, ਇਲੈਕਟ੍ਰਿਕ ਇੰਜਨ ਨੂੰ ਲੋਕੋ ਪਾਇਲਟ ਮੇਨ ਟ੍ਰੈਕ ਤੋਂ ਹਟਾ ਕੇ ਦੂਸਰੇ ਟ੍ਰੈਕ ਉਤੇ ਲੈ ਗਿਆ, ਪਰ ਇੰਜਨ ਨੂੰ ਚਾਲੂ ਛੱਡ ਜਦੋਂ ਪਾਇਲਟ ਬਾਹਰ ਆਇਆ ਤਾਂ ਇੰਜਨ ਚੱਲ ਪਿਆ।

13 ਕਿਲੋਮੀਟਰ ਬਾਅਦ ਇੰਜਨ ਦੀ ਰਫਤਾਰ ਆਪਣੇ ਆਪ ਕੁਝ ਘੱਟ ਹੋਈ। ਡਰਾਈਵਰ ਨੇ ਮੋਟਰਸਾਈਕਲ ਤੋਂ ਉਤਰ ਕੇ ਦੌੜ ਲਾਈ ਅਤੇ ਛਾਲ ਮਾਰ ਕੇ ਕਿਸੇ ਤਰ੍ਹਾਂ ਇੰਜਨ 'ਤੇ ਚੜ੍ਹ ਕੇ ਬ੍ਰੇਕ ਲਾਈ।

## ਅਫਗਾਨਿਸਤਾਨ ਪੁੱਜੀ ਭਾਰਤੀ ਕਣਕ

**ਨਵੀਂ ਦਿੱਲੀ:** ਭਾਰਤ ਤੋਂ ਅਫਗਾਨਿਸਤਾਨ ਭੇਜੀ ਕਣਕ ਦੀ ਪਹਿਲੀ ਖੇਪ ਈਰਾਨੀ ਬੰਦਰਗਾਹ ਚਾਬਹਾਰ ਰਸਤੇ ਅਫਗਾਨ ਸ਼ਹਿਰ ਜਾਰੰਗ ਪਹੁੰਚ ਗਈ ਹੈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਤੇ ਉਨ੍ਹਾਂ ਦੇ ਅਫਗਾਨੀ ਹਮਰੁਤਬਾ ਸਲਾਹੁਦੀਨ ਰਾਬਾਨੀ ਨੇ 29 ਅਕਤੂਬਰ ਨੂੰ ਕਣਕ ਲਿਜਾ ਰਹੇ ਜਹਾਜ਼ ਨੂੰ ਹਰੀ ਝੰਡੀ ਦਿਖਾਈ ਸੀ। ਭਾਰਤ ਨੇ ਅਫਗਾਨਿਸਤਾਨ ਦੇ ਲੋਕਾਂ ਲਈ 11 ਲੱਖ ਟਨ ਕਣਕ ਦੇਣ ਦੀ ਪ੍ਰਤੀਬੱਧਤਾ ਜ਼ਾਹਰ ਕੀਤੀ ਸੀ ਜਿਸ ਤਹਿਤ ਕਣਕ ਦੀ ਇਹ ਖੇਪ ਭੇਜੀ ਗਈ ਹੈ।

## ਭਾਜਪਾ ਵੱਲੋਂ ਕੈਪਟਨ ਸਰਕਾਰ 'ਤੇ ਕੇਂਦਰੀ ਫੰਡ ਨਾ ਖਰਚਣ ਦੇ ਦੋਸ਼

**ਜਲੰਧਰ:** ਪੰਜਾਬ ਭਾਜਪਾ ਦੇ ਪ੍ਰਧਾਨ ਤੇ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਨੇ ਕੈਪਟਨ ਸਰਕਾਰ ਉਤੇ ਹਮਲਾ ਬੋਲਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਸੱਤ ਮਹੀਨੇ ਪਹਿਲਾਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ 115 ਕਰੋੜ ਰੁਪਏ ਭੇਜੇ ਸਨ ਪਰ ਇਹ ਪੈਸੇ ਅਜੇ ਤੱਕ ਬੱਚਿਆਂ ਦੇ ਖਾਤਿਆਂ ਵਿਚ ਨਹੀਂ ਗਏ।

ਉਨ੍ਹਾਂ ਕਿਹਾ ਕਿ ਇਹ ਪੈਸੇ ਖਰਚੇ ਜਾਣ ਪਿਛੋਂ ਹੀ ਕੇਂਦਰ ਸਰਕਾਰ ਹੋਰ ਪੈਸੇ ਭੇਜੇਗੀ। ਸਮੇਂ ਸਿਰ ਪੈਸੇ ਨਾ ਮਿਲਣ ਕਾਰਨ ਦਲਿਤ ਵਿਦਿਆਰਥੀ ਇਹ ਸਕੀਮ ਛੱਡ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸੂਬਾ ਸਰਕਾਰ ਨੇ ਅਮਰੁਧ ਯੋਜਨਾ ਤਹਿਤ ਭੇਜਿਆ ਪੈਸਾ ਵੀ ਨਹੀਂ ਖਰਚਿਆ। ਇਹ ਸਕੀਮ ਇਕ ਤਰ੍ਹਾਂ ਨਾਲ ਬੰਦ ਹੀ ਪਈ ਹੈ।

# ਭਾਰਤੀ ਨਿਆਂ ਪਾਲਿਕਾ ਜ਼ਿੰਦਾਬਾਦ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਦੇਸ਼ ਦੇ ਅਮਨ ਕਾਨੂੰਨ ਤੇ ਰਾਜ ਪ੍ਰਬੰਧ ਨੂੰ ਠੀਕ ਲੀਹਾਂ 'ਤੇ ਚਲਾਉਣ ਦੇ ਤਿੰਨ ਥੰਮ ਮੰਨੇ ਗਏ ਹਨ-ਵਿਧਾਨ ਪਾਲਿਕਾ, ਕਾਰਜ ਪਾਲਿਕਾ ਤੇ ਨਿਆਂ ਪਾਲਿਕਾ। ਭਾਰਤ ਦੀ ਅਜੋਕੀ ਸਥਿਤੀ ਵਿਚ ਦੇਸ਼ ਦੇ ਸੰਸਦ ਮੈਂਬਰ ਇੱਕ ਪਾਸਤ ਹੋਣ ਕਾਰਨ ਜੁਰਮ ਇੰਨੇ ਵਧ ਗਏ ਹਨ ਕਿ ਕਾਰਜ ਪਾਲਿਕਾ ਦੇ ਕਾਬੂ ਨਹੀਂ ਆ ਰਹੇ। ਲੁੱਟ-ਖੋਹ ਤੇ ਕਤਲੋਗਾਰਤ ਹੀ ਨਹੀਂ, ਬਲਾਤਕਾਰ ਦੇ ਕਿੱਸੇ ਹਰ ਤਰ੍ਹਾਂ ਦੇ ਹੱਦ ਬੰਨੇ ਟੱਪ ਗਏ ਹਨ। ਪਰ ਇਸ ਗੱਲ ਦੀ ਸੰਤੁਸ਼ਟੀ ਹੈ ਕਿ ਨਿਆਂ ਪਾਲਿਕਾ ਢਿੱਲੀ ਨਹੀਂ ਪਈ। ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਵੀਹ



ਸਾਲ ਦੀ ਕੈਦ ਸੁਣਾਉਣਾ, ਦੱਸ ਸਾਲਾ ਬੱਚੀ ਦੇ ਬਲਾਤਕਾਰੀ ਮਾਮਿਆਂ ਨੂੰ ਮਰਨ ਤੱਕ ਦੀ ਉਮਰ ਕੈਦ ਭੇਜਣਾ ਸੱਚ-ਮੁੱਚ ਹੀ ਤਸੱਲੀ ਵਾਲਾ ਹੈ। ਸੱਤ ਨਵੰਬਰ ਦੇ ਦੋ ਹੋਰ ਫੈਸਲੇ ਇਸ ਪਹੁੰਚ ਉਤੇ ਮੋਹਰ ਲਾਉਂਦੇ ਹਨ।

ਚੰਡੀਗੜ੍ਹ ਦੀ ਇੱਕ ਅਦਾਲਤ ਨੇ ਮਨੀਮਾਜਰਾ ਦੇ ਮੋਨੂੰ ਕੁੰਡੂ ਨੂੰ ਆਪਣੀ ਦੂਰ-ਨੇੜੇ ਦੀ ਭੈਣ ਨੂੰ ਕਾਮ ਵਾਸਨਾ ਦਾ ਸ਼ਿਕਾਰ ਬਣਾਉਣ ਉਤੇ ਵੀਹ ਸਾਲ ਦੀ ਕੈਦ ਸੁਣਾਈ ਹੈ। ਇਸੇ ਤਰ੍ਹਾਂ ਕਲਕੱਤਾ ਦੀ ਇਕ ਅਦਾਲਤ ਨੇ ਇਕ ਮੱਠ ਵਿਚ ਲੁੱਟ ਮਾਰ ਕਰਨ ਵਾਲੇ ਇਕ ਬੰਗਲਾਦੇਸ਼ੀ ਨੂੰ ਮੱਠ ਵਿਚਲੀ 70 ਸਾਲਾ ਨਨ ਨਾਲ ਬਲਾਤਕਾਰ ਕਰਨ ਦੇ ਦੋਸ਼ ਅਧੀਨ ਮੌਤ ਤੱਕ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਖੂਬੀ ਇਹ ਕਿ ਪਹਿਲੇ ਕੇਸ ਦਾ ਫੈਸਲਾ ਸਵਾ ਸਾਲ ਦੇ ਸਮੇਂ ਵਿਚ ਹੀ ਲੈ ਲਿਆ ਗਿਆ ਅਤੇ ਦੂਜੇ ਕੇਸ ਨੂੰ ਵੀ ਦੋ ਸਾਲ ਦੇ ਅੰਦਰ ਅੰਦਰ ਨਿਪਟਾ ਦਿੱਤਾ। ਵੱਡੀ ਗੱਲ ਇਹ ਕਿ ਨਿਆਂ ਪਾਲਿਕਾ ਅਜਿਹੇ ਕੇਸਾਂ ਵਿਚ ਨਾਬਾਲਗ ਦੋਸ਼ੀਆਂ ਨੂੰ ਵੀ ਥੋੜ੍ਹੇ ਕੀਤੇ ਬਰੀ ਨਹੀਂ ਕਰ ਰਹੀ। ਕਾਰਜ ਪਾਲਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਦੋਸ਼ੀਆਂ ਨੂੰ ਆਨੀਂ ਬਹਾਨੀਂ ਛੁੱਟ ਜਾਣ ਦਾ ਅਵਸਰ ਨਾ ਦੇਣ ਤਾਂ ਕਿ ਅਮਨ ਕਾਨੂੰਨ ਦੀ ਵਿਗੜੀ ਹੋਈ ਸਥਿਤੀ ਲੀਹੇ ਪੈ ਸਕੇ। ਆਸ ਕੀਤੀ ਜਾਂਦੀ ਹੈ ਕਿ ਦੇਸ਼ ਦੀ ਵਿਧਾਨ ਪਾਲਿਕਾ, ਕਾਰਜ ਪਾਲਿਕਾ ਤੇ ਨਿਆਂ ਪਾਲਿਕਾ ਆਪੋ ਆਪਣੀ ਜ਼ਿੰਮੇਵਾਰੀ ਉਤੇ ਪਹਿਰਾ ਦੇ ਕੇ ਦੇਸ਼ ਦੇ ਹਿੱਤ ਵਿਚ ਚੱਲਣ ਦਾ ਯਤਨ ਕਰਨਗੇ।

**ਕਵਿਤਾ ਇੱਕ, ਇਕੱਤੀ ਚਿੱਤਰ:** ਚੰਡੀਗੜ੍ਹ ਦੇ 10 ਸੈਕਟਰ ਸਥਿਤ ਕਲਾ ਮਿਊਜ਼ੀਅਮ ਦੀ ਕਲਾ ਗੈਲਰੀ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਅਧਿਆਪਕਾ ਕਵਿਤਾ ਸਿੰਘ ਵਲੋਂ ਇੱਕ ਅਨੋਖੀ ਕਲਾ ਪ੍ਰਦਰਸ਼ਨੀ ਲਾਈ ਗਈ। ਉਸ ਨੇ ਅੰਮ੍ਰਿਤਾ ਪ੍ਰੀਤਮ ਦੀ ਦੇਸ਼ ਵੰਡ ਬਾਰੇ ਲਿਖੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੇ ਕਬਰਾਂ ਵਿਚੋਂ ਬੋਲ' ਦੇ 28 ਬੰਦਾਂ ਨੂੰ 31 ਖੂਬਸੂਰਤ ਚਿੱਤਰਾਂ ਰਾਹੀਂ ਪੇਸ਼ ਕੀਤਾ ਹੈ। ਕਿਸੇ ਕਿਸੇ ਬੰਦ ਦਾ ਪੂਰਾ ਪ੍ਰਭਾਵ ਪਾਉਣ ਲਈ ਇੱਕ ਤੋਂ ਵੱਧ ਚਿੱਤਰ ਬਣਾਏ ਹਨ। ਚਿੱਤਰਾਂ ਵਿਚ ਚਿਹਰੇ, ਕਬਰਾਂ, ਕਸਬੇ, ਵਣ, ਪ੍ਰਾਣ, ਸੱਪ-ਸਪਣੀਆਂ ਤੇ ਉਨ੍ਹਾਂ ਦੇ ਡੰਗ ਇੰਨੇ ਚਿੱਤਰੇ ਹਨ ਕਿ ਸੰਨ ਸੰਤਾਲੀ 'ਚ ਉਧਰਲੇ ਤੇ ਇਧਰਲੇ ਪੰਜਾਬ ਦਾ ਵਹਿਸ਼ੀਪੁਣਾ ਮੁੜ ਉਭਰ ਆਉਂਦਾ ਹੈ।

ਨਿਸਚੇ ਹੀ ਦੇਸ਼ ਦਾ ਬਟਵਾਰਾ ਪੂਰੇ ਦੇ ਪੂਰੇ ਪੰਜਾਬ ਤੇ ਬੰਗਾਲ ਦੀ ਸਮੁੱਚੀ ਜਨਤਾ ਲਈ ਏਨੀ ਵੱਡੀ ਜ਼ਹਿਮਤ ਬਣ ਕੇ ਆਇਆ ਸੀ ਕਿ ਇਸ ਉਤੇ ਅਨੇਕਾਂ ਨਾਵਲ, ਕਹਾਣੀਆਂ ਅਤੇ ਮਹਾ ਕਾਵਿ ਲਿਖੇ ਗਏ, ਤੇ ਅੱਜ ਤੱਕ ਲਿਖੇ ਜਾ ਰਹੇ ਹਨ। ਅੰਮ੍ਰਿਤਾ ਪ੍ਰੀਤਮ ਦੀ ਇਹ ਕਵਿਤਾ ਜਿੰਨੀ ਸਧਾਰਨ ਹੈ, ਓਨੀ ਹੀ ਮਕਬੂਲ ਹੋਈ ਹੈ। ਇਥੋਂ ਤੱਕ ਕਿ ਪ੍ਰਸਿੱਧ ਅੰਗਰੇਜ਼ੀ ਲੇਖਕ ਖੁਸ਼ਵੰਤ ਸਿੰਘ ਨੇ ਇਸ ਨੂੰ ਸੱਤ ਸਮੁੰਦਰ ਪਾਰ ਦੇ ਪਾਠਕਾਂ ਤੱਕ ਪਹੁੰਚਾਣ ਲਈ ਇਸ ਦਾ ਅੰਗਰੇਜ਼ੀ ਵਿਚ ਅਨੁਵਾਦ ਵੀ ਕੀਤਾ। ਉਲਥੇ ਵਿਚ ਵੀ ਇਸ ਵਿਚਲੀ ਕਾਵਿਕ ਸਧਾਰਨਤਾ ਨਾਲੋਂ ਇਸ ਦੀ ਮਕਬੂਲੀਅਤ ਹੀ ਪ੍ਰਧਾਨ ਰਹੀ। ਹੋ ਸਕਦਾ ਹੈ ਕਿ ਕਵਿਤਾ ਸਿੰਘ ਨੇ ਵੀ ਇਸ ਨਜ਼ਮ ਨੂੰ ਨਜ਼ਮ ਦੀ ਪ੍ਰਵਾਨਤਾ ਸਦਕਾ ਹੀ ਚੁਣਿਆ ਹੋਵੇ। ਪਰ ਕਵਿਤਾ ਸਿੰਘ ਨੇ ਇਸ ਨੂੰ ਚਿਤਰਨ ਵਿਚ ਜਿਹੜੀ ਲਗਨ, ਸਿਰੜ ਤੇ ਪੇਸ਼ਕਾਰੀ ਦਿਖਾਈ ਹੈ, ਉਸ ਨੇ ਅੰਮ੍ਰਿਤਾ ਦੀ ਇਸ ਹਰਮਨਪਿਆਰੀ ਕਾਵਿ ਰਚਨਾ ਨੂੰ ਕਾਵਿਕ ਉਤਮੱਤਾ ਵੀ ਪ੍ਰਦਾਨ ਕਰ ਦਿੱਤੀ ਹੈ।

**ਕ੍ਰਿਸ਼ਨਾ ਸੋਬਤੀ ਤੇ ਅੰਮ੍ਰਿਤਾ ਪ੍ਰੀਤਮ:** ਜਗਤ ਪ੍ਰਸਿੱਧ ਰਚਨਾ 'ਮਿੱਤਰੋ ਮਰ ਜਾਣੀ' ਦੀ ਲੇਖਿਕਾ ਕ੍ਰਿਸ਼ਨਾ ਸੋਬਤੀ ਨੂੰ ਗਿਆਨਪੀਠ ਐਵਾਰਡ ਨਾਲ ਸਨਮਾਨੇ ਜਾਣ ਨੇ ਉਸ ਦੀ ਪੰਜਾਬੀ ਲੇਖਿਕਾ ਅੰਮ੍ਰਿਤਾ ਪ੍ਰੀਤਮ ਨਾਲ ਪੈਦਾ ਹੋਈ ਕੁੜਿੱਤਣ ਦਾ ਕਿੱਸਾ ਚੇਤੇ ਕਰਵਾ ਦਿੱਤਾ ਹੈ। ਕ੍ਰਿਸ਼ਨਾ ਸੋਬਤੀ ਦਾ 'ਜ਼ਿੰਦਗੀਨਾਮਾ' ਵੀ ਏਨਾ ਪਸੰਦ ਕੀਤਾ ਗਿਆ ਸੀ ਕਿ ਅੰਮ੍ਰਿਤਾ ਪ੍ਰੀਤਮ ਨੇ ਆਪਣੀ ਇਕ ਪੁਸਤਕ ਦਾ ਨਾਂ ਵੀ 'ਹਰਦਤ ਦਾ ਜ਼ਿੰਦਗੀਨਾਮਾ' ਰੱਖ ਲਿਆ ਸੀ ਜਿਸ ਉਤੇ ਕ੍ਰਿਸ਼ਨਾ ਸੋਬਤੀ ਨੇ ਬਾਵੇਲਾ ਮਚਾਇਆ। ਸੋਬਤੀ ਦੇ ਉਜਰ ਵਿਚ ਦਮ ਸੀ ਪਰ ਅੰਮ੍ਰਿਤਾ ਨੇ ਆਪਣੇ ਬਚਾਓ ਪੱਖ ਵਿਚ ਇਹ ਕਿਹਾ ਕਿ ਉਸ ਦੀ ਪੁਸਤਕ ਤਾਂ ਹਰਦਤ ਦੇ ਜੀਵਨ ਬਾਰੇ ਹੈ। ਕਾਪੀਰਾਈਟ ਦਾ ਇਹ ਕੇਸ ਛੱਬੀ ਵਰ੍ਹੇ ਚਲਦਾ ਰਿਹਾ ਅਤੇ ਇਸ ਦਾ ਫੈਸਲਾ ਅੰਮ੍ਰਿਤਾ ਪ੍ਰੀਤਮ ਦੇ ਅਕਾਲ ਚਲਾਣੇ ਤੋਂ ਛੇ ਸਾਲ ਪਿਛੋਂ ਹੋਇਆ। ਇਸ ਦਾ ਇੱਕ ਆਧਾਰ ਕ੍ਰਿਸ਼ਨਾ ਸੋਬਤੀ ਤੇ ਅੰਮ੍ਰਿਤਾ ਪ੍ਰੀਤਮ ਦੀਆਂ ਪਟਕਥਾਵਾਂ ਵਾਲਾ ਡੱਬਾ ਅਦਾਲਤ ਵਿਚੋਂ ਗੁੰਮ ਹੋਣਾ ਦੱਸਿਆ ਜਾਂਦਾ ਹੈ। ਨੋਟ ਕਰਨ ਵਾਲੀ ਗੱਲ ਇਹ ਨਹੀਂ ਕਿ ਫੈਸਲਾ ਕਿਸ ਦੇ ਹੱਕ ਵਿਚ ਹੋਇਆ, ਤੋੜਾ ਇਸ ਗੱਲ ਉਤੇ ਟੁਟਦਾ ਹੈ ਕਿ ਕੋਮਲ ਕਲਾਕਾਰਾਂ ਨੂੰ ਆਪਣੀ ਕਲਾ ਉਤੇ ਏਨਾ ਮਾਣ ਹੁੰਦਾ ਹੈ ਕਿ ਉਹ ਕਲਾ ਨਾਲ ਮਾਮੂਲੀ ਛੇੜਖਾਨੀ ਵੀ ਸਹਿ ਨਹੀਂ ਸਕਦੇ।

ਕ੍ਰਿਸ਼ਨਾ ਸੋਬਤੀ ਨੂੰ ਪਹਿਲਾਂ ਵੀ ਅਨੇਕਾਂ ਮਾਣ ਸਨਮਾਨ ਮਿਲ ਚੁਕੇ ਹਨ ਪਰ ਨਵੇਂ ਸਨਮਾਨ ਨੇ ਉਸ ਦੀ ਕੋਮਲ ਕਲਾ ਵਾਲੀ ਕਲਗੀ ਨੂੰ ਉਚ ਦੁਮਾਲੜਾ ਖੰਭ ਪ੍ਰਦਾਨ ਕੀਤਾ ਹੈ। ਮੈਡਮ ਸੋਬਤੀ ਸੱਚਮੁੱਚ ਹੀ ਵਧਾਈ ਦੀ ਹੱਕਦਾਰ ਹੈ। ਨਿਜੀ ਤੌਰ 'ਤੇ ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਮੇਰੀ ਉਸ ਨਾਲ ਟੈਲੀਫੋਨ 'ਤੇ ਵੀ ਗੱਲ ਨਾ ਹੋ ਸਕੀ। ਉਹ ਪੁਰਸਕਾਰ ਦੇ ਐਲਾਨ ਤੋਂ ਕੁਝ ਘੰਟੇ ਪਹਿਲਾਂ ਸਿਹਤਯਾਬ ਨਾ ਹੋਣ ਕਾਰਨ ਹਸਪਤਾਲ ਵਿਚ ਦਾਖਲ ਹੋ ਗਈ ਤੇ ਇਸ ਵੇਲੇ ਵੀ ਹਸਪਤਾਲ ਵਿਚ ਹੀ ਹੈ।

**ਅੰਤਿਕਾ:** (ਸਰਬਜੀਤ ਕੌਰ ਜੱਸ ਦੇ 'ਰਾਹਾਂ ਦੀ ਤਪਸ਼' ਵਿਚੋਂ)

ਤੂੰ ਮੈਨੂੰ  
ਆਪਣੇ ਪਰਾਂ ਦੀ ਸਹੁੰ ਖਾ ਕੇ  
ਸੱਚੋ ਸੱਚ ਦੱਸ ਪਰਿੰਦਿਆ  
ਅੰਬਰੀਂ ਉਡਾਣ ਭਰਨ 'ਚ  
ਕਿੰਨਾ ਕੁ ਅਨੰਦ ਆਉਂਦੈ?  
ਫਿਰ ਮੈਂ ਤੈਨੂੰ ਪਿੰਜਰੇ ਦੀ ਸਹੁੰ ਖਾ ਕੇ  
ਸੱਚੋ ਸੱਚ ਦੱਸਾਂਗੀ  
ਸਲਾਖਾਂ ਪਿੱਛੇ ਸਹਿਮੀ  
ਕੈਦੀ ਆਵਾਜ਼ ਦੇ ਅਰਥ।

# ਗੁਜਰਾਤ ਵਿਚ ਭਾਜਪਾ ਨੂੰ ਮਿਲ ਰਹੀ ਹੈ ਸਖਤ ਟੱਕਰ

ਅਭੈ ਕੁਮਾਰ ਦੂਬੇ

ਚੋਣ ਸ਼ਾਸਤਰ ਦੇ ਤੌਰ-ਤਰੀਕਿਆਂ ਤੋਂ ਜਾਣਕਾਰ ਲੋਕ ਸਮਝਦੇ ਹਨ ਕਿ ਜਦੋਂ ਮੁੱਖ ਚੁਣਾਵੀ ਟੱਕਰ ਸਿੱਧੀ-ਸਿੱਧੀ ਦੋ ਪਾਰਟੀਆਂ ਵਿਚਕਾਰ ਹੁੰਦੀ ਹੈ ਤਾਂ ਨਤੀਜਿਆਂ ਦੀ ਭਵਿਖਬਾਣੀ ਕਰਨਾ ਸੌਖਾ ਹੋ ਜਾਂਦਾ ਹੈ। ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਦੀ ਰਾਜਨੀਤੀ ਦੋ ਪਾਰਟੀਆਂ ਦੇ ਸਿੱਧੇ ਸੰਘਰਸ਼ ਦੀ ਖੇਡ ਹੈ ਅਤੇ ਸਰਵੇਖਣ ਦੇ ਮਾਹਰਾਂ ਚੋਣ ਸ਼ਾਸਤਰੀਆਂ ਨੇ ਐਲਾਨ ਕੀਤਾ ਹੈ ਕਿ ਦੋਵੇਂ ਥਾਵਾਂ 'ਤੇ ਭਾਰਤੀ ਜਨਤਾ ਪਾਰਟੀ ਆਸਾਨੀ ਨਾਲ ਜਿੱਤਣ ਦੀ ਸਥਿਤੀ ਵਿਚ ਹੈ। ਦਿਲਚਸਪ ਗੱਲ ਇਹ ਹੈ ਕਿ ਸਰਵੇਖਣ ਦੇ ਪਹਿਲੇ ਦੌਰ ਵਿਚ ਕਿਹਾ ਗਿਆ ਸੀ ਕਿ ਗੁਜਰਾਤ ਵਿਚ ਭਾਜਪਾ ਕਾਂਗਰਸ ਤੋਂ ਐਨਾ ਜ਼ਿਆਦਾ ਅੱਗੇ ਹੈ ਕਿ ਕਾਂਗਰਸ ਉਸ ਦੇ ਨੇੜੇ ਵੀ ਦਿਖਾਈ ਨਹੀਂ ਦੇ ਰਹੀ, ਪਰ ਸਰਵੇਖਣ ਦੇ ਦੂਜੇ ਦੌਰ ਵਿਚ ਸਥਿਤੀ ਥੋੜ੍ਹੀ ਬਦਲ ਗਈ ਹੈ। ਕਾਂਗਰਸ ਤੇ ਭਾਜਪਾ ਵਿਚਕਾਰ ਫ਼ਾਸਲਾ ਕੁਝ ਘੱਟ ਹੋਇਆ ਹੈ, ਉਂਜ ਇਸ ਦੇ ਬਾਵਜੂਦ ਭਾਜਪਾ ਫੈਸਲਾਕੁਨ ਰੂਪ ਵਿਚ ਅਜੇ ਵੀ ਅੱਗੇ ਮੰਨੀ ਜਾ ਰਹੀ ਹੈ।

ਇਹ ਅੰਦਾਜ਼ਾ ਵੱਡਾ ਅਤੇ ਗੁੰਝਲਦਾਰ ਸਵਾਲ ਪੈਦਾ ਕਰਦਾ ਹੈ। ਗੁਜਰਾਤ ਵਿਚ ਭਾਜਪਾ ਵਿਰੁਧ ਅਤੇ ਹਿਮਾਚਲ ਵਿਚ ਕਾਂਗਰਸ ਵਿਰੁਧ ਸਰਕਾਰ ਵਿਰੋਧੀ ਭਾਵਨਾਵਾਂ ਹਨ। ਦੋਵਾਂ ਥਾਵਾਂ 'ਤੇ ਉਸ ਦਾ ਲਾਭ ਵਿਰੋਧੀ ਧਿਰ ਵਿਚ ਖੜ੍ਹੀ ਪਾਰਟੀ ਨੂੰ ਕਿਉਂ ਨਹੀਂ ਮਿਲ ਰਿਹਾ? ਸਿਰਫ਼ ਹਿਮਾਚਲ ਵਿਚ ਹੀ ਵਿਰੋਧੀ ਧਿਰ ਭਾਜਪਾ ਕਾਂਗਰਸ ਦੀ ਵੀਰਭੱਦਰ ਸਰਕਾਰ ਵਿਰੁਧ ਨਰਾਜ਼ਗੀ ਨੂੰ ਆਪਣੇ ਪੱਖ ਵਿਚ ਭੁਗਤਾਉਂਦੀ ਹੋਈ ਦਿਸ ਰਹੀ ਹੈ, ਪਰ ਗੁਜਰਾਤ ਵਿਚ ਵਿਰੋਧੀ ਕਾਂਗਰਸ ਅਜਿਹਾ ਕੋਈ ਸਪਸ਼ਟ ਲਾਭ ਹਾਸਲ ਕਰਦੀ ਹੋਈ ਨਹੀਂ ਦਿਸਦੀ। ਇਸ ਵਿਲੱਖਣਤਾ ਦੇ ਬਾਵਜੂਦ ਗੁਜਰਾਤ ਵਿਚ ਭਾਜਪਾ ਦੀ ਸਰਕਾਰ ਵਿਰੁਧ ਜਿਸ ਪੱਧਰ 'ਤੇ ਸਥਾਪਤੀ ਵਿਰੋਧੀ ਰੁਝਾਨ ਹੈ, ਉਹ 2002 ਤੋਂ ਬਾਅਦ ਪਹਿਲੀ ਵਾਰ ਸਪਸ਼ਟ ਰੂਪ ਵਿਚ ਪ੍ਰਤੀਤ ਹੋ ਰਿਹਾ ਹੈ। ਸਥਿਤੀ ਇਹ ਹੈ ਕਿ ਵੋਟਰਾਂ ਦੇ ਤਿੰਨ ਵੱਖ-ਵੱਖ ਵਰਗਾਂ ਵਿਚ ਪਿਛਲੇ ਦੋ ਸਾਲ ਤੋਂ ਸਰਕਾਰ ਵਿਰੁਧ ਅੰਦੋਲਨ ਚੱਲ ਰਹੇ ਹਨ। 7 ਫ਼ੀਸਦੀ ਤੋਂ ਜ਼ਿਆਦਾ ਅਨੁਸੂਚਿਤ ਜਾਤੀਆਂ, 16 ਫ਼ੀਸਦੀ ਤੋਂ ਜ਼ਿਆਦਾ ਪਟੀਦਾਰ ਅਤੇ 35 ਫ਼ੀਸਦੀ ਤੋਂ ਜ਼ਿਆਦਾ ਉਚ-ਜਾਤੀਆਂ ਵਿਚ ਨਾਰਾਜ਼ਗੀ ਹੈ, ਜਿਸ ਦੀ ਅਗਵਾਈ ਜਿਗਨੇਸ਼ ਮੇਵਾਨੀ, ਹਾਰਦਿਕ ਪਟੇਲ ਅਤੇ ਅਲਪੇਸ਼ ਠਾਕੁਰ ਵਲੋਂ ਕੀਤੀ ਜਾ ਰਹੀ ਹੈ। ਕੀ ਇਹ ਅਜੀਬ ਨਹੀਂ ਲਗਦਾ ਕਿ ਹਿਮਾਚਲ ਵਿਚ 5 ਸਾਲ ਪੁਰਾਣੀ ਕਾਂਗਰਸ ਸਰਕਾਰ ਖ਼ੁਦ ਨੂੰ ਸਥਾਪਤੀ ਵਿਰੋਧੀ ਰੁਝਾਨ ਤੋਂ ਬਚਾਉਣ ਵਿਚ ਅਸਫ਼ਲ ਹੈ, ਪਰ ਗੁਜਰਾਤ ਵਿਚ 22 ਸਾਲ ਪੁਰਾਣੀ ਭਾਜਪਾ ਸਰਕਾਰ ਕਿਤੇ ਜ਼ਿਆਦਾ ਗੰਭੀਰ ਸਥਾਪਤੀ ਵਿਰੋਧੀ ਰੁਝਾਨ ਤੋਂ ਕੁਝ ਹੱਦ ਤੱਕ ਨਿਕਲਣ ਵਿਚ ਕਾਮਯਾਬ ਹੈ!

ਇਨ੍ਹਾਂ ਗੁੰਝਲਾਂ ਦੇ ਕੁਝ ਹੋਰ ਵੀ ਪਹਿਲੂ ਹਨ, ਜਿਵੇਂ 'ਸੀ.ਐਸ.ਡੀ.ਐਸ.-ਲੋਕ ਨੀਤੀ' ਵਲੋਂ ਹਿਮਾਚਲ ਵਿਚ ਕੀਤੇ ਗਏ ਚੋਣਾਂ ਤੋਂ ਪਹਿਲਾਂ ਦੇ ਸਰਵੇਖਣ ਵਿਚ ਜਦੋਂ ਵੋਟਰਾਂ ਤੋਂ ਸਵਾਲ ਪੁੱਛੇ ਗਏ ਤਾਂ ਪਤਾ ਲੱਗਿਆ ਕਿ ਜ਼ਿਆਦਾਤਰ ਵੋਟਰ ਜੀ.ਐਸ.ਟੀ. ਅਤੇ ਨੋਟਬੰਦੀ ਦੇ ਫ਼ੈਸਲੇ ਨੂੰ ਬੁਰਾ ਮੰਨਦੇ ਹਨ। ਇਸ ਤਰ੍ਹਾਂ ਜ਼ਿਆਦਾਤਰ ਵੋਟਰ ਇਹ ਵੀ ਮੰਨਦੇ ਹਨ ਕਿ ਮੋਦੀ ਸਰਕਾਰ 'ਅੱਛੇ ਦਿਨ' ਲਿਆਉਣ ਵਿਚ ਅਸਫ਼ਲ ਰਹੀ ਹੈ। ਕੀ ਭਾਜਪਾ ਦੀਆਂ ਚੁਣਾਵੀ ਸੰਭਾਵਨਾਵਾਂ 'ਤੇ ਇਨ੍ਹਾਂ ਦੋਵੇਂ ਹੀ ਗੱਲਾਂ ਦਾ ਵਿਰੋਧੀ ਅਸਰ ਨਹੀਂ ਪੈਣਾ ਚਾਹੀਦਾ?

ਭਾਜਪਾ ਵੀਰਭੱਦਰ ਸਰਕਾਰ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾ ਰਹੀ ਹੈ, ਪਰ ਕਾਂਗਰਸ ਤੋਂ ਆਉਣ ਵਾਲੇ ਦਾਗ਼ੀ ਨੇਤਾ ਭਾਜਪਾ ਵਿਚ ਸ਼ਾਮਿਲ ਹੋ ਕੇ ਪਾਕ-ਸਾਫ਼ ਬਣ ਰਹੇ ਹਨ। ਗੁਜਰਾਤ ਦਾ ਵਪਾਰੀ ਸਮਾਜ ਜੀ.ਐਸ.ਟੀ. ਅਤੇ ਨੋਟਬੰਦੀ ਦੀ ਨਿੰਦਾ ਕਰਨ ਵਿਚ ਲੱਗਾ ਹੋਇਆ ਹੈ। ਜ਼ਾਹਿਰ ਹੈ ਕਿ ਆਮ ਜਨਤਾ ਨੂੰ ਵੀ ਬਹੁਤ ਪਰੇਸ਼ਾਨੀ ਹੋਈ ਹੋਵੇਗੀ। ਫਿਰ ਵੀ ਉਥੇ ਭਾਜਪਾ ਦੀਆਂ ਸੰਭਾਵਨਾਵਾਂ 'ਤੇ ਇਸ ਦਾ ਵਿਰੋਧੀ ਅਸਰ ਪੈਂਦਾ ਨਹੀਂ ਦਿਸ ਰਿਹਾ। ਆਪਣੀਆਂ ਅਸਫ਼ਲਤਾਵਾਂ ਅਤੇ ਮਨ-ਮਰਜ਼ੀ ਦੇ ਨੀਤੀਗਤ ਫ਼ੈਸਲਿਆਂ ਦੇ ਬਾਵਜੂਦ ਭਾਜਪਾ ਵੋਟਰਾਂ ਦੀ ਪਹਿਲੀ ਪਸੰਦ ਬਣੀ ਹੋਈ ਹੈ। ਪਹਿਲੀ ਨਜ਼ਰ ਵਿਚ ਇਸ ਦਾ ਇਕ ਵੱਡਾ ਕਾਰਨ ਇਹ ਸਮਝ ਵਿਚ ਆਉਂਦਾ ਹੈ ਕਿ 2004 ਤੋਂ ਲੈ ਕੇ 2014 ਵਿਚਕਾਰ ਗ਼ੈਰ-ਭਾਜਪਾ ਰਾਜਨੀਤੀ ਦੀ ਸਮਾਜਿਕ ਅਤੇ ਰਾਜਨੀਤਕ ਸਾਖ 'ਤੇ ਇਕ ਵੱਡਾ ਨਾਂਹ-ਪੱਖੀ ਅਸਰ ਹੋਇਆ ਹੈ। ਭਾਜਪਾ ਦੇ ਰਾਜਨੀਤਕ ਗਰਾਫ਼ 'ਤੇ ਇਸ ਗਿਰਾਵਟ ਦਾ ਪ੍ਰਭਾਵ ਇਸ ਖੇਤਰ ਵਿਚ ਦਿਸਦਾ ਹੈ, ਕਿਉਂਕਿ ਉਹ ਭਾਜਪਾ ਦਾ ਪ੍ਰਭਾਵੀ ਖੇਤਰ ਹੈ। ਇਸ ਇਲਾਕੇ ਦੀਆਂ ਖੇਤਰੀ ਸ਼ਕਤੀਆਂ ਸਿਰਫ਼ ਆਪਣੀ ਬੁਨਿਆਦੀ ਸਮਰਥਕ ਬਰਾਦਰੀ ਨਾਲ ਹੀ ਜੁੜੀਆਂ ਰਹਿ ਗਈਆਂ ਹਨ ਅਤੇ ਉਨ੍ਹਾਂ ਨੂੰ ਵੱਡੇ ਪੱਧਰ 'ਤੇ ਸਮਾਜ ਦਾ ਸਮਰਥਨ ਮਿਲਣਾ ਬੰਦ ਹੋ ਗਿਆ ਹੈ। ਨਾਲ ਹੀ ਕੌਮੀ ਪਾਰਟੀ ਵਜੋਂ ਕਾਂਗਰਸ ਦੀ ਲੀਡਰਸ਼ਿਪ ਪਿਛਲੇ ਤਿੰਨ ਸਾਲਾਂ ਵਿਚ ਕੌਮੀ ਪੱਧਰ 'ਤੇ ਭਾਜਪਾ ਦੇ ਬਦਲ ਵਜੋਂ ਆਪਣੀ ਪ੍ਰਭਾਵੀ ਦਾਅਵੇਦਾਰੀ ਪੇਸ਼ ਨਹੀਂ ਕਰ ਸਕੀ। ਇਸ ਆਮ ਸਥਿਤੀ ਦੇ ਕਾਰਨ ਹੋਇਆ ਇਹ ਹੈ ਕਿ ਇਕ ਤਰ੍ਹਾਂ ਦੀ ਬਦਲਹੀਣਤਾ ਵਾਲੀ ਸਥਿਤੀ ਪੈਦਾ ਹੋ ਗਈ ਹੈ, ਠੀਕ ਉਸੇ ਤਰ੍ਹਾਂ ਜਿਵੇਂ ਕਦੇ ਕਾਂਗਰਸ ਦੇ ਪੱਖ ਵਿਚ ਹੋਇਆ ਕਰਦੀ ਸੀ।

ਬਦਲਹੀਣਤਾ ਦੀ ਇਸ ਸਥਿਤੀ ਨੇ ਭਾਜਪਾ ਨੂੰ ਮੌਕਾ ਦਿੱਤਾ ਹੈ ਕਿ ਉਹ ਸਮਾਜਕ ਵੰਡਾਂ ਨੂੰ ਆਪਣੇ ਪੱਖ ਵਿਚ ਮਿਲਾ ਸਕੇ। ਸਮਝਣ ਦੀ ਗੱਲ ਹੈ ਕਿ ਜਿਹੜੀ ਪਾਰਟੀ ਸਮਰੱਥ ਅਤੇ ਇਕਜੁਟ ਹੁੰਦੀ ਹੈ, ਉਹ ਸਮਾਜਿਕ ਗੁੰਝਲਾਂ ਦਾ ਜ਼ਿਆਦਾ ਫਾਇਦਾ ਵਿਰੋਧੀ ਪਾਰਟੀਆਂ ਨੂੰ ਚੁੱਕਣ ਨਹੀਂ ਦਿੰਦੀ। ਜਿਵੇਂ ਗੁਜਰਾਤ ਵਿਚ ਪੱਟੀਦਾਰ ਵਰਗ ਦੇ ਅੰਦਰ ਅਸੰਤੋਖ ਹੋਣ ਦੇ ਬਾਵਜੂਦ ਭਾਜਪਾ ਦੋ ਢੰਗਾਂ ਨਾਲ ਇਸ ਨੂੰ ਪ੍ਰਭਾਵਹੀਣ ਕਰਨ ਵਿਚ ਲੱਗੀ ਹੋਈ ਹੈ। ਪਹਿਲੀ ਗੱਲ ਤਾਂ ਇਹ ਕਿ ਗੁਜਰਾਤ ਦੇ ਪਟੇਲ ਮੁੱਖ ਰੂਪ ਵਿਚ ਦੋ ਸਮਾਜਿਕ ਵਰਗਾਂ ਵਿਚ ਵੰਡੇ ਹੋਏ ਹਨ ਲਊਆ ਅਤੇ ਕੜਵਾ। 2002 ਵਿਚ ਕੇਸ਼ੂਭਾਈ ਪਟੇਲ ਦੀ ਅਗਵਾਈ ਵਿਚ ਜਿਹੜੇ ਪਟੇਲਾਂ ਨੇ ਭਾਜਪਾ ਦੇ ਵਿਰੁਧ ਵੋਟ ਦਿੱਤਾ ਸੀ, ਉਹ ਲਊਆ ਪਟੇਲ ਸਨ। ਜੇ ਇਹ ਵੋਟ ਕਾਂਗਰਸ ਨੂੰ ਮਿਲ ਜਾਂਦੇ ਤਾਂ ਉਸ ਚੋਣ ਵਿਚ ਹੀ ਮੋਦੀ ਨੂੰ ਝਟਕਾ ਲੱਗ ਸਕਦਾ ਸੀ, ਪਰ ਲਊਆ ਪਟੇਲਾਂ ਨੇ ਕੇਸ਼ੂਭਾਈ ਵਲੋਂ ਅਲੱਗ ਤੋਂ ਬਣਾਈ ਪਾਰਟੀ ਨੂੰ ਵੋਟ ਦੇਣਾ ਪਸੰਦ ਕੀਤਾ ਅਤੇ ਭਾਜਪਾ ਵਿਰੋਧੀ ਸਥਾਪਤੀ ਦਾ ਰੁਝਾਨ ਖਿੰਡ-ਪੁੰਡ ਗਿਆ। ਲਊਆ ਦੀ ਇਸ ਬਗ਼ਾਵਤ ਵਿਚ ਕੜਵਾ ਨੇ ਭਾਜਪਾ ਨੂੰ ਵੋਟ ਦਿੱਤਾ ਸੀ। ਹੁਣ ਹਾਰਦਿਕ ਦੀ ਅੰਦੋਲਨਕਾਰੀ ਅਗਵਾਈ ਨੂੰ ਕੜਵਾ ਪਟੇਲਾਂ ਦੇ ਵਿਦਰੋਹ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ। ਹਾਰਦਿਕ ਖ਼ੁਦ ਕੜਵਾ ਵਰਗ ਤੋਂ ਹਨ। ਕੀ ਇਸ ਦੀ ਪ੍ਰਤੀਕਿਰਿਆ ਵਿਚ ਭਾਜਪਾ ਲਊਆ ਪਟੇਲਾਂ ਦਾ ਸਮਰੱਥਨ ਜਿੱਤਣ ਵਿਚ ਸਫ਼ਲ ਨਹੀਂ ਹੋ ਜਾਵੇਗੀ? ਦੂਸਰੀ ਗੱਲ, ਹਾਰਦਿਕ ਦੇ ਰਾਖਵਾਂਕਰਨ ਦੇ ਅੰਦੋਲਨ ਨੇ ਪਟੇਲ ਵਰਗ ਨੂੰ ਉਮਰ ਦੇ ਆਧਾਰ 'ਤੇ ਵੰਡ ਦਿੱਤਾ ਹੈ। ਨੌਜਵਾਨ ਪਟੇਲਾਂ ਦਾ ਰੁਝਾਨ ਹਾਰਦਿਕ ਦੇ ਪੱਖ ਵਿਚ ਹੈ। ਉਹ ਭਾਜਪਾ ਨਾਲ ਨਾਰਾਜ਼ ਹਨ, ਪਰ ਬਜ਼ੁਰਗ ਪਟੇਲਾਂ ਦੀ ਮਾਨਤਾ ਹੈ ਕਿ ਭਾਜਪਾ ਦੇ ਸ਼ਾਸਨ ਵਿਚ ਉਨ੍ਹਾਂ ਨੂੰ ਸਮਾਜਿਕ ਅਤੇ ਆਰਥਿਕ ਰੂਪ ਵਿਚ ਲਾਭ ਹੋਇਆ ਹੈ। ਜੇ ਸੀਨੀਅਰ ਪਟੇਲਾਂ ਨੇ ਨੌਜਵਾਨਾਂ ਦਾ ਸਾਥ ਨਾ ਦਿੱਤਾ ਤਾਂ ਪਰਿਵਾਰਕ ਅਤੇ ਭਾਈਚਾਰੇ ਦੇ ਰਿਸ਼ਤਿਆਂ ਵਿਚ ਜੁੜੇ ਪਟੇਲ ਵਰਗ ਦਾ ਸਮਰਥਨ ਕੁੱਲ ਮਿਲਾ ਕੇ ਭਾਜਪਾ ਨਾਲ ਹੀ ਜਾ ਸਕਦਾ ਹੈ। ਹਾਂ, ਹਾਰਦਿਕ ਨੇ ਅਖੀਰ ਵਿਚ ਸੀਨੀਅਰ ਪਟੇਲਾਂ ਦੀ ਹਮਦਰਦੀ ਵੀ ਜਿੱਤਣ ਦੀ ਕੋਸ਼ਿਸ਼ ਕੀਤੀ ਹੈ ਅਤੇ ਲਊਆ-ਕੜਵਾ ਵੰਡ ਨੂੰ ਵੀ ਪ੍ਰਭਾਵਹੀਣ ਕਰਨ ਦਾ ਯਤਨ ਕੀਤਾ ਹੈ। ਇਸ ਨਾਲ ਜੋ ਚੋਣ ਅੱਜ ਦੀ ਤਰੀਕ ਵਿਚ ਭਾਜਪਾ ਲਈ ਆਸਾਨ ਲੱਗ ਰਹੀ ਹੈ, ਉਹ ਮੁਸ਼ਕਿਲ ਵੀ ਸਾਬਿਤ ਹੋ ਸਕਦੀ ਹੈ।

ਧਿਆਨ ਰਹੇ ਕਿ ਹਾਰਦਿਕ ਦੀਆਂ ਸਭਾਵਾਂ ਵਿਚ ਜੁੜਨ ਵਾਲੀ ਪ੍ਰਭਾਵਸ਼ਾਲੀ ਭੀੜ ਸਿਰਫ਼ ਨੌਜਵਾਨ ਪਟੇਲਾਂ ਦੀ ਹੀ ਨਹੀਂ ਹੁੰਦੀ। ਜੋ ਵੀ ਹੋਵੇ ਚੋਣ ਸਰਵੇਖਣ ਦਾ ਦੂਜਾ ਪੜਾਅ ਇਕ ਹੋਰ ਤੱਥ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਭਾਜਪਾ ਨਾਲ ਜੁੜੇ ਨੌਜਵਾਨ ਵੋਟਰਾਂ (ਸਿਰਫ਼ ਪਟੇਲ ਨੌਜਵਾਨ ਹੀ ਨਹੀਂ, ਦੂਜੇ ਨੌਜਵਾਨ ਵੀ) ਅਤੇ ਵਪਾਰੀ ਸਮਾਜ ਦੇ ਵੋਟ ਨਿਕਲ ਕੇ ਕਾਂਗਰਸ ਵੱਲ ਜਾਂਦੇ ਨਜ਼ਰ ਆ ਰਹੇ ਹਨ। ਗੁਜਰਾਤ ਦੇ ਦੋ ਖੇਤਰ ਅਜਿਹੇ ਹਨ ਜਿਨ੍ਹਾਂ ਵਿਚ ਕਾਂਗਰਸ ਭਾਜਪਾ ਨੂੰ ਸਿੱਧੀ ਟੱਕਰ ਦੇਣ ਦੀ ਸਥਿਤੀ ਵਿਚ ਆ ਗਈ ਹੈ। ਸੌਰਾਸ਼ਟਰ ਅਤੇ ਉੱਤਰ ਗੁਜਰਾਤ, ਇਨ੍ਹਾਂ ਵਿਚੋਂ ਉਤਰੀ ਗੁਜਰਾਤ ਵਿਚ ਤਾਂ ਉਹ ਭਾਜਪਾ ਤੋਂ ਅੱਗੇ ਨਿਕਲ ਗਈ ਹੈ। ਹਾਲਾਂਕਿ ਮੀਡੀਆ ਦੇ ਇਕ ਹਿੱਸੇ ਵਲੋਂ ਲਗਾਤਾਰ ਕਿਹਾ ਜਾ ਰਿਹਾ ਹੈ ਕਿ ਕਾਂਗਰਸ ਨਾਲ ਨਜ਼ਦੀਕੀਆਂ ਦੇ ਕਾਰਨ ਹਾਰਦਿਕ ਪਟੇਲ ਦੇ ਹੱਥਾਂ ਤੋਂ ਪਟੇਲਾਂ ਦਾ ਸਮਰਥਨ ਖਿਸਕਦਾ ਜਾ ਰਿਹਾ ਹੈ, ਪਰ ਸਰਵੇਖਣਾਂ ਤੋਂ ਅਜਿਹੇ ਕੋਈ ਸੰਕੇਤ ਸਾਹਮਣੇ ਨਹੀਂ ਆਏ।

ਕੁੱਲ ਮਿਲਾ ਕੇ ਗ਼ੈਰ-ਭਾਜਪਾ ਵਿਰੋਧੀ ਪਾਰਟੀਆਂ ਦੇ ਸਾਹਮਣੇ ਹਿਮਾਚਲ ਅਤੇ ਗੁਜਰਾਤ ਚੋਣਾਂ ਦੇ ਰੂਪ ਵਿਚ ਕੋਰੀ ਏਜੰਡਾ ਮੁੱਖ ਤੌਰ 'ਤੇ ਆਪਣੇ ਸਿਆਸੀ ਅਕਸ ਨੂੰ ਫਿਰ ਤੋਂ ਚਮਕਦਾਰ ਬਣਾਉਣ ਦਾ ਹੈ। ਨਹੀਂ ਤਾਂ ਇਹ ਭਾਜਪਾ ਵਿਰੋਧੀ ਭਾਵਨਾਵਾਂ ਦਾ ਲਾਹਾ ਲੈਣ ਤੋਂ ਵਾਂਝੀਆਂ ਰਹਿ ਜਾਣਗੀਆਂ।





*ਐਤਕੀਂ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਤੋਂ ਇਲਾਵਾ (ਖੱਬਿਓਂ) ਹਾਰਦਿਕ ਪਟੇਲ, ਅਪਲੇਸ਼ ਠਾਕੁਰ ਅਤੇ ਜਿਗਨੇਸ਼ ਮੇਵਾਨੀ ਦਾ ਵਿਸ਼ੇਸ਼ ਰੋਲ ਰਹੇਗਾ।*

# ਪਾਕਿਸਤਾਨ 'ਚ ਸੱਤਾ ਦੀ ਸਿਆਸਤ

ਆਰਿਫ ਨਿਜ਼ਾਮੀ

ਨਵਾਜ਼ ਸ਼ਰੀਫ਼ ਆਪਣੇ ਬਹੁਤੇ ਸਮਰਥਕਾਂ ਅਤੇ ਵਿਰੋਧੀਆਂ ਲਈ ਪਹੇਲੀ ਬਣੇ ਹੋਏ ਹਨ। ਪਾਕਿਸਤਾਨ ਪਰਤਣ ਤੋਂ ਬਾਅਦ ਉਨ੍ਹਾਂ ਆਪਣੇ ਵਲੋਂ ਕਈ ਸਾਲ ਤੋਂ ਵਰਤਿਆ ਜਾ ਰਿਹਾ ਇਹ ਕਥਨ ਦੁਹਰਾਇਆ ਹੈ ਕਿ ਉਹ ਕਿਸੇ ਤੋਂ ਹਦਾਇਤਾਂ ਨਹੀਂ ਲੈਣਗੇ। ਪਹਿਲੀ ਵਾਰ ਇਹ ਗੱਲ ਉਨ੍ਹਾਂ ਨੇ ਅਪਰੈਲ 1993 ਵਿਚ ਪ੍ਰਧਾਨ ਮੰਤਰੀ ਹੁੰਦਿਆਂ ਦੇਸ਼ ਦੇ ਨਾਂ ਆਪਣੇ ਸੰਬੋਧਨ ਵਿਚ ਕਹੀ ਸੀ। ਉਦੋਂ ਅਥਾਹ ਤਾਕਤਾਂ ਦੇਣ ਵਾਲੀ ਸੰਵਿਧਾਨਕ ਧਾਰਾ 58-2(ਬੀ) ਨਾਲ ਲੈਸ ਤਤਕਾਲੀ ਰਾਸ਼ਟਰਪਤੀ ਗੁਲਾਮ ਇਸ਼ਹਾਕ ਖਾਨ ਨੇ ਤੁਰੰਤ ਉਨ੍ਹਾਂ ਨੂੰ ਅਹੁਦੇ ਤੋਂ ਲਾਂਭੇ ਕਰ ਦਿੱਤਾ ਸੀ।

1997 ਵਿਚ ਮੁੜ ਸੱਤਾ ਵਿਚ ਆਉਣ ਤੋਂ ਬਾਅਦ ਸ਼ਰੀਫ਼ ਵਲੋਂ ਭਾਵੇਂ ਇਹ ਵਿਵਾਦਤ ਧਾਰਾ ਖ਼ਤਮ ਕਰ ਦਿੱਤੀ ਗਈ ਸੀ, ਪਰ ਤਾਕਤਵਰ ਪਾਕਿਸਤਾਨੀ ਸਥਾਪਤੀ ਦੇ ਮਾਮਲੇ ਵਿਚ ਸ਼ਰੀਫ਼ ਹਮੇਸ਼ਾ ਉਲਟ ਸਿਰੇ 'ਤੇ ਹੀ ਖੜ੍ਹੇ ਰਹੇ ਹਨ। ਪ੍ਰਧਾਨ ਮੰਤਰੀ ਹੁੰਦਿਆਂ ਉਹ ਜਨਰਲ ਅਸਲਮ ਬੇਗ, ਆਸਿਫ਼ ਨਵਾਜ਼, ਵਹੀਦ ਕੱਕੜ, ਜਹਾਂਗੀਰ ਕਰਾਮਤ ਅਤੇ ਪਰਵੇਜ਼ ਮੁਸ਼ੱਰਫ਼ ਸਮੇਤ ਸਾਰੇ ਫ਼ੌਜੀ ਮੁਖੀਆਂ ਵਿਚੋਂ ਕਿਸੇ ਨਾਲ ਵੀ ਬਣਾ ਕੇ ਨਹੀਂ ਰੱਖ ਸਕੇ।

ਇਹ ਮੰਨਿਆ ਗਿਆ ਸੀ ਕਿ ਸ਼ਰੀਫ਼ ਨੇ ਆਪਣੇ ਕੌੜੇ ਅਤੀਤ ਤੋਂ ਸਬਕ ਸਿੱਖ ਲਏ ਹੋਣਗੇ। ਇਸ ਦਰ ਕਰ ਕੇ ਜਦੋਂ ਜਨਰਲ ਰਾਹੀਲ ਸ਼ਰੀਫ਼ ਨਾਲ ਉਨ੍ਹਾਂ ਦੀ ਕਾਫ਼ੀ ਚੰਗੀ ਨਿਭੀ ਤਾਂ ਕਿਸੇ ਨੂੰ ਵੀ ਬਹੁਤੀ ਹੈਰਾਨੀ ਨਾ ਹੋਈ, ਪਰ ਜਦੋਂ ਸਮਾਂ ਆਇਆ ਤਾਂ ਆਪਣੇ ਭਰਾ ਸ਼ਹਿਬਾਜ਼ ਸ਼ਰੀਫ਼ ਦੀਆਂ ਸਿਫ਼ਾਰਸ਼ਾਂ ਦੇ ਬਾਵਜੂਦ ਉਨ੍ਹਾਂ ਨੇ ਰਾਹੀਲ ਸ਼ਰੀਫ਼ ਨੂੰ ਫ਼ੌਜੀ ਮੁਖੀ ਵਜੋਂ ਹੋਰ ਕਾਰਜਕਾਲ ਦੇਣ ਤੋਂ ਇਨਕਾਰ ਕਰ ਦਿੱਤਾ। ਹਾਲ ਹੀ ਦੌਰਾਨ ਪ੍ਰਧਾਨ ਮੰਤਰੀ ਅੱਬਾਸੀ ਅਤੇ ਸ਼ਾਹਬਾਜ਼ ਸ਼ਰੀਫ਼ ਉਨ੍ਹਾਂ ਨੂੰ ਲੰਡਨ ਵਿਚ ਇਸ ਗੱਲ ਲਈ ਪ੍ਰੇਰਨ ਵਾਸਤੇ ਮਿਲੇ ਸਨ ਕਿ ਫ਼ੌਜੀ ਲੀਡਰਸ਼ਿਪ ਪ੍ਰਤੀ ਨਰਮ ਰੁਖ਼ ਅਪਨਾਉਣ, ਪਰ ਇਹ ਬੈਠਕ ਰਲੇ-ਮਿਲੇ ਨਤੀਜਿਆਂ ਵਾਲੀ ਹੀ ਰਹੀ ਦੱਸੀ ਜਾਂਦੀ ਹੈ। ਸ਼ਰੀਫ਼ ਅਜੇ ਵੀ ਆਪਣੇ ਰੁਖ਼ 'ਤੇ ਅੜੇ ਹੋਏ ਹਨ ਅਤੇ ਉਹ ਪੈਰ ਪਿੱਛੇ ਖਿੱਚਣ ਲਈ ਤਿਆਰ ਨਹੀਂ ਜਾਪਦੇ। ਕੁਝ ਦਿਨ ਪਹਿਲਾਂ ਕੌਮੀ ਜਵਾਬਦੇਹੀ ਬਿਊਰੋ ਅਦਾਲਤ ਵਿਚ ਸੁਣਵਾਈ ਤੋਂ ਬਾਅਦ ਬਾਹਰ ਆ ਕੇ ਸ਼ਰੀਫ਼ ਨੇ ਅਦਾਲਤਾਂ ਪ੍ਰਤੀ ਸਖਤ ਰੁਖ਼ ਅਪਨਾਇਆ ਕਿ ਉਚ ਨਿਆਂਪਾਲਿਕਾ ਅਤੀਤ ਵਿਚ ਕਿਵੇਂ ਫ਼ੌਜੀ ਤਾਨਾਸ਼ਾਹਾਂ ਨੂੰ ਜਾਇਜ਼ ਠਹਿਰਾਉਂਦੀ ਰਹੀ ਹੈ। ਸ਼ਰੀਫ਼ ਅਸਲ ਵਿਚ 'ਬੈਕ ਸੀਟ' ਉਤੇ ਜਾਣ ਲਈ ਤਿਆਰ ਨਹੀਂ ਹਨ, ਜਿਵੇਂ ਸ਼ਹਿਬਾਜ਼ ਸ਼ਰੀਫ਼ ਅਤੇ ਨਿਸਾਰ ਵਰਗੇ ਉਨ੍ਹਾਂ ਦੇ ਸਥਾਪਤੀ ਪੱਖੀ ਸਲਾਹਕਾਰ ਚਾਹੁੰਦੇ ਹਨ; ਉਹ ਸਗੋਂ ਅੱਗੇ ਵਧ ਕੇ ਖੇਡਣ ਦਾ ਫ਼ੈਸਲਾ ਕਰ ਚੁੱਕੇ ਹਨ। ਸ਼ਾਇਦ ਉਨ੍ਹਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਹਮਲਾਵਰ ਰੁਖ਼ ਹੀ ਉਨ੍ਹਾਂ ਲਈ ਸਭ ਤੋਂ ਵਧੀਆ ਬਚਾਅ ਹੈ।

ਸ਼ਰੀਫ਼ ਦਾ ਸੋਚਣਾ (ਜੋ ਸਹੀ ਵੀ ਹੈ) ਸ਼ਾਇਦ ਇਹ ਹੈ ਕਿ ਉਹ ਜਿਵੇਂ ਮਰਜ਼ੀ ਵਿਹਾਰ ਕਰਨ ਦੀ ਸਥਿਤੀ ਪੂਰੀ ਤਰ੍ਹਾਂ ਉਨ੍ਹਾਂ ਦੇ ਉਲਟ ਹੈ। ਜੋ ਵੀ ਹੋਵੇ, ਪੀ.ਐਮ.ਐਲ.(ਐਨ.) ਨੂੰ ਆਪਣੀਆਂ ਬੇੜੀਆਂ ਵਿਚ ਏਨੇ ਵੱਟੇ ਵੀ ਨਹੀਂ ਭਰ ਲੈਣੇ ਚਾਹੀਦੇ ਕਿ ਅਗਲੇ ਵਰ੍ਹੇ ਮਾਰਚ ਵਿਚ ਹੋਣ ਵਾਲੀਆਂ ਸੈਨੇਟ ਦੀਆਂ ਚੋਣਾਂ ਤੋਂ ਪਹਿਲਾਂ ਹੀ ਉਹ ਪਾਰਲੀਮੈਂਟ ਤੋਂ ਬਾਹਰ ਹੋ ਜਾਵੇ। ਨਵਾਜ਼ ਸ਼ਰੀਫ਼ ਭਾਵੇਂ ਸਿਧਾਂਤਕ ਤੌਰ 'ਤੇ ਤਾਂ 'ਮਾਈਨਸ-ਵਨ' ਦੇ ਫਾਰਮੂਲੇ 'ਤੇ ਸਹਿਮਤ ਹੋ ਚੁੱਕੇ ਹਨ, ਜਿਸ ਦਾ ਮਤਲਬ ਹੈ ਕਿ ਅਗਲੀਆਂ ਚੋਣਾਂ ਵਿਚ ਉਨ੍ਹਾਂ ਦਾ ਭਰਾ ਉਨ੍ਹਾਂ ਦੀ ਥਾਂ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਹੋਵੇਗਾ, ਪਰ ਉਨ੍ਹਾਂ ਨੇ ਇਸ ਸਬੰਧੀ ਕੋਈ ਰਸਮੀ ਐਲਾਨ ਨਹੀਂ ਕੀਤਾ, ਨਾ ਹੀ ਉਹ ਨੇੜ ਭਵਿਖ ਵਿਚ ਅਜਿਹਾ ਕਰਨ ਵਾਲੇ ਹਨ।

ਜ਼ਾਹਰ ਹੈ ਕਿ ਹੁਣ ਉਨ੍ਹਾਂ ਦੀ ਬੇਟੀ ਮਰੀਅਮ ਨਵਾਜ਼, ਸ਼ਹਿਬਾਜ਼ ਸ਼ਰੀਫ਼ ਦੀ ਮੁੱਖ ਸਲਾਹਕਾਰ ਬਣ ਚੁੱਕੀ ਹੈ। ਕੌਮੀ ਅਸੈਂਬਲੀ ਦੀ 120 ਨੰਬਰ ਹਲਕੇ ਦੀ ਉਪ ਚੋਣ ਵਿਚ ਇਕੱਲੇ ਹੱਥੀਂ ਸਾਰਾ ਕੰਮ ਸੰਭਾਲਣ ਤੋਂ ਬਾਅਦ ਪਾਰਟੀ ਵਿਚ ਮਰੀਅਮ ਦਾ ਪ੍ਰਭਾਵ ਕਈ ਗੁਣਾ ਵਧ ਗਿਆ ਹੈ। ਸੰਸਥਾਵਾਂ ਨਾਲ ਨਜਿੱਠਣ ਦੇ ਮਾਮਲੇ 'ਤੇ ਦੋਵੇਂ ਪਿਉ-ਧੀ ਇਕੋ ਜਿਹੀ ਸੋਚ ਰੱਖਦੇ ਹਨ। ਮਰੀਅਮ ਨੇ ਹਾਲ ਹੀ ਦੌਰਾਨ ਇੰਟਰਵਿਊ ਵਿਚ ਆਪਣੇ ਪਿਤਾ ਪ੍ਰਤੀ ਇਸ ਪੱਖੋਂ ਅਸਹਿਮਤੀ ਜ਼ਾਹਰ ਕੀਤੀ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਹੁੰਦਿਆਂ ਲੋੜੋਂ ਵੱਧ ਸਮਝੌਤੇ (ਸਥਾਪਤੀ ਨਾਲ) ਕੀਤੇ। ਉਂਜ 'ਡਾਅਨ ਲੀਕ' ਮਾਮਲੇ ਵਿਚ ਟਵੀਟ ਦੇ ਮੁੱਦੇ 'ਤੇ ਸਖਤ ਰੁਖ਼ ਅਪਨਾਉਣ ਲਈ ਮਰੀਅਮ ਨੇ ਆਪਣੇ ਪਿਤਾ ਨੂੰ ਨਹੀਂ ਕਿਹਾ ਸੀ, ਜਿਵੇਂ ਪਹਿਲਾਂ ਧਾਰਨਾ ਬਣੀ ਸੀ, ਸਗੋਂ ਸ਼ਰੀਫ਼ ਉਦੋਂ ਖ਼ੁਦ ਹੀ ਇਸ ਗੱਲ 'ਤੇ ਅੜ ਗਏ ਸਨ ਕਿ ਫ਼ੌਜ ਨੂੰ ਟਵੀਟ ਵਾਪਸ ਲੈਣਾ ਹੀ ਪਵੇਗਾ। ਮਰੀਅਮ ਦਾ ਸੋਚਣਾ ਸੀ ਕਿ ਫ਼ੌਜੀ ਹਾਈ ਕਮਾਨ ਇਸ ਮਾਮਲੇ ਨੂੰ ਹਲਕੇ ਵਿਚ ਨਹੀਂ ਲਵੇਗੀ ਅਤੇ ਟਵੀਟ ਵਾਪਸ ਲੈਣ ਨੂੰ ਨਾਗਰਿਕ ਲੀਡਰਸ਼ਿਪ ਹੱਥੋਂ ਆਪਣੀ ਬੇਇੱਜ਼ਤੀ ਮੰਨੇਗੀ। ਅਜਿਹਾ ਹੀ ਹੋਇਆ ਅਤੇ ਕਈ ਲੋਕਾਂ ਮੁਤਾਬਿਕ ਇਹ ਗੱਲ ਫ਼ੈਸਲਾਕੁਨ ਸਾਬਤ ਹੋਈ। ਸ਼ਰੀਫ਼ ਦੇ ਨੇੜਲੇ ਸੂਤਰਾਂ ਦਾ ਦਾਅਵਾ ਹੈ ਕਿ ਸ਼ਰੀਫ਼ ਨਾਗਰਿਕ ਸਰਬਉਚਤਾ ਲਈ ਸੰਘਰਸ਼ ਜਾਰੀ ਰੱਖਣਗੇ, ਭਾਵੇਂ ਇਸ ਦਾ ਸਿੱਟਾ ਵਿਰੋਧੀ ਧਿਰ ਦੇ ਬੈਂਚਾਂ 'ਤੇ ਬੈਠਣ ਦੇ ਰੂਪ ਵਿਚ ਵੀ ਕਿਉਂ ਨਾ ਨਿਕਲੇ।

ਨਾਗਰਿਕ ਫ਼ੌਜੀ ਰਿਸ਼ਤਿਆਂ ਸਬੰਧੀ ਸੈਨੇਟ ਵਿਚ ਦਿਲਚਸਪ ਵਿਚਾਰ-ਚਰਚਾ ਵੇਖਣ ਨੂੰ ਮਿਲੀ। ਪਾਕਿਸਤਾਨ ਪੀਪਲਜ਼ ਪਾਰਟੀ ਦੇ ਸੈਨੇਟਰ ਫਰਹਤੁੱਲਾਹ ਬਾਬਰ ਨੇ ਕਿਹਾ ਕਿ ਸੰਸਦ, ਨਿਆਂਪਾਲਿਕਾ ਅਤੇ ਨਾਗਰਿਕ ਸਥਾਪਤੀ ਦੀਆਂ ਤਾਕਤਾਂ ਇਸਲਾਮਾਬਾਦ ਤੋਂ ਰਾਵਲਪਿੰਡੀ ਤਬਦੀਲ ਹੋ ਗਈਆਂ ਹਨ। ਜੇ ਇਹ ਗੱਲ ਸਹੀ ਹੈ ਤਾਂ ਇਕ ਬਿਨਾਂ ਕਿਸੇ ਸ਼ੋਰ-ਸ਼ਰਾਬੇ ਦੇ ਦੇਸ਼ ਵਿਚ ਨਰਮ ਰਾਜ ਪਲਟਾ ਹੋ ਚੁੱਕਾ ਹੈ। ਬਾਬਰ ਨੇ ਸ਼ਿਕਵਾ ਜ਼ਾਹਰ ਕੀਤਾ ਕਿ ਹਰ ਇਕ ਨੂੰ ਜਵਾਬਦੇਹੀ ਦੇ ਘੇਰੇ ਵਿਚ ਲਿਆਉਣ ਦਾ ਮੌਕਾ ਸੰਸਦ ਨੇ ਗੁਆ ਦਿੱਤਾ ਹੈ। ਉਹ ਉਸ ਪ੍ਰਸਤਾਵਿਤ ਕਾਨੂੰਨ ਦੀ ਗੱਲ ਕਰ ਰਹੇ ਸਨ, ਜਿਸ ਵਿਚ ਜੱਜਾਂ, ਜਰਨੈਲਾਂ ਸਮੇਤ ਸਾਰਿਆਂ ਦੀ ਜਵਾਬਦੇਹੀ ਨਿਰਧਾਰਤ ਕਰਨ ਦੀ ਗੱਲ ਸੀ। ਪੀ.ਪੀ.ਪੀ. ਨੇ ਸ਼ੁਰੂ ਵਿਚ ਇਸ ਕਾਨੂੰਨ ਦੀ ਹਮਾਇਤ ਕੀਤੀ ਸੀ, ਪਰ ਬਾਅਦ ਵਿਚ ਇਸ ਨੇ ਪੈਰ ਪਿੱਛੇ ਖਿੱਚ ਲਏ। ਦਿਲਚਸਪੀ ਵਾਲੀ ਗੱਲ ਇਹ ਹੈ ਕਿ ਫ਼ੌਜ ਅਤੇ ਨਿਆਂਪਾਲਿਕਾ ਨੂੰ ਜਵਾਬਦੇਹੀ ਦੇ ਘੇਰੇ ਵਿਚ ਸ਼ਾਮਿਲ ਕਰਨ ਵਾਲੇ ਇਸ ਕਾਨੂੰਨ ਦੇ ਵਿਚਾਰ ਦੀ ਸ਼ਰੀਫ਼ ਦੀ ਆਪਣੀ ਪਾਰਟੀ ਨੇ ਵੀ ਹਮਾਇਤ ਨਹੀਂ ਸੀ ਕੀਤੀ। ਇਸ ਗੱਲ ਨੇ ਵਿਆਪਕ ਜਵਾਬਦੇਹੀ ਦੇ ਅਮਲ ਦਾ ਹੀ ਮਜ਼ਾਕ ਬਣਾ ਦਿੱਤਾ ਸੀ। ਇਸ ਦਾ ਭਾਵ ਇਹ ਹੈ ਕਿ ਸਿਆਸਤਦਾਨ ਜਵਾਬਦੇਹੀ ਦੇ ਨਾਂ 'ਤੇ ਉਨ੍ਹਾਂ ਨੂੰ ਇਕੱਲਿਆਂ ਨੂੰ ਹੀ ਨਿਸ਼ਾਨਾ ਬਣਾਏ ਜਾਣ ਦਾ ਰੋਣਾ ਤਾਂ ਰੋਂਦੇ ਹਨ, ਪਰ ਬਿੱਲੀ ਦੇ ਗਲ ਟੱਲੀ ਬੰਨ੍ਹਣ ਨੂੰ ਕੋਈ ਵੀ ਤਿਆਰ ਨਹੀਂ ਹੈ, ਕਿਉਂਕਿ ਅਜਿਹਾ ਕਰਨ ਨਾਲ ਤਾਕਤਵਰ ਲੋਕ ਨਾਰਾਜ਼ ਹੁੰਦੇ ਹਨ। ਸੋ, ਸੰਸਥਾਗਤ ਢਾਂਚੇ ਵਿਚ ਸੰਸਦ ਦੀ ਸਰਬਉਚਤਾ ਸਥਾਪਤ ਕਰ ਸਕਣੀ ਅਜੇ ਵੀ ਦੂਰ ਦੀ ਕੌਡੀ ਹੈ। ਇਹ ਬਦਕਿਸਮਤੀ ਵਾਲੀ ਗੱਲ ਹੈ ਕਿ ਸੰਸਦ ਵਿਚਲੀਆਂ ਦੋਵਾਂ ਮੁੱਖ ਪਾਰਟੀਆਂ, ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਅਤੇ ਪਾਕਿਸਤਾਨ ਪੀਪਲਜ਼ ਪਾਰਟੀ, ਇਕ-ਦੂਜੀ ਖਿਲਾਫ਼ ਦੂਸ਼ਣਬਾਜ਼ੀ ਵਿਚ ਹੀ ਰੁੱਝੀਆਂ ਹੋਈਆਂ ਹਨ। ਦੋਵੇਂ ਪਾਰਟੀਆਂ ਅਤੀਤ ਵਿਚ ਲੋਕਤੰਤਰੀ ਸੰਸਥਾਵਾਂ ਦੀ ਮਜ਼ਬੂਤੀ ਲਈ ਆਪਸ ਵਿਚ ਸਹਿਯੋਗ ਕਰਦੀਆਂ ਰਹੀਆਂ ਹਨ। ਜ਼ਰਦਾਰੀ ਦਾ ਮੰਨਣਾ ਹੈ ਕਿ ਸ਼ਰੀਫ਼ ਨੇ ਪ੍ਰਧਾਨ ਮੰਤਰੀ ਹੁੰਦਿਆਂ ਫ਼ੌਜੀ ਸਥਾਪਤੀ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਨੂੰ ਇਕੱਲਿਆਂ ਛੱਡ ਦਿੱਤਾ ਸੀ। ਹੁਣ ਅਹੁਦਿਓਂ ਲੱਥਣ ਤੋਂ ਬਾਅਦ ਸ਼ਰੀਫ਼ ਨੇ ਦੋਸ਼ ਲਾਇਆ ਹੈ ਕਿ ਪੀ.ਪੀ.ਪੀ. ਦੇ ਕੋ-ਚੇਅਰਮੈਨ (ਜ਼ਰਦਾਰੀ) ਉਸੇ ਫ਼ੌਜੀ ਸਥਾਪਤੀ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਦੀ ਆਲੋਚਨਾ ਕਰ ਰਹੇ ਹਨ।

ਸਾਰੇ ਜਾਣਦੇ ਹਨ ਕਿ ਸ਼ਰੀਫ਼ ਵਲੋਂ ਜ਼ਰਦਾਰੀ ਨਾਲ ਸੰਪਰਕ ਕਰਨ ਦੇ ਕਈ ਯਤਨਾਂ ਦਾ ਕੋਈ ਸਿੱਟਾ ਨਹੀਂ ਨਿਕਲਿਆ। ਇਹ ਪੀ.ਪੀ.ਪੀ. ਦੇ ਭਲੇ ਵਿਚ ਹੈ ਅਤੇ ਪੀ.ਐਮ.ਐਲ.(ਐਨ.) ਦੇ ਭਲੇ ਵਿਚ ਵੀ ਕਿ ਦੋਵੇਂ ਪਾਰਟੀਆਂ ਕਿਸੇ ਤਰ੍ਹਾਂ ਦਾ ਆਪਸੀ ਤਾਲਮੇਲ ਸਥਾਪਿਤ ਕਰ ਲੈਣ, ਪਰ ਕਈ ਵਾਰ ਤੁਹਾਡੀਆਂ ਨਿੱਜੀ ਪਸੰਦਾਂ-ਨਾਪਸੰਦਾਂ ਤੁਹਾਡੀਆਂ ਸਿਆਸੀ ਲੋੜਾਂ 'ਤੇ ਭਾਰੂ ਹੋ ਜਾਂਦੀਆਂ ਹਨ, ਜਿਵੇਂ ਇਸ ਮਾਮਲੇ ਵਿਚ ਹੋ ਰਿਹਾ ਹੈ।

# ਮੁੱਕ ਗਿਆ ਕਵੀਸ਼ਰੀ ਦਾ ਇੱਕ ਯੁੱਗ-ਜੋਗਾ ਸਿੰਘ ਜੋਗੀ

ਇੱਕ ਸ਼ਰਧਾਂਜਲੀ

ਕਲਾ ਨਾਲ ਕਿਸੇ ਦੇ ਜੀਵਨ ਨੂੰ ਸਮਝਣਾ ਸੌਖਾ ਬੜਾ ਹੋ ਜਾਂਦਾ ਹੈ, ਪਰ ਜਿਸ ਦਾ ਪੱਲਾ ਕਲਾ ਨਾਲ ਭਰਿਆ ਹੋਵੇ, ਉਸ ਦੀ ਗੱਲ ਕਰਨੀ ਔਖੀ ਬੜੀ ਹੋ ਜਾਂਦੀ ਹੈ। ਕਵੀਸ਼ਰ ਜੋਗਾ ਸਿੰਘ ਜੋਗੀ ਨਾ ਸਿਰਫ ਹਰ ਸਿੱਖ ਦੇ ਮਨ 'ਚ ਵਸਿਆ ਹੋਇਆ ਹੈ, ਸਗੋਂ ਇਹ ਨਾਂ ਹਰ ਉਸ ਲਈ ਆਪਣਾ ਆਪਣਾ ਹੈ, ਜੋ ਸੰਗੀਤ, ਕਲਾ, ਸ਼ਾਇਰੀ ਅਤੇ ਕਵੀਸ਼ਰੀ ਨੂੰ ਪਿਆਰ ਕਰਦਾ ਹੈ। 70 ਸਾਲ ਤੋਂ ਵੱਧ ਦਾ ਸਮਾਂ ਕਵੀਸ਼ਰੀ ਦੀ ਕਲਾ 'ਚ ਗੁਜਾਰ ਕੇ, ਸਿੱਖ ਇਤਿਹਾਸ ਨੂੰ ਗਾ ਕੇ ਜੋ ਇਤਿਹਾਸ ਖੁਦ ਜੋਗਾ ਸਿੰਘ ਜੋਗੀ ਬਣਾ ਗਿਆ ਹੈ, ਉਹ ਸ਼ਾਇਦ ਹੁਣ ਹੋਰ ਕਿਸੇ ਲਈ ਬਣਾਉਣਾ ਮੁਸ਼ਕਿਲ


**ਐਸ. ਅਸ਼ੋਕ ਭੌਰਾ**
**ਫੋਨ: 510-415-3315**

ਹੀ ਹੋਵੇਗਾ। ਪੰਜਾਬ ਦਾ ਕੋਈ ਕੋਨਾ ਨਹੀਂ ਜਿੱਥੇ ਉਸ ਦੇ ਕਵੀਸ਼ਰੀ ਜਥੇ ਨੇ ਹਾਜ਼ਰੀ ਨਹੀਂ ਭਰੀ। ਇਤਿਹਾਸਕ ਇਕੱਠਾਂ, ਜੋੜ ਮੇਲਿਆਂ, ਕਾਨਫਰੰਸਾਂ ਅਤੇ ਗੁਰੂਘਰਾਂ ਵਿਚ ਸਿੱਖ ਇਤਿਹਾਸ ਨੂੰ ਕਵੀਸ਼ਰੀ ਦੀ ਰੰਗਤ ਚਾੜ੍ਹ ਕੇ ਆਪਣਾ ਸਾਰਾ ਜੀਵਨ ਕਵੀਸ਼ਰੀ ਦੇ ਲੇਖੇ ਲਾਈ ਰੱਖਿਆ ਹੈ। ਇਹ ਉਹੀ ਜੋਗਾ ਸਿੰਘ ਜੋਗੀ ਹੈ, ਜਿਸ ਨੂੰ ਬੀਬੀਆਂ ਵੀ ਸਤਿਕਾਰ ਨਾਲ ਭੇਟਾ ਦਿੰਦਿਆਂ ਦੁਆ ਕਰਦੀਆਂ ਸਨ ਕਿ ਕਵੀਸ਼ਰੀ ਦਾ ਇਹ ਦੀਵਾ ਕਦੇ ਨਾ ਬੁਝੇ। ਪਰ ਹੋਣੀ ਪਿੱਛਾ ਕਿੱਥੇ ਛੱਡਦੀ ਹੈ ਤੇ ਲੰਘੇ ਵੀਰਵਾਰ, 9 ਨਵੰਬਰ ਨੂੰ ਕਰੀਬ 85 ਵਰ੍ਹਿਆਂ ਦੀ ਉਮਰ ਵਿਚ, ਤਿੰਨ ਕੁ ਹਫਤੇ ਡਾਕਟਰਾਂ ਦੀ ਮਦਦ ਨਾਲ ਜ਼ਿੰਦਗੀ ਅਤੇ ਮੌਤ ਦੀ ਘੋਲ ਕਰਦਿਆਂ


ਕਵੀਸ਼ਰ ਜੋਗਾ ਸਿੰਘ ਜੋਗੀ ਜਥੇ ਦੇ ਮੈਂਬਰਾਂ ਨਾਲ

ਕਵੀਸ਼ਰੀ ਦਾ ਇਹ ਜਰਨੈਲ ਹਾਰ ਹੀ ਗਿਆ।

ਜੋਗਾ ਸਿੰਘ ਜੋਗੀ ਦਾ ਜਨਮ ਗੁਰਦਾਸਪੁਰ ਜ਼ਿਲ੍ਹੇ ਦੇ ਬਾਬਾ ਬਕਾਲਾ ਨੇੜੇ ਪੈਂਦੇ ਪਿੰਡ ਤੁਗਲਵਾਲ ਵਿਖੇ ਮਾਤਾ ਦਲੀਪ ਕੌਰ ਅਤੇ ਪਿਤਾ ਜਾਵੰਦ ਸਿੰਘ ਦੇ ਘਰ 11 ਨਵੰਬਰ 1932 ਨੂੰ ਹੋਇਆ। ਪਿਤਾ ਦਾ ਸਾਇਆ ਬਚਪਨ ਵਿਚ ਹੀ ਉਠ ਜਾਣ ਕਾਰਨ ਜ਼ਿੰਦਗੀ ਨਾਲ ਸੰਘਰਸ਼ ਸ਼ੁਰੂ ਤੋਂ ਹੀ ਕਰਨਾ ਪੈ ਗਿਆ। ਸਕੂਲ 'ਚ ਪੜ੍ਹਦਿਆਂ ਬੋਲਣ ਦੀ ਕਲਾ ਨੇ ਉਸ ਨੂੰ ਇੱਕ ਨਵਾਂ ਜੀਵਨ ਦਿੱਤਾ। ਸ਼ਾਇਦ ਇਹ ਅਜੀਬ ਲੱਗੇਗਾ, ਪਰ ਸ਼ੁਰੂਆਤੀ ਦਿਨਾਂ 'ਚ ਉਹ ਕੁਝ ਸਿਆਸੀ ਪਾਰਟੀਆਂ ਲਈ ਵੀ ਗਾਉਂਦਾ ਰਿਹਾ। ਇਸੇ ਕਰਕੇ ਉਹਦੀਆਂ ਕੁਝ ਲਿਖਤਾਂ 'ਚੋਂ ਹਵਾਲਾ ਵੀ ਮਿਲਦਾ ਹੈ। 'ਹਕੂਮਤੇ ਲੁਟੇਰਿਆਂ ਦੀਏ, ਤੇਰੇ ਦਿਨ ਜ਼ਿੰਦਗੀ ਦੇ ਥੋੜੇ' ਪਰ ਇਸ ਪਾਸੇ ਤੋਂ ਉਸ ਨੇ ਛੇਤੀ ਹੀ ਕਿਨਾਰਾਕਸ਼ੀ ਕਰ ਲਈ। ਹਾਲਾਂਕਿ ਉਹ ਲੋਕ ਕਲਾ ਦੇ ਖੇਤਰ 'ਚ ਵਿਚਰਦਿਆਂ ਕਿਸੇ ਅਜਿਹੇ ਸ਼ਖਸ ਨੂੰ ਉਸਤਾਦ ਧਾਰਨਾ ਚਾਹੁੰਦਾ ਸੀ, ਜੋ ਉਸ ਨੂੰ ਜ਼ਿੰਦਗੀ ਜਿਉਣ ਲਈ ਪੈਸੇ ਕਮਾਉਣ ਦਾ ਸਾਧਨ ਵੀ ਦੇ ਸਕੇ। ਅਜਿਹੀ ਉਸਤਾਦੀ ਸ਼ਾਗਿਰਦੀ ਲਈ ਉਸ ਨੇ ਇੱਕ ਵਾਰ ਆਪਣਾ ਸਾਈਕਲ ਵੀ ਵੇਚ ਦਿੱਤਾ ਸੀ, ਪਰ ਕਮਾਲ ਇਹ ਹੋਈ ਕਿ ਗੁਰੂ ਦੇ ਲੜ ਲੱਗ ਗਿਆ। ਉਹਦਾ ਬਚਪਨ ਦਾ ਨਾਂ ਤਾਂ ਘਰਦਿਆਂ ਦੂਲਾ ਸਿੰਘ ਰੱਖਿਆ ਸੀ ਪਰ 15 ਅਗਸਤ 1947 ਨੂੰ ਜਿਸ ਦਿਨ ਦੇਸ਼ ਆਜ਼ਾਦੀ ਦਾ ਜਸ਼ਨ ਮਨਾ ਰਿਹਾ ਸੀ, ਉਸ ਦਿਨ ਇਸ ਦੂਲਾ ਸਿੰਘ ਨੇ ਗੁਰੂ ਦੇ ਲੜ ਲੱਗਣ ਦਾ ਫੈਸਲਾ ਲਿਆ ਤੇ ਉਹ ਦੂਲਾ ਸਿੰਘ ਤੋਂ ਜੋਗਾ ਸਿੰਘ ਬਣ ਗਿਆ। ਉਸ ਦੇ ਨਾਂ ਨਾਲ ਜੋਗੀ ਤਖੱਲਸ ਜੋੜਨ ਦਾ ਵੀ ਇੱਕ ਇਤਫਾਕ ਹੀ ਹੈ। ਉਹ ਇੱਕ ਵਾਰ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਝੌਰ ਵਿਚ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਗੁਰਪੁਰਬ 'ਤੇ ਗਏ, ਉਥੇ ਪੰਥ ਦੇ ਮਹਾਨ ਵਿਦਵਾਨ, ਕਥਾਵਾਚਕ ਵੀ ਹਾਜ਼ਰ ਸਨ। ਇੱਥੇ ਉਚ ਕੋਟੀ ਦੇ ਬੁਲਾਰੇ ਗੁਰਦਿਆਲ ਸਿੰਘ ਰਾਣੀਵਾਲਾ ਨੇ ਕਿਹਾ ਕਿ ਜੋਗਾ ਸਿੰਘ ਵੱਲ ਵੇਖੋ ਪਹਿਲੀ ਤੱਕਣੀ ਕਮਾਲ ਦੀ ਹੈ, ਇਸ ਮੁੰਡੇ ਨੂੰ ਗੱਲ ਬੜੀ ਫੁਰਦੀ ਹੈ, ਇਹਦਾ ਅੰਦਾਜ਼-ਏ-ਬਿਆਨ ਕਮਾਲ ਹੈ, ਗੱਲ ਦਾ ਸਲੀਕਾ ਬੜਾ ਹੈ ਤੇ ਇਹ ਜ਼ਿੰਦਗੀ ਵਿਚ ਕਿਸੇ ਮੁਕਾਮ 'ਤੇ ਪੁੱਜੇਗਾ। ਇਹ ਜੋਗਾ ਸਿੰਘ ਵੀ ਹੈ ਤੇ ਜੋਗੀ ਵੀ। ਫਿਰ ਇਹੀ ਤਖੱਲਸ 'ਜੋਗੀ' ਸਾਰੀ ਉਮਰ ਉਹਦੇ ਨਾਂ ਨਾਲ ਜੁੜ ਗਿਆ। ਸ਼ਾਇਰੀ ਦੇ ਗੁਣ, ਛੰਦ ਕਲਾ ਦੀਆਂ ਬਾਰੀਕੀਆਂ ਜਦੋਂ ਉਹਨੇ ਢਾਡੀ ਸੋਹਣ ਸਿੰਘ ਸੀਤਲ ਤੋਂ ਸਿੱਖੀਆਂ ਤਾਂ ਇੱਕ ਤਰ੍ਹਾਂ ਨਾਲ ਜੋਗਾ ਸਿੰਘ ਜੋਗੀ ਸਿੱਖ ਕੌਮ ਦਾ ਉਹ ਹੀਰਾ ਬਣ ਗਿਆ, ਜਿਸ ਨੂੰ ਅੱਜ ਤੱਕ ਲੋਕੀਂ ਹੱਥੀਂ ਛਾਂਵਾਂ ਕਰਦੇ


ਕਵੀਸ਼ਰ ਜੋਗਾ ਸਿੰਘ ਜੋਗੀ

ਰਹੇ ਨੇ। ਗੁਰਬਤ ਤੋਂ ਜ਼ਿੰਦਗੀ ਸ਼ੁਰੂ ਕਰਕੇ ਉਤਰਾਅ-ਚੜ੍ਹਾਅ ਦੇਖਣ ਵਾਲਾ ਜੋਗੀ ਕਈ ਥਾਂ ਉਖੜਦਾ ਵੀ ਰਿਹਾ, ਪਰ ਉਸ ਨੇ ਆਪਣੀ ਕਲਾ ਨੂੰ ਕਿਤੇ ਵੀ ਪ੍ਰਭਾਵਿਤ ਨਹੀਂ ਹੋਣ ਦਿੱਤਾ। ਜੋਗੀ ਦੀ ਸ਼ਾਇਰੀ 'ਚ ਸਭ ਤੋਂ ਖਾਸ ਗੱਲ ਇਹ ਰਹੀ ਹੈ ਕਿ 94 ਕਲੀਆਂ ਛੰਦ ਅਤੇ 72 ਕਲਾ ਛੰਦ ਨੂੰ ਸਭ ਤੋਂ ਵੱਧ ਵਡਿਆਈ ਲੈ ਕੇ ਦੇਣ ਵਾਲਾ ਵੀ ਇਹੀ ਮਹਾਨ ਕਵੀਸ਼ਰ ਹੈ।

ਜੋਗੀ ਦੇ ਲਿਖੇ ਪ੍ਰਸੰਗਾਂ 'ਸਿੱਖ ਯੋਧਿਆਂ ਦੀਆਂ ਵਾਰਾਂ' ਤੇ ਸਿੱਖ ਇਤਿਹਾਸ ਦੇ ਅਹਿਮ ਤੱਥਾਂ ਨੂੰ ਜੋ ਰੰਗਤ ਜੋਗਾ ਸਿੰਘ ਜੋਗੀ ਦੇ ਕਵੀਸ਼ਰੀ ਜਥੇ ਨੇ ਦਿੱਤੀ ਹੈ, ਉਸ ਨੂੰ ਐਲਬਮਾਂ, ਤਵਿਆਂ ਦੇ ਰੂਪ ਵਿਚ ਸਭ ਤੋਂ ਵੱਧ ਸੰਭਾਲਿਆ ਗਿਆ ਹੈ ਤੇ ਐਚ. ਐਮ. ਵੀ. ਤੋਂ ਲੈ ਕੇ ਟੀ-ਸੀਰੀਜ਼ ਤੱਕ ਦਰਜਨਾਂ ਕੰਪਨੀਆਂ ਨੇ ਉਸ ਦੀ ਆਵਾਜ਼ ਨੂੰ ਸੰਭਾਲ ਕੇ ਇੱਕ ਇਤਿਹਾਸ ਬਣਾ ਦਿੱਤਾ ਹੈ। ਲੋਕ ਕਿੱਸਿਆਂ ਨੂੰ ਗਾਉਣ ਵਾਲਾ ਜੋਗੀ ਕਿਤੇ ਕਿਤੇ ਹਾਸਰਸ, ਲੋਕਰੰਗ ਤੇ ਸਮਾਜਿਕ ਵਰਤਾਰੇ 'ਤੇ ਵੀ ਟਕੋਰਾਂ ਕਰਦਾ ਰਿਹਾ ਹੈ। ਪਰ ਜਿਨ੍ਹਾਂ ਵੰਨਗੀਆਂ 'ਤੇ ਸਿੱਖ ਜਗਤ ਮਾਣ ਕਰਦਾ ਹੈ, ਉਨ੍ਹਾਂ ਵਿਚ ਹਰੀ ਸਿੰਘ ਨਲੂਆ, ਮਹਾਰਾਣੀ ਜਿੰਦਾ, ਸਾਕਾ ਚਮਕੌਰ ਗੜ੍ਹੀ, ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਦੀਪ ਸਿੰਘ, ਕਲਗੀਧਰ ਦੀ ਅੰਤਿਮ ਯਾਤਰਾ, ਜੰਗ ਚਮਕੌਰ ਦੀ, ਸਾਕਾ ਸਰਹੰਦ, ਭਾਈ ਬਚਿੱਤਰ ਸਿੰਘ, ਬਿਧੀ ਚੰਦ ਦੇ ਘੋੜੇ, ਮੱਸਾ ਰੰਘੜ, ਰਣਜੀਤ ਨਗਾਰਾ ਅਤੇ ਭਾਈ ਬਚਿੱਤਰ ਸਿੰਘ ਦੀ ਗੁਰੂ ਸਾਹਿਬ ਨਾਲ ਗੱਲਬਾਤ ਨੂੰ ਕਵੀਸ਼ਰੀ ਤੇ ਛੰਦਬੰਦੀ ਵਿਚ ਬੰਨ੍ਹ ਕੇ ਇੱਕ ਤਰ੍ਹਾਂ ਨਾਲ ਅਮਰ ਰਚਨਾਵਾਂ ਬਣਾ ਗਿਆ ਹੈ।


'ਚਿੱਠੀ ਲਿਖੀ ਮਹਾਰਾਣੀ ਨੇ ਸ਼ਾਮ ਸਿੰਘ ਨੂੰ
ਬੰਦੇ ਆਪਣੇ ਹੋ ਗਏ ਗੱਦਾਰ ਸਿੰਘਾ।'

ਮਹਾਰਾਣੀ ਜਿੰਦਾ ਦਾ ਇਹ ਖਤ ਜਿਸ ਅੰਦਾਜ਼ ਵਿਚ ਕਵੀਸ਼ਰ ਜੋਗਾ ਸਿੰਘ ਜੋਗੀ ਦਾ ਜਥਾ ਪੇਸ਼ ਕਰਦਾ ਰਿਹਾ ਹੈ, ਉਹ ਉਹਦੀ ਕਲਾ ਅਤੇ ਸੰਗੀਤ ਸ਼ੈਲੀ ਦਾ ਸਭ ਤੋਂ ਉਤਮ ਨਮੂਨਾ ਮੰਨਿਆ ਜਾ ਸਕਦਾ ਹੈ।

ਜੋਗਾ ਸਿੰਘ ਜੋਗੀ ਨੇ ਦਰਜਨਾਂ ਪੁਸਤਕਾਂ ਸਿੱਖ ਜਗਤ ਦੀ ਝੋਲੀ ਪਾਈਆਂ ਹਨ। ਉਹਦੀ ਆਖਰੀ ਪੁਸਤਕ ਸੀ, 'ਚੋਣਵੇਂ ਛੰਦਾਂ ਦੀ ਸੌਗਾਤ' (ਜੋਗੀ ਦੇ ਅਣਮੋਲ ਮੋਤੀ), ਪਰ ਉਹ ਆਖਦਾ ਹੁੰਦਾ ਸੀ ਮੇਰੇ ਕੋਲ ਛਪਣ ਲਈ ਹਾਲੇ ਮਸਾਲਾ ਬੜਾ ਪਿਆ ਹੈ।

ਜੋਗੀ ਦੇ ਕਵੀਸ਼ਰੀ ਜਥੇ ਨੂੰ ਚਾਰ ਚੰਨ ਲਾਉਣ ਵਾਲੇ ਸਰੂਪ ਸਿੰਘ ਸੂਰਵਿੰਡ, ਜਗੀਰ ਸਿੰਘ ਮੱਸ, ਗੁਰਮੁਖ ਸਿੰਘ ਐਮ. ਏ., ਸਰਦਾਰਾ ਸਿੰਘ ਸ਼ੌਕੀ, ਸਤਨਾਮ ਰਾਮ ਸਿੰਘ ਲੱਥਾ ਮੁੰਡਾ, ਚਰਨ ਸਿੰਘ ਕੋਮਲ ਤੇ ਮੋਹਣ ਸਿੰਘ ਘਣੀਕੇ ਰਹੇ ਹਨ। ਉਸ ਦੇ ਸੈਂਕੜੇ ਸ਼ਾਗਿਰਦ ਅਤੇ ਦਰਜਨਾਂ ਅਜਿਹੇ ਲੋਕ ਹਨ, ਜੋ ਕਵੀਸ਼ਰੀ ਤੇ ਸੰਗੀਤ ਕਲਾ ਸਿੱਖਣ ਵਿਚ ਉਸ ਤੋਂ ਅਗਵਾਈ ਲੈਂਦੇ ਰਹੇ ਹਨ। ਅਜੀਤ ਸਿੰਘ ਦਰਦੀ, ਗੁਰਦਿਆਲ ਸਿੰਘ ਢਿੱਲਵਾਂ, ਸੁੱਖ ਸਿੰਘ ਡੇਰਾ ਪੁਰਾਣਾ, ਜਗਦੀਸ਼ ਸਿੰਘ ਰੰਧਾਵਾ, ਬਲਦੇਵ ਸਿੰਘ ਬੈਂਕਾ, ਲਖਵੀਰ ਸਿੰਘ ਮੱਸ ਤੇ ਅਮਰਜੀਤ ਸਿੰਘ ਸੋਢੀ ਉਸ ਦੇ ਲੇਖਣੀ ਵਿਚ ਸ਼ਾਗਿਰਦ ਹਨ। ਜੋਗਾ ਸਿੰਘ ਜੋਗੀ ਨਾ ਸਿਰਫ ਇੱਕ ਕਵੀਸ਼ਰ ਸੀ, ਨਾ ਸਿਰਫ ਸਿੱਖ ਕੌਮ ਦਾ ਪ੍ਰਚਾਰਕ ਸੀ, ਨਾ ਸਿਰਫ ਇੱਕ ਵਧੀਆ ਤੇ ਸੁਰੀਲਾ ਬੁਲਾਰਾ ਸੀ, ਸਗੋਂ ਉਹ ਇੱਕ ਚੇਤੰਨ ਮਨੁੱਖ ਸੀ, ਫਿਲਾਸਫਰ ਸੀ। ਉਹ ਸਰਮਾਏਦਾਰੀ ਤੇ ਅਜਾਰੇਦਾਰੀ ਖਿਲਾਫ ਆਵਾਜ਼ ਬੁਲੰਦ ਕਰਦਾ ਰਿਹਾ। ਉਹਦੀ ਕਵਿਤਾ ਖਲਕਤ ਦੀ ਬਾਤ ਪਾਉਂਦੀ ਸੀ, ਉਹਨੂੰ ਸੁਣ ਲੋਕ ਆਖਦੇ ਸਨ, 'ਸੁਆਦ ਆ ਗਿਆ।' ਤੇ ਜਿਨ੍ਹਾਂ ਨੇ ਉਹਦੀ ਪੁਸਤਕ 'ਜੋਗੀ ਦੇ ਤਰਾਨੇ' ਪੜ੍ਹੀ ਹੈ, ਉਹ ਜਾਣਦੇ ਹਨ ਕਿ ਸ਼ਾਇਰੀ 'ਚ ਜੋਗਾ ਸਿੰਘ ਜੋਗੀ ਵਰਗਾ ਸ਼ਾਇਦ ਹੀ ਹੋਰ ਕੋਈ ਪੈਦਾ ਹੋ ਸਕੇ ਜਾਂ ਜੋਗੀ ਵਰਗਾ ਬਣ ਸਕੇ। ਜੋਗਾ ਸਿੰਘ ਜੋਗੀ ਨੇ ਇਕੱਲਾ ਸਿੱਖ ਇਤਿਹਾਸ ਹੀ ਨਹੀਂ ਲਿਖਿਆ ਤੇ ਗਾਇਆ, ਸਗੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਅਜ਼ਾਦ, ਬੀ. ਕੇ. ਦੱਤ ਤੇ ਊਧਮ ਸਿੰਘ ਵਰਗੇ ਕੌਮੀ ਸ਼ਹੀਦਾਂ ਦੇ ਜੀਵਨ ਇਤਿਹਾਸ ਦੀ ਗੱਲ ਕਰਨ ਵਾਲਾ ਵੀ ਜੋਗੀ ਹੀ ਸੀ। ਨਾਮਧਾਰੀ ਲਹਿਰ, ਗਦਰ ਲਹਿਰ, ਬੱਬਰ ਅਕਾਲੀ ਲਹਿਰ ਨੂੰ ਜੋਸ਼ੀਲੇ ਰੰਗ 'ਚ ਆਪਣੇ ਛੰਦਾਂ ਰਾਹੀਂ ਪਰੋ ਕੇ ਬਹੁਤ ਕੁਝ ਵੱਖਰਾ ਕਰ ਗਿਆ ਹੈ। ਸੱਚੀਂ ਜੋਗਾ ਸਿੰਘ ਜੋਗੀ ਭਗਤ ਬਾਣੀ ਤੋਂ ਲੈ ਕੇ ਭੱਟਾਂ ਤੱਕ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਤੱਕ ਗੁਰ ਇਤਿਹਾਸ, ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਸ਼ੇਰੇ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਤੱਕ ਸਿੱਖ ਇਤਿਹਾਸ ਨੂੰ ਕਵੀਸ਼ਰੀ ਵਿਚ ਸੰਭਾਲ ਕੇ ਰੱਖ ਜਾਣਾ ਵੀ ਜੋਗਾ ਸਿੰਘ ਜੋਗੀ ਦੇ ਮਾਣ ਭਰੇ ਜੀਵਨ ਦਾ ਹੀ ਅਹਿਮ ਹਿੱਸਾ ਹੈ।

ਜੋਗਾ ਸਿੰਘ ਜੋਗੀ ਦੋਹਤਿਆਂ-ਪੋਤਿਆਂ ਵਾਲਾ ਬਹੁਤ ਵੱਡਾ ਪਰਿਵਾਰ ਛੱਡ ਕੇ ਤੁਰ ਗਿਆ ਹੈ, ਪਰ ਉਸ ਦੀ ਕਲਾ ਨੂੰ ਪ੍ਰੇਮ ਕਰਨ ਵਾਲੇ ਲੋਕ ਅਤੇ ਉਸ ਦੇ ਤੁਰ ਜਾਣ 'ਤੇ ਅੱਥਰੂ ਸੁੱਟਣ ਵਾਲੇ ਉਹਦੇ ਪ੍ਰਸ਼ੰਸਕ ਸੱਚੀਂ ਉਸ ਦੇ ਪਰਿਵਾਰਕ ਮੈਂਬਰ ਹਨ। ਉਸ ਨੂੰ ਵੱਡੇ ਮਾਣ ਸਨਮਾਨ ਮਿਲੇ ਹਨ, ਉਹਨੇ ਦੁਨੀਆਂ ਦਾ ਕਾਫੀ ਹਿੱਸਾ ਗਾਹ ਲਿਆ ਹੈ, ਪਰ ਜੋ ਜੋਗੀ ਦਿਲਾਂ ਦੇ ਅੰਦਰ ਵਸਦਾ ਹੈ, ਉਹ ਧੜਕਣ ਵਾਂਗ ਰਹੇਗਾ ਤੇ ਉਸ ਨੂੰ ਭੁੱਲ ਜਾਣਾ ਕਦੇ ਸੰਭਵ ਹੋ ਹੀ ਨਹੀਂ ਸਕਦਾ। ਕਾਸ਼! ਜੋਗਾ ਸਿੰਘ ਜੋਗੀ ਵਰਗੇ ਕਵੀਸ਼ਰ ਪੈਦਾ ਹੁੰਦੇ ਰਹਿਣ।



ਉਸ ਦੀ ਅਮਰ ਤੇ ਸਦਾਬਹਾਰ ਕਵੀਸ਼ਰੀ ਦਾ ਇੱਕ ਰੂਪ 'ਸਾਕਾ ਸਰਹੰਦ'

# ਗੁਰਦੁਆਰਾ ਕਮੇਟੀਆਂ ਦੇ ਸੇਵਕ ਕਿ ਮਾਲਕ?

ਪੰਥਕ ਮਾਮਲੇ

ਪਿਛਲੇ ਦਿਨੀਂ ਇਕ ਪਿਛੋਂ ਇਕ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਕਿ ਦੁਨੀਆਂ ਭਰ ਵਿਚ ਵਸਦੇ ਸਿੱਖ ਸ਼ਰਮਿੰਦਾ ਹੋਏ। ਪਹਿਲੀ ਵਿਚ ਇਕ ਬਾਲੜੀ ਗੁਰਪੁਰਬ ਦੇ ਦਿਨ ਆਪਣੀ ਬਿਮਾਰ ਮਾਂ ਵਾਸਤੇ ਲੰਗਰ ਵਿਚੋਂ ਦਾਲ ਲਿਜਾਂਦੀ 'ਫੜੀ' ਗਈ-ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨੇ ਹੱਤਕ ਕੀਤੀ ਅਤੇ ਦਾਲ ਖੋਹੀ। ਦੂਜੀ ਵਿਚ

**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਫਤਿਹਗੜ੍ਹ ਸਾਹਿਬ ਮੁਖ ਗੁਰਦੁਆਰੇ ਦੇ ਗੇਟ 'ਤੇ ਇਕ ਹੋਰ ਬਾਲੜੀ ਹੱਥਾਂ ਵਿਚ ਫੜ੍ਹਿਆ ਸਾਮਾਨ ਵੇਚਦੀ 'ਫੜੀ' ਗਈ-ਚਪੇੜ ਮਾਰੀ ਗਈ ਅਤੇ ਸੌ ਰੁਪਿਆ ਫੀਸ ਵਸੂਲ ਕੀਤੀ ਗਈ। ਤੀਜੀ ਘਟਨਾ ਵਿਚ ਡਾ. ਹਰਜਿੰਦਰ ਸਿੰਘ ਦਿਲਗੀਰ ਨੂੰ ਪੰਥ ਵਿਚੋਂ ਛੇਕਣ ਵਾਸਤੇ ਤਖਤਾਂ ਦੇ ਜਥੇਦਾਰਾਂ ਨੇ ਮੀਟਿੰਗ ਬੁਲਾਈ ਪਰ ਡਾ. ਦਿਲਗੀਰ ਨੇ ਕਿਉਂਕਿ ਹਾਈਕੋਰਟ ਵਿਚ ਕੇਸ ਕਰ ਦਿੱਤਾ, ਮਸਲਾ ਜ਼ੇਰੇ ਅਦਾਲਤ ਹੋਣ ਕਾਰਨ ਫੈਸਲਾ ਮੁਲਤਵੀ ਕਰ ਦਿੱਤਾ ਗਿਆ।

ਦੋਹਾਂ ਬਾਲੜੀਆਂ ਨਾਲ ਜੋ ਵਾਪਰਿਆ, ਉਸ ਕਰਕੇ ਮੈਨੂੰ ਵੀ ਸ਼ਰਮਿੰਦਗੀ ਹੋਈ ਕਿਉਂਕਿ ਮੈਂ ਉਸੇ ਪੰਥ ਦਾ ਹਿੱਸਾ ਹਾਂ ਜਿਸ ਵਿਚ ਇਹ ਕਰਤੂਤਾਂ ਹੋਈਆਂ। ਪਹਿਲੇ ਕੇਸ ਵਿਚ ਥਾਣੇ ਮੁਕੱਦਮਾ ਦਰਜ ਹੋਇਆ। ਦੂਜੇ ਕੇਸ ਵਿਚ ਸ਼੍ਰੋਮਣੀ ਕਮੇਟੀ ਨੇ ਬਿਆਨ ਦਿੱਤਾ ਕਿ ਇਹ ਕੰਮ ਠੇਕੇਦਾਰ ਨੇ ਕੀਤਾ ਹੈ। ਖਰੀਦ-ਵੇਚ ਦਾ ਠੇਕਾ ਦੇ ਕੇ ਕਮੇਟੀ ਫਰਜ਼ ਤੋਂ ਮੁਕਤ ਹੋ ਚੁਕੀ ਹੈ। ਠੇਕੇਦਾਰ ਨੇ ਸੌ ਰੁਪਿਆ ਵਾਪਸ ਕਰ ਦਿੱਤਾ ਤੇ ਖਿਮਾ ਮੰਗ ਲਈ। ਕੋਈ ਬੰਦਾ ਜਾਂ ਸੰਸਥਾ ਆਪਣਾ ਕੰਮ ਕਿਸੇ ਹੋਰ ਨੂੰ ਸੌਂਪ ਸਕਦੇ ਹਨ ਪਰ ਆਪਣੀ ਜਿੰਮੇਵਾਰੀ ਨਹੀਂ ਸੌਂਪ ਸਕਦੇ। ਠੇਕੇਦਾਰ ਦੀ ਕਰਤੂਤ ਸ਼੍ਰੋਮਣੀ ਕਮੇਟੀ ਜਿੰਮੇ ਹੈ, ਖਿਮਾ ਕਮੇਟੀ ਨੂੰ ਮੰਗਣੀ ਚਾਹੀਦੀ ਹੈ।

ਪੱਛਮੀ ਦੇਸ਼ਾਂ ਵਿਚ ਗੁਰਪੁਰਬ ਮਨਾਉਣ ਸਮੇਂ ਲੰਗਰ ਛਕਣ ਉਪਰੰਤ ਐਲਾਨ ਕੀਤਾ ਜਾਂਦਾ ਹੈ ਕਿ ਵਧਿਆ ਲੰਗਰ ਸੰਗਤ ਲੈ ਜਾਵੇ। ਲੋੜ ਅਨੁਸਾਰ ਕੁਝ ਲੋਕ ਲੈ ਜਾਂਦੇ ਹਨ, ਕੁਝ ਭਲੇ ਲੋਕ ਵਧੀਕ ਲੰਗਰ ਲੈ ਜਾਂਦੇ ਹਨ ਕਿਉਂਕਿ ਗੁਰਦੁਆਰੇ ਨੂੰ ਆਉਂਦੀਆਂ ਸੜਕਾਂ ਦੇ ਚੌਰਾਹਿਆਂ ਉਪਰ ਹੱਥ ਵਿਚ 'ਗੌਡ ਬਲੈਸ ਯੂ' (ਰੱਬ ਤੁਹਾਡਾ ਭਲਾ ਕਰੇ) ਤਖਤੀਆਂ ਚੁੱਕੀ ਖਲੋਤੇ ਗਰੀਬ ਲੋਕਾਂ ਨੂੰ ਖਾਣਾ ਖੁਆਉਣਾ ਹੈ। ਜਿਹੜੇ ਸਿੱਖ ਅਜਿਹਾ ਕਰਦੇ ਹਨ, ਉਨ੍ਹਾਂ ਨੂੰ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ।

ਡਾ. ਹਰਜਿੰਦਰ ਸਿੰਘ ਦਿਲਗੀਰ ਦੀਆਂ ਲਿਖਤਾਂ ਹਲਕੇ ਪੱਧਰ ਦੀਆਂ ਹੁੰਦੀਆਂ ਹਨ, ਸ਼ੰਕਾਵਾਦ ਵਰਤਾਇਆ ਹੁੰਦਾ ਹੈ, ਤਾਂ ਵੀ ਉਸ ਨੂੰ


ਡਾ. ਹਰਜਿੰਦਰ ਸਿੰਘ ਦਿਲਗੀਰ

ਪੰਥ ਵਿਚੋਂ ਛੇਕਣ ਦਾ ਜਾਂ ਰਚਨਾਵਾਂ ਉਤੇ ਪਾਬੰਦੀ ਲਾਉਣ ਦਾ ਹੱਕ ਤਖਤ ਜਥੇਦਾਰਾਂ ਨੂੰ ਕਿਵੇਂ ਮਿਲ ਗਿਆ? ਉਸ ਦੀਆਂ ਲਿਖਤਾਂ ਦੇ ਇਤਰਾਜ਼ਯੋਗ ਮੁੱਦਿਆਂ ਦਾ ਜਵਾਬ ਦਿੱਤਾ ਜਾ ਸਕਦਾ ਹੈ। ਜੇ ਤਖਤ, ਦੁਨੀਆਂਦਾਰੀ ਦੇ ਜੋੜ-ਤੋੜ ਤੋਂ ਸੁਤੰਤਰ ਹਨ, ਰੂਹਾਨੀ ਹੋਣ ਦਾ ਦਾਅਵਾ ਕਰਦੇ ਹਨ, ਜਥੇਦਾਰ ਹਾਈਕੋਰਟ ਦੇ ਸੰਮਨਾਂ ਤੋਂ ਕਿਉਂ ਘਬਰਾ ਗਏ?

ਇਕ ਪੁਰਾਣੀ ਘਟਨਾ ਯਾਦ ਆ ਗਈ। ਸੰਗਰੂਰ ਦੇ ਮਹਾਰਾਜਾ ਰਣਬੀਰ ਸਿੰਘ ਸੰਤ ਅਤਰ ਸਿੰਘ ਪਾਸ ਬੇਨਤੀ ਕਰਨ ਗਏ ਕਿ ਮਹਿਲ ਵਿਚ ਅਖੰਡ ਪਾਠ ਅਤੇ ਕੀਰਤਨ ਹੋਵੇ। ਜਥੇ ਨੇ ਪਾਠ ਕੀਤਾ, ਭੋਗ ਉਪਰੰਤ ਸੰਤ ਕੀਰਤਨ ਕਰਨ ਲਗੇ। ਅਚਾਨਕ ਵਿਚਕਾਰੋਂ ਕੀਰਤਨ ਸੰਤੋਖ ਕੇ ਮੱਥਾ ਟੇਕਿਆ ਤੇ ਆਪਣੇ ਕਮਰੇ ਵਿਚ ਚਲੇ ਗਏ। ਸਭ ਨੇ ਅਣਸੁਖਾਵਾਂ ਮਾਹੌਲ ਮਹਿਸੂਸ ਕੀਤਾ। ਮਹਾਰਾਜਾ ਸੰਤ ਜੀ ਦੇ ਕਮਰੇ ਵਿਚ ਗਏ ਤੇ ਪੁੱਛਿਆ, "ਕੋਈ ਅਵੱਗਿਆ ਹੋਈ ਬਾਬਾ ਜੀ?"

ਸੰਤ ਜੀ ਨੇ ਕਿਹਾ, "ਹਾਂ। ਕੀਰਤਨ ਕਰਦਿਆਂ ਅਕਸਰ ਨਜ਼ਰ ਇੱਧਰ-ਉਧਰ ਜਾਇਆ ਨਹੀਂ ਕਰਦੀ ਪਰ ਮੁੱਖ ਦਰਵਾਜ਼ੇ ਵੱਲ ਦੇਖਿਆ, ਕੋਈ ਸ਼ਰਧਾਲੂ ਕੀਰਤਨ ਸੁਣਨ ਦਾ ਇਛੁਕ ਦਰਬਾਨ ਨੇ ਰੋਕਿਆ ਤੇ ਵਾਪਸ ਭੇਜ ਦਿੱਤਾ। ਇਹ ਸਹੀ ਨਹੀਂ ਹੋਇਆ। ਮਹਾਰਾਜ ਗਰੀਬ ਦੀ ਝੌਂਪੜੀ ਵਿਚ ਚਰਨ ਪਾਉਣ ਜਾਂ ਮਹਿਲਾਂ ਵਿਚ, ਉਦੋਂ ਮਹਾਰਾਜ ਮਾਲਕ ਹੁੰਦੇ ਹਨ, ਵਸਨੀਕ ਸੇਵਾਦਾਰ। ਅੱਜ ਮਹਾਰਾਜ ਦੇ ਪ੍ਰਕਾਸ਼ ਦੌਰਾਨ ਵੀ ਮਾਲਕ ਮਹਾਰਾਜਾ ਰਣਬੀਰ ਸਿੰਘ ਰਿਹਾ ਤੇ ਸ਼ਰਧਾਲੂ ਵਾਪਸ ਮੋੜ ਦਿੱਤਾ। ਬੇਅਦਬੀ ਹੋਈ।"

ਮਹਾਰਾਜੇ ਨੇ ਕਿਹਾ, "ਮਨੁੱਖ ਭੁੱਲਣਹਾਰ ਹੁੰਦਾ ਹੈ ਬਾਬਾ ਜੀ, ਇਸ ਦਾ ਉਪਾਅ ਦੱਸੋ।"

ਸੰਤ ਜੀ ਨੇ ਕਿਹਾ, "ਕੌਣ ਸੀ ਸ਼ਰਧਾਲੂ, ਪਤਾ ਕਰੋ, ਉਸ ਨੂੰ ਸੱਦਾ ਦਿਉ, ਸੰਗਤ ਵਿਚ ਖਿਮਾ ਮੰਗੋ। ਉਹ ਖਿਮਾ ਕਰ ਦਏ ਤਾਂ ਕੀਰਤਨ ਹੋਵੇਗਾ, ਅਰਦਾਸ ਹੋਵੇਗੀ।"


ਮੁੜ ਗਿਆ ਸਿੱਖ ਲੱਭ ਕੇ ਲਿਆਂਦਾ ਗਿਆ, ਮਹਾਰਾਜੇ ਨੇ ਖਿਮਾ ਮੰਗੀ, ਦੀਵਾਨ ਦੀ ਸਮਾਪਤੀ ਅਰਦਾਸ ਅਤੇ ਸ਼ੁਕਰਾਨੇ ਨਾਲ ਹੋਈ।

ਸਾਖੀ ਇਸ ਕਰਕੇ ਸੁਣਾਉਣੀ ਵਾਜਬ ਲੱਗੀ ਕਿਉਂਕਿ ਗੁਰਦੁਆਰਾ ਕਮੇਟੀਆਂ ਦੇ ਪ੍ਰਧਾਨ-ਸਕੱਤਰ ਗੁਰੂ ਗ੍ਰੰਥ ਸਾਹਿਬ ਦੇ ਸੇਵਕ ਹੋਣ ਦੀ ਥਾਂ ਹੁਣ ਮਾਲਕ ਹੋ ਗਏ ਹਨ।

# ਡੱਬੀਦਾਰ ਖੇਸ 'ਤੇ ਪੈਂਦਾ ਮੀਂਹ



***ਜਸਵੰਤ ਦੀਦ ਮੁਢਲੇ ਰੂਪ ਵਿਚ ਭਾਵੇਂ ਸ਼ਾਇਰ ਹੈ, ਪਰ ਉਸ ਨੇ ਵਾਰਤਕ ਵੀ ਲਿਖੀ ਹੈ। ਵਾਰਤਕ ਰਚਨਾਵਾਂ ਵਿਚ ਉਸ ਨੇ ਆਪਣੀਆਂ ਯਾਦਾਂ, ਤਤਕਾਲੀ ਹਾਲਾਤ ਦੇ ਮੇਚ ਦੀਆਂ ਬਣਾ ਕੇ ਲੜੀ ਜੋੜੀ ਹੈ। ਇਸ ਲੇਖ ਵਿਚ ਸ੍ਰੀ ਦਰਬਾਰ ਸਾਹਿਬ ਤੋਂ ਸ਼ਬਦ ਕੀਰਤਨ ਦਾ ਸਿੱਧੇ ਪ੍ਰਸਾਰਨ ਬਾਰੇ ਜ਼ਿਕਰ ਛੇੜਦਿਆਂ ਉਹਨੇ ਅਚੇਤ ਹੀ ਸਿੱਖੀ ਦੀ ਤਾਕਤ ਬਿਆਨ ਕਰ ਦਿੱਤੀ ਹੈ। ਲੇਖ ਵਿਚ ਦਰਜ ਹਾਲਾਤ 1984 ਵਿਚ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਤੋਂ ਬਾਅਦ ਦੇ ਹਨ। ਇਹ ਲੇਖ ਪੜ੍ਹਦਿਆਂ ਬੰਦਾ ਸੱਚਮੁੱਚ ਵੈਰਾਗਿਆ ਜਾਂਦਾ ਹੈ। -ਸੰਪਾਦਕ***



**ਜਸਵੰਤ ਦੀਦ**

ਨਾਨਕ ਬਿਜਲੀਆ ਚਮਕੰਨਿ
ਘੁਰਨਿ ਘਟਾ ਅਤਿ ਕਾਲੀਆ

ਅਤਿ ਕਾਲੀਆਂ ਘਟਾਵਾਂ ਦੇ ਦਿਨ ਸਨ ਤੇ ਅਤਿ ਕਾਲੀਆਂ ਘਟਨਾਵਾਂ ਦੇ ਵੀ। ਅਤਿਵਾਦ ਦੇ ਦਿਨ। 84 ਦੇ ਦੰਗੇ ਵਾਪਰ ਚੁੱਕੇ ਸਨ। ਮੈਂ ਦਿੱਲੀਓਂ ਜਲੰਧਰ ਰੇਡੀਓ 'ਤੇ ਗਿਆ ਸਾਂ ਤੇ ਜਿਹੜੇ ਪ੍ਰਸਾਰਨ ਲਈ ਕਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਤਰਲੇ ਲੈਂਦੀ ਸੀ ਕਿ ਦਰਬਾਰ ਸਾਹਿਬ ਤੋਂ ਸ਼ਬਦ ਕੀਰਤਨ ਦਾ ਸਿੱਧਾ ਪ੍ਰਸਾਰਨ ਕੀਤਾ ਜਾਵੇ, ਇਨ੍ਹੀਂ ਦਿਨੀਂ ਉਹੀ ਪ੍ਰਸਾਰਨ ਆਕਾਸ਼ਵਾਣੀ ਬੰਦੂਕ ਦੀ ਨੋਕ ਹੇਠ ਕਰ ਰਿਹਾ ਸੀ। 'ਕੋਠਾ ਸਾਹਿਬ ਠੀਕ ਠਾਕ ਹੈ' ਦਾ ਪ੍ਰਸਾਰਨ ਦਰਬਾਰ ਸਾਹਿਬ ਤੋਂ ਵਾਰ ਵਾਰ ਦਿਖਾਇਆ ਗਿਆ। ਜਦੋਂ ਅਕਾਲ ਤਖ਼ਤ ਨੂੰ ਢਹਿ-ਢੇਰੀ ਕਰ ਦਿੱਤਾ ਸੀ, ਫੌਜੀ ਬੂਟਾਂ ਦੇ ਨਿਸ਼ਾਨ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਛਪਣੇ ਸ਼ੁਰੂ ਹੋ ਗਏ ਸਨ ਤੇ ਜਿਸ ਡਿਓਢੀ ਵਿਚ ਕਦੇ ਸ਼ਰਧਾਲੂ ਸਿਰ ਨਿਵਾਉਂਦੇ ਸਨ, ਉਥੇ ਉਨ੍ਹਾਂ ਦੀਆਂ ਲਾਸ਼ਾਂ ਵਿਛੀਆਂ ਪਈਆਂ ਸਨ। ਲਹੂ ਲਿਬੜਿਆ ਦਰਬਾਰ ਸਾਹਿਬ ਦਾ ਫਰਸ਼ ਹਨੇਰੇ ਵਿਚ ਡਰਾਉਣੀ ਚਮਕ ਛੱਡਦਾ ਸੀ। ਸਰਕਾਰ ਹੁਣ ਆਪਣੇ ਆਪ ਇਥੋਂ ਪ੍ਰਸਾਰਨ ਲਈ ਰਾਜ਼ੀ ਹੋ ਗਈ ਸੀ। ਆਪਣੇ ਆਪ ਕੀ, ਉਦੋਂ ਰਾਜ਼ੀ ਹੋ ਗਈ, ਜਦੋਂ ਆਕਾਸ਼ਵਾਣੀ-ਦੂਰਦਰਸ਼ਨ ਦੇ ਸਾਰੇ ਕਰਮਚਾਰੀ ਅਤਿਵਾਦ ਦੇ ਡਰ ਨਾਲ ਕੰਬਣ ਲੱਗ ਪਏ। ਉਦੋਂ ਰਾਜ਼ੀ ਹੋਈ, ਜਦੋਂ ਆਕਾਸ਼ਵਾਣੀ ਦੇ ਦੋ ਸ਼ਰੀਫ ਤੇ ਬੇਕਸੂਰ ਡਾਇਰੈਕਟਰਾਂ ਦੀਆਂ ਜਾਨਾਂ ਅਤਿਵਾਦੀਆਂ ਹੱਥੋਂ ਗਈਆਂ। ਉਸੇ ਰਾਜ਼ੀ ਹੋਈ ਸਰਕਾਰ ਦਾ ਮੈਂ ਛੋਟਾ ਜਿਹਾ ਕਰਮਚਾਰੀ ਸਾਂ, ਤੇ ਮੇਰੀ ਡਿਊਟੀ ਵੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਆਕਾਸ਼ਵਾਣੀ ਜਲੰਧਰ ਰਾਹੀਂ ਸਿੱਧਾ ਪ੍ਰਸਾਰਨ ਕਰਨ 'ਤੇ ਲੱਗ ਗਈ। ਹਰ ਹਫਤੇ ਇਕ ਪ੍ਰੋਗਰਾਮ ਅਫਸਰ ਇਸ ਪ੍ਰੋਗਰਾਮ ਦੇ ਪ੍ਰਸਾਰਨ ਲਈ ਡਿਊਟੀ 'ਤੇ ਭੇਜਿਆ ਜਾਂਦਾ।

ਇਹ ਮੀਹਾਂ ਦੇ ਦਿਨ ਸਨ। ਤੜਕੇ ਚਾਰ ਵਜੇ ਅਸੀਂ ਦਰਬਾਰ ਸਾਹਿਬ ਪੁੱਜਣਾ ਅਤੇ ਸਿੱਧੇ ਪ੍ਰਸਾਰਨ ਲਈ ਬੈਠ ਜਾਣਾ। ਆਪਣੀ ਜਾਨ ਦੇ ਸਿੱਧੇ ਪ੍ਰਸਾਰਨ ਦਾ ਡਰ ਵੀ ਨਾਲ ਹੀ ਬਣਿਆ ਰਹਿਣਾ। ਦਰਬਾਰ ਸਾਹਿਬ 'ਤੇ ਫੌਜੀ ਹਮਲੇ ਤੋਂ ਬਾਅਦ, ਤੇ ਗਿਆਨੀ ਜ਼ੈਲ ਸਿੰਘ ਦੀ ਅਕਾਲ ਤਖ਼ਤ ਅਤੇ ਪਲੀਤ ਕੀਤੇ ਦਰਬਾਰ ਸਾਹਿਬ ਦੀ ਫੇਰੀ ਬਾਅਦ ਤੁਸੀਂ ਸੋਚ ਸਕਦੇ ਹੋ, ਦਰਬਾਰ ਸਾਹਿਬ ਦੀ ਹਰ ਦਰੋ-ਦੀਵਾਰ ਕਿਹੋ ਜਿਹੀ ਲਗਦੀ ਹੋਵੇਗੀ? ਕਿਹੋ ਜਿਹੇ ਦਿਸਦੇ ਹੋਣਗੇ ਉਹ ਫਰਸ਼ ਜਿਥੇ ਬੇਕਸੂਰ ਸ਼ਰਧਾਲੂਆਂ ਦਾ ਲਹੂ ਪੋਚੇ ਮਾਰ-ਮਾਰ ਕੇ ਧੋਤਾ ਗਿਆ ਹੋਵੇਗਾ? ਕਿਹੋ ਜਿਹੇ ਡਰਾਉਣੇ ਹੋਣਗੇ ਪਰਿਕਰਮਾ ਦੇ ਉਹ ਕਮਰੇ ਜਿਥੇ ਪਤਾ ਨਹੀਂ ਕੀ-ਕੀ ਖੇਲ ਰਚਾਏ ਗਏ ਹੋਣਗੇ? ਤੇ ਦਰਬਾਰ ਸਾਹਿਬ ਦਾ ਸੋਨੇ ਦੀ ਛਾਂ ਵਾਲਾ ਸਰੋਵਰ ਤੇ ਸਰੋਵਰ ਦੇ ਐਨ ਵਿਚਕਾਰ ਚੌਹਾਂ ਧਰਮਾਂ ਦੇ ਦਰਵਾਜ਼ੇ ਖੁੱਲ੍ਹੇ ਰੱਖਣ ਵਾਲਾ ਹਰਿਮੰਦਰ ਸਾਹਿਬ ਤੇ ਉਥੇ ਪਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ! ਇਸ ਡਰੇ ਮਾਹੌਲ ਅੰਦਰ ਸਭ ਕਿਹੋ ਜਿਹਾ ਲਗਦਾ ਹੋਏਗਾ?

ਮੈਂ ਉਥੇ ਹੀ ਬੈਠਾ ਸਾਂ, ਉਸੇ ਡਰੇ ਮਾਹੌਲ 'ਚ। ਉਸੇ ਪਾਵਨ ਬੀੜ ਦੇ ਅੱਖਰਾਂ ਦੀ ਲੋਅ ਕੋਲ।

ਸਿੱਧੇ ਪ੍ਰਸਾਰਨ ਲਈ ਟਰਾਂਸਮੀਟਰ ਦਾ ਚੌਰਸ ਪੇਟੀਨੁਮਾ ਡੱਬਾ ਅਸੀਂ ਪਹਿਲੀ ਮੰਜ਼ਿਲ ਉਪਰ ਕੋਨੇ ਵਾਲੀ ਪਰਿਕਰਮਾ ਵਿਚ ਰੱਖਿਆ ਹੁੰਦਾ। ਉਥੇ ਨਾਲ ਹੀ ਦੋ ਇੰਜਨੀਅਰ ਬੈਠੇ ਹੁੰਦੇ, ਜੋ ਇਸ ਪ੍ਰਸਾਰਨ ਦਾ ਤਕਨੀਕੀ ਪੱਖ ਦੇਖਦੇ ਤੇ ਹਰ ਹਫਤੇ ਇਕ ਪ੍ਰੋਗਰਾਮ ਅਫਸਰ ਵਾਰੋ-ਵਾਰੀ ਡਿਊਟੀ 'ਤੇ ਆਉਂਦਾ। ਸ.ਸ. ਮੀਸ਼ਾ ਵੀ ਉਨ੍ਹੀਂ ਦਿਨੀਂ ਜਲੰਧਰ ਰੇਡੀਓ 'ਤੇ ਹੀ ਸੀ, ਪਰ ਉਸ ਨੇ ਆਨੀ-ਬਹਾਨੀ ਡਿਊਟੀ ਤੋਂ ਕੰਨੀ ਕਤਰਾਈ ਰੱਖੀ। ਉਂਜ, ਉਹ ਗੇੜੀ ਮਾਰਨ ਸਾਡੇ ਕੋਲ ਜ਼ਰੂਰ ਆ ਜਾਂਦਾ।

ਹਰ ਰੋਜ਼ ਤੜਕੇ ਚਾਰ ਵਜੇ ਅਸੀਂ ਦਰਬਾਰ ਸਾਹਿਬ ਹਾਜ਼ਰ ਹੋਣਾ ਅਤੇ ਚਾਰ ਤੋਂ ਛੇ ਵਜੇ ਤੱਕ ਪ੍ਰਸਾਰਨ ਦੀ ਡਿਊਟੀ 'ਤੇ ਤਾਇਨਾਤ ਰਹਿਣਾ। ਇਸ ਡਿਊਟੀ ਵਿਚ ਬੜਾ ਕੁਝ ਸ਼ਾਮਲ ਹੁੰਦਾ। ਤੜਕੇ ਉਠਣ ਦਾ ਝਮੇਲਾ, ਅਤਿਵਾਦੀਆਂ ਦਾ ਡਰ, ਨੌਕਰੀ ਦਾ ਖ਼ਤਰਾ, ਰੋਜ਼ੀ ਰੋਟੀ ਦਾ ਮਸਲਾ ਤੇ ਇਨ੍ਹਾਂ ਸਭਨਾਂ ਤੋਂ ਵੱਖਰਾ ਬਾਣੀ ਦਾ ਤੜਕਸਾਰ ਸੁਰੀਲਾ ਪ੍ਰਸਾਰਨ।

ਅਸੀਂ ਡਰੇ ਡਰੇ ਡਿਊਟੀ ਦਿੰਦੇ, ਪਰ ਇਸ ਡਰ ਵਿਚ ਆਨੰਦ ਵੀ ਲੁਕਿਆ ਹੁੰਦਾ। ਭੈਅ ਅੰਦਰ ਭਾਵਨਾ, ਇਹ ਭਾਵਨਾ ਇਹ ਆਨੰਦ ਦਰਬਾਰ ਸਾਹਿਬ ਦੀ ਹਜ਼ੂਰੀ ਵਿਚ ਗੁਰਬਾਣੀ ਪ੍ਰਵਾਹ ਸਰਵਣ ਕਰਨ ਦਾ ਅੰਮ੍ਰਿਤ ਵੇਲੇ ਹੁੰਦਾ।

ਮੈਂ ਕੋਈ ਕੱਟੜ ਸਿੱਖ ਨਹੀਂ ਸਾਂ, ਸਗੋਂ ਮੈਂ ਤਾਂ ਤਥਾ-ਕਥਿਤ ਕੱਟੜ ਨਾਸਤਿਕ ਸਾਂ, ਪਰ ਮੈਨੂੰ ਗੁਰਬਾਣੀ ਦੇ 'ਸ਼ਬਦ' ਤੇ ਸੰਗੀਤ ਨਾਲ ਲਗਾਓ ਸੀ। ਸੰਸਕਾਰਾਂ ਵਿਚ ਬੈਠਾ ਹੋਇਆ ਵੀ ਤੇ ਸੁਹਜ ਸਾਹਿਤ ਵਿਚ ਬੈਠਾ ਹੋਇਆ ਵੀ। ਉਨ੍ਹੀਂ ਦਿਨੀਂ ਦਰਬਾਰ ਸਾਹਿਬ ਦਾ ਮਾਹੌਲ ਬੜਾ ਸ਼ੰਕਾ ਭਰਿਆ ਸੀ। ਅਜੀਬ ਤਣਾਓ ਤੇ ਰਹੱਸ ਵਾਲਾ। ਕੀਰਤਨ ਤੇ ਗੁਰਬਾਣੀ ਬਹੁਤ ਕੋਸ਼ਿਸ਼ ਕਰਦੇ ਇਸ ਭੈਅ ਨੂੰ ਦੂਰ ਕਰਨ ਲਈ, ਪਰ ਡਰ ਮੇਰੇ ਅੰਦਰ ਬੜਾ ਪੱਕਾ ਜਿੰਦਰਾ ਮਾਰੀ ਬੈਠਾ ਸੀ। ਤੇ ਜਦੋਂ ਮੇਰੀ ਡਿਊਟੀ ਦੀ ਵਾਰੀ ਆਈ ਤਾਂ ਇਹ ਮੀਂਹਾਂ ਦੇ ਦਿਨ ਸਨ। ਸਾਉਣ ਮਹੀਨਾ, ਘਣੇ ਬੱਦਲਾਂ ਦੇ ਦਿਨ, ਕਾਲੀਆਂ ਘਟਾਵਾਂ ਦੇ ਦਿਨ, ਤੇ ਉਤੋਂ ਇਨ੍ਹੀਂ ਦਿਨੀਂ ਦਰਬਾਰ ਸਾਹਿਬ ਏਨੇ ਸੁਰੀਲੇ ਸੁਰੀਲੇ ਰਾਗੀ ਲੱਗੇ ਹੋਏ ਸਨ ਕਿ ਮੀਂਹ ਰੱਬੀ-ਦਾਤ ਵਰਗਾ ਦੈਵੀ ਸੰਗੀਤ ਲਗਦਾ ਸੀ।

ਇਕ ਦਿਨ ਤੜਕੇ ਜਦ ਮੈਂ ਡਿਊਟੀ 'ਤੇ ਆਇਆ ਤਾਂ ਨਾ ਕੋਈ ਬੱਦਲ ਨਾ ਕਣੀ, ਨਾ ਘਟਾ ਨਾ ਬਿਜਲੀ। ਸਾਫ ਅਸਮਾਨ। ਤਾਰਿਆਂ ਨਾਲ ਭਰਿਆ। ਇਕ ਇਕ ਤਾਰਾ ਗਿਣਿਆ ਜਾ ਸਕਦਾ। ਠੰਢੀ ਹਵਾ ਦਾ ਬੁੱਲਾ ਕਦੀ ਕਦੀ। ਮੈਂ ਆਪਣੇ ਸਿਰ 'ਤੇ ਸਫੇਦ ਰੁਮਾਲ ਘੁੱਟ ਕੇ ਬੰਨ੍ਹ ਲਿਆ, ਮੱਥਾ ਟੇਕਿਆ ਅਤੇ ਉਪਰ ਖੁੱਲ੍ਹੀ ਬਾਰੀ ਵਿਚ ਜਾ ਬੈਠਾ। ਸਾਹਮਣੇ ਮੇਰੇ ਸਾਥੀ, ਪ੍ਰਸਾਰਨ ਲਈ ਬੈਠੇ। ਮਹਾਰਾਜ 'ਚੋਂ ਵਾਕ ਲੈਣ ਤੋਂ ਬਾਅਦ ਕੁਝ ਪਲਾਂ ਲਈ ਖਾਮੋਸ਼ੀ ਜੋ ਦਰਬਾਰ ਸਾਹਿਬ ਦੇ ਅੰਦਰ ਹੁੰਦੀ ਹੈ, ਉਹ ਇਲਾਹੀ ਹੁੰਦੀ ਹੈ। ਗੁਰਬਾਣੀ ਉਚਾਰਨ ਖ਼ਾਮੋਸ਼ੀ ਸਿਰਜਦਾ ਹੈ। ਖਾਮੋਸ਼ੀ ਦੇ ਇਨ੍ਹਾਂ ਪਲਾਂ 'ਚ ਰੱਬ ਉਥੇ ਉਤਰ ਆਉਂਦਾ। ਸੰਗਤ ਅੰਦਰ ਆਣ ਬੈਠਦਾ। ਬੰਦੇ ਨੇ ਰੱਬ ਕਿਧਰੋਂ ਲੈਣ ਥੋੜ੍ਹੀ ਜਾਣਾ ਹੁੰਦਾ, ਨਾਲ ਈ ਤਾਂ ਬੈਠਾ ਹੁੰਦਾ। ਪਤਾ ਨਹੀਂ ਇਹ ਰੱਬ ਹੁੰਦਾ ਕਿ ਉਹਦਾ ਪ੍ਰਛਾਵਾ! ਪ੍ਰਛਾਂਵਾਂ ਕਿ ਉਹਦਾ ਭੁਲੇਖਾ! ਪਰ ਉਹ ਉਥੇ ਆਣ ਬੈਠਦਾ। ਉਸੇ ਇਕੋ ਪਲ! ਕੀਰਤਨ ਸਰਵਣ ਕਰਨ!

ਪਹਿਲੇ ਰਾਗੀ ਨੇ ਤਬਲੇ 'ਤੇ ਤਰਬ ਛੇੜੀ, ਦੂਜੇ ਨੇ ਹਰਮੋਨੀਅਮ ਵਿਚੋਂ ਸੁਰ ਜਗਾਇਆ, ਦਰਬਾਰ ਸਾਹਿਬ ਮਿਠਾਸ ਨਾਲ ਗੂੰਜ ਉਠਿਆ, ਬਾਹਰ ਆਕਾਸ਼ ਅੰਦਰੋਂ ਬੱਦਲ ਸਰੋਵਰ ਦੇ ਪਾਣੀ ਅੰਦਰ ਤਾਰਿਆਂ ਨਾਲ ਇਕਾਗਰ ਹੋ ਬੈਠ ਗਏ। ਤਾਨਪੁਰੇ ਵਿਚੋਂ ਇੱਕ ਲਹਿਰ ਉਠੀ। ਲਹੂ ਅੰਦਰ ਘੁਲ ਗਈ। ਇਸ ਭਿੰਨੀ ਥਿਰਕਣ ਨਾਲ ਅੱਖਾਂ ਮੁੰਦੀਆਂ ਗਈਆਂ ਤੇ ਸੁਰੀਲੇ ਰਾਗੀਆਂ ਨੇ ਮੱਧਮ ਸੁਰ ਵਿਚ ਪਹਿਲਾ ਸ਼ਬਦ ਉਚਾਰਿਆ

ਸਾਵਣਿ ਸਰਸ ਮਨਾ,
ਘਣ ਵਰਸਹਿ ਰੁਤਿ ਆਏ।

'ਸਾਵਣਿ ਸਰਸ ਮਨਾ' ਸਥਾਈ ਨੂੰ ਸੁਰਾਂ ਵਿਚ ਬੰਨ੍ਹ ਕੇ ਰਾਗੀ ਸਿੰਘਾਂ ਨੇ ਅਸਮਾਨ ਵੱਲ ਤੋਰਿਆ, ਰੱਬ ਨੂੰ ਮੀਂਹ ਲਈ ਅਰਦਾਸ ਭੇਜੀ। ਮੈਂ ਦਰਬਾਰ ਸਾਹਿਬ ਦੀ ਖੁੱਲ੍ਹੀ ਬਾਰੀ ਵਿਚੋਂ ਝਾਕਿਆ। ਅਸਮਾਨ ਵਿਚ ਜਗਦੇ ਤਾਰੇ ਇਕ ਇਕ ਕਰਕੇ ਬੱਦਲਾਂ ਵਿਚ ਲੁਕਣੇ ਸ਼ੁਰੂ ਹੋ ਗਏ। ਸ਼ਬਦ ਦੀ ਲੋਅ ਨਾਲ ਸਾਰਾ ਅਸਮਾਨ ਤਾਰਿਆਂ ਨਾਲ ਜਗਿਆ ਤੇ ਫੇਰ ਹੌਲੀ ਹੌਲੀ ਤਾਰੇ ਸੌਣ ਲਗ ਪਏ। ਅਸਮਾਨ ਤਾਰਿਆਂ ਨੂੰ ਲੋਰੀ ਦੇਣ ਲਗ ਪਿਆ। ਗੂੜ੍ਹਾ ਹੋਣ ਲਗ ਪਿਆ। ਤੜਕਸਾਰ ਦੀ ਸਲੇਟੀ ਭਾਅ ਨਾਲ ਭਰ ਗਿਆ ਦਰਬਾਰ ਸਾਹਿਬ ਉਪਰਲਾ ਅਸਮਾਨ। ਸ਼ਬਦ ਸਮਾਪਤ ਹੋਇਆ। ਖਾਮੋਸ਼ੀ ਛਾਈ। ਰੱਬ ਉਤਰਿਆ ਅਤੇ ਨਵੇਂ ਸ਼ਬਦ ਲਈ ਸਾਜ਼ ਛੇੜੇ ਰਾਗੀਆਂ ਨੇ! ਸਾਰੰਗੀ ਦਾ ਸੁਰ ਜਿਵੇਂ ਅਸਮਾਨ ਵਿਚੋਂ ਕੁਝ ਛੋਹ ਕੇ ਧਰਤੀ 'ਤੇ ਆਇਆ ਹੋਵੇ। ਸਲੇਟੀ ਅਸਮਾਨ ਵਿਚੋਂ ਸੁਨਿਹਰੀ ਤਾਰ ਵਰਗੀ ਬਿਜਲੀ ਚਮਕੀ। ਬਿਜਲੀ ਦੀ ਚਮਕ ਸਾਰੰਗੀ ਦੀਆਂ ਤਾਰਾਂ ਵੱਲ ਪੁੱਜੀ। ਸ਼ਬਦ ਲੱਗਾ- 'ਨਾਨਕ ਬਿਜਲੀਆ ਚਮਕੰਨਿ ਘੁਰਨਿ ਘਟਾ ਅਤਿ ਕਾਲੀਆ'। ਬਿਜਲੀ ਚਮਕੀ, ਘਟਾਵਾਂ ਨਾਲ ਆਕਾਸ਼ ਭਰਨਾ ਸ਼ੁਰੂ। ਸ਼ਬਦ ਤੇ ਸੰਗੀਤ ਦਾ ਸੰਪੂਰਨ ਮਿਲਨ। ਜਿਉਂ-ਜਿਉਂ ਸ਼ਬਦ ਡੂੰਘਾ, ਤਿਉਂ-ਤਿਉਂ ਘਟਾਵਾਂ ਕਾਲੀਆਂ। ਓਏ ਮੇਰਿਆ ਰੱਬਾ! ਘਟਾਵਾਂ ਹੀ ਘਟਾਵਾਂ! ਮੈਂ ਚਲਦੇ ਸ਼ਬਦ ਅੰਦਰ ਦਰਬਾਰ ਸਾਹਿਬ ਉਪਰਲੇ ਅਸਮਾਨ ਵੱਲ ਤੱਕਿਆ- ਜਿਵੇਂ ਹਜ਼ਾਰਾਂ ਬੱਦਲ ਗੂੜ੍ਹੇ ਸਲੇਟੀ ਰੰਗ ਦੇ ਵਸਤਰ ਪਹਿਨ ਅਸਮਾਨ ਅੰਦਰ ਬਾਵਰੇ ਹੋਏ ਵਜਦ ਅੰਦਰ ਘੁੰਮੀ ਜਾ ਰਹੇ ਨੇ। ਘੁਰਨ ਘਟਾਵਾਂ! ਕਾਲੇ ਸ਼ਾਹ ਬੱਦਲਾਂ ਦੇ ਗੁੱਛੇ ਮੀਂਹ ਲੈਣ ਚੱਲੇ! ਤੇ ਮੀਂਹ ਲੈਣ ਚੱਲਿਆਂ ਦੀ ਤੇਜ਼ ਚਾਲ ਨਾਲ ਬਿਜਲੀ ਦੀ ਚਮਕ ਪੈਦਾ ਹੋਈ- ਜਿਵੇਂ ਬਾਵਰੇ ਕਾਨ੍ਹਾਂ ਨੇ ਵ੍ਰਿੰਦਾਵਨ 'ਚੋਂ ਝਾਤ ਮਾਰੀ ਹੋਵੇ। ਹਲਕੀ ਜਿਹੀ ਗੜਗੜਾਹਟ! ਜਿਵੇਂ ਕਿਸੇ ਨੇ ਨਗਾਰੇ 'ਤੇ ਡਗਾ ਮਾਰ ਕੇ ਦੇਖਿਆ ਹੋਵੇ। ਮੀਂਹ ਦਾ ਗਰੂਰ ! ਬੱਦਲ ਏਨੇ ਘਣੇ ਮੈਂ ਜ਼ਿੰਦਗੀ ਵਿਚ ਕਦੇ ਨਾ ਵੇਖੇ! ਇਹ ਰੱਬ ਦੇ ਘਰ ਦੀਆਂ ਘਟਾਵਾਂ ਸਨ ਕਿ ਉਸ ਅੱਲ੍ਹਾ ਦੇ ਸੂਫੀ ਪੈਗੰਬਰ! ਤੇ ਦੇਖਦੇ ਹੀ ਦੇਖਦੇ ਸ਼ਬਦ ਸੰਗੀਤ ਦੇ ਲਗਾਤਾਰ ਸੁਮੇਲ ਨਾਲ ਬੱਦਲ ਮੀਂਹ ਨਾਲ ਭਰ ਗਏ! ਗੜ੍ਹਕੇ ਤੇ ਛਰਾਟਾ!!!

ਬਰਸਣਿ ਮੇਘ ਅਪਾਰ ਸਾਵਣ ਸਰਸ ਮਨਾ ਘੁਰਣ ਘਟਾ ਅਤਿ ਕਾਲੀਆ। ਮੈਂ ਅਗੰਮੀ ਮੁਸਕਰਾਹਟ ਨਾਲ ਲਹਿਰ ਗਿਆ! ਬਿਜਲੀ ਮੇਰੇ ਚਿਹਰੇ ਤੋਂ ਲੀਕ ਮਾਰ ਕੇ ਲੰਘੀ ਤੇ ਮੈਂ ਚਕਾਚੌਂਧ ਨਾਲ ਭਰ ਗਿਆ! ਦੇਖਦੇ ਹੀ ਦੇਖਦੇ ਮੀਂਹ ਛਮਾ-ਛਮ! ਮੈਂ ਪੂਰੇ ਦਰਬਾਰ ਸਾਹਿਬ ਵੱਲ ਨਿਗ੍ਹਾ ਮਾਰੀ, ਸਾਰਾ ਦਰਬਾਰ ਸਾਹਿਬ ਭਾਰੀ ਭਰਕਮ ਮੀਂਹ ਦੇ ਛਰਾਟਿਆਂ ਨਾਲ ਧੁੰਦਲਾ ਹੋ ਗਿਆ।

ਮੀਂਹ ਲੈਅ ਵਿਚ ਵਰ੍ਹਨ ਲੱਗ ਪਿਆ! ਸੁਰਬੱਧ ਹੋ ਗਿਆ! ਮੇਰੀਆਂ ਅੱਖਾਂ ਆਪਣੇ ਆਪ ਬੰਦ ਹੋ ਗਈਆਂ! ਮੀਂਹ ਤੇਜ਼ ਹੋਇਆ! ਅੱਖਾਂ 'ਚੋਂ ਜਲ ਛਲਕਿਆ! ਮੈਂ ਕਿਧਰੇ ਦੂਰ ਉਚੇ ਮੰਡਲਾਂ 'ਚ ਜਾ ਪੁੱਜਾ! ਮੈਂ ਇਹ ਮੰਜ਼ਰ ਕਦੇ ਨਹੀਂ ਡਿੱਠਾ ਸੀ, ਨਾ ਸੁਪਨਿਆਂ 'ਚ, ਨਾ ਕਲਪਨਾ 'ਚ, ਨਾ ਕਹਾਣੀਆਂ 'ਚ, ਨਾ ਕਵਿਤਾਵਾਂ 'ਚ, ਨਾ ਗੁਰਬਾਣੀ 'ਚ, ਨਾ ਵੇਦਾਂ ਗਰੰਥਾਂ 'ਚ, ਕਿਧਰੇ ਵੀ ਨਾ। ਮੇਰੀਆਂ ਤਮਾਮ ਸੁਰਤੀਆਂ ਬਿਰਤੀਆਂ ਅੰਦਰ ਬਾਰਿਸ਼। ਬਾਰਿਸ਼ ਹੀ ਬਾਰਿਸ਼। ਸਾਰੀ ਦੁਨੀਆਂ ਵਿਚ ਸਿਰਫ ਮੀਂਹ ਹੈ! ਬੱਸ ਮੀਂਹ! ਮੀਂਹ! ਮੂਸਲਾਧਾਰ! ਤੇ ਮੈਂ ਕਿਧਰੇ ਗੁਆਚ ਗਿਆ ਹਾਂ! ਜਾਂ ਸ਼ਾਇਦ ਕਿਸੇ ਗੁਆਚੇ ਨੂੰ ਲੱਭ ਰਿਹਾ ਹਾਂ-ਕੁੱਲ ਖਲਕਤ ਇਸ ਅਗੰਮੀ ਮੀਂਹ ਦੇ ਛਰਾਟਿਆਂ ਨਾਲ ਧੋਤੀ ਗਈ ਹੈ, ਨਿੱਖਰ ਆਈ ਹੈ!

ਸ਼ਬਦ ਸੁਣ ਰਿਹਾ ਹੈ-
ਸ਼ਬਦ ਦਿਸ ਰਿਹਾ ਹੈ-
ਬਾਬਾ ਨਾਨਕ ਉਚਾਰ ਰਿਹਾ ਹੈ-
ਮਰਦਾਨਾ ਗਾ ਰਿਹਾ ਹੈ-

ਬਾਬਾ ਨਾਨਕ ਵੈਰਾਗੀ ਰੂਹ ਹੋ ਗਿਆ ਹੈ! ਸਭ ਆਕਾਰ ਧੁੰਦਲੇ ਹੋ ਗਏ ਨੇ! ਸਿਰਫ ਦੋ ਆਕਾਰ ਬਚੇ ਨੇ! ਸੰਗਮਰਮਰ ਦੀਆਂ ਦੋ ਤਰਾਸ਼ੀਆਂ ਮੂਰਤੀਆਂ! ਛਮਾ ਛਮ ਮੀਂਹ ਵਿਚ ਖਲੋਤੀਆਂ! ਲਗਾਤਾਰ ਇਸ਼ਨਾਨ ਦੀ ਮੁਦਰਾ 'ਚ! ਮੂਰਤੀਆਂ ਆਕਾਰ ਬਦਲ ਕੇ ਸਫੇਦ ਪਰਛਾਵਿਆਂ ਵਿਚ ਵਟ ਜਾਂਦੀਆਂ ਨੇ! ਪੈਂਦੇ ਮੀਂਹ ਵਿਚ ਇੱਕ ਦੂਜੇ ਨੂੰ ਪਾਗਲਾਂਹਾਰ ਲੱਭਦੀਆਂ ਫਿਰਦੀਆਂ ਨੇ! ਵਿਛੜੀ ਆਤਮਾ ਜਿਵੇਂ ਉਸ ਰਚਨਹਾਰੇ ਨੂੰ ਲੱਭਦੀ ਹੋਵੇ। ਸ਼ਬਦ ਸੁਣ ਰਿਹਾ ਹੈ, ਮੈ ਜਲੁ ਭਰਿਆ ਰੋਇ। ਆਇ ਨਾ ਸਕਾ ਤੁਝ ਕਨਿ ਪਿਆਰੇ, ਭੇਜਿ ਨਾ ਸਕਾ ਕੋਇ।

ਮੈਂ ਭੁੱਬਾਂ ਮਾਰ ਕੇ ਰੋ ਪਿਆ ਹਾਂ- ਅੱਖਾਂ 'ਚੋਂ ਪਰਲ-ਪਰਲ ਹੰਝੂ! ਰੱਬੀ ਸੰਗੀਤ ਨਾਲ ਰਲ ਗਿਆ ਹੈ ਸੁਰ। ਮੈਨੂੰ ਪਤਾ ਹੈ, ਮੈਂ ਰੋ ਰਿਹਾ ਹਾਂ! ਮੈਨੂੰ ਪਤਾ, ਮੇਰੀ ਭੁੱਬ ਨਿਕਲ ਗਈ ਹੈ। ਮੈਨੂੰ ਪਤਾ ਹੈ, ਮੇਰੇ ਸਾਥੀ ਮੇਰੇ ਵੱਲ ਦੇਖ ਰਹੇ ਨੇ। ਮੈਨੂੰ ਪਤਾ, ਮੈਂ ਇੰਜ ਨਹੀਂ ਕਰਨਾ, ਪਰ ਮੈਂ ਆਪਣੇ ਵੱਸ ਵਿਚ ਨਹੀਂ ਹਾਂ। ਵੱਸ ਵਿਚ ਕੁਝ ਵੀ ਨਹੀਂ ਹੈ ਇਸ ਵੇਲੇ। ਇਸ ਵੇਲੇ ਤਾਂ ਸਭ ਕੁਝ ਮੀਂਹ ਦੇ ਵੱਸ ਵਿਚ ਹੈ। ਜਲ ਥਲ! ਮੀਂਹ ਨੇ ਮੈਨੂੰ ਆਪਣੇ ਵੱਸ ਵਿਚ ਕਰ ਲਿਆ ਹੈ। ਪੂਰੀ ਕੁਦਰਤ ਨੂੰ ਆਪਣੇ ਵੱਸ ਕਰ ਲਿਆ ਹੈ। ਬਾਬੇ ਦੀ ਸ਼ਬਦ ਸ਼ਕਤੀ ਨੇ ਆਪਣੇ ਵੱਸ ਵਿਚ ਕਰ ਲਿਆ ਹੈ। ਰੱਬੀ ਮੀਂਹ ਨੂੰ ਤਾਂ ਸ਼ਬਦ ਦੀ ਸ਼ਕਤੀ ਨੇ ਆਪਣੇ ਵੱਸ ਵਿਚ ਕਰ ਲਿਆ ਹੈ। ਕੀਹਨੇ ਕੀਹਨੂੰ ਆਪਣੇ ਵੱਸ ਵਿਚ ਕਰ ਲਿਆ ਹੈ? ਇਹੀ ਰਹੱਸ ਤਾਂ ਸਾਰੀ ਦੁਨੀਆਂ ਨੂੰ ਆਪਣੇ ਵੱਸ ਵਿਚ ਕਰੀ ਬੈਠਾ। ਛਮਾਛਮ ਬਰਸਦਾ ਮੀਂਹ ਸ਼ਬਦ ਦੀ ਸਮਾਪਤੀ ਨਾਲ ਹਲਕਾ-ਹਲਕਾ ਵਰ੍ਹਨ ਲਗਦਾ ਹੈ। ਸ਼ਬਦ ਸਮਾਪਤੀ 'ਤੇ ਮੇਰੀ ਅੱਖ ਖੁੱਲ੍ਹਦੀ ਹੈ। ਮੇਰਾ ਚਿਹਰਾ ਹੰਝੂਆਂ ਨਾਲ ਭਿੱਜਿਆ ਹੋਇਆ ਹੈ। ਮੇਰੇ ਮੋਢੇ ਤੋਂ ਫੜ ਮੇਰਾ ਰੇਡੀਓ ਦਾ ਸਾਥੀ ਮੈਨੂੰ ਆਖਦਾ ਹੈ- "ਤੁਸੀਂ ਠੀਕ ਤਾਂ ਹੋ? ਕੀ ਗੱਲ ਹੋਈ?" ਫਿਰ ਥੋੜ੍ਹਾ ਜਿਹਾ ਮੁਸਕਰਾ ਕੇ ਕਹਿੰਦਾ- "ਕੁਝ ਚੇਤੇ ਆ ਗਿਆ ਲਗਦਾ!" ਮੈਂ ਉਸ ਦੀ ਮੁਸਕਰਾਹਟ ਨਾਲ ਮੁਸਕਰਾਹਟ ਮਿਲਾਈ ਤੇ ਆਪਣੀਆਂ ਅੱਖਾਂ ਦੀ ਧੁੰਦ ਨੂੰ ਸਾਫ ਕੀਤਾ। ਬਾਹਰ ਅਜੇ ਵੀ ਮੀਂਹ ਦੀ ਕਿਣਮਿਣ ਸੀ। ਅਜੇ ਵੀ ਦਿਨ ਪੂਰਾ ਨਹੀਂ ਸੀ ਚੜ੍ਹਿਆ। ਅਜੇ ਵੀ ਸਲੇਟੀ ਅਸਮਾਨ ਵਿਚੋਂ ਕੋਈ ਕੋਈ ਬਿਜਲੀ ਲੰਘਦੀ ਸੀ। ਮੈਂ ਫੇਰ ਅੱਖਾਂ ਮੁੰਦ ਲਈਆਂ! ਸ਼ਬਦ ਲੱਗਾ- 'ਜੇਤਾ ਸਮੁੰਦ ਸਾਗਰ ਨੀਰ ਭਰਿਆ ਤੇਤੇ ਅਵਗੁਣ ਹਮਾਰੇ' ਦਰਬਾਰ ਸਾਹਿਬ ਸਰੋਵਰ ਵਿਚ ਮੀਂਹ ਲਗਾਤਾਰ ਬਰਸਦਾ। ਲਗਾਤਾਰ ਤਬਲੇ ਦੀ ਟੁਣਕਾਰ। ਸਾਰੰਗੀ ਦੀ ਲੈਅ। ਤੇ ਜੇਤਾ ਸਮੁੰਦ ਸਾਗਰ ਨੀਰ ਭਰਿਆ।

ਮੈਂ ਅੱਖਾਂ ਮੁੰਦੀ ਪੂਰਾ ਸ਼ਬਦ ਸੁਣਦਾ ਰਿਹਾ। ਅੱਖਾਂ ਮੂਹਰੇ ਸਿਰਫ ਖਾਲੀ ਹਨ੍ਹੇਰਾ। ਪੈਂਦੇ ਮੀਂਹ ਦੀ ਆਵਾਜ਼ ਸੁਣਦੀ। ਸ਼ਬਦ ਲਗਾਤਾਰ ਸੁਣਦਾ, ਪਰ ਅੱਖਾਂ ਬੰਦ! ਗੜ੍ਹਾਕ ਦੇਣੀ ਅਚਾਨਕ ਬਿਜਲੀ ਕੜਕੀ। ਮੇਰਾ ਕਾਲਜਾ ਕੰਬ ਗਿਆ। ਅਸਮਾਨੀ ਬਿਜਲੀ ਦਾ ਖੜਕਦਾ ਚਾਨਣ ਮੇਰੇ ਖ਼ਾਮੋਸ਼ ਹਨ੍ਹੇਰੇ ਅੰਦਰ ਜਾ ਚਮਕਿਆ। ਮੇਰੀਆਂ ਅੱਖਾਂ ਇਸ ਭਿਆਨਕ ਖੜਾਕ ਨਾਲ ਅਚਾਨਕ ਖੁੱਲ੍ਹੀਆਂ। ਮੇਰੀ ਨਜ਼ਰ ਆਪਣੀ ਲੱਗੀ ਸਮਾਧੀ ਦੇ ਸੱਜੇ ਪਾਸੇ ਵੱਲ ਪਏ ਇਕ ਆਕਾਰ 'ਤੇ ਪਈ। ਇਕ ਪਲ ਵਿਚ ਹਨੇਰਾ ਹੋਇਆ, ਬਿਜਲੀ ਫੇਰ ਗੜ੍ਹਕੀ। ਆਕਾਰ ਫੇਰ ਚਮਕਿਆ। ਬੱਦਲ ਦਾ ਖੜਾਕ ਫੇਰ ਕਾਰਪੈਟ 'ਤੇ ਪਏ ਇਸ ਆਕਾਰ ਵੱਲ ਪਿਆ। ਬਿਜਲੀ ਦੀ ਚਮਕ ਨਾਲ ਮੇਰੀਆਂ ਨਜ਼ਰਾਂ ਚੁੰਧਿਆ ਗਈਆਂ- "ਪਿਸਟਲ"! ਮੇਰਾ ਸਾਹ ਸੂਤਿਆ ਗਿਆ। ਮੇਰੀ ਸਾਰੀ ਭਗਤੀ ਸੁਰਤੀ ਗਾਇਬ ਹੋ ਗਈ! ਅਰੇ! ਇਹ ਤਾਂ ਪਿਸਟਲ ਪਿਆ ਸੀ ਮੇਰੇ ਕੋਲ! ਇਹ ਕਿਥੋਂ ਆ ਗਿਆ? ਦਰਬਾਰ ਸਾਹਬ 'ਚ ਪਿਸਟਲ? ਮੇਰੇ ਕੋਲ ਪਿਸਟਲ?





***ਹਾਲ ਚੁਰਾਸੀ: ਅਕਾਲ ਤਖਤ ਸਾਹਿਬ ਅਤੇ (ਸੱਜੇ) ਦਿੱਲੀ ਕਤਲੇਆਮ।***

***(ਬਾਕੀ ਅਗਲੇ ਸਫੇ 'ਤੇ)***

# ਬਾਤਾਂ ਸੁਣਾਉਣ ਨੂੰ ਤਰਸਦੇ ਬਾਬੇ

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਹਥਲੇ ਲੇਖ ਵਿਚ ਉਨ੍ਹਾਂ ਬਜ਼ੁਰਗਾਂ ਦੀ ਬੱਚਿਆਂ ਸਿਰ ਛਾਂ ਦੀ ਗੱਲ ਕਰਦਿਆਂ ਬੱਚਿਆਂ ਵਲੋਂ ਬਜ਼ੁਰਗਾਂ ਨੂੰ ਅਣਗੌਲਿਆਂ ਕਰਨ 'ਤੇ ਗਿਲਾ ਕੀਤਾ ਹੈ ਕਿ ਅੱਜ ਕਿਵੇਂ ਬੱਚੇ ਆਪਣੇ ਮਾਪਿਆਂ ਨੂੰ ਬੋਝ ਸਮਝਣ ਲੱਗੇ ਹਨ। ਇਥੋਂ ਤੱਕ ਕਿ ਬਜ਼ੁਰਗਾਂ ਦੀ ਆਪਣੇ ਪੋਤਿਆਂ-ਦੋਹਤਿਆਂ ਨਾਲ ਖੇਡਣ ਦੀ ਹਿਰਸ ਵੀ ਪੂਰੀ ਨਹੀਂ ਹੁੰਦੀ। ਪਰਦੇਸਾਂ ਵਿਚ ਤਾਂ ਉਹ ਬੇਸਮੈਂਟਾਂ ਵਿਚ ਕੈਦ ਹੋ ਕੇ ਰਹਿ ਜਾਂਦੇ ਹਨ। ਡਾ. ਭੰਡਾਲ ਖਬਰਦਾਰ ਕਰਦੇ ਹਨ, "ਯਾਦ ਰੱਖੋ, ਬਜ਼ੁਰਗਾਂ ਨੇ ਲੈਣਾ ਨਹੀਂ ਹੁੰਦਾ, ਉਨ੍ਹਾਂ ਨੇ ਤਾਂ ਦੇਣਾ ਹੀ ਹੁੰਦਾ ਏ ਬਸ਼ਰਤੇ ਸਾਨੂੰ ਲੈਣ ਦੀ ਜਾਚ ਹੋਵੇ। ਬਹੁਤ ਸੌਖਾ ਹੁੰਦਾ ਏ ਲੈਣਾ ਅਤੇ ਬਹੁਤ ਔਖਾ ਹੁੰਦਾ ਏ ਦੇਣਾ।" -ਸੰਪਾਦਕ***

"ਮੈਂ ਚਾਹੁੰਦਾ ਹਾਂ ਕਿ ਮੈਂ ਆਪਣੇ ਪੋਤੇ-ਪੋਤੀਆਂ ਲਈ ਘੋੜਾ ਬਣ ਕੇ ਝੂਟੇ ਦੇਵਾਂ, ਉਨ੍ਹਾਂ ਨੂੰ ਨਿੱਕੀਆਂ ਨਿੱਕੀਆਂ ਬਾਤਾਂ ਸੁਣਾਵਾਂ, ਨਵੀਂ ਪੀੜ੍ਹੀ ਨੂੰ ਪੁਰਾਣੀ ਪੀੜ੍ਹੀ ਦੇ ਬਚਪਨੇ ਨਾਲ ਜੋੜਾਂ, ਪਰ ਮੈਂ ਬਹੁਤ ਲਾਚਾਰ ਹਾਂ। ਬੱਚੇ ਜਾਂ ਤਾਂ ਕੋਲ ਆਉਂਦੇ ਹੀ ਨਹੀਂ ਅਤੇ ਜੇ ਕਦੇ ਭੁੱਲ-ਭੁਲੇਖੇ ਆ ਵੀ ਜਾਣ ਤਾਂ ਉਨ੍ਹਾਂ ਦੇ ਮਾਪੇ ਹਾਕਾਂ ਮਾਰਨ ਲੱਗ ਜਾਂਦੇ ਨੇ, 'ਖਾਣਾ ਖਾਓ, ਹੋਮ ਵਰਕ ਕਰੋ' ਆਦਿ। ਸਾਡੇ ਪੋਤੇ-ਪੋਤਰੀਆਂ ਨੂੰ ਤਾਂ ਸਾਡੇ ਖੁਰਦਰੇ ਹੱਥ ਵੀ ਚੁੱਭਦੇ ਨੇ ਅਤੇ ਸਾਡੇ ਕੱਪੜਿਆਂ ਤੋਂ ਬੋਅ ਵੀ ਬਹੁਤ ਆਉਂਦੀ ਏ। ਤੁਸੀਂ ਦੱਸੋ ਅਸੀਂ ਕਿਧਰ ਜਾਈਏ ਅਤੇ ਆਪਣੇ ਬੁਢਾਪੇ ਨੂੰ ਕਿਸ ਲੇਖੇ ਲਾਈਏ।" ਇਹ ਵੇਦਨਾ ਇਕ ਬਜ਼ੁਰਗ ਨੇ ਭਰੀ ਸਭਾ ਵਿਚ ਸਾਂਝੀ ਕੀਤੀ ਜਦ ਸਿਰਸਾ ਦੇ ਡੀ. ਸੀ. ਡਾ. ਯੁੱਧਵੀਰ ਸਿੰਘ ਨੇ ਬਜ਼ੁਰਗਾਂ ਲਈ ਇਕ ਵਿਸ਼ੇਸ਼ ਸਮਾਗਮ ਕੀਤਾ। ਬਜ਼ੁਰਗ ਦੇ ਮਨ ਦੀ ਇਹ ਗੱਲ ਸਾਡੇ ਸਮਾਜਿਕ ਤਾਣੇ-ਬਾਣੇ 'ਚ ਪੈਦਾ ਹੋ ਰਹੇ ਵਿਗਾੜ ਦਾ ਬਿੰਬ ਏ ਤੇ ਸਾਡੀ ਬਦਲ ਰਹੀ ਮਾਨਸਿਕਤਾ ਦੀ ਤਰਜਮਾਨੀ ਵੀ ਕਰਦੀ ਏ।

ਜਰਾ ਸੋਚਣਾ! ਬਜ਼ੁਰਗ ਨੂੰ ਇਹ ਕਹਿਣਾ ਕਿਉਂ ਪਿਆ? ਕੀ ਨਵੀਂ ਪੀੜ੍ਹੀ ਬਜ਼ੁਰਗਾਂ ਦੀ ਮਾਨਸਿਕਤਾ ਨੂੰ ਸਮਝਦੀ ਹੈ ਕਿ ਉਨ੍ਹਾਂ ਦੀਆਂ ਵੀ ਬਹੁਤ ਸਾਰੀਆਂ ਭਾਵਨਾਤਮਕ ਲੋੜਾਂ ਹਨ। ਉਨ੍ਹਾਂ ਦੇ ਮਨਾਂ 'ਚ ਤੀਜੀ ਪੀੜ੍ਹੀ ਲਈ ਮੋਹ ਹੈ। ਉਹ ਆਪਣੇ ਪੋਤੇ-ਪੋਤਰੀਆਂ/ਦੋਹਤੇ-ਦੋਹਤੀਆਂ ਨਾਲ ਜੁੜਨਾ ਚਾਹੁੰਦੇ ਨੇ, ਉਨ੍ਹਾਂ ਨੂੰ ਅਮੁੱਲ ਵਿਰਾਸਤ ਦੇਣਾ ਚਾਹੁੰਦੇ ਨੇ। ਮਾਨਵੀ ਕਦਰਾਂ ਕੀਮਤਾਂ ਦਾ ਖਜਾਨਾ ਆਪਣੀ ਨਵੀਂ ਨਸਲ ਦੇ ਨਾਮ ਕਰਨ ਦੀ ਬੜੀ ਤੀਬਰ ਚਾਹਨਾ ਹੈ, ਉਨ੍ਹਾਂ ਦੀ।

***ਜਰਾ ਸੋਚਣਾ! ਜੇ ਬਜ਼ੁਰਗ ਨਾ ਹੁੰਦੇ ਤਾਂ ਕੀ ਸਾਡੀ ਹੋਂਦ ਸੰਭਵ ਸੀ? ਜੋ ਅਸੀਂ ਅੱਜ ਹਾਂ ਅਤੇ ਜਿਸ 'ਤੇ ਅਸੀਂ ਨਾਜ਼ ਕਰਦੇ ਨਹੀਂ ਥੱਕਦੇ, ਕੀ ਅਸੀਂ ਇਹ ਸਭ ਕੁਝ ਪ੍ਰਾਪਤ ਕਰ ਸਕਦੇ ਸਾਂ ਜੇ ਸਾਡੇ ਮਾਪਿਆਂ ਨੇ ਸਾਨੂੰ ਜਨਮ ਹੀ ਨਾ ਦਿੱਤਾ ਹੁੰਦਾ। ਬਜ਼ੁਰਗਾਂ ਤੋਂ ਬਿਨਾ ਆਪਣੀ ਹੋਂਦ ਨੂੰ ਕਿਆਸਣ ਵਾਲੇ ਲੋਕ ਮਨੁੱਖਤਾ ਦੇ ਸਭ ਤੋਂ ਵੱਡੇ ਗੁਨਾਹਗਾਰ ਹੁੰਦੇ ਨੇ, ਜਿਨ੍ਹਾਂ ਨੂੰ ਅਖੀਰ ਬਹੁਤ ਵੱਡੀ ਕੀਮਤ ਚੁਕਾਉਣੀ ਪੈਂਦੀ ਹੈ।***

ਜੇ ਅਸੀਂ ਬਜ਼ੁਰਗਾਂ ਨੂੰ ਆਪਣੀ ਸੋਚ ਵਿਚੋਂ ਮਨਫੀ ਕਰਦੇ ਰਹੇ, ਉਨ੍ਹਾਂ ਨੂੰ ਆਪਣੇ ਪਰਿਵਾਰ ਦਾ ਅਹਿਮ ਅੰਗ ਮੰਨਣ ਤੋਂ ਇਨਕਾਰੀ ਰਹੇ, ਉਨ੍ਹਾਂ ਨੂੰ ਸਮਾਜਿਕ ਪ੍ਰਤੀਨਿਧਤਾ ਵਾਸਤੇ ਮਾਣਮੱਤੀ ਥਾਂ ਨਾ ਦਿੱਤੀ ਤਾਂ ਬਹੁਤ ਕੁਝ ਸਾਡੀ ਜ਼ਿੰਦਗੀ 'ਚੋਂ ਅਲੋਪ ਹੋ ਜਾਵੇਗਾ, ਜੋ ਸਾਡੇ ਬਜ਼ੁਰਗਾਂ ਨੇ ਸਾਨੂੰ ਦੇਣਾ ਹੁੰਦਾ ਏ।

ਬਜ਼ੁਰਗਾਂ ਦੇ ਸਾਰੀ ਉਮਰ ਦੇ ਤਜਰਬਿਆਂ ਅਤੇ ਕਰਮ-ਧਰਮ 'ਚੋਂ ਕਮਾਈ ਹੋਈ ਸੋਚ ਤੇ ਸਿਆਣਪ ਦਾ ਜੇ ਅਸੀਂ ਲਾਹਾ ਨਾ ਲੈ ਸਕੇ ਤਾਂ ਸਾਡੀ ਬਹੁਤ ਵੱਡੀ ਬਦਕਿਸਮਤੀ ਹੋਵੇਗੀ।

ਯਾਦ ਰੱਖੋ, ਬਜ਼ੁਰਗਾਂ ਨੇ ਲੈਣਾ ਨਹੀਂ ਹੁੰਦਾ, ਉਨ੍ਹਾਂ ਨੇ ਤਾਂ ਦੇਣਾ ਹੀ ਹੁੰਦਾ ਏ ਬਸ਼ਰਤੇ ਸਾਨੂੰ ਲੈਣ ਦੀ ਜਾਚ ਹੋਵੇ। ਬਹੁਤ ਸੌਖਾ ਹੁੰਦਾ ਏ ਲੈਣਾ ਅਤੇ ਬਹੁਤ ਔਖਾ ਹੁੰਦਾ ਏ ਦੇਣਾ।

ਜੀਵਨ ਦੇਣ ਵਾਲੇ ਬਜ਼ੁਰਗਾਂ ਨੇ ਸਭ ਤੋਂ ਪਹਿਲਾ ਸੁਪਨਾ ਸਾਡੇ ਮਸਤਕ ਵਿਚ ਧਰਿਆ ਸੀ। ਸੋਚ-ਕਾਤਰ ਜੀਵਨ ਜਾਚ ਵਿਚ ਧਰੀ ਸੀ। ਬਜ਼ੁਰਗ ਹੀ ਸਾਡੇ ਸਭ ਤੋਂ ਪਹਿਲੇ ਰੋਲ ਮਾਡਲ ਅਤੇ ਰਾਹ ਦਸੇਰੇ। ਸਾਡੇ ਅਵਚੇਤਨ ਵਿਚ ਜੋ ਕੁਝ ਵੀ ਉਸ ਸਮੇਂ ਸਾਡੇ ਬਜ਼ੁਰਗਾਂ ਨੇ ਸਾਨੂੰ ਦਿੱਤਾ ਹੁੰਦਾ ਏ, ਉਹ ਹੀ ਸਮੇਂ ਦੇ ਬੀਤਣ ਨਾਲ ਸਾਡੇ ਸਮੁੱਚ ਨੂੰ ਵਿਸਥਾਰਨ ਅਤੇ ਸ਼ਖਸੀਅਤ ਨੂੰ ਨਿਖਾਰਨ ਵਿਚ ਪ੍ਰਮੁੱਖ ਭੂਮਿਕਾ ਨਿਭਾਉਂਦੇ ਹਨ।

ਸੁਪਨੇ ਵੰਡਣ ਵਾਲੇ ਬਜ਼ੁਰਗਾਂ ਦਾ ਸੁਪਨਾ ਜਦ ਟੁੱਟਦਾ ਏ ਤਾਂ ਬਹੁਤ ਕੁਝ ਟੁੱਟ ਜਾਂਦਾ ਏ, ਮਨ ਬੁਝ ਜਾਂਦਾ ਏ। ਸਭ ਤੋਂ ਮਾੜਾ ਹੁੰਦਾ ਏ ਉਨ੍ਹਾਂ ਦਾ ਨਿਰਾਸ਼ਾ ਦੇ ਆਲਮ ਵਿਚ ਡੁੱਬ ਜਾਣਾ, ਹੌਲੀ-ਹੌਲੀ ਆਪਣੇ ਆਪ ਤੇ ਪਰਿਵਾਰ ਤੋਂ ਦੂਰ ਹੋ ਜਾਣਾ ਅਤੇ ਆਖਰ ਨੂੰ ਜੀਵਨ ਦੀ ਬੇਲੋੜਤਾ ਕਾਰਨ ਖੁਦ ਨੂੰ ਅਣਚਾਹਿਆ ਕਿਆਸਣਾ।

ਕਿਸੇ ਸਮਾਜ ਜਾਂ ਪਰਿਵਾਰ ਦਾ ਸਭ ਤੋਂ ਵੱਡਾ ਸਰਮਾਇਆ ਉਸ ਦੇ ਬਜ਼ੁਰਗ ਹੁੰਦੇ ਨੇ ਜਿਨ੍ਹਾਂ ਨੇ ਆਪਣੇ ਬੱਚਿਆਂ ਨੂੰ ਉਂਗਲ ਲਾ ਕੇ ਤੁਰਨਾ ਸਿਖਾਇਆ ਹੁੰਦਾ ਏ, ਉਨ੍ਹਾਂ ਦੇ ਕਦਮਾਂ ਨੂੰ ਮੰਜ਼ਿਲਾਂ ਪ੍ਰਾਪਤੀ ਦਾ ਵਰ ਦਿੱਤਾ ਹੁੰਦਾ ਏ, ਨਰੋਈ ਪਛਾਣ ਦੀ ਅਸੀਸ ਦਿੱਤੀ ਹੁੰਦੀ ਅਤੇ ਆਪਣੇ ਸਾਹਾਂ ਵਰਗੀਆਂ ਦੁਆਵਾਂ ਦਿੱਤੀਆਂ ਹੁੰਦੀਆਂ ਨੇ। ਤੁਸੀਂ ਕਿਸੇ ਦੇ ਪਦਾਰਥਕ ਅਹਿਸਾਨਾਂ ਦਾ ਮੁੱਲ ਤਾਂ ਉਤਾਰ ਸਕਦੇ ਹੋ ਪਰ ਜਰਾ ਕੁ ਦੱਸਣਾ ਕਿ ਕਿਸੇ ਦੀਆਂ ਅਸੀਸਾਂ, ਅਰਦਾਸਾਂ, ਦੁਆਵਾਂ ਅਤੇ ਪ੍ਰਾਰਥਨਾਵਾਂ ਦੀ ਕਿੰਜ ਤੇ ਕਿਹੜੀ ਕੀਮਤ ਤਾਰੋਗੇ? ਕਿੰਜ ਕਿਸੇ ਦੇ ਮਨ ਦੀਆਂ ਭਾਵਨਾਵਾਂ ਦਾ ਕਰਜ ਉਤਾਰੋਗੇ ਅਤੇ ਕਿਹੜੇ ਮੁੱਲ ਮਿਲਣਗੀਆਂ ਤੁਹਾਨੂੰ ਬਜ਼ੁਰਗਾਂ ਦੀਆਂ ਪਲੋਸਣੀਆਂ, ਉਨ੍ਹਾਂ ਦੀਆਂ ਥਾਪੜੀਆਂ ਅਤੇ ਉਨ੍ਹਾਂ ਦੀਆਂ ਨਸੀਹਤ-ਰੂਪੀ ਝਿੜਕਾਂ।

ਬਜ਼ੁਰਗ ਬਿਰਖਾਂ ਵਰਗੇ ਹੁੰਦੇ ਹਨ ਜੋ ਤਿੱਖੜ ਦੁਪਹਿਰਾਂ ਵਰਗੇ ਕਸ਼ਟਾਂ ਵਿਚ ਠੰਡੀ ਛਾਂ ਬਣਦੇ ਨੇ, ਗਮ ਦੀ ਮਾਤਮੀ ਰੁੱਤ ਵਿਚ ਪੱਤਿਆਂ ਦੀ ਸੰਗੀਤਕ ਫਿਜ਼ਾ ਸਿਰਜਦੇ ਨੇ। ਬੱਚਿਆਂ ਦੇ ਦੁੱਖਾਂ ਨੂੰ ਜੀਰਦੇ, ਆਪਣੇ ਜਾਇਆਂ ਦੀ ਸਿਹਤ, ਸਫਲਤਾ ਅਤੇ ਸੰਪੂਰਨਤਾ ਲਈ ਦੁਆ ਬਣਦੇ ਨੇ। ਆਕਸੀਜਨ-ਰੂਪੀ ਬਜ਼ੁਰਗਾਂ ਤੋਂ ਬਿਨਾ ਸਾਡੇ ਜੀਵਨ ਵਿਚ ਖੜੋਤ ਅਤੇ ਨੀਰਸਤਾ ਪੈਦਾ ਹੋ ਜਾਂਦੀ ਹੈ ਜਿਸ ਨੇ ਸਾਨੂੰ ਨਿਰਾਸ਼ਾ ਅਤੇ ਉਦਾਸੀ ਦੇ ਮਾਹੌਲ ਵਿਚ ਧਕੇਲਣਾ ਹੁੰਦਾ ਏ।

ਬਜ਼ੁਰਗ ਬੱਚਿਆਂ ਲਈ ਅਸੀਸ ਵਰਗੇ ਹੁੰਦੇ ਨੇ ਜਿਸ ਨੇ ਤੁਹਾਡੀ ਕਰਮ-ਰੇਖਾ ਨੂੰ ਸਿਰਜਣਾ ਹੁੰਦਾ ਏ। ਮਾਪਿਆਂ ਨੇ ਸਿਦਕ-ਸਾਧਨਾ ਦੇ ਮੀਰੀ



ਗੁਣ ਪੈਦਾ ਕਰਨੇ ਹੁੰਦੇ ਨੇ, ਜਿਸ ਨੇ ਤੁਹਾਡੀ ਜੀਵਨ ਸ਼ੈਲੀ ਨੂੰ ਨਿਰਧਾਰਤ ਕਰਨਾ ਹੁੰਦਾ ਏ।

ਬਜ਼ੁਰਗਾਂ ਦੀ ਰਹਿਮਤ ਮਾਣਨ ਵਾਲੀ ਔਲਾਦ ਦੇ ਮੁੱਖੜੇ 'ਤੇ ਨੂਰ, ਇਸ ਗੱਲ ਦੀ ਗਵਾਹੀ ਹੁੰਦਾ ਏ ਕਿ ਉਨ੍ਹਾਂ ਦੇ ਮਨਾਂ ਵਿਚ ਆਪਣੇ ਮਾਪਿਆਂ ਲਈ ਸਤਿਕਾਰ ਅਤੇ ਅਦਬ ਦੀ ਭਾਵਨਾ ਚਿਰੰਜੀਵ ਏ, ਜਿਸ ਨੇ ਉਨ੍ਹਾਂ ਦੇ ਵਿਅਕਤਿਤਵ 'ਤੇ ਚਾਨਣ ਦਾ ਛਿੜਕਾ ਕੀਤਾ ਹੁੰਦਾ ਏ।

ਜਰਾ ਸੋਚਣਾ! ਜੇ ਬਜ਼ੁਰਗ ਨਾ ਹੁੰਦੇ ਤਾਂ ਕੀ ਸਾਡੀ ਹੋਂਦ ਸੰਭਵ ਸੀ? ਜੋ ਅਸੀਂ ਅੱਜ ਹਾਂ ਅਤੇ ਜਿਸ 'ਤੇ ਅਸੀਂ ਨਾਜ਼ ਕਰਦੇ ਨਹੀਂ ਥੱਕਦੇ, ਕੀ ਅਸੀਂ ਇਹ ਸਭ ਕੁਝ ਪ੍ਰਾਪਤ ਕਰ ਸਕਦੇ ਸਾਂ ਜੇ ਸਾਡੇ ਮਾਪਿਆਂ ਨੇ ਸਾਨੂੰ ਜਨਮ ਹੀ ਨਾ ਦਿੱਤਾ ਹੁੰਦਾ। ਬਜ਼ੁਰਗਾਂ ਤੋਂ ਬਿਨਾ ਆਪਣੀ ਹੋਂਦ ਨੂੰ ਕਿਆਸਣ ਵਾਲੇ ਲੋਕ ਮਨੁੱਖਤਾ ਦੇ ਸਭ ਤੋਂ ਵੱਡੇ ਗੁਨਾਹਗਾਰ ਹੁੰਦੇ ਨੇ, ਜਿਨ੍ਹਾਂ ਨੂੰ ਅਖੀਰ ਬਹੁਤ ਵੱਡੀ ਕੀਮਤ ਚੁਕਾਉਣੀ ਪੈਂਦੀ ਹੈ।

ਯਾਦ ਰੱਖਣਾ, ਜੋ ਵੀ ਅਸੀਂ ਆਪਣੇ ਬਜ਼ੁਰਗਾਂ ਨਾਲ ਵਰਤਾਓ ਕਰਦੇ ਹਾਂ, ਸਾਡੇ ਬੱਚੇ ਇਹ ਸਭ ਦੇਖ ਰਹੇ ਹਨ। ਸਾਨੂੰ ਮਾਨਸਿਕ ਤੌਰ 'ਤੇ ਤਿਆਰ ਰਹਿਣਾ ਚਾਹੀਦਾ ਹੈ ਕਿ ਇਸ ਤੋਂ ਮਾੜਾ ਵਰਤਾਓ, ਸਾਡੇ ਬੱਚੇ ਸਾਡੇ ਨਾਲ ਜਰੂਰ ਕਰਨਗੇ। ਆਪਣੇ ਮਾਪਿਆਂ ਨੂੰ ਬੇਸਮੈਂਟਾਂ, ਘਰ ਦੇ ਪਿਛਵਾੜੇ ਜਾਂ ਕਿਸੇ ਹਨੇਰੀ ਨੁੱਕਰੇ ਧਿਰਕਾਰਨ ਵਾਲੇ ਲੋਕਾਂ ਦਾ ਮੰਜਾ ਉਨ੍ਹਾਂ ਦੇ ਬੱਚਿਆਂ ਨੇ ਘਰੋਂ ਬਾਹਰ ਹੀ ਧਰ ਦੇਣਾ ਹੁੰਦਾ ਏ।

ਜੀਵਨ ਦੀ ਹਰ ਸੁਗਾਤ ਅਤੇ ਸਹੂਲਤ, ਆਪਣੇ ਮਾਪਿਆਂ ਤੋਂ ਪ੍ਰਾਪਤ ਕਰਨ ਵਾਲੇ ਬੱਚਿਆਂ ਲਈ ਮਾਪੇ ਵਾਧੂ ਕਿਉਂ ਹੋ ਜਾਂਦੇ ਨੇ ਜਦ ਉਹ ਬਜ਼ੁਰਗ ਹੋ ਜਾਂਦੇ ਨੇ? ਇਹ ਗੱਲ ਸਮਝ ਤੋਂ ਬਾਹਰ ਏ। ਸੋਚਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਸਭ ਨੇ ਬੁਢਾਪੇ ਦੇ ਰਾਹ ਪੈ ਕੇ ਆਪਣੀ ਅੰਤਮ ਯਾਤਰਾ ਖਤਮ ਕਰਨੀ ਹੁੰਦੀ ਏ।

ਜੀਵਨ ਦੇ ਆਖਰੀ ਪੜਾਅ ਵਿਚ ਬਜ਼ੁਰਗਾਂ ਨੂੰ ਜਿੰਨੀ ਬੱਚਿਆਂ ਦੀ ਲੋੜ ਹੁੰਦੀ ਏ, ਉਸ ਤੋਂ ਵੀ ਜ਼ਿਆਦਾ ਬੱਚਿਆਂ ਨੂੰ ਮਾਪਿਆਂ ਦੀ ਲੋੜ ਹੁੰਦੀ ਏ। ਪਰ ਅਸੀਂ ਆਪਣੇ ਨਿਜ ਵਿਚ ਇੰਨਾ ਜ਼ਿਆਦਾ ਸੁੰਗੜ ਗਏ ਹਾਂ ਕਿ ਮਾਪਿਆਂ ਨੂੰ ਆਪਣੀ ਜ਼ਿੰਦਗੀ ਤੋਂ ਮਨਫੀ ਕਰਨ ਵਿਚ ਹੀ ਭਲਾਈ ਸਮਝਣ ਲੱਗ ਪੈਂਦੇ ਹਾਂ। ਇਹ ਸਭ ਤੋਂ ਵੱਡਾ ਅਮਾਨਵੀ ਕਰਮ ਏ ਜਿਸ ਨੇ ਸਾਡੀ ਸੋਚ ਨੂੰ ਪਲੀਤ ਕਰ ਦਿੱਤਾ ਏ।

ਵਾਸਤਾ ਈ! ਅਸੀਂ ਆਪਣੇ ਬਜ਼ੁਰਗਾਂ ਦੇ ਇੰਨੇ ਜ਼ਿਆਦਾ ਨੇੜੇ ਰਹੀਏ ਕਿ ਉਹ ਸਾਡੇ ਜੀਵਨ ਵਿਚ ਉਸਾਰੂ ਭੂਮਿਕਾ ਨਿਭਾਉਂਦੇ ਰਹਿਣ। ਪਤਾ ਉਸ ਵਕਤ ਲੱਗਦਾ ਏ ਜਦ ਉਨ੍ਹਾਂ ਦੀ ਅਣਹੋਂਦ ਇਕ ਖਲਾਅ ਪੈਦਾ ਕਰਦੀ ਏ ਅਤੇ ਬੀਤੇ ਵੇਲੇ ਦਾ ਪਛਤਾਵਾ ਇਕ ਹੰਝੂ ਬਣ ਕੇ ਸਾਡੇ ਦੀਦਿਆਂ ਵਿਚ ਜੰਮ ਜਾਂਦਾ ਏ ਜੋ ਸਾਡੇ ਸਾਹਾਂ ਨੂੰ ਵੀ ਖੋਰਨ ਲੱਗ ਪੈਂਦਾ ਏ।

ਦਰਅਸਲ ਬਜ਼ੁਰਗਾਂ ਦੀ ਘਾਟ ਤਾਂ ਉਸ ਸਮੇਂ ਰੜਕਦੀ ਏ ਜਦ ਕੋਈ ਨਹੀਂ ਕਹਿੰਦਾ ਕਿ ਪੁੱਤ ਤੂੰ ਹੁਣ ਕਦੋਂ ਆਵੇਂਗਾ। ਵਤਨ ਨੂੰ ਜਾਣ ਲੱਗਿਆਂ ਤੁਹਾਨੂੰ ਕੋਈ ਨਹੀਂ ਉਡੀਕਦਾ। ਫਿਰ ਮਨ ਵਿਚ ਆਉਂਦਾ ਏ ਕਿ ਜਿਵੇਂ ਧੀਆਂ ਦੇ ਮਾਪਿਆਂ ਨਾਲ ਪੇਕੇ ਹੁੰਦੇ ਨੇ, ਉਵੇਂ ਹੀ ਪਰਵਾਸੀਆਂ ਲਈ ਆਪਣਾ ਦੇਸ਼ ਸਿਰਫ ਆਪਣੇ ਮਾਪਿਆਂ ਨਾਲ ਹੀ ਹੁੰਦਾ ਏ। ਉਨ੍ਹਾਂ ਦੇ ਤੁਰ ਜਾਣ ਨਾਲ ਤਾਂ ਸ਼ਰੀਕ ਵੰਡੀਆਂ ਪਾਉਣ ਲਈ ਮੌਕੇ ਦੀ ਭਾਲ ਵਿਚ ਰਹਿੰਦੇ ਨੇ ਅਤੇ ਉਹ ਆਪਣੀ ਜਾਨ ਬਚਾਉਂਦੇ ਆਪਣੇ ਵਤਨ ਪਰਤਣ ਤੋਂ ਵੀ ਤ੍ਰਹਿੰਦੇ ਰਹਿੰਦੇ ਨੇ।

ਬਜ਼ੁਰਗਾਂ ਦੀ ਨਿੱਘੀ ਗੋਦ, ਠੰਡੜੀ ਛਾਂ, ਖਲੂਸ ਅਪਣੱਤ, ਸਦ-ਰਹਿਣੀਆਂ ਸਿਆਣਪਾਂ, ਜੀਵਨ ਦਾ ਅਮੁੱਲ ਸੱਚ ਅਤੇ ਕਦਰਾਂ-ਕੀਮਤਾਂ ਭਰਪੂਰ ਵਿਰਾਸਤ-ਕਿਧਰੋਂ ਨਹੀਂ ਥਿਆਉਣੀ।

***ਯਾਦ ਰੱਖਣਾ, ਜੋ ਵੀ ਅਸੀਂ ਆਪਣੇ ਬਜ਼ੁਰਗਾਂ ਨਾਲ ਵਰਤਾਓ ਕਰਦੇ ਹਾਂ, ਸਾਡੇ ਬੱਚੇ ਇਹ ਸਭ ਦੇਖ ਰਹੇ ਹਨ। ਸਾਨੂੰ ਮਾਨਸਿਕ ਤੌਰ 'ਤੇ ਤਿਆਰ ਰਹਿਣਾ ਚਾਹੀਦਾ ਹੈ ਕਿ ਇਸ ਤੋਂ ਮਾੜਾ ਵਰਤਾਓ, ਸਾਡੇ ਬੱਚੇ ਸਾਡੇ ਨਾਲ ਜਰੂਰ ਕਰਨਗੇ। ਆਪਣੇ ਮਾਪਿਆਂ ਨੂੰ ਬੇਸਮੈਂਟਾਂ, ਘਰ ਦੇ ਪਿਛਵਾੜੇ ਜਾਂ ਕਿਸੇ ਹਨੇਰੀ ਨੁੱਕਰੇ ਧਿਰਕਾਰਨ ਵਾਲੇ ਲੋਕਾਂ ਦਾ ਮੰਜਾ ਉਨ੍ਹਾਂ ਦੇ ਬੱਚਿਆਂ ਨੇ ਘਰੋਂ ਬਾਹਰ ਹੀ ਧਰ ਦੇਣਾ ਹੁੰਦਾ ਏ।***

ਇਸ ਖਜਾਨੇ ਨਾਲ ਜਿੰਨੀਆਂ ਝੋਲੀਆਂ ਭਰੀਆਂ ਜਾ ਸਕਦੀਆਂ ਨੇ, ਭਰ ਲੈਣੀਆਂ ਚਾਹੀਦੀਆਂ ਨੇ। ਇਹ ਹੀ ਵੱਡੀ ਦਾਤ ਏ, ਜਿਸ ਨੇ ਸਾਰੀ ਉਮਰ ਸਾਡੇ ਨਾਲ ਨਿਭਣਾ ਏ ਅਤੇ ਸਾਡੇ ਜੀਵਨ ਨੂੰ ਸਾਰਥਿਕਤਾ ਬਖਸ਼ਣੀ ਏ।

---

# ਡੱਬੀਦਾਰ ਖੇਸ 'ਤੇ ਪੈਂਦਾ ਮੀਂਹ

*(ਪਿਛਲੇ ਸਫੇ ਦੀ ਬਾਕੀ)*

ਸ਼ਬਦ ਉਚਾ ਹੋਇਆ- 'ਜੇਤਾ ਸਮੁੰਦ ਨੀਰ ਭਰਿਆ' ਤਬਲੇ ਦੀ ਤਿਰਕਟ ਨਾਲ ਬਿਜਲੀ ਚਮਕੀ, ਪਿਸਟਲ ਚਮਕਿਆ। ਮੈਂ ਹੈਰਾਨੀ ਨਾਲ ਆਪਣੇ ਸਾਥੀ ਵੱਲ ਵੇਖਿਆ! ਉਸ ਨੇ ਇਸ਼ਾਰੇ ਨਾਲ ਪੁੱਛਿਆ- ਕੀ ਹੋਇਆ? ਮੈਂ ਇਸ਼ਾਰੇ ਨਾਲ ਪਿਸਟਲ ਵੱਲ ਭਰਵੱਟੇ ਘੁਮਾਏ। ਉਹ ਵੀ ਇਕਦਮ ਘਬਰਾ ਗਿਆ, ਪਰ ਮੁਸਕਰਾ ਪਿਆ। ਉਹ ਗੁਰਸਿੱਖ ਸਾਥੀ ਸੀ। ਉਸ ਦੇ ਮੁਸਕਰਾਉਣ ਨਾਲ ਬਾਹਰ ਫੇਰ ਬਿਜਲੀ ਚਮਕੀ। ਫੇਰ ਪਿਸਟਲ ਚਮਕਿਆ। ਮੇਰਾ ਸਾਥੀ ਮੇਰੇ ਕੋਲ ਆਣ ਬੈਠਾ। ਹਨੇਰੇ ਦੇ ਘੁਸਮੁਸੇ ਵਿਚ ਉਸ ਨੇ ਹੌਲੀ ਜਿਹੀ ਮੈਨੂੰ ਕਿਹਾ- ਏਥੇ ਜਿਹੜਾ ਮੁੰਡਾ ਬੈਠਾ ਸੀ ਨਾ ਡੱਬੀਦਾਰ ਖੇਸ ਵਾਲਾ, ਉਹ ਭੁੱਲ ਗਿਆ ਪਿਸਟਲ! ਔਹ ਜਾਂਦਾ!" ਮੇਰੇ ਸਾਥੀ ਨੇ ਸਾਹਮਣੇ ਉਚੇ ਲੰਮੇ ਸਿੱਖ ਗੱਭਰੂ ਵੱਲ ਇਸ਼ਾਰਾ ਕਰਦਿਆਂ ਦੱਸਿਆ। ਮੈਂ ਦੇਖਿਆ, ਉਹ ਮੁੰਡਾ ਮੂੰਹ 'ਤੇ ਡੱਬੀਦਾਰ ਖੇਸ ਦਾ ਵਲ੍ਹੇਟਾ ਮਾਰੀ ਘੁੰਮ ਰਿਹਾ ਸੀ। ਦਰਬਾਰ ਸਾਹਿਬ ਦੇ ਥਮਲਿਆਂ ਨੂੰ ਮੱਥਾ ਟੇਕਦਾ ਹੋਇਆ। ਖੇਸ ਦੇ ਮਾਰੇ ਝੁੰਬ ਵਿਚਦੀ ਉਸ ਦੀਆਂ ਸਿਰਫ ਅੱਖਾਂ ਦੀਂਹਦੀਆਂ ਸਨ, ਮੋਟੀਆਂ ਅੱਖਾਂ। ਬਾਹਰ ਬਿਜਲੀ ਕੜਕੀ। ਉਸ ਦੀਆਂ ਅੱਖਾਂ 'ਤੇ ਪਈ। ਪਿਸਟਲ 'ਤੇ ਘੁੰਮਦੀ ਬਿਜਲੀ ਮੇਰੇ ਚਿਹਰੇ ਤੋਂ ਲੰਘ ਗਈ। ਮੇਰੀਆਂ ਨਜ਼ਰਾਂ ਉਸ ਮੁੰਡੇ 'ਤੇ ਪਈਆਂ। ਮੈਂ ਸਿੱਧੇ ਰੂਪ ਵਿਚ ਪਹਿਲੀ ਵਾਰ ਕੋਈ 'ਅਤਿਵਾਦੀ'(?) ਦੇਖਿਆ ਸੀ। ਅਤਿਵਾਦੀ ਵੀ ਕੀ, ਸਿਰਫ ਉਸ ਦੀਆਂ ਅੱਖਾਂ! ਜਾਂ ਉਸ ਦਾ ਭੁਲਿਆ ਹੋਇਆ ਪਿਸਟਲ ਜੋ ਮੇਰੇ ਖੱਬੇ ਪਾਸੇ ਪਿਆ ਸੀ। ਲੰਬੀ ਨਾਲੀ ਵਾਲਾ ਕਾਲਾ ਸ਼ਾਹ! ਮੈਨੂੰ ਲੱਗਾ, ਇਹ ਸੱਪ ਹੈ। ਸਖ਼ਤ ਕਾਲਾ। ਗੋਲੀਆਂ ਚਲਾਉਣ ਵਾਲਾ ਸੱਪ। ਬਿਜਲੀ ਕੜਕੀ। ਮੇਰੇ ਸਾਥੀ ਨੇ ਕਿਹਾ- 'ਤੁਸੀਂ ਉਸ ਮੁੰਡੇ ਨੂੰ ਕਹੋ, ਪਿਸਟਲ ਚੁੱਕ ਲਵੇ!' ਮੈਂ ਡਰਾਂ ਕਿ, ਉਹ ਮੈਨੂੰ ਕਹੇਗਾ, 'ਤੈਨੂੰ ਕੀਹਨੇ ਕਿਹਾ, ਇਹ ਪਿਸਟਲ ਮੇਰਾ ਹੈ?' ਜਾਨ ਖ਼ਤਰੇ ਵਿਚ ਕਿਉਂ ਪਾਵਾਂ ਮੈਂ? ਨਾ ਮੈਂ, ਨਾ ਮੇਰਾ ਸਾਥੀ, ਉਸ ਪਿਸਟਲ ਨੂੰ ਹੱਥ ਲਾਈਏ! ਆਖ਼ਰ ਹੌਸਲਾ ਕਰ ਕੇ ਮੈਂ ਉਠਿਆ। ਉਸ ਗੱਭਰੂ ਵੱਲ ਵੇਖਿਆ। ਉਸ ਦੇ ਡੱਬੀਦਾਰ ਖੇਸ 'ਤੇ ਮੇਰੀਆਂ ਨਿਗਾਹਾਂ ਅਟਕ ਗਈਆਂ। ਅਰੇ! ਏਸੇ ਤਰ੍ਹਾਂ ਦੀਆਂ ਭੂਰੀਆਂ-ਕਾਲੀਆਂ ਡੱਬੀਆਂ ਵਾਲਾ ਆਪਣਾ ਖੇਸ ਤਾਂ ਮੇਰੇ ਬਾਪ ਨੇ ਮੈਨੂੰ ਯੂਨੀਵਰਸਿਟੀ ਹੋਸਟਲ ਜਾਣ ਵੇਲੇ ਦਿੱਤਾ ਸੀ ਅਤੇ ਮੇਰੇ ਨਾਂਹ-ਨੁੱਕਰ ਕਰਨ 'ਤੇ ਮੇਰਾ ਨਾਂਹ ਕਰਦਾ ਹੱਥ ਹਵਾ 'ਚ ਰੋਕਦਿਆਂ ਕਿਹਾ ਸੀ- 'ਵੇਲੇ-ਕੁਵੇਲੇ ਕੰਮ ਆਊਗਾ ਕਾਕਾ!' ਕੀ ਇਹ ਖੇਸ ਵੀ ਇਸ ਮੁੰਡੇ ਨੂੰ ਇਸ ਦੇ ਬਾਪ ਨੇ ਦਿੱਤਾ ਹੋਵੇਗਾ? ਇਸ ਸੁਆਲ ਦਾ ਜੁਆਬ ਲੱਭਣ ਲਈ ਮੈਂ ਉਸ ਦੀਆਂ ਮੋਟੀਆਂ ਅੱਖਾਂ ਵਿਚ ਆਪਣੀਆਂ ਸੁੰਗੜੀਆਂ ਅੱਖਾਂ ਪਾਈਆਂ। ਮੇਰੇ ਕਲਮ ਚੁੱਕਣ ਵਾਲੇ ਹੌਲੇ ਫੁੱਲ ਹੱਥ ਉਸ ਦੇ ਭੂਰੇ-ਕਾਲੇ ਖੇਸ ਵਿਚਲੇ ਭਾਰੇ ਪੱਥਰ ਹੱਥਾਂ ਅੱਗੇ ਜੁੜ ਗਏ, ਮੇਰੇ ਮੂੰਹੋਂ ਨਿਕਲਿਆ- "ਸਿੰਘ ਸਾਹਿਬ! ਤੁਹਾਡਾ ਸ਼ਸਤਰ!" ਮੈਂ ਇਸ਼ਾਰੇ ਨਾਲ ਸਾਡੇ ਕੋਲ ਪਏ ਪਿਸਟਲ ਵੱਲ ਉਸ ਦਾ ਧਿਆਨ ਦਵਾਇਆ। ਗੱਭਰੂ ਨੇ ਖੀਸੇ ਵਿਚ ਹੱਥ ਮਾਰਿਆ! ਖੀਸਾ ਖਾਲੀ। ਪਿਸਟਲ ਤਾਂ ਉਹ ਮੇਰੇ ਕੋਲ ਛੱਡ ਆਇਆ ਸੀ। ਕੀਰਤਨ ਸੁਣਦਾ-ਸੁਣਦਾ ਭੁੱਲ ਗਿਆ। ਮੁੰਡਾ ਚੁੱਪਚਾਪ ਮੇਰੇ ਨਾਲ ਪਿਸਟਲ ਕੋਲ ਆ ਗਿਆ। ਉਸ ਨੇ ਸ਼ਾਇਦ ਪ੍ਰਿਥਮ ਭਗੌਤੀ ਸਿਮਰ ਕੇ 'ਪਿਸਟਲ' ਨੂੰ ਮੱਥਾ ਟੇਕਿਆ। ਪਿਸਟਲ ਅੱਗੇ ਦੋ ਵਾਰ ਨੱਕ ਰਗੜਿਆ ਤੇ ਦੋਵਾਂ ਹੱਥਾਂ ਨਾਲ ਪਿਸਟਲ ਚੁੱਕ ਕੇ ਮੱਥੇ ਨਾਲ ਲਾਇਆ। ਕਿੰਨੇ ਸੋਹਣੇ ਹੱਥ ਸਨ ਉਸ ਮੁੰਡੇ ਦੇ! ਲੰਮੀਆਂ ਪਤਲੀਆਂ ਉਂਗਲਾਂ ਵਾਲੇ! ਇਹ ਜ਼ਰੂਰ ਕੋਈ ਚਿੱਤਰਕਾਰ ਹੋਵੇਗਾ। ਇਹ ਹੱਥ ਕਾਤਲ ਨਹੀਂ ਹੋ ਸਕਦੇ, ਮਨ ਨੇ ਕਿਹਾ; ਪਰ ਇਹ ਮਨ ਦੀਆਂ ਮੰਨਣ ਦਾ ਵੇਲਾ ਨਹੀਂ ਸੀ। ਬਿਜਲੀ ਕੜਕੀ! ਚਮਕਦਾ ਪਿਸਟਲ ਮੁੰਡੇ ਦੇ ਖੇਸ ਵਿਚ ਜਾ ਲੁਕਿਆ। ਲੁਕੇ ਖੀਸੇ ਅੰਦਰ। ਵੱਖੀ ਨਾਲ ਲੱਗ ਗਿਆ। ਮੁੰਡੇ ਨੇ ਮੈਨੂੰ 'ਵਾਹਿਗੁਰੂ ਜੀ' ਕਹਿ ਕੇ ਅਦਬ ਨਾਲ ਸਿਰ ਝੁਕਾਇਆ, ਸ਼ਾਇਦ ਧੰਨਵਾਦ ਕੀਤਾ। ਮੈਂ ਇਸ ਅਦਬ ਤੋਂ ਵੀ ਡਰ ਗਿਆ। ਮੇਰੇ ਖੁਸ਼ਕ ਬੁੱਲ੍ਹਾਂ 'ਚੋਂ ਮਸੀਂ ਨਿਕਲਿਆ- "ਵਾਹਿਗੁਰੂ ਜੀ ਕਾ ਖਾਲਸਾ! ਵਾਹਿਗੁਰੂ ਜੀ ਕੀ ਫਤਹਿ।"

ਰਾਗੀਆਂ ਨੇ ਪਤਾ ਨਹੀਂ ਕਿਹੜਾ ਸ਼ਬਦ ਲਾਇਆ, ਮੈਨੂੰ ਕੁਝ ਨਹੀਂ ਸੁਣਿਆ, ਮੇਰੇ ਕੰਨਾਂ ਵਿਚ ਸਾਂ ਸਾਂ ਹੁੰਦੀ ਰਹੀ! ਕਿੰਨਾ ਚਿਰ! ਓਨਾ ਚਿਰ ਜਿੰਨਾ ਚਿਰ ਉਹ ਮੁੰਡਾ ਪੈਂਦੇ ਮੀਂਹ ਅੰਦਰ ਦਰਬਾਰ ਸਾਹਿਬ ਤੋਂ ਬਾਹਰ ਨਹੀਂ ਚਲਾ ਗਿਆ।

ਡਿਊਟੀ ਖ਼ਤਮ ਹੋਣ ਤੋਂ ਬਾਅਦ ਮੈਂ ਤੇ ਮੇਰਾ ਸਾਥੀ ਦਰਬਾਰ ਸਾਹਿਬ ਤੋਂ ਬਾਹਰ ਆ ਕੇ ਉਚੀ ਦੇਣੀ ਹੱਸ ਪਏ। "ਅੱਜ ਤਾਂ ਮਾਰੇ ਗਏ ਸੀ।" ਸਾਥੀ ਨੇ ਕਿਹਾ ਤੇ ਕੜਾਹ ਪ੍ਰਸਾਦ ਦਾ ਗੱਫਾ ਮੂੰਹ ਵਿਚ ਪਾ ਕੇ ਘਿਉ ਵਾਲੇ ਹੱਥ ਦਾਹੜੀ ਨਾਲ ਪੂੰਝ ਲਏ। ਹਲਕੀ-ਹਲਕੀ ਫੁਆਰ ਅਜੇ ਵੀ ਪੈ ਰਹੀ ਸੀ। ਅਸੀਂ ਪੈਂਦੀ ਫੁਆਰ ਵਿਚ ਆਪਣੇ ਦਫਤਰ ਦੀ ਗੱਡੀ ਵਿਚ ਬੈਠ ਕੇ ਆਪੋ-ਆਪਣੇ ਟਿਕਾਣੇ ਚਲੇ ਗਏ। ਹੋਟਲ ਦੇ ਕਮਰੇ ਵਿਚ ਜਾ ਕੇ ਮੈਂ ਆਪਣੇ ਆਪ ਨੂੰ ਕਿਹਾ, "ਜਾਨ ਗੁਆਉਣ ਨਾਲੋਂ ਚੰਗਾ, ਇਹ ਨੌਕਰੀ ਈ ਛੱਡ ਦੇਣੀ ਐ!" ਮੀਂਹ ਇਕਦਮ ਰੁਕ ਗਿਆ ਤੇ ਮੈਂ ਘੂਕ ਸੌਂ ਗਿਆ।

ਡਰੇ ਤੜਕੇ ਦੀ ਥਕਾਵਟ ਤੋਂ ਬਾਅਦ ਸ਼ਾਮ ਨੂੰ ਮੈਂ ਫੇਰ ਉਸੇ ਡਿਊਟੀ 'ਤੇ ਬੈਠਾ ਸਾਂ। ਉਸੇ ਥਾਂ। ਹੁਣ ਮੀਂਹ ਨਹੀਂ ਸੀ ਪੈ ਰਿਹਾ। ਨਾ ਉਹ ਮੁੰਡਾ ਉਥੇ ਘੁੰਮ ਰਿਹਾ ਸੀ, ਪਰ ਪਿਸਟਲ ਦਾ ਪਰਛਾਵਾਂ ਅਜੇ ਵੀ ਉਥੇ ਪਿਆ ਸੀ। ਉਸੇ ਪਰਛਾਵੇਂ ਦੀ ਪੇਂਟਿੰਗ ਬਣਾ ਰਿਹਾ ਸੀ ਉਸ ਮੁੰਡੇ ਦਾ ਸੋਹਣਾ ਪਤਲੀਆਂ ਲੰਮੀਆਂ ਉਂਗਲਾਂ ਵਾਲਾ ਮਾਸੂਮ ਅਤਿਵਾਦੀ ਹੱਥ! ਉਹ ਹੱਥ ਅਜੇ ਵੀ ਮੇਰੀਆਂ ਨਜ਼ਰਾਂ ਵਿਚ ਜੰਮਿਆ ਹੋਇਆ ਹੈ ਤੇ ਮੀਂਹ ਪਈ ਜਾ ਰਿਹਾ ਹੈ- ਲਗਾਤਾਰ... ਛਮਾ ਛਮ.. 'ਘੁਰਨਿ ਘਟਾ ਅਤਿ ਕਾਲੀਆ'... ਪਿਸਟਲ ਦੇ ਉਸ ਪਰਛਾਵੇਂ ਨੂੰ ਕਈ ਵਰ੍ਹੇ ਬੀਤ ਚੱਲੇ ਨੇ, ਪਰ ਭਿਆਨਕ ਪਲ ਪੱਥਰ ਬਣ ਕੇ ਖਲੋ ਜਾਂਦੇ ਨੇ। ਸਖ਼ਤ ਹੱਥ ਮਾਸੂਮ ਹੱਥਾਂ 'ਚ ਬਦਲ ਜਾਂਦੇ ਨੇ। ਤੇ ਫੇਰ ਮਾਸੂਮ ਹੱਥ ਸਖ਼ਤ ਹੱਥਾਂ 'ਚ ਤਬਦੀਲ ਹੋਣ ਲਈ ਛਟਪਟਾਉਂਦੇ ਰਹਿੰਦੇ ਨੇ। ਹਵਾ ਅੰਦਰ ਰੁਕੇ-ਲਹਿਰਦੇ ਇਨ੍ਹਾਂ ਹੱਥਾਂ ਵਿਚਕਾਰ ਭੂਰੀਆਂ-ਕਾਲੀਆਂ ਡੱਬੀਆਂ ਉਤੇ ਸਮਾਂ ਦੌੜਦਾ ਰਹਿੰਦਾ ਹੈ। ਸਾਲਾਂ ਦੇ ਸਾਲ ਟੱਪਦਾ। ਛੜੱਪ-ਛੜੱਪ ਕਰਦਾ। ਡਰਾਉਣੇ ਮੀਂਹ ਵਾਂਗ।

# ਵਾਧੂ ਦੇ ਪੰਗੇ 'ਚ ਕੌਣ ਪੈਂਦਾ

## ਹੱਸਣ ਦੀ ਜਾਚ

***ਵਰਿਆਮ ਸਿੰਘ ਸੰਧੂ ਪੰਜਾਬੀ ਦਾ ਜ਼ਹੀਨ ਕਹਾਣੀਕਾਰ ਹੈ। ਪੇਂਡੂ ਪਿੱਠਭੂਮੀ 'ਤੇ ਲਿਖੀਆਂ ਉਸ ਦੀਆਂ ਕਹਾਣੀਆਂ ਵਿਚ ਲੋਕ ਦਰਦ ਡੁਲ੍ਹ ਡੁਲ੍ਹ ਪੈਂਦਾ ਹੈ। ਪਹਿਲਾਂ ਉਸ ਨੇ ਨਕਸਲੀ ਲਹਿਰ ਅਤੇ ਫਿਰ ਖਾੜਕੂ ਲਹਿਰ ਦਾ ਸੇਕ ਆਪਣੇ ਪਿੰਡੇ 'ਤੇ ਹੰਢਾਇਆ। ਪਾਠਕ ਜਿਉਂ ਕਹਾਣੀ ਪੜ੍ਹਨੀ ਸ਼ੁਰੂ ਕਰਦਾ ਹੈ ਤਾਂ ਬਸ ਇਸ ਵਹਿਣ ਵਿਚ ਹੀ ਵਹਿ ਜਾਂਦਾ ਹੈ। ਇਸ ਲੇਖ ਲੜੀ ਵਿਚ ਉਸ ਨੇ ਆਪਣੀ ਜ਼ਿੰਦਗੀ ਦੇ ਕੁਝ ਪੱਤਰੇ ਫੋਲੇ ਹਨ, ਜੋ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ***

ਇਕ ਦਿਨ ਬੀਬੀ ਮੇਰੇ ਕੋਲ ਜਲੰਧਰ ਆਈ। ਚਿਹਰਾ ਉਤਰਿਆ ਹੋਇਆ ਤੇ ਡਾਢਾ ਉਦਾਸ, ਅੱਖਾਂ ਡੁੱਲ੍ਹਣ ਡੁੱਲ੍ਹਣ ਕਰਦੀਆਂ। ਪੁੱਛਣ 'ਤੇ ਰੋਣ ਲੱਗੀ, "ਤੇਰੇ ਮਾਮੇ ਹਰਦੀਪ ਨੂੰ ਪਰਸੋਂ ਤਕਾਲੀਂ ਪੁਲਿਸ ਚੁੱਕ ਕੇ ਲੈ ਗਈ। ਪਹਿਲਾਂ ਤਾਂ ਪਤਾ ਨਹੀਂ ਸੀ ਲੱਗਦਾ ਕਿ ਕਿੱਥੇ ਲੈ ਗਏ, ਬੜੀ ਭੱਜ ਦੌੜ ਪਿੱਛੋਂ ਅੱਜ ਸਵੇਰੇ ਪਤਾ ਲੱਗਾ ਕਿ ਅੰਬਰਸਰ ਮਾਲ-ਮੰਡੀ ਵਿਚ ਉਹਦਾ ਕੁੱਟ ਕੁੱਟ ਕੇ ਬੁਰਾ ਹਾਲ ਕੀਤਾ ਪਿਆ। ਘਰਦਿਆਂ ਜਿੱਥੇ ਜਿੱਥੇ ਜੋਰ ਪੈਂਦਾ ਸੀ, ਪਾ ਕੇ ਵੇਖ ਲਿਐ। ਛੁਡਣ-ਛੁਡਾਉਣ ਵਾਲੀ ਗੱਲ ਤਾਂ ਦੂਰ, ਅੰਦਰੋਂ ਕਿਸੇ ਆਪਣੇ ਬੰਦੇ ਨੇ ਦੱਸਿਐ ਕਿ ਪੁੱਛ-ਗਿੱਛ ਕਰਕੇ ਅਗਲਿਆਂ ਅੱਜ ਰਾਤ ਨੂੰ ਜਾਂ ਕੱਲ੍ਹ ਰਾਤ ਨੂੰ ਉਹਦਾ ਮੁਕਾਬਲਾ ਬਣਾ ਕੇ ਮਾਰ ਦੇਣੈ। ਜੇ ਕੁੱਝ ਕਰ ਸਕਦੇ ਓ ਤਾਂ ਕਰ ਲਓ। ਹੁਣ ਤਾਂ ਤੂੰ ਹੀ ਉਹਨੂੰ ਬਚਾ ਸਕਦੈਂ। ਆਹ ਮੇਰੇ ਹੱਥ ਜੋੜੇ, ਪਿਛਲੀਆਂ ਗੱਲਾਂ ਭੁੱਲ ਕੇ ਤੂੰ ਕੋਈ ਚਾਰਾ ਕਰ; ਤੂੰ ਕਰ ਸਕਦਾ ਏਂ!"



ਵਰਿਆਮ ਸੰਧੂ
e-mail: waryamsandhu@gmail.com

ਆਪਣੇ ਦੋਵਾਂ ਮਾਮਿਆਂ ਨਾਲ ਮੇਰੇ ਯਾਰਾਂ ਵਰਗੇ ਸਬੰਧ ਰਹੇ ਹਨ। ਵੱਡਾ ਮਾਮਾ ਗੁਰਦੀਪ ਮੇਰੇ ਤੋਂ ਪੰਜ ਕੁ ਸਾਲ ਅਤੇ ਉਸ ਤੋਂ ਛੋਟਾ ਹਰਦੀਪ ਦੋ ਕੁ ਸਾਲ ਵੱਡਾ ਹੈ। ਮੇਰੇ ਲਈ ਬਚਪਨ ਦੇ ਸਭ ਤੋਂ ਯਾਦਗਾਰੀ ਦਿਨ ਉਹ ਹਨ ਜਦੋਂ ਮੈਂ ਗਰਮੀਆਂ ਦੀਆਂ ਛੁੱਟੀਆਂ ਵਿਚ ਆਪਣੇ ਨਾਨਕੇ ਪਿੰਡ ਆਪਣੇ ਮਾਮਿਆਂ ਦੀ ਸੰਗਤ ਵਿਚ ਖੇਡਦਾ, ਖੇਤਾਂ ਵਿਚ ਜਾਂਦਾ, ਡੰਗਰ ਚਾਰਦਾ, ਛਿੰਝਾਂ ਤੇ ਮੇਲੇ ਵੇਖਦਾ। ਸ਼ਾਮ ਨੂੰ ਪਿੰਡ ਦੇ ਜਵਾਨਾਂ ਦੀ ਕਬੱਡੀ ਵੇਖਦਾ, ਰਾਤ ਨੂੰ ਕਦੀ ਪਿੰਡ ਦੇ ਗੁਰਦੁਆਰੇ ਵਿਚ ਗੱਭਰੂਆਂ ਵੱਲੋਂ ਆਪਣੀ ਖੁਸ਼ੀ ਲਈ ਲਾਏ 'ਢੋਲਕੀਆਂ-ਛੈਣਿਆਂ ਵਾਲੇ' ਦੀਵਾਨ ਵਿਚ ਭਾਗ ਲੈਂਦਾ, ਕਦੀ ਚੰਨ-ਚਾਨਣੀ ਵਿਚ ਉਨ੍ਹਾਂ ਨਾਲ ਲੁਕਣ-ਮੀਟੀ ਖੇਡਦਾ। ਖੇਡਦੇ ਖੇਡਦੇ ਜਵਾਨ ਮੁੰਡੇ ਪਿੰਡੋਂ ਦੂਰ ਕਿਸੇ ਰੜੇ-ਮੈਦਾਨ ਵਿਚ ਬੋਲੀਆਂ, ਭੰਗੜਾ ਤੇ ਗਿੱਧਾ ਪਾਉਂਦੇ। ਮੇਰੇ ਮਾਮੇ ਮੇਰਾ ਮਾਣ ਤੇ ਮੇਰੀ ਤਾਕਤ ਹੁੰਦੇ। ਮੇਰੇ ਨਾਨਕਿਆਂ ਦਾ ਟੱਬਰ ਸੁਭਾ ਪੱਖੋਂ ਬਹੁਤ ਹੀ ਮਜ਼ਾਕੀਆ ਸੀ। ਜਿਸ ਵੀ ਵੱਡੇ ਛੋਟੇ ਦਾ ਜ਼ੋਰ ਚੱਲਦਾ, ਦੂਜੇ ਨੂੰ ਮਖੌਲ ਕਰਨ ਵਿਚ ਦੱਬ ਲੈਂਦਾ। ਦਬਾਓ ਵਿਚ ਆਉਣ ਵਾਲਾ ਝੂਠੀ ਮੂਠੀ ਹੱਸਣ ਲਈ ਮਜਬੂਰ ਹੁੰਦਾ। ਦੋਵੇਂ ਮਾਮੇ ਆਪਸ ਵਿਚ ਵੀ ਇੱਕ ਦੂਜੇ ਨੂੰ ਦਬੱਲ ਲੈਂਦੇ। ਮੈਨੂੰ ਵੀ ਕਿਸੇ ਨਾ ਕਿਸੇ ਦਾ ਸਾਥ ਦੇਣ ਕਰਕੇ ਕਦੀ ਕਦੀ ਆਪ ਵੀ ਹਮਲੇ ਦਾ ਸ਼ਿਕਾਰ ਹੋਣਾ ਪੈਂਦਾ। ਮੇਰੇ ਸੁਭਾ ਵਿਚ ਜ਼ਿੰਦਾਦਿਲੀ ਦਾ ਬਹੁਤਾ ਅੰਸ਼ ਮੇਰੇ ਨਾਨਕਿਆਂ ਦੀ ਦੇਣ ਹੀ ਹੈ। ਬੇਲਿਹਾਜ਼ ਹੋ ਕੇ ਅਸੀਂ ਇੱਕ ਦੂਜੇ ਦੀ 'ਠੁਕਾਈ' ਹੁਣ ਤੱਕ ਵੀ ਕਰ ਲੈਂਦੇ ਸਾਂ। ਮੇਰੇ ਲਈ ਬਚਪਨ ਦੇ ਸਭ ਤੋਂ ਉਦਾਸ ਕਰਨ ਵਾਲੇ ਦਿਨ ਵੀ ਉਹੋ ਹੁੰਦੇ ਜਦੋਂ ਛੁੱਟੀਆਂ ਮੁੱਕਣ 'ਤੇ ਮੇਰੇ ਮਾਪੇ ਜਾਂ ਸਾਡਾ ਕੋਈ ਲਾਗੀ ਮੈਨੂੰ ਪਿੰਡ ਲੈ ਜਾਣ ਲਈ ਆਉਂਦਾ ਤੇ ਮੈਨੂੰ ਬੜੇ ਹੀ ਭਾਰੀ ਮਨ ਨਾਲ ਨਾਨਕਿਆਂ ਦੇ ਪਿੰਡ ਨੂੰ ਅਲਵਿਦਾ ਕਹਿਣੀ ਪੈਂਦੀ।

ਥੋੜ੍ਹਾ ਕੁ ਵੱਡਾ ਹੋਇਆ ਤਾਂ ਮੇਰੇ ਲਿਖਣ-ਪੜ੍ਹਨ ਦੇ ਸ਼ੌਕ ਵੱਲ ਵੇਖ ਕੇ ਮੇਰੇ ਮਾਮਿਆਂ ਨੇ ਉਨ੍ਹਾਂ ਨਾਲੋਂ ਉਮਰੋਂ ਛੋਟਾ ਹੋਣ ਦੇ ਬਾਵਜੂਦ ਮੈਨੂੰ 'ਸਿਆਣਾ' ਸਮਝਣਾ ਸ਼ੁਰੂ ਕਰ ਦਿੱਤਾ। ਉਹ ਮੇਰੀ ਗੱਲ ਦੀ ਕਦਰ ਕਰਦੇ। ਬਚਪਨ ਵਿਚ ਹੀ ਮੰਗਣਾ ਹੋ ਜਾਣ ਕਰਕੇ ਹਰਦੀਪ ਨੂੰ ਆਪਣੀ ਮੰਗ ਪਸੰਦ ਨਹੀਂ ਸੀ; ਉਸ ਨੇ ਜੇ ਬੀ. ਟੀ. ਵਿਚ ਪੜ੍ਹਦੇ ਨੂੰ ਮੈਨੂੰ ਚਿੱਠੀ ਲਿਖ ਕੇ ਇਸ ਸਾਕ ਨੂੰ ਛੱਡਣ ਜਾਂ ਨਾ ਛੱਡਣ ਬਾਰੇ ਮੇਰੀ ਰਾਇ ਮੰਗੀ। ਉਂਜ ਵੀ ਅਸੀਂ ਮਾਮੇ-ਭਣੇਵਾਂ ਮਿਲ ਕੇ ਅਕਸਰ ਹੀ 'ਅੰਦਰਲੀਆਂ ਗੱਲਾਂ' ਵੀ ਕਰ ਲੈਂਦੇ।

ਜਦੋਂ ਮੈਂ ਚੜ੍ਹਦੀ ਜਵਾਨੀ ਵੇਲੇ ਨਵੇਂ ਸਿਆਸੀ ਵਿਚਾਰਾਂ ਦੇ ਸੇਕ ਨਾਲ ਫੁਲਿਆ ਫਿਰਦਾ ਸਾਂ ਤਾਂ ਮੇਰੇ ਮਾਮੇ ਵੀ ਮੇਰੇ ਕਹਿਣ 'ਤੇ ਆਪਣੇ ਇਲਾਕੇ ਵਿਚ ਮੇਰੇ ਵਿਚਾਰਾਂ ਵਾਲੇ ਮੇਰੇ ਸਾਥੀਆਂ ਦੀ ਧਿਰ ਬਣੇ। ਉਨ੍ਹਾਂ ਨੇ ਆਪਣੇ ਲਾਲ ਰੰਗ ਦੇ 'ਇੰਟਰਨੈਸ਼ਨਲ' ਟਰੈਕਟਰ ਦੇ ਮੱਥੇ 'ਤੇ 'ਜੈ-ਜਨਤਾ' ਲਿਖਵਾਇਆ ਹੋਇਆ ਸੀ। ਕੁਝ ਹੀ ਚਿਰ ਪਿੱਛੋਂ ਮੇਰੇ ਵੱਲੋਂ ਅਪਨਾਏ ਸਿਆਸੀ ਪੈਂਤੜੇ ਤੋਂ ਜਦੋਂ ਮੈਂ ਆਪਣੇ ਪੈਰ ਪਿੱਛੇ ਖਿਸਕਾ ਲਏ ਤਦ ਵੀ ਮਾਮਾ ਗੁਰਦੀਪ ਕਈ ਸਾਲ ਮੈਨੂੰ ਕਹਿੰਦਾ ਰਿਹਾ, "ਤੂੰ ਭਾਵੇਂ ਆਪਣੇ ਵਿਚਾਰਾਂ ਨੂੰ ਬਦਲ ਲਿਆ ਪਰ ਜਿਨ੍ਹਾਂ ਬੰਦਿਆਂ ਨਾਲ ਤੂੰ ਸਾਨੂੰ ਮਿਲਾ ਕੇ ਗਿਆ ਸੈਂ, ਅਸੀਂ ਹੁਣ ਤੱਕ ਵੀ ਉਨ੍ਹਾਂ ਨੂੰ ਕਦੀ ਪਿੱਠ ਨਹੀਂ ਦਿੱਤੀ।"

ਮੇਰੇ ਸਾਰੇ ਰਿਸ਼ਤੇਦਾਰਾਂ ਵਿਚੋਂ ਮੇਰੇ ਮਾਮੇ ਹੀ ਸਨ ਜਿਨ੍ਹਾਂ ਕੋਲ ਜਾਣਾ, ਮਿਲ ਬੈਠਣਾ, ਗੱਲਾਂ ਕਰਨਾ ਮੈਨੂੰ ਸਕੂਨ ਦਿੰਦਾ ਸੀ। ਆਪਣੇ ਵਿਚੋਂ ਕਿਸੇ ਨਾ ਕਿਸੇ ਦੀ ਕੋਈ ਝੂਠੀ-ਸੱਚੀ ਕਮਜ਼ੋਰੀ ਜਾਂ ਗਲਤੀ ਲੱਭ ਕੇ ਅਸੀਂ ਇੱਕ ਦੂਜੇ ਦਾ ਮੌਜੂ ਬਣਾਉਂਦੇ। 'ਟਾਹ! ਟਾਹ' ਕਪਾਹੀ ਹਾਸਾ ਹੱਸਦੇ। ਹਰਦੀਪ ਬਹੁਤੀ ਵਾਰ ਵੱਡੇ ਮਾਮੇ ਗੁਰਦੀਪ ਦੇ ਹਮਲੇ ਦਾ ਸ਼ਿਕਾਰ ਹੋ ਜਾਂਦਾ। ਜੇ ਕਦੀ ਹਰਦੀਪ ਦਾ ਜ਼ੋਰ ਪੈਂਦਾ ਤਾਂ ਗੁਰਦੀਪ ਹਰਦੀਪ ਦੇ ਕੁੱਝ ਚਿਰ ਫੌਜ ਵਿਚ ਰਿਹਾ ਹੋਣ ਕਰਕੇ 'ਫੌਜੀਆਂ ਦੀ ਅਕਲ' ਦੇ ਨੁਕਤੇ 'ਤੇ ਟਿੱਪਣੀ ਕਰਕੇ ਉਸ ਨੂੰ ਢਾਹ ਲੈਂਦਾ। ਹਰਦੀਪ ਸਾਡੇ ਨਾਲ ਮਿਲ ਕੇ ਹੱਸਦਾ ਰਹਿੰਦਾ ਤੇ ਆਪਣੀ ਵਾਰੀ ਦੀ ਉਡੀਕ ਵਿਚ ਰਹਿੰਦਾ। ਸਭ ਵਿਚ ਬਰਦਾਸ਼ਤ ਦਾ ਮਾਦਾ ਕਮਾਲ ਦਾ ਸੀ। ਕੋਈ ਵੀ ਗੁੱਸਾ ਨਾ ਕਰਦਾ ਕਿਉਂਕਿ ਸਾਰੇ ਜਾਣਦੇ ਸਨ ਕਿ ਇਹ ਸਿਰਫ ਮਜ਼ਾਕ ਹੈ। ਇਸ ਵਿਚ ਕਿਸੇ ਦੂਜੇ ਨੂੰ ਘਟੀਆ ਤੇ ਨੀਵਾਂ ਵਿਖਾਉਣ ਵਾਲੀ ਕਮੀਨਗੀ ਲੇਸ ਮਾਤਰ ਵੀ ਨਹੀਂ ਹੈ। ਇਹ ਹਾਸਾ-ਮਜ਼ਾਕ ਤਾਂ ਸ਼ੁਧ ਹਿਰਦਿਆਂ ਦਾ ਖੇੜਾ ਹੈ।

ਸਾਡੇ ਦਾਦੇ ਚੰਦਾ ਸਿੰਘ ਦੇ ਛੜੇ ਭਰਾ ਬਾਬੇ ਬਿਸ਼ਨ ਸਿੰਘ ਦੀ ਪਾਕਿਸਤਾਨ ਵਿਚ ਰਹਿ ਗਈ ਜਮੀਨ ਦੇ ਇਵਜ਼ ਵਿਚ ਜਿਹੜੀ ਜਮੀਨ ਮੁਕਤਸਰ-ਮਲੋਟ ਸੜਕ ਉਤਲੇ ਪਿੰਡ ਸਾਉਂਕੇ ਵਿਚ ਮਿਲੀ ਸੀ, ਉਸ ਦੀ ਸੰਭਾਲ ਪਹਿਲਾਂ ਦੋਵੇਂ ਬਾਬੇ ਕਰਦੇ ਰਹੇ ਸਨ ਤੇ ਉਨ੍ਹਾਂ ਦੀ ਮੌਤ ਪਿੱਛੋਂ ਮੇਰਾ ਪਿਤਾ ਹਰ ਸਾਲ ਜਾ ਕੇ ਉਸ ਜਮੀਨ ਦਾ ਹਿੱਸਾ-ਠੇਕਾ ਲੈ ਆਉਂਦਾ ਸੀ। ਪਿਤਾ ਦੀ ਮੌਤ ਤੋਂ ਬਾਅਦ ਮੈਂ ਆਪਣੇ ਮਾਮਿਆਂ ਤੇ ਘਰਦਿਆਂ ਦੀ ਸਲਾਹ ਨਾਲ ਉਸ ਜਮੀਨ ਨੂੰ ਵੇਚ ਦੇਣ ਦਾ ਨਿਰਣਾ ਲਿਆ। ਘਰਦਿਆਂ ਨੇ ਮੈਨੂੰ ਮੁਖਤਿਆਰਨਾਮਾ ਦੇ ਦਿੱਤਾ।

ਇਹ ਇਕੱਲੇ ਬੰਦੇ ਦੇ ਕਰਨ ਵਾਲਾ ਕੰਮ ਨਹੀਂ ਸੀ। ਮੈਂ ਮਾਮਿਆਂ ਕੋਲ ਗਿਆ। ਉਨ੍ਹਾਂ ਦਾ ਵਾਹੀ ਦਾ ਸਾਂਝਾ ਕੰਮ ਸੀ। ਵੱਡੇ ਮਾਮੇ ਗੁਰਦੀਪ ਨੇ ਘਰ ਦੀ ਜ਼ਿੰਮੇਵਾਰੀ ਓਟਦਿਆਂ ਹਰਦੀਪ ਨੂੰ ਮੇਰੇ ਨਾਲ ਭੇਜ ਦਿੱਤਾ। ਜਿਨ੍ਹਾਂ ਕੋਲ ਜਮੀਨ ਸੀ, ਉਹ ਪੰਜ ਭਰਾ ਸਨ। ਸਾਰੇ ਹੀ ਮਾਰ ਖੋਰੇ। ਤਿੰਨਾਂ ਦੀ ਰਿਹਾਇਸ਼ ਤਾਂ ਪਿੰਡ ਵਿਚ ਸੀ ਜਦ ਕਿ ਵੱਡੇ ਦੋਵੇਂ ਪਿੰਡੋਂ ਬਾਹਰ ਦੋ-ਢਾਈ ਮੀਲ ਦੀ ਦੂਰੀ 'ਤੇ ਢਾਣੀ ਵਿਚ ਰਹਿੰਦੇ ਸਨ। ਸਾਡੀ ਜਮੀਨ ਇਨ੍ਹਾਂ ਦੋ ਵੱਡੇ ਭਰਾਵਾਂ ਦੇ ਕਬਜ਼ੇ ਹੇਠ ਸੀ। ਅਸੀਂ ਦੋਵੇਂ ਜਣੇ ਲੱਭਦੇ ਲਭਾਉਂਦੇ ਉਨ੍ਹਾਂ ਦੀ ਢਾਣੀ 'ਤੇ ਜਾ ਪਹੁੰਚੇ। ਉਨ੍ਹਾਂ ਵਿਚੋਂ ਪਿਆਰਾ ਤਾਂ ਅਜੇ ਹੁਣੇ ਜਿਹੇ ਹੀ ਪਾਕਿਸਤਾਨ ਵਿਚੋਂ ਕੈਦ ਕੱਟ ਕੇ ਆਇਆ ਸੀ। ਉਹ ਦਾਹੜੀ ਕਤਰ ਕੇ ਤੇ ਅੱਖਾਂ 'ਚ ਸੁਰਮਾ ਪਾ ਕੇ ਰੱਖਦਾ। ਸਾਨੂੰ ਸਾਡੀ ਜਮੀਨ ਦਾ ਗੇੜਾ ਕਢਾਉਂਦਿਆਂ ਤੇ ਕਿੱਲਿਆਂ ਦੀ ਜਾਣ-ਪਛਾਣ ਕਰਾਉਂਦਿਆਂ ਉਸ ਨੇ ਦੱਸਿਆ, "ਆਹ ਛੇ ਕੁ ਕਿੱਲੇ ਜਮੀਨ ਤਾਂ ਸਾਡੇ ਕੋਲ ਹੈ। ਦੋ ਕੁ ਕਿੱਲੇ ਪਿੱਛੇ ਪਿੰਡ ਕੋਲ ਕਿਸੇ ਹੋਰ ਨੂੰ ਦਿੱਤੀ ਹੋਈ ਹੈ ਭਾਊ ਦੀਦਾਰ ਸੁੰਹ ਨੇ। ਉਨ੍ਹਾਂ ਤੋਂ ਪੈਲੀ ਛੁਡਾ ਕੇ ਸਾਨੂੰ ਹੀ ਦੇ ਜਾਓ। ਨਹੀਂ ਤਾਂ ਉਨ੍ਹਾਂ ਨੇ ਕਬਜ਼ਾ ਕਰ ਲੈਣਾ। ਅਸੀਂ ਤਾਂ ਵੇਖ ਲੌ ਤੁਹਾਡੇ ਬਾਪ ਨੂੰ ਠੇਕਾ ਮੰਗਣ 'ਤੇ ਕਦੀ ਅਗਲਾ ਦਿਨ ਨਹੀਂ ਸੀ ਪੈਣ ਦਿੱਤਾ ਤੇ ਉਨ੍ਹਾਂ ਦਾ ਪੁੱਛ ਕੇ ਵੇਖ ਲਿਓ; ਅਜੇ ਵੀ ਬਕਾਇਆ ਖੜ੍ਹਾ ਹੋਣੈ!"

ਅਸੀਂ ਜਮੀਨ ਵੇਚ ਦੇਣ ਦੇ ਫੈਸਲੇ ਬਾਰੇ ਉਨ੍ਹਾਂ ਨੂੰ ਦੱਸਿਆ।

ਉਨ੍ਹਾਂ ਦੋਵਾਂ ਭਰਾਵਾਂ ਨੇ ਵੀ ਸਸਤੇ ਭਾਅ ਜਮੀਨ ਮਿਲ ਜਾਣ ਦੇ ਲਾਲਚ ਵਿਚ ਸਾਡੇ ਨਾਲ ਸੌਦਾ ਕਰਕੇ ਦਸ ਕੁ ਹਜ਼ਾਰ ਰੁਪਈਆ ਬਿਆਨਾ ਦੇ ਦਿੱਤਾ ਤੇ ਕੁਝ ਮਹੀਨਿਆਂ ਬਾਅਦ ਰਜਿਸਟਰੀ ਕਰਵਾਉਣ ਦੀ ਤਰੀਕ ਪੱਕੀ ਕਰ ਲਈ। ਪਰ ਪਿੱਛੋਂ ਸ਼ਾਇਦ ਉਨ੍ਹਾਂ ਸਲਾਹ ਬਣਾ ਲਈ ਕਿ ਉਹ ਏਨੇ ਸਾਲਾਂ ਤੋਂ ਜਮੀਨ ਵਾਹ ਰਹੇ ਹਨ, ਗਿਰਦੌਰੀ ਉਨ੍ਹਾਂ ਦੇ ਨਾਂ ਹੈ; ਅਸੀਂ ਉਨ੍ਹਾਂ ਤੋਂ ਜਮੀਨ ਛੁਡਾ ਨਹੀਂ ਸਕਾਂਗੇ। ਉਨ੍ਹਾਂ ਰਜਿਸਟਰੀ ਵਾਲੇ ਦਿਨ ਪੈਸਿਆਂ ਦਾ 'ਪੂਰਾ ਪ੍ਰਬੰਧ' ਨਾ ਹੋ ਸਕਣ ਦਾ ਬਹਾਨਾ ਲਾਇਆ ਤੇ ਉਸ ਵੇਲੇ ਐਵੇਂ ਨਾ-ਮਾਤਰ ਜਿਹੀ ਰਕਮ ਦੇਣ ਅਤੇ ਬਾਕੀ ਰਕਮ ਕੁਝ ਮਹੀਨਿਆਂ ਬਾਅਦ ਦੇ ਦੇਣ ਦਾ ਲਾਰਾ ਲਾ ਕੇ ਸਾਨੂੰ ਓਸੇ ਦਿਨ ਰਜਿਸਟਰੀ ਕਰਵਾ ਦੇਣ ਲਈ ਕਿਹਾ।

ਅੱਧ-ਪਚੱਧੇ ਪੈਸੇ ਲੈ ਕੇ ਰਜਿਸਟਰੀ ਕਿਵੇਂ ਕਰਵਾਈ ਜਾ ਸਕਦੀ ਸੀ! ਰਜਿਸਟਰੀ ਹੋਣ ਬਾਅਦ ਉਨ੍ਹਾਂ ਨੇ ਸਾਨੂੰ ਕੀ ਡਾਹ-ਦਵਾਲ ਹੋਣਾ ਸੀ! ਜਮੀਨ ਦਾ ਬਿਆਨਾ ਕਰਨ ਵੇਲੇ ਵੀ ਅਤੇ 'ਰਜਿਸਟਰੀ' ਵਾਲੇ ਦਿਨ ਮਾਮਾ ਹਰਦੀਪ ਮੇਰੇ ਨਾਲ ਸੀ। ਅਸੀਂ ਉਨ੍ਹਾਂ ਨੂੰ ਜਵਾਬ ਦਿੱਤਾ ਕਿ ਜਦੋਂ ਉਹ ਪੈਸੇ ਤਿਆਰ ਕਰ ਲੈਣਗੇ ਤਾਂ ਅਸੀਂ ਉਦੋਂ ਹੀ ਰਜਿਸਟਰੀ ਕਰਵਾ ਦਿਆਂਗੇ। ਨਿਰਾਸ਼ ਹੋ ਕੇ ਅਸੀਂ ਘਰਾਂ ਨੂੰ ਪਰਤ ਆਏ। ਪਰ ਉਹ ਤਾਂ ਮੁੜ ਕੇ ਜਿਵੇਂ ਗੁੰਗੇ ਹੋ ਗਏ। ਕੋਈ ਪਤਾ ਨਾ ਸੁਰ। ਅੱਠ ਏਕੜ ਜਮੀਨ ਦਾ ਅਸੀਂ ਤਾਂ ਐਵੇਂ ਨਾ-ਮਾਤਰ ਦਸ ਹਜ਼ਾਰ ਰੁਪਈਆ ਬਿਆਨਾ ਲਿਆ ਸੀ। ਉਹ ਤਾਂ ਜਮੀਨ ਦੱਬ ਲੈਣ ਦਾ ਫੈਸਲਾ ਕਰੀ ਬੈਠੇ ਸਨ।



ਅਸੀਂ ਦੋ-ਚੌਹ ਮਹੀਨਿਆਂ ਬਾਅਦ ਮਾਮਾ-ਭਣੇਵਾਂ ਉਨ੍ਹਾਂ ਦੇ ਪਿੰਡ ਦਾ ਫੇਰਾ ਮਾਰਦੇ। ਮੈਂ ਸਕੂਲੋਂ ਛੁਟੀਆਂ ਲੈਂਦਾ। ਮਾਮਾ ਆਪਣੇ ਪਰਿਵਾਰ ਅਤੇ ਵਾਹੀ ਦਾ ਕੰਮ ਛੱਡ ਕੇ ਮੇਰੇ ਨਾਲ ਤੁਰ ਪੈਂਦਾ। ਅਸੀਂ ਦਸ ਦਸ ਦਿਨ ਲਾ ਕੇ ਖੱਜਲ-ਖਰਾਬ ਹੋ ਕੇ ਮੁੜਦੇ। ਕਦੀ ਉਨ੍ਹਾਂ ਕੋਲ, ਕਦੀ ਮੁਕਤਸਰ ਗੁਰਦੁਆਰੇ ਵਿਚ ਤੇ ਕਦੀ ਮਲੋਟ ਕਿਸੇ ਹੋਟਲ ਵਿਚ ਰਾਤਾਂ ਕੱਟਦੇ। ਦਿਨੇ ਉਨ੍ਹਾਂ ਦੋਵਾਂ ਭਰਾਵਾਂ ਨੂੰ ਲੱਭਣ ਤੇ ਮਿਲਣ ਉਨ੍ਹਾਂ ਦੀ ਢਾਣੀ ਵੱਲ ਤੁਰ ਪੈਂਦੇ। ਉਨ੍ਹਾਂ ਦੋਵਾਂ ਭਰਾਵਾਂ ਨੇ ਬੜੀ ਨਾਟਕੀ ਸਥਿਤੀ ਬਣਾ ਲਈ ਹੋਈ ਸੀ। ਉਨ੍ਹਾਂ ਨੇ ਇੱਕ ਦੂਜੇ ਨਾਲ ਲੜੇ ਹੋਣ ਅਤੇ ਬੋਲ-ਚਾਲ ਬੰਦ ਕੀਤੇ ਹੋਣ ਦਾ ਸਵਾਂਗ ਰਚਾ ਲਿਆ।

ਇੱਕ ਵਾਰ ਗਏ ਤਾਂ ਜਾਂਦਿਆਂ ਨੂੰ ਘਰ ਵਿਚ ਪਿਆਰਾ ਮਿਲਿਆ। ਚਾਹ-ਪਾਣੀ ਪਿਆ ਕੇ ਉਸ ਆਖਿਆ, "ਮੈਂ ਤਾਂ ਭੱਜਿਆ ਨਹੀਂ। ਮੇਰੇ ਪੈਸੇ ਤਾਂ ਤਿਆਰ ਨੇ। ਮੇਰੇ ਵੱਲੋਂ ਭਾਵੇਂ ਸਵੇਰੇ ਰਜਿਸਟਰੀ ਕਰਾ ਲੌ। ਤੁਸੀਂ ਤਾਰੇ ਨੂੰ ਮਨਾ ਲੌ। ਮੇਰੇ ਨਾਲ ਤਾਂ ਸਿੱਧੇ ਮੂੰਹ ਬੋਲਦਾ ਈ ਨਹੀਂ। ਮੈਂ ਤਾਂ ਸੀਰੀ ਰਾਹੀਂ ਉਹਨੂੰ ਕਈ ਵਾਰ ਅਖਵਾਇਐ ਕਿ ਉਨ੍ਹਾਂ ਵਿਚਾਰਿਆਂ ਨੂੰ ਕਿਉਂ ਗੇੜੇ ਮਰਵਾਉਂਦੈਂ। ਉਹ ਉਥੋਂ ਰੱਬ ਦੀ ਧੂੰਨੀ 'ਚੋਂ ਤੁਰ ਕੇ ਆਉਂਦੇ ਨੇ ਵਿਚਾਰੇ। ਪਰ ਉਹ ਕੋਈ ਨਿਆਂ ਈ ਨਹੀਂ ਦਿੰਦਾ। ਹੈ ਤਾਂ ਹਾਸੇ ਵਾਲੀ ਗੱਲ; ਮੂਰਖ ਕਿਸੇ ਥਾਂ ਦਾ, ਸੀਰੀ ਨੂੰ ਆਖਦਾ ਸੀ; ਜੇ ਜਮੀਨ ਦੇ ਪੈਸੇ ਈ ਦੇਣੇ ਨੇ ਤਾਂ ਆਹ ਦੁਨਾਲੀ ਕਾਹਦੇ ਲਈ ਰੱਖੀ ਹੋਈ ਹੈ, ਮੈਂ ਆਖਦਾਂ ਕਮਲਿਆ ਬੰਦੇ ਦੀ ਕੋਈ ਜ਼ਬਾਨ ਵੀ ਹੁੰਦੀ ਐ। ਨਹੀਂ ਇਤਬਾਰ ਤਾਂ ਆਹ ਤੁਰਿਆ ਆਉਂਦਾ ਜੇ ਘੋੜੀ 'ਤੇ। ਮੇਰੇ ਸਾਹਮਣੇ ਪੁੱਛ ਵੇਖੋ।"

ਏਨੀ ਆਖ ਕੇ ਉਸ ਆਪਣੇ ਸਿਰਹਾਣੇ ਹੇਠੋਂ ਦਾਤਰ ਕੱਢਿਆ ਤੇ ਸਾਡੇ ਲਈ 'ਸਵੇਰ ਵਾਸਤੇ ਦਾਤਣਾਂ ਛਾਂਗਣ' ਤੁਰ ਪਿਆ। ਸਾਨੂੰ ਰੁੱਖਾਂ ਹੇਠ ਮੰਜੇ 'ਤੇ ਬੈਠਿਆਂ ਵੇਖ ਤਾਰਾ ਘੋੜੀ ਤੋਂ ਉਤਰਿਆ। ਮੋਢੇ ਤੋਂ ਲਾਹ ਕੇ ਦੁਨਾਲੀ ਹੱਥ ਵਿਚ ਫੜ੍ਹੀ। ਫਤਿਹ ਬੁਲਾਈ, ਹਾਲ-ਚਾਲ ਪੁੱਛਿਆ। ਪਿਆਰੇ ਨੂੰ ਆਉਂਦਾ ਵੇਖ ਘੋੜੀ ਦੀ ਲਗਾਮ ਫੜ੍ਹੀ ਪਰ੍ਹੇ ਆਪਣੇ ਘਰ ਵੱਲ ਇਹ ਕਹਿੰਦਾ ਤੁਰ ਪਿਆ, "ਕੋਈ ਨਹੀਂ ਮਿਲਦੇ ਆਂ। ਤੁਸੀਂ ਕਰੋ ਗੱਲ-ਬਾਤ।"

ਉਹ ਰਾਤ ਅਸੀਂ ਪਿਆਰੇ ਕੋਲ ਕੱਟੀ। ਕੋਠੇ ਦੀ ਇੱਕ ਨੁੱਕਰੇ ਪਏ ਨਰਮੇ ਦੀ ਢੇਰੀ ਉਤੇ ਚੂਹੇ ਛਾਲਾਂ ਮਾਰਦੇ ਤਾਂ ਉਨ੍ਹਾਂ ਦਾ ਖੜਾਕ ਸੁਣ ਕੇ ਅਸੀਂ ਤ੍ਰਭਕ ਕੇ ਉਠਦੇ। ਮਸਾਂ ਮਸਾਂ ਦਿਨ ਚੜ੍ਹਿਆ। ਅਗਲੇ ਦਿਨ ਤਾਰੇ ਨੂੰ ਮਿਲੇ ਤੇ ਪਿਆਰੇ ਦੀਆਂ ਕੱਲ੍ਹ ਕੀਤੀਆਂ ਗੱਲਾਂ ਦੇ ਹਵਾਲੇ ਨਾਲ ਗੱਲ ਤੋਰੀ। ਉਸ ਆਖਿਆ, "ਐਵੇਂ ਕੁੱਤਾ ਭੌਂਕਦਾ ਐ। ਬੰਦੂਖ ਦਾ ਲਸੰਸ ਤਾਂ ਆਹ ਉਜਾੜ-ਬੀਆਬਾਨ ਵਿਚ ਬੈਠੇ ਹੋਣ ਕਰਕੇ ਲਿਐ। ਤੁਸੀਂ ਆਪ ਨਹੀਂ ਵੇਖਿਆ; ਕੱਲ੍ਹ ਤੁਹਾਨੂੰ ਦਾਤਰ ਵਿਖਾਉਂਦਾ ਫਿਰਦਾ ਸੀ। ਦਾਤਣਾਂ ਛਾਂਗਣ ਦਾ ਤਾਂ ਬਹਾਨਾ ਈ ਐ। ਮੈਨੂੰ ਦੂਜੇ-ਚੌਥੇ ਦਿਨ ਸੁਣਾਉਂਦਾ ਰਹਿੰਦੈ; 'ਮੈਂ ਤਾਂ ਅਗਲਿਆਂ ਦੀਆਂ ਐਦਾਂ ਈ ਪਦੀੜਾਂ ਪਵਾ ਦੇਣੀਆਂ। ਤੂੰ ਪੈਸੇ ਦੇਣੇ ਨੇ ਤਾਂ ਦੇਂਦਾ ਫਿਰ।' ਵੇਖੋ ਜੀ ਆਹ ਨਰਮਾ ਚੁਗਿਆ ਪਿਐ ਸਾਰਾ। ਜਿਸ ਦਿਨ ਵਿਕ ਗਿਆ, ਓਸੇ ਦਿਨ ਰਜਿਸਟਰੀ ਕਰਵਾ ਦਿਓ। ਉਸ ਨਾਲ ਗੱਲ ਕਰ ਕੇ ਮਹੀਨੇ ਖੰਡ ਦੀ ਤਰੀਕ ਮਿਥ ਕੇ ਆ ਜਾਓ ਬੇਸ਼ੱਕ!"

ਤਾਰੇ ਨੇ ਛਾਹ ਵੇਲਾ ਤਿਆਰ ਕਰਵਾ ਲਿਆ। ਛਾਹ-ਵੇਲੇ ਤੋਂ ਵਿਹਲੇ ਹੋ ਅਸੀਂ ਪਿਆਰੇ ਵੱਲ ਗਏ, ਉਹ ਤਾਂ ਮੁਕਤਸਰ ਨੂੰ ਤੁਰ ਗਿਆ ਸੀ। ਸਾਰੀ ਦਿਹਾੜੀ ਤਾਰੇ ਕੋਲ ਬੈਠੇ ਪਿਆਰੇ ਨੂੰ ਉਡੀਕਦੇ ਰਹੇ। ਉਸ ਕੋਲ ਰਾਤ ਕੱਟੀ। ਪਿਆਰਾ ਦੇਰ ਰਾਤ ਘਰ ਪਰਤਿਆ। ਦਿਨੇ ਪਿਆਰੇ ਵੱਲ ਗਏ। ਉਹ ਕਹਿੰਦਾ, "ਉਹ ਮਹੀਨੇ ਨੂੰ ਕਹਿੰਦਾ, ਮੇਰੀ ਵੱਲੋਂ ਦਸਾਂ ਦਿਨਾਂ ਨੂੰ ਆ ਜਾਓ।" ਅਸੀਂ ਖੁਸ਼ ਹੋ ਕੇ ਤਾਰੇ ਦੇ ਘਰ ਵੱਲ ਮੁੜੇ ਤਾਂ ਉਹਦੀ ਘਰਵਾਲੀ ਕਹਿੰਦੀ, "ਜੀ ਉਹ ਤਾਂ ਤਾਮ ਕੋਟ ਨੂੰ ਟੁਰ ਗਏ ਨੇ।"

"ਕਦੋਂ ਕੁ ਆਉਣਗੇ?"

"ਜੀ ਦੱਸ ਕੇ ਕੋਈ ਨਹੀਂ ਗਏ।"

ਗੱਲ ਕੀ; ਉਨ੍ਹਾਂ ਸਾਨੂੰ ਨਿਆਂ ਤਾਂ ਕੀ ਦੇਣਾ ਸੀ; ਹਫਤਾ ਹਫਤਾ ਭਰ ਉਹ ਦੋਵੇਂ ਭਰਾ ਸਾਡੇ ਸਾਹਮਣੇ ਕਿਸੇ ਅੰਤਿਮ ਫੈਸਲੇ ਲਈ ਇਕੱਠੇ ਹੀ ਨਾ ਹੁੰਦੇ। ਆਖਰ ਹਫਤੇ ਦਸ ਦਿਨ ਬਾਅਦ ਅਸੀਂ ਝੂਠਾ-ਮੂਠਾ ਵਾਅਦਾ ਲੈ ਕੇ ਨਿਰਾਸ ਹੋਏ ਆਪੋ ਆਪਣੇ ਘਰਾਂ ਨੂੰ ਪਰਤਦੇ। ਫਿਰ ਮਹੀਨੇ ਦੋ ਮਹੀਨੇ ਪਿਛੋਂ ਓਧਰ ਨੂੰ ਤੁਰ ਪੈਂਦੇ।

ਵੱਡਾ ਮਾਮਾ ਛੋਟੇ ਨੂੰ ਮਖੌਲ ਕਰਦਾ, "ਸਾਡੇ ਫੌਜੀ ਸਾਹਿਬ ਵੀ ਆਪਣੇ ਆਪ ਬੜੇ ਪੰਚਾਇਤੀ ਬਣੇ ਫਿਰਦੇ ਨੇ। ਐਥੇ ਤਾਂ ਬੜੇ ਭੱਜ ਭੱਜ ਕੇ, ਵਿਚ ਪੈ ਪੈ ਕੇ ਨਿਆਂ ਕਰਵਾਉਂਦੇ ਨੇ। ਓਥੇ ਪਤਾ ਨਹੀਂ ਕੀ ਹੋ ਜਾਂਦਾ ਨੇ! ਮੈਂ ਆਇਆਂ ਨੂੰ ਪੁੱਛਦਾਂ, ਕਿਵੇਂ ਹੋ ਗਈ ਰਜਿਸਟਰੀ? ਤਾਂ ਕੱਚਾ ਜਿਹਾ ਹੱਸ ਕੇ ਉਨ੍ਹਾਂ ਦੀਆਂ ਬੰਦੂਕਾਂ ਤੇ ਦਾਤਰਾਂ ਦੀਆਂ ਗੱਲਾਂ ਕਰਨ ਲੱਗ ਜਾਂਦੇ ਨੇ। ਭਣੇਵੇਂ ਦੀ ਜਮੀਨ ਦੀ ਰਾਖੀ ਤਾਂ ਕੀਤੀ ਨਹੀਂ ਜਾਂਦੀ, ਹੱਦਾਂ ਦੀ ਰਾਖੀ ਕੀ ਕਰਦੇ ਰਹੇ ਹੋਣਗੇ! ਤਦੇ ਤਾਂ ਫੌਜ ਵਿਚ ਰਹਿ ਨਹੀਂ ਸਕੇ। ਡਰਦਿਆਂ ਆਪੇ ਸੱਜੀ ਉਂਗਲ ਵੱਢ ਕੇ ਡਿਸਚਾਰਜ ਲੈ ਕੇ ਆ ਗਏ ਸਨ।"

"ਤੂੰ ਜਾ ਕੇ ਲੈ ਲਾ ਸਵਾਦ?" ਛੋਟਾ ਮਾਮਾ ਹੱਸਦਿਆਂ ਆਖਦਾ।

"ਚੱਲ ਮਾਮਾ ਐਤਕੀਂ ਤੂੰ ਚੱਲ ਵੇਖ। ਤੇਰੀ ਸਰਪੰਚੀ ਤੇ ਨੰਬਰਦਾਰੀ ਕਰਨ ਦੀ ਯੋਗਤਾ ਵੀ ਪਰਖ ਕੇ ਵੇਖ ਲੈਂਦੇ ਆਂ।"

"ਨਹੀਂ ਭਾਈ, ਤੇਰਾ ਛੋਟਾ ਮਾਮਾ ਆਖਦੈ ਕਿ ਇਹ 'ਭਣੇਵੇਂ ਦੀਆਂ ਖਵਾਈਆਂ ਰੋਟੀਆਂ ਦਾ ਕਰਜ਼ਾ ਲਾਹੁਣਾ' ਚਾਹੁੰਦਾ ਹੈ। ਮੈਂ ਇਹਦੀ ਇੱਛਾ ਵਿਚ ਰੁਕਾਵਟ ਨਹੀਂ ਬਣਨਾ ਚਾਹੁੰਦਾ।"

"ਰੋਟੀਆਂ ਦਾ ਕਰਜ਼ਾ ਤਾਂ ਮੈਂ ਹੁਣ ਵੀ ਮਾਮੇ ਸਿਰ ਚਾੜ੍ਹੀ ਜਾਂਦਾਂ।" ਮੇਰੇ ਆਖਣ 'ਤੇ ਅਸੀਂ ਤਿੰਨੇ ਖਿੜ-ਖਿੜਾ ਕੇ ਹੱਸਣ ਲੱਗੇ।

ਮੇਰੀ ਇੱਕ ਮਾਸੀ ਮੇਰੇ ਨਾਨਕਿਆਂ ਦੇ ਪਿੰਡ 'ਚਵਿੰਡੇ' ਤੋਂ ਦੋ ਕੁ ਕੋਹਾਂ ਦੀ ਵਿੱਥ 'ਤੇ 'ਕੋਹਾਲੀ' ਵਿਆਹੀ ਹੋਈ ਸੀ ਅਤੇ ਦੂਜੀ ਉਸ ਦੇ ਨੇੜੇ ਹੀ 'ਚੈਨਪੁਰ' ਪਿੰਡ ਵਿਚ। ਜਦੋਂ ਬਚਪਨ ਵਿਚ ਮੈਂ ਨਾਨਕਿਆਂ ਦੇ ਛੁੱਟੀਆਂ ਕੱਟਣ ਜਾਂਦਾ ਤਾਂ ਵਿਚੋਂ-ਵਾਰੋਂ ਇਕ-ਇਕ ਦੋ-ਦੋ ਦਿਨਾਂ ਲਈ ਮਾਸੀਆਂ ਦੇ ਪਿੰਡ ਵੀ ਗੇੜਾ ਮਾਰਦਾ। ਛੋਟਾ ਮਾਮਾ ਹਰਦੀਪ ਅਕਸਰ ਮੇਰੇ ਨਾਲ ਜਾਂਦਾ। ਮਾਮੇ ਦਾ ਜਿਸਮ ਮੁੱਢ ਤੋਂ ਹੀ ਹੁੰਦੜਹੇਲ ਹੈ। ਮੇਰੇ ਤੋਂ ਕੱਦ ਵਿਚ ਵੀ ਚਾਰ-ਪੰਜ ਇੰਚ ਵੱਡਾ ਹੈ। ਸਵਾ-ਸਾਢੇ ਛੇ ਫੁੱਟ ਦੇ ਵਿਚਕਾਰ। ਮਾਸੀਆਂ ਕੋਲ ਜਦੋਂ ਅਸੀਂ ਰੋਟੀ ਖਾਣ ਬੈਠਣਾ ਤਾਂ ਮੈਂ ਤਾਂ ਆਪਣੇ ਵਜੂਦ ਮੁਤਾਬਕ ਛੇਤੀ ਰੱਜ ਜਾਣਾ ਪਰ ਮਾਮੇ ਦੇ ਵਡੇਰੇ 'ਇੰਜਣ' ਲਈ ਤਾਂ ਵਧੇਰੇ ਬਾਲਣ ਚਾਹੀਦਾ ਸੀ। ਜੇ ਉਹ ਮੇਰੇ ਨਾਲ ਹੀ ਰੋਟੀ ਖਾਣੋਂ ਨਾਂਹ ਕਰ ਦਿੰਦਾ ਤਾਂ ਭੁੱਖਾ ਰਹਿ ਜਾਣਾ ਸੀ ਤੇ ਜੇ ਮੇਰੇ ਤੋਂ ਬਾਅਦ ਰੋਟੀ ਖਾਂਦਾ ਰਹਿੰਦਾ ਤਾਂ 'ਪੇਟੂ' ਆਖੇ ਜਾਣ ਦਾ ਡਰ ਸੀ। ਇਸ ਲਈ ਸਾਡਾ ਆਪਸੀ ਸਮਝੌਤਾ ਸੀ ਕਿ ਇੱਕ ਤਾਂ ਮੈਂ ਆਪਣੀ ਰੋਟੀ ਵਿਚੋਂ ਅੱਧੀ ਰੋਟੀ ਨਾਲ ਦੇ ਨਾਲ ਮਾਮੇ ਦੀ ਥਾਲੀ ਵਿਚ ਰੱਖਦਾ ਜਾਵਾਂ ਤੇ ਦੂਜਾ ਆਪ ਰੱਜ ਜਾਣ ਦੇ ਬਾਵਜੂਦ ਵੀ ਆਪਣੀ ਥਾਲੀ ਵਿਚ ਰੋਟੀਆਂ ਰਖਵਾਈ ਜਾਵਾਂ ਤੇ ਘਰਦਿਆਂ ਦੀ ਅੱਖ ਬਚਾ ਕੇ ਉਸ ਦੀ ਥਾਲੀ ਵਿਚ ਓਨਾ ਚਿਰ ਰੱਖੀ ਜਾਵਾਂ ਜਿੰਨਾ ਚਿਰ ਉਸ ਦਾ 'ਕੋਟਾ' ਪੂਰਾ ਨਹੀਂ ਹੋ ਜਾਂਦਾ।

ਮਾਮੇ ਦੇ ਵਿਆਹ ਪਿਛੋਂ ਉਸ ਦੀਆਂ ਆਪਣੇ ਸਹੁਰੇ ਘਰ ਪਹਿਲੀਆਂ ਫੇਰੀਆਂ ਸਮੇਂ ਵੀ ਮੈਂ ਹੀ ਉਸ ਦੇ ਨਾਲ ਸਾਂ ਅਤੇ ਅਸੀਂ ਓਥੇ ਵੀ ਆਪਣੀ 'ਕਲਾਕਾਰੀ' ਵਰਤ ਕੇ ਮਾਮੇ ਦੇ ਢਿੱਡ ਨੂੰ ਆਸਰਾ ਦਿੰਦੇ ਸਾਂ। ਬਾਹਰ ਤਾਂ ਭਾਵੇਂ ਆਪਸੀ ਸਹਿਯੋਗ ਦੀ ਇਸ ਤਰਕੀਬ ਦਾ ਕਿਸੇ ਨੂੰ ਪਤਾ ਨਹੀਂ ਸਾਂ ਲੱਗਣ ਦਿੰਦੇ ਪਰ ਮੇਰੇ ਦੱਸਣ 'ਤੇ ਇਹ ਗੱਲ ਮੇਰੇ ਨਾਨਕਿਆਂ ਦੇ ਘਰ ਤਾਂ ਸਾਰਿਆਂ ਨੂੰ ਪਤਾ ਹੀ ਸੀ। ਜਿਹੜੇ ਮਖੌਲ ਤੋਂ ਮਾਮਾ ਵਾਂਢੇ ਗਿਆਂ ਬਚਿਆ ਰਹਿਣਾ ਚਾਹੁੰਦਾ ਉਸ ਦੀ ਕਸਰ ਅਸੀਂ ਏਥੇ ਪੂਰੀ ਕਰ ਲੈਂਦੇ ਸਾਂ। ਹੁਣ ਵੀ ਪਿਆਰੇ-ਤਾਰੇ ਹੁਰਾਂ ਕੋਲ ਅਸੀਂ ਆਪਣੀ ਖਾਣ-ਪੀਣ ਦੀ ਸਾਲਾਂ ਪੁਰਾਣੀ ਜੁਗਤ ਦਾ ਇਸਤੇਮਾਲ ਕਰਦੇ ਰਹਿੰਦੇ ਸਾਂ। ਮਾਮਾ ਗੁਰਦੀਪ ਇਸੇ 'ਰੋਟੀਆਂ ਦੇ ਕਰਜ਼ੇ' ਦੀ ਗੱਲ ਕਰ ਰਿਹਾ ਸੀ। ਉਂਜ ਵੀ ਉਹ ਮਖੌਲ ਨਾਲ ਆਖਦਾ ਕਿ ਅੰਤਮ ਰੂਪ ਵਿਚ ਹੁਣ ਜਮੀਨ ਦੇ ਵਿਕ ਜਾਣ ਤੇ 'ਮਿਲਣ ਵਾਲੀ ਇਸ ਸਫਲਤਾ ਦਾ ਸਿਹਰਾ' ਉਹ ਆਪਣੇ ਛੋਟੇ ਵੀਰ ਹਰਦੀਪ ਕੋਲੋਂ 'ਖੋਹਣਾ ਨਹੀਂ ਸੀ ਚਾਹੁੰਦਾ!'

ਨਾਨਕਿਆਂ ਦੇ ਘਰ ਵਿਚ ਤਾਂ ਸਾਰੀ ਗੱਲਬਾਤ ਹੁੰਦੀ ਰਹਿੰਦੀ ਸੀ। ਜਦੋਂ ਮੈਂ ਅਗਲੇ ਗੇੜੇ ਆਪਣੇ ਨਾਲ ਮਾਮੇ ਨੂੰ ਲੈ ਜਾਣ ਲਈ ਜਾਂਦਾ ਤਾਂ ਮਾਮੀ ਪ੍ਰੇਸ਼ਾਨ ਹੋ ਜਾਂਦੀ। ਅੱਜ ਕੱਲ੍ਹ ਤਾਂ ਦੋਵਾਂ ਮਾਮਿਆਂ ਦੀ ਵਾਹੀ ਵੀ ਅੱਡੋ-ਅੱਡ ਹੋ ਗਈ ਸੀ। ਮਾਮੀ ਬੁੜਬੁੜ ਕਰਦੀ, "ਚਲੇ ਜਾਣ ਮੇਰੇ ਵੱਲੋਂ। ਮੈਂ ਕੌਣ ਹੁੰਦੀ ਆਂ ਰੋਕਣ ਵਾਲੀ। ਪਿੱਛੋਂ ਕੰਮ ਦਾ ਕਿੰਨਾ ਹਰਜਾ ਹੁੰਦੈ! ਪਰ ਇਨ੍ਹਾਂ ਕਿਹੜਾ ਮੇਰੇ ਆਖੇ ਲੱਗਣੈ। ਨਿੱਕਾ-ਨਿੱਕਾ ਸਾਡਾ ਜੀਆ-ਜੰਤ ਐ। ਜੇ ਨੇ-ਜਾਣੀਏਂ ਕੱਲ੍ਹ ਨੂੰ ਕੋਈ ਅਭੀ ਨਭੀ ਹੋ ਗਈ! ਸਾਨੂੰ ਇਸ ਜਮੀਨ ਨੇ ਕੀ ਦੇਣੈ?"

ਮਾਮੀ ਦੀ ਗੱਲ ਤਾਂ ਠੀਕ ਸੀ। ਜਮੀਨ ਮਿਲਣੀ ਸੀ ਤਾਂ ਸਾਨੂੰ। ਮਾਮੇ ਨੂੰ ਤਾਂ ਖੱਜਲ-ਖਰਾਬੀ ਹੀ ਮਿਲ ਰਹੀ ਸੀ। ਉਹਦਾ ਦੂਜਾ ਡਰ ਵੀ ਸੱਚਾ ਸੀ। ਕੁਝ ਵੀ ਹੋ ਸਕਦਾ ਸੀ! ਜਮੀਨ ਲਈ ਲੋਕ ਕੀ ਕੀ ਕਾਰੇ ਨਹੀਂ ਕਰਦੇ! ਨਾਲੇ ਜਮੀਨ ਲਈ ਮੈਂ ਤਾਂ ਆਪਣੀ ਜਾਨ ਦੀ ਬਾਜ਼ੀ ਲਾਵਾਂ ਤਾਂ ਲਾਵਾਂ, ਮਾਮੇ ਨੂੰ ਖਤਰਾ ਸਹੇੜਨ ਦੀ ਕੀ ਲੋੜ ਸੀ! ਮਾਮੀ ਦੇ ਸਦਾ ਪ੍ਰਗਟਾਏ ਜਾਣ ਵਾਲੇ ਡਰ ਤੋਂ ਸਾਫ ਲੱਗਦਾ ਸੀ ਕਿ ਮੇਰੇ ਨਾਲ ਜਾਣਾ ਮਾਮੇ ਵੱਲੋਂ ਆਪਣੀ ਜਾਨ ਖਤਰੇ ਵਿਚ ਪਾਉਣਾ ਸੀ। ਪਰ ਮਾਮੇ ਵੱਲੋਂ ਆਪਣੇ ਘਰ ਦੇ ਕੰਮ-ਕਾਰ ਦਾ ਨੁਕਸਾਨ ਕਰਵਾ ਕੇ ਵੀ ਮੇਰਾ ਸਾਥ ਦੇਣਾ ਤੇ ਆਪਣੀ ਜਾਨ ਦੀ ਵੀ ਪ੍ਰਵਾਹ ਨਾ ਕਰਨਾ ਮੇਰੇ

*(ਬਾਕੀ ਅਗਲੇ ਸਫੇ 'ਤੇ)*

ਲਈ ਕੀਤੀ ਜਾਣ ਵਾਲੀ ਕਿੱਡੀ ਵੱਡੀ ਕੁਰਬਾਨੀ ਸੀ। ਉਸ ਨੂੰ ਮੇਰੇ ਕੰਮ ਆਉਣ ਦੀ ਖੁਸ਼ੀ ਆਪਣੀ ਮੌਤ ਦੇ ਡਰ ਤੋਂ ਕਿਤੇ ਵੱਡੀ ਲੱਗਦੀ ਸੀ। ਇਹ ਵੱਖਰੀ ਗੱਲ ਹੈ ਕਿ ਅਗਲੇ ਸਾਲਾਂ ਵਿਚ ਸਾਡੇ ਘਰ ਵਿਚ ਹੀ ਬਾਪੂ ਹਕੀਕਤ ਸਿੰਘ ਦੀ ਜਮੀਨ ਦਾ ਝਗੜਾ ਸ਼ੁਰੂ ਹੋ ਜਾਣ ਨਾਲ ਮੈਂ ਸਾਉਂਕਿਆਂ ਵਾਲੀ ਜਮੀਨ ਦਾ ਖਹਿੜਾ ਹੀ ਛੱਡ ਦਿੱਤਾ।

ਪਿਤਾ ਦੀ ਮੌਤ ਪਿੱਛੋਂ ਮੈਂ ਉਹ ਜਮੀਨ ਸਾਡੇ ਪੰਜਾਂ ਭੈਣ-ਭਰਾਵਾਂ ਅਤੇ ਬੀਬੀ ਦੇ ਨਾਂ ਇੰਤਕਾਲ ਕਰਵਾਈ ਸੀ। ਮੈਨੂੰ ਮੇਰੇ ਭੈਣ-ਭਰਾ ਨੇ ਹੀ ਅਜਿਹੇ ਰੰਗ ਵਿਖਾ ਦਿੱਤੇ ਸਨ ਕਿ ਉਸ ਜਮੀਨ ਲਈ ਖੇਚਲ ਕਰਨੀ ਮੈਨੂੰ ਫਜ਼ੂਲ ਅਤੇ ਅਹਿਮਕਾਨਾ ਗੱਲ ਜਾਪਣ ਲੱਗੀ। ਮੈਨੂੰ ਤਾਂ ਉਸ ਵਿਚੋਂ ਕੇਵਲ ਛੇਵਾਂ ਹਿੱਸਾ ਹੀ ਮਿਲਣਾ ਸੀ। ਮਸਾਂ ਸਵਾ ਕੁ ਕਿੱਲਾ! ਏਨੀ ਕੁ ਜਮੀਨ ਵਾਸਤੇ ਮੈਂ ਕਿਉਂ ਮੌਤ ਨੂੰ ਮਾਸੀ ਕਹਿੰਦਾ ਫਿਰਾਂ! ਆਪੇ ਜੇ ਕਿਸੇ ਨੂੰ ਲੋੜ ਹੈ ਤਾਂ ਜਮੀਨ ਛੁਡਾਉਂਦਾ ਫਿਰੇ!

ਉਂਜ ਵੀ ਅਗਲੇ ਸਾਲਾਂ ਵਿਚ ਹਾਲਾਤ ਹੀ ਕੁਝ ਇਸ ਤਰ੍ਹਾਂ ਦੇ ਬਣ ਗਏ ਸਨ ਕਿ ਪੰਜਾਬ ਵਿਚ ਦਹਿਸ਼ਤ ਦਾ ਭਿਆਨਕ ਦੌਰ ਸ਼ੁਰੂ ਹੋ ਗਿਆ। ਹੁਣ ਤਾਂ ਬੰਦੇ ਮਰੇ-ਮਾਰੇ ਦੀ ਕੋਈ ਪੁੱਛ-ਪ੍ਰਤੀਤ ਹੀ ਨਹੀਂ ਸੀ ਰਹਿ ਗਈ। ਅਜਿਹੇ ਕਾਲੇ ਸਮਿਆਂ ਵਿਚ 'ਬੰਦੂਕ ਜਾਂ ਦਾਤਰ' ਨੂੰ ਆਪਣਾ ਕੰਮ ਕਰਨਾ ਅਸਲੋਂ ਹੀ ਸੌਖਾ ਹੋ ਗਿਆ ਸੀ। ਮੈਂ ਵੀ ਹੁਣ ਇਸ ਜਮੀਨ ਵੱਲੋਂ ਘੇਸਲ ਹੀ ਮਾਰ ਲਈ।

ਜਮੀਨ ਦਾ ਮੁਢਲਾ ਬਿਆਨਾ ਕਰਨ ਤੋਂ ਕੋਈ ਦੋ ਦਹਾਕੇ ਬਾਅਦ, ਜਦੋਂ ਮੈਂ ਇਸ ਜਮੀਨ ਦੀ ਅਸਲੋਂ ਹੀ ਆਸ ਲਾਹ ਚੁੱਕਾ ਸਾਂ, ਮੇਰੇ ਮਿੱਤਰ ਰਘਬੀਰ ਸਿੰਘ ਸਿਰਜਣਾ ਨੇ ਸਾਡੇ ਅਫਸਰ-ਸਾਹਿਤਕਾਰ ਦੋਸਤ ਨ੍ਰਿਪਇੰਦਰ ਰਤਨ ਨੂੰ ਦੱਸਿਆ ਕਿ ਫਿਰੋਜ਼ਪੁਰ ਡਿਵੀਜ਼ਨ ਵਿਚ ਪੈਂਦੀ ਮੇਰੀ ਜਮੀਨ ਕਿਸੇ ਨੇ ਬੜੇ ਸਾਲਾਂ ਤੋਂ ਦੱਬੀ ਹੋਈ ਹੈ। ਰਤਨ ਓਥੇ ਉਨ੍ਹੀਂ ਦਿਨੀਂ ਡਿਵੀਜ਼ਨਲ ਕਮਿਸ਼ਨਰ ਲੱਗਾ ਹੋਇਆ ਸੀ। ਭਾਵੇਂ ਸਾਰੀ ਡਿਵੀਜ਼ਨ ਹੀ ਇੱਕ ਤਰ੍ਹਾਂ ਉਸ ਦੇ ਅਧੀਨ ਸੀ ਪਰ ਮਾਲ ਦਾ ਮਹਿਕਮਾ ਤਾਂ ਸਿੱਧਾ ਉਸ ਦੇ ਅਧਿਕਾਰ-ਖੇਤਰ ਵਿਚ ਸੀ। ਰਤਨ ਨੂੰ ਇਹ ਜਾਣ ਕੇ ਅਫਸੋਸ ਹੋਇਆ ਕਿ ਮੈਂ ਹੁਣ ਤੱਕ ਉਸ ਨਾਲ ਇਹ ਗੱਲ ਕਿਉਂ ਨਹੀਂ ਕੀਤੀ। ਉਸ ਨੇ ਰਘਬੀਰ ਸਿੰਘ ਤੇ ਮੈਨੂੰ ਆਪਣੇ ਕੋਲ ਫਿਰੋਜ਼ਪੁਰ ਆਉਣ ਦਾ ਦਿਨ ਨਿਸਚਿਤ ਕਰ ਦਿੱਤਾ। ਰਘਬੀਰ ਨੇ ਚੰਡੀਗੜ੍ਹੋਂ ਆਉਣਾ ਸੀ ਤੇ ਮੈਂ ਜਲੰਧਰੋਂ। ਜਲੰਧਰ ਰਹਿੰਦਾ ਮੇਰਾ ਇੱਕ ਸਾਹਿਤਕਾਰ ਦੋਸਤ ਮੇਰੇ ਨਾਲ ਜਾਣ ਲਈ ਤਿਆਰ ਹੋ ਗਿਆ। ਉਸ ਦਾ ਪਿੰਡ ਸਾਉਂਕਿਆਂ ਦਾ ਗਵਾਂਢੀ ਪਿੰਡ ਸੀ। ਉਹ ਉਸ ਦਾ ਇਲਾਕਾ ਸੀ। ਇਸ ਲਈ ਉਸ ਦੇ ਮਨ ਵਿਚ ਸੀ ਕਿ ਜੇ ਕਿਸੇ ਤਰ੍ਹਾਂ ਉਹ ਵੀ ਮੇਰੀ ਕੋਈ ਮਦਦ ਕਰ ਸਕਿਆ ਤਾਂ ਉਸ ਨੂੰ ਖੁਸ਼ੀ ਹੋਵੇਗੀ।

ਸਾਡੇ ਜਾਂਦਿਆਂ ਨੂੰ ਨ. ਸ. ਰਤਨ ਨੇ ਸਬ-ਤਹਿਸੀਲ ਮਲੋਟ ਦੇ ਇੰਚਾਰਜ ਨਾਇਬ ਤਹਿਸੀਲਦਾਰ ਜੀ. ਡੀ. ਗਾਬਾ ਨੂੰ ਬੁਲਾਇਆ ਹੋਇਆ ਸੀ। ਸਾਨੂੰ ਚਾਹ-ਪਾਣੀ ਪਿਆ ਕੇ ਉਸ ਨੇ ਤਹਿਸੀਲਦਾਰ ਨੂੰ ਸੱਦ ਕੇ ਸਾਡੇ ਸਾਹਮਣੇ ਆਖਿਆ, "ਇਹ ਮੇਰੇ ਦੋਸਤ ਨੇ। ਇਨ੍ਹਾਂ ਦੀ ਜਮੀਨ ਦੇ ਵੇਰਵੇ ਇਹ ਤੈਨੂੰ ਦੱਸ ਦੇਣਗੇ। ਜਿਵੇਂ ਇਹ ਕਹਿਣ, ਇਨ੍ਹਾਂ ਦੀ ਮਰਜ਼ੀ ਅਨੁਸਾਰ ਜਮੀਨ ਦਾ ਸੌਦਾ ਕਰਵਾ ਕੇ ਪੈਸੇ ਇਨ੍ਹਾਂ ਨੂੰ ਦਿਵਾ। ਉਂਜ ਭਾਵੇਂ ਇਹ ਮੈਨੂੰ ਸੌ ਵਾਰ ਮਿਲਣ ਆਉਣ ਪਰ ਇਸ ਕੰਮ ਲਈ ਇਨ੍ਹਾਂ ਨੂੰ ਦੂਜੀ ਵਾਰ ਮੈਨੂੰ ਆ ਕੇ ਨਾ ਮਿਲਣਾ ਪਵੇ।"

ਰਘਬੀਰ ਸਿੰਘ ਤਾਂ ਉਥੋਂ ਚੰਡੀਗੜ੍ਹ ਨੂੰ ਚਲਾ ਗਿਆ ਅਤੇ ਨਾਇਬ ਤਹਿਸੀਲਦਾਰ ਨੇ ਸਾਨੂੰ ਆਪਣੀ ਕਾਰ ਵਿਚ ਬਿਠਾਇਆ ਤੇ ਅਸੀਂ ਮਲੋਟ ਨੂੰ ਚੱਲ ਪਏ। ਰਾਹ ਵਿਚ ਉਸ ਨੇ ਮੇਰੇ ਕੋਲੋਂ ਜਮੀਨ ਨਾਲ ਸਬੰਧਿਤ ਸਾਰਾ ਵਿਸਥਾਰ ਜਾਣ ਲਿਆ। ਮੁਕਤਸਰ ਪਹੁੰਚੇ ਤਾਂ ਉਸ ਨੇ ਖਾਣਾ ਖਾਣ ਲਈ ਗੱਡੀ ਇੱਕ ਹੋਟਲ 'ਤੇ ਰੁਕਵਾ ਲਈ। ਉਸ ਨੇ ਰੋਟੀ ਤੋਂ ਪਹਿਲਾਂ ਬੀਅਰ ਦਾ ਆਰਡਰ ਦੇ ਦਿੱਤਾ। ਮੈਂ ਸਾਰੀ ਜ਼ਿੰਦਗੀ ਵਿਚ ਦੋ-ਚਾਰ ਵਾਰ ਹੀ ਬੀਅਰ ਦਾ ਸਵਾਦ ਚੱਖਿਆ ਸੀ ਤੇ ਕਈ ਸਾਲਾਂ ਤੋਂ ਬੀਅਰ ਨਹੀਂ ਸੀ ਪੀਤੀ। ਮੈਂ ਸੋਚਿਆ ਕਿ ਜੇ ਮੈਂ ਬੀਅਰ ਤੋਂ ਨਾਂਹ ਕੀਤੀ ਤਾਂ ਉਹ ਸੋਚੇਗਾ ਕਿ ਪੈਸੇ ਖਰਚਣ ਦੇ ਡਰੋਂ ਕਿਰਸ ਕਰ ਰਿਹਾ ਹਾਂ। ਮੈਂ ਹੋਣ ਵਾਲੇ ਖਰਚੇ ਦਾ ਪਹਿਲਾਂ ਹੀ ਬੰਦੋਬਸਤ ਕਰ ਕੇ ਤੁਰਿਆ ਸਾਂ। ਕੌੜਾ ਘੁੱਟ ਕਰਕੇ ਮੈਨੂੰ ਬੀਅਰ ਦੇ ਘੁੱਟ ਭਰਨੇ ਪਏ। ਜਦੋਂ ਅਸੀਂ ਖਾਣਾ ਖਾ ਹਟੇ ਤਾਂ ਮੈਂ ਬਿੱਲ ਦੇਣ ਲੱਗਾ। ਮੈਂ ਹੀ ਦੇਣਾ ਸੀ। ਪਰ ਨਾਇਬ ਨੇ ਰੋਕ ਦਿੱਤਾ, "ਤੁਸੀਂ ਮੇਰੇ ਮਹਿਮਾਨ ਹੋ। ਮੇਰੇ ਹੁੰਦਿਆਂ ਤੁਸੀਂ ਇੱਕ ਪੈਸਾ ਵੀ ਖਰਚ ਨਹੀਂ ਕਰ ਸਕਦੇ।"

ਉਹ ਸਾਨੂੰ ਆਪਣੇ ਨਾਲ ਮਲੋਟ ਆਪਣੇ ਘਰ ਲੈ ਕੇ ਗਿਆ ਤੇ ਅਗਲੇ ਦਿਨ ਆਪਣੇ ਕੋਲ ਠਹਿਰਨ ਲਈ ਕਿਹਾ। ਮੈਂ ਦੱਸਿਆ ਕਿ ਮੇਰੇ ਨਾਲ ਆਏ ਹੋਏ ਦੋਸਤ ਦਾ ਪਿੰਡ ਨੇੜੇ ਹੀ ਹੈ ਅਤੇ ਅਸੀਂ ਰਾਤ ਓਥੇ ਹੀ ਕੱਟਾਂਗੇ। ਅਗਲੇ ਦਿਨ ਉਸ ਨੇ ਹਲਕੇ ਦੇ ਪਟਵਾਰੀ ਤੇ ਕਾਨੂੰਗੋ ਨੂੰ ਜਮੀਨ ਨਾਲ ਸਬੰਧਿਤ ਸਾਰਾ ਰਿਕਾਰਡ ਲੈ ਕੇ ਆਪਣੇ ਘਰ ਆਉਣ ਲਈ ਕਿਹਾ। ਇਸ ਨੂੰ 'ਵੱਡੇ ਸਾਹਿਬ ਦਾ ਕੰਮ' ਕਹਿ ਕੇ ਹਰ ਹਾਲਤ ਵਿਚ ਨੇਪਰੇ ਚੜ੍ਹਾਉਣ ਲਈ ਆਖਿਆ। ਦੂਜੀ ਧਿਰ ਦੀ ਮਦਦ ਕਰਨ ਅਤੇ ਉਨ੍ਹਾਂ 'ਤੇ ਪ੍ਰਭਾਵ ਪਾ ਸਕਣ ਵਾਲੇ ਬੰਦਿਆਂ ਬਾਰੇ ਜਾਣਕਾਰੀ ਲਈ। ਫੈਸਲਾ ਹੋਇਆ ਕਿ ਪਹਿਲਾਂ ਜਮੀਨ ਦੀ ਨਿਸ਼ਾਨਦੇਹੀ ਲਈ ਜਾਵੇ। ਇਸ ਨਾਲ ਹਿਲ-ਜੁਲ ਸ਼ੁਰੂ ਹੋਵੇਗੀ ਤਾਂ ਅਗਲਿਆਂ ਨੇ ਆਪੇ ਭੱਜੇ ਆਉਣਾ ਹੈ। ਸਬੰਧਿਤ ਧਿਰ ਦਾ ਪ੍ਰਤੀਕਰਮ ਜਾਣਨ ਅਤੇ ਅਗਲੀ ਕਾਰਵਾਈ ਲਈ ਕੁਝ ਦਿਨ ਚਾਹੀਦੇ ਸਨ।

ਨਾਇਬ ਨੇ ਸਾਨੂੰ ਹਾਲ ਦੀ ਘੜੀ ਵਾਪਸ ਜਾਣ ਅਤੇ ਦਸ ਕੁ ਦਿਨਾਂ ਤੱਕ ਪਰਤ ਕੇ ਆਉਣ ਲਈ ਕਿਹਾ। ਓਨੇ ਚਿਰ ਤੱਕ ਉਹ 'ਤੇਲ ਤੇ ਤੇਲ ਦੀ ਧਾਰ' ਵੀ ਵੇਖ ਲਵੇਗਾ। ਅਸਲ ਵਿਚ ਰਤਨ ਦੇ ਬੋਲਾਂ ਵਿਚਲੀ ਕਰੜਾਈ ਅਤੇ ਸਦਾਕਤ ਵੇਖ ਕੇ ਨਾਇਬ ਤਹਿਸੀਲਦਾਰ ਸਾਡੇ ਰਿਸ਼ਤੇ ਦੀ ਪਕਿਆਈ ਨੂੰ ਸਮਝ ਗਿਆ ਸੀ ਅਤੇ ਉਸ ਨੇ ਇਸ ਕੇਸ ਨੂੰ ਆਪਣਾ ਨਿਜੀ ਵੱਕਾਰ ਬਣਾ ਕੇ ਨਜਿੱਠਣ ਦਾ ਫੈਸਲਾ ਕਰ ਲਿਆ। ਉਹ ਜਮੀਨ ਦਾ ਸੌਦਾ ਕਰਵਾ ਕੇ ਆਪਣੇ 'ਸਾਹਿਬ' ਦੀ ਪ੍ਰਸ਼ੰਸਾ ਹਾਸਲ ਕਰਨਾ ਚਾਹੁੰਦਾ ਸੀ।

ਦਸ ਕੁ ਦਿਨਾਂ ਬਾਅਦ ਮੈਂ ਫਿਰ ਮਲੋਟ ਪਹੁੰਚ ਗਿਆ। ਮੇਰਾ ਸਾਹਿਤਕਾਰ ਦੋਸਤ ਕਿਸੇ ਕੰਮ ਚੰਡੀਗੜ੍ਹ ਗਿਆ ਹੋਇਆ ਸੀ ਅਤੇ ਉਸ ਨੇ ਉਥੋਂ ਹੀ ਇੱਕ ਦਿਨ ਪਹਿਲਾਂ ਆਪਣੇ ਪਿੰਡ ਪਹੁੰਚ ਜਾਣ ਅਤੇ ਅਗਲੇ ਦਿਨ ਨਿਸਚਿਤ ਥਾਂ 'ਤੇ ਮੈਨੂੰ ਮਿਲਣ ਦਾ ਵਾਅਦਾ ਕੀਤਾ। ਮੈਂ ਮਲੋਟ ਪਹੁੰਚ ਕੇ ਨਿਸਚਿਤ ਜਗ੍ਹਾ 'ਤੇ ਖਲੋ ਕੇ ਉਸ ਨੂੰ ਸਾਰਾ ਦਿਨ ਉਡੀਕਦਾ ਰਿਹਾ, ਪਰ ਉਹ ਨਾ ਆਇਆ। ਪਿੱਛੋਂ ਪਤਾ ਲੱਗਾ ਕਿ ਉਹ ਰਾਤੀਂ ਹੀ ਆਪਣੇ ਪਿੰਡ ਪਹੁੰਚ ਤਾਂ ਗਿਆ ਸੀ ਪਰ ਆਪਣੀ ਮਜਬੂਰੀ ਕਰ ਕੇ ਚਾਹੁੰਦਾ ਹੋਇਆ ਵੀ ਮੈਨੂੰ ਮਿਲਣ ਨਹੀਂ ਸੀ ਆ ਸਕਿਆ। ਅਸਲ ਗੱਲ ਇਹ ਸੀ ਕਿ ਉਸ ਨੂੰ ਪਿਛਲੀ ਵਾਰ ਮੇਰੇ ਨਾਲ ਆਏ ਹੋਣ ਦਾ ਤਾਰੇ ਤੇ ਪਿਆਰੇ ਹੁਰਾਂ ਨੂੰ ਪਤਾ ਲੱਗ ਗਿਆ ਸੀ। ਉਨ੍ਹਾਂ ਨੇ ਉਹਦੇ ਘਰਦਿਆਂ ਨੂੰ ਜਾ ਦਬਕਾਇਆ ਸੀ ਅਤੇ ਮੇਰੀ ਮਦਦ ਕਰਨ ਦਾ 'ਮਹਿੰਗਾ ਮੁੱਲ' ਚੁਕਾਉਣ ਦਾ ਡਰਾਵਾ ਵੀ ਦਿੱਤਾ ਸੀ। ਉਸ ਦਾ ਤੇ ਉਸ ਦੇ ਘਰਦਿਆਂ ਦਾ ਡਰ ਸੱਚਾ ਸੀ। ਕੌਣ ਬਿਗਾਨੀ ਮੌਤੇ ਮਰਦਾ ਹੈ! ਉਸ ਦੋਸਤ 'ਤੇ ਮੈਨੂੰ ਕੋਈ ਗਿਲਾ ਨਹੀਂ ਸੀ। ਉਹਦੀ ਅਤੇ ਉਹਦੇ ਘਰ ਵਾਲਿਆਂ ਦੀ ਚਿੰਤਾ ਤੇ ਮਜਬੂਰੀ ਮੈਂ ਭਲੀ-ਭਾਂਤ ਸਮਝਦਾ ਸਾਂ।

ਉਸ ਤੋਂ ਅਗਲੇ ਗੇੜੇ ਮੈਂ ਆਪਣੇ ਭਰਾ ਨੂੰ ਕਿਹਾ ਕਿ ਉਹ ਦੋ ਚਾਰ ਜਣੇ (ਫੈਸਲੇ ਅਨੁਸਾਰ ਆਪਣੇ ਭਣਵੱਈਏ) ਨਾਲ ਲੈ ਕੇ, ਜਿਸ ਦਿਨ ਜਮੀਨ ਦੀ ਨਿਸ਼ਾਨ-ਦੇਹੀ ਲੈਣੀ ਹੈ, ਮਲੋਟ ਪਹੁੰਚ ਜਾਣ। ਮਹਿਕਮਾ ਮਾਲ ਦੇ ਕਰਮਚਾਰੀਆਂ ਨਾਲ ਮੇਰੇ ਇਕੱਲੇ ਦੀ ਥਾਂ ਚਾਰ ਬੰਦਿਆਂ ਦਾ ਹੋਣਾ ਵਧੇਰੇ ਅਰਥ ਰੱਖਦਾ ਸੀ। ਇਸ ਤਰ੍ਹਾਂ ਅਗਲਿਆਂ ਨੂੰ ਪਰਿਵਾਰ ਦੀ ਇੱਕਮੁਠਤਾ ਵੀ ਨਜ਼ਰ ਆਏਗੀ। ਉਂਜ ਵੀ ਜਮੀਨ ਸਾਡੇ ਸਾਰੇ ਭੈਣ-ਭਰਾਵਾਂ ਦੇ ਨਾਂ ਸੀ। ਮੈਂ ਸੋਚਿਆ ਸੀ ਕਿ ਜੇ ਭਰਾ ਨੇ ਹਿੱਸਾ ਲੈਣਾ ਹੈ ਤਾਂ ਘੱਟੋ ਘੱਟ ਇੱਕ ਵਾਰ ਤਾਂ ਆਪਣੇ ਹਿੱਸੇ ਦਾ ਕਸ਼ਟ ਤੇ ਖਰਚਾ ਝੱਲ ਕੇ ਵੇਖੇ! ਅੱਗੇ ਹੀ ਜਮੀਨ ਦੇ ਲਾਲਚ ਨੇ ਘਰ ਵਿਚ ਏਨੇ ਪੁਆੜੇ ਪਾਏ ਸਨ ਕਿ ਮੇਰੇ ਅੰਦਰ ਜਮੀਨ ਲਈ ਭਾਵੇਂ ਕੋਈ ਮੋਹ ਨਹੀਂ ਸੀ ਰਹਿ ਗਿਆ ਪਰ ਫਿਰ ਵੀ 'ਜੱਟ ਦਾ ਪੁੱਤ' ਹੋਣ ਕਰਕੇ ਇੱਕ ਰੜਕ ਮਨ ਵਿਚ ਜ਼ਰੂਰ ਸੀ ਕਿ ਹੁਣ ਤੱਕ ਮੈਂ ਬਿਗਾਨੇ-ਪੁੱਤਾਂ ਦੇ ਕਬਜ਼ੇ ਹੇਠੋਂ ਆਪਣੇ ਵਡੇਰਿਆਂ ਦੀ ਜਮੀਨ ਛੁਡਾ ਨਹੀਂ ਸਾਂ ਸਕਿਆ! ਢੁਕਵਾਂ ਮੌਕਾ ਮਿਲਣ 'ਤੇ ਹੁਣ ਮੈਂ ਆਪਣੇ ਅੰਦਰ ਖੁਭਿਆ ਇਹ ਕੰਡਾ ਕੱਢ ਦੇਣਾ ਚਾਹੁੰਦਾ ਸਾਂ।

ਨਿਸ਼ਾਨਦੇਹੀ ਲੈਣ ਜਾਣ ਵਾਲੇ ਦਿਨ ਮੈਂ ਪਹਿਲਾਂ ਸਵੇਰੇ ਵੇਲੇ ਸਿਰ ਨਾਇਬ ਕੋਲ ਪਹੁੰਚਣਾ ਸੀ। ਉਥੋਂ ਸਾਰੀ ਜਾਣਕਾਰੀ ਲੈ ਕੇ ਮੈਂ ਆਪਣੇ ਭਰਾ ਅਤੇ ਭਣਵੱਈਆਂ ਨੂੰ ਬੱਸ ਅੱਡੇ 'ਤੇ ਮਿਲ ਕੇ ਨਾਲ ਲੈਣਾ ਸੀ। ਉਨ੍ਹਾਂ ਨੂੰ ਮੈਂ ਪਿਛਲੀ ਰਾਤ ਹੀ ਮੁਕਤਸਰ ਜਾਂ ਮਲੋਟ ਪਹੁੰਚ ਜਾਣ ਲਈ ਕਿਹਾ ਸੀ। ਅਗਲੇ ਦਿਨ ਸਵੇਰੇ ਦਸ ਕੁ ਵਜੇ ਮਿਲਣ ਦਾ ਸਾਡਾ ਪ੍ਰੋਗਰਾਮ ਨਿਸਚਿਤ ਸੀ। ਪਹਿਲਾਂ ਮੈਂ ਨਾਇਬ ਕੋਲ ਗਿਆ। ਕੁਝ ਦੇਰ ਬਾਅਦ ਪਟਵਾਰੀ ਤੇ ਕਾਨੂੰਗੋ ਵੀ ਆ ਗਏ। ਪਹਿਲਾਂ ਬਣੀ ਸਲਾਹ ਅਨੁਸਾਰ ਉਨ੍ਹਾਂ ਦੋਵਾਂ ਨੇ ਇੱਕ ਦਿਨ ਪਹਿਲਾਂ ਜਮੀਨ 'ਤੇ ਜਾ ਕੇ ਸਵੇਰੇ ਹੋਣ ਵਾਲੀ ਨਿਸ਼ਾਨਦੇਹੀ ਬਾਰੇ ਅਗਲਿਆਂ ਨੂੰ ਦੱਸਣਾ ਸੀ ਤੇ ਭਾਈਚਾਰਕ ਸਲਾਹ ਦੇਣੀ ਸੀ ਕਿ ਉਹ ਨਿਸ਼ਾਨਦੇਹੀ ਦੇ ਕੰਮ ਵਿਚ ਰੁਕਾਵਟ ਨਾ ਪਾਉਣ ਕਿਉਂਕਿ ਇਹ ਜਮੀਨ ਕਮਿਸ਼ਨਰ ਸਾਹਿਬ ਦੇ ਦੋਸਤ ਦੀ ਹੈ ਅਤੇ ਉਨ੍ਹਾਂ ਦਾ ਹੀ ਜਾਣਕਾਰ ਇੱਕ ਫੌਜੀ ਅਫਸਰ ਜਮੀਨ ਖਰੀਦ ਰਿਹਾ ਹੈ। ਪਰ ਉਨ੍ਹਾਂ ਨੇ ਅੱਗੋਂ ਕਿਹਾ ਸੀ ਕਿ ਉਥੇ ਭਾਵੇਂ ਕਤਲ ਕਿਉਂ ਨਾ ਹੋ ਜਾਣ ਉਹ ਨਿਸ਼ਾਨਦੇਹੀ ਨਹੀਂ ਹੋਣ ਦੇਣਗੇ। ਨਾਇਬ ਨੇ ਅਗਲੀ ਕਾਰਵਾਈ ਦਾ ਡਰਾਵਾ ਦੇਣ ਲਈ ਕਾਨੂੰਗੋ ਨੂੰ ਰਿਪੋਰਟ ਲਿਖ ਦੇਣ ਲਈ ਕਿਹਾ।

ਇਹ ਕੁਝ ਕਰਦਿਆਂ ਸਾਨੂੰ ਦੋ ਕੁ ਘੰਟੇ ਲੱਗ ਗਏ। ਇਧਰੋਂ ਵਿਹਲਾ ਹੋ ਕੇ ਮੈਂ ਬੱਸ ਅੱਡੇ ਨੂੰ ਗਿਆ ਤੇ ਆਪਣੇ ਭਰਾ ਤੇ ਰਿਸ਼ਤੇਦਾਰਾਂ ਨੂੰ ਉਡੀਕਣ ਲੱਗਾ। ਬੜਾ ਲੰਮਾਂ ਸਮਾਂ ਢੂੰਡਣ ਭਾਲਣ ਤੋਂ ਬਾਅਦ ਵੀ ਉਹ ਮੈਨੂੰ ਕਿਧਰੇ ਨਾ ਦਿਸੇ। ਪਿੱਛੋਂ ਮੇਰੇ ਭਰਾ ਨੇ ਦੱਸਿਆ ਕਿ ਉਹ ਗਏ ਤਾਂ ਸਨ ਪਰ ਮੈਨੂੰ ਉਥੇ ਨਾ ਵੇਖ ਕੇ 'ਥੱਕ-ਹਾਰ' ਕੇ ਮੁੜ ਆਏ ਸਨ! ਮੈਨੂੰ ਬੜਾ ਅਜੀਬ ਲੱਗਾ; ਸੌ-ਡੇਢ ਸੌ ਮੀਲ ਤੋਂ ਤੁਰ ਕੇ ਤੁਸੀ ਇੱਕ ਰਾਤ ਪਹਿਲਾਂ ਪਹੁੰਚਦੇ ਹੋ ਪਰ ਇੱਕ-ਦੋ ਘੰਟੇ ਦੀ ਉਡੀਕ ਤੋਂ ਹੀ ਥੱਕ-ਅੱਕ ਕੇ ਵਾਪਸੀ ਦੌੜ ਪੈਂਦੇ ਹੋ ਕਿਉਂਕਿ ਤੁਹਾਨੂੰ ਡਰ ਹੈ ਕਿ ਜੇ ਛੇਤੀ ਵਾਪਸੀ ਦੀ ਬੱਸ ਨਾ ਫੜ੍ਹੀ ਤਾਂ 'ਅਤਿਵਾਦ ਦੇ ਦਿਨਾਂ' ਵਿਚ ਤੁਹਾਨੂੰ ਰਾਤ ਤੱਕ ਪਿੰਡ ਪਹੁੰਚਣਾ ਮੁਸ਼ਕਿਲ ਹੋ ਜਾਵੇਗਾ!

ਅਸਲ ਗੱਲ ਤਾਂ ਇਸ ਸਾਰੇ ਖਲਜਗਣ ਤੋਂ ਪਾਸੇ ਰਹਿਣ ਦੀ ਸੀ। ਜਮੀਨਾਂ ਤੋਂ ਹੋਣ ਵਾਲੇ ਝਗੜਿਆਂ ਅਤੇ ਮੁਸ਼ਕਿਲਾਂ ਤੋਂ ਉਹ ਭਲੀ-ਭਾਂਤ ਜਾਣੂ ਸਨ। ਹੋਰ ਕੁਝ ਨਹੀਂ ਤਾਂ ਇੱਕ-ਸੌ ਸੱਤ ਇਕਵੰਜਾ ਲਾ ਕੇ ਪੁਲਿਸ ਵੱਲੋਂ ਕਿਸੇ ਵੇਲੇ ਵੀ ਦੋਵਾਂ ਧਿਰਾਂ ਨੂੰ ਫੜ ਕੇ ਅੰਦਰ ਕਰ ਦੇਣ ਦਾ ਖਦਸ਼ਾ ਤਾਂ ਝੂਠਾ ਹੈ ਹੀ ਨਹੀਂ ਸੀ। ਸੋਚਦੇ ਹੋਣਗੇ ਆਪਾਂ ਇਸ ਵਾਧੂ ਦੇ ਪੰਗੇ 'ਚੋਂ ਕੀ ਲੈਣਾ! ਉਨ੍ਹਾਂ ਤਾਂ ਇਹ ਵੀ ਨਾ ਸੋਚਿਆ ਕਿ ਪਿੱਛੋਂ ਮੇਰੇ ਇਕੱਲੇ ਨਾਲ ਕੀ ਹੋਇਆ ਹੋਵੇਗਾ! ਮੇਰੇ ਨਿਗਦਿਆਂ ਵੱਲੋਂ ਆਪਣੇ ਸੁਖ ਅਤੇ ਆਪਣੀ ਜਾਨ ਦਾ ਅਜਿਹਾ ਖਿਆਲ ਰੱਖਣ ਦੀ ਭਾਵਨਾ ਨੇ, ਮੇਰੇ ਸਾਹਿਤਕਾਰ ਦੋਸਤ ਬਾਰੇ ਮੇਰੇ ਮਨ ਵਿਚ ਜੋ ਥੋੜ੍ਹਾ ਬਹੁਤ ਗਿਲੇ-ਗੁਜ਼ਾਰੀ ਦਾ ਅਹਿਸਾਸ ਸੀ, ਉਸ ਨੂੰ ਵੀ ਧੋ ਦਿੱਤਾ। ਪਰ ਇਸ ਵੇਲੇ ਮੈਨੂੰ ਮਾਮੇ ਹਰਦੀਪ ਦਾ ਚੇਤਾ ਬੜੀ ਸ਼ਿੱਦਤ ਨਾਲ ਆਇਆ ਤੇ ਹੁਣ ਪਤਾ ਲੱਗਾ ਕਿ ਮਾਮਾ ਆਪਣੇ ਘਰ ਅਤੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਤੇ ਘਰਵਾਲੀ ਦੇ ਰੋਕਦਿਆਂ ਵੀ ਹਰ ਗੇੜੇ ਮੇਰੇ ਨਾਲ ਜਾ ਕੇ ਕਿੰਨੀ ਵੱਡੀ ਦਲੇਰੀ ਤੇ ਕੁਰਬਾਨੀ ਕਰਦਾ ਰਿਹਾ ਸੀ। ਪਰ ਮਾਮਾ ਹਰਦੀਪ ਤਾਂ ਮੇਰੇ ਨਾਲ ਇਨ੍ਹੀਂ ਦਿਨੀਂ ਡਾਢਾ ਗੁੱਸੇ ਤੇ ਨਰਾਜ਼ ਸੀ। ਸਾਡਾ ਤਾਂ ਆਪਸੀ ਬੋਲ-ਚਾਲ ਵੀ ਬੰਦ ਸੀ।

(ਚਲਦਾ)

---


**ਮਰਦ ਦਿਵਸ 'ਤੇ ਵਿਸ਼ੇਸ਼**

# ਆਪਣੀ ਹੀ ਮਰਦਾਨਗੀ ਨਾਲ ਜੂਝਦੇ ਹੋਏ ਮਰਦ

ਸ਼ਮਿੰਦਰ ਕੌਰ ਪਰਵਾਜ਼
ਫੋਨ: 91-75268-08047



'ਮਰਦ' ਲਫਜ਼ ਸੁਣਦੇ ਸਾਰ ਸਾਡੇ ਜ਼ਿਹਨ ਵਿਚ ਇਕ ਮਜ਼ਬੂਤ ਤੇ ਕਠੋਰ ਤਸੱਵੁਰ ਉਭਰਦਾ ਹੈ, ਜਿਸ ਦੀ ਸਿਰਫ ਭਾਰਤ ਵਿਚ ਨਹੀਂ ਦੁਨੀਆਂ ਦੇ ਅਨੇਕਾਂ ਦੇਸ਼ਾਂ ਵਿਚ ਆਪਣੀ ਸੰਪੂਰਨ ਸੱਤਾ




ਸਥਾਪਿਤ ਹੈ। ਹਰ ਖੇਤਰ ਵਿਚ ਪ੍ਰਮੁੱਖ। ਜ਼ਾਹਰ ਹੈ, ਜਦ ਉਹ ਇੰਨੀ ਮਜ਼ਬੂਤ ਸਥਿਤੀ ਵਿਚ ਹੈ ਤਾਂ ਉਸ ਨੂੰ ਕੀ ਸਮੱਸਿਆ ਹੋ ਸਕਦੀ ਹੈ। ਪਰ ਕੀ ਸੱਚਮੁੱਚ ਅਜਿਹਾ ਹੈ? ਬਿਲਕੁਲ ਨਹੀਂ। ਮਰਦ ਆਪਣੇ ਹੀ ਰਚੇ ਚੱਕਰਵਿਊ ਵਿਚ ਫਸਿਆ ਹੋਇਆ ਹੈ। ਜਿਹੜੀ ਉਚੀ ਜਗ੍ਹਾ ਉਸ ਨੇ ਆਪਣੇ ਲਈ ਮਿਥ ਲਈ ਹੈ, ਉਥੇ ਬਣੇ ਰਹਿਣਾ ਸੌਖਾ ਨਹੀਂ ਹੈ। ਮਰਦਾਂ ਦੇ ਬਹੁਪੱਖੀ ਵਿਕਾਸ ਨੂੰ ਸਮਰਪਿਤ ਅੰਤਰ-ਰਾਸ਼ਟਰੀ ਪੁਰਸ਼ ਦਿਵਸ ਹਰ ਸਾਲ 19 ਨਵੰਬਰ ਨੂੰ ਮਨਾਇਆ ਜਾਂਦਾ ਹੈ।

ਅੱਠ ਮਾਰਚ ਨੂੰ ਇਸਤਰੀ ਦਿਵਸ ਮੌਕੇ ਮੈਂ ਔਰਤ ਦੀ ਦਰਦਨਾਕ ਹਾਲਤ ਬਾਰੇ ਲੇਖ 'ਭਾਰਤੀ ਸਮਾਜ ਵਿਚ ਔਰਤ ਦੀ ਸਥਿਤੀ' ਲਿਖਿਆ ਸੀ। ਲੇਖ ਪੜ੍ਹ ਕੇ ਮੇਰੇ ਭਾਣਜੇ ਨੇ ਕਿਹਾ, "ਮਾਸੀ ਜੀ, ਮੈਂ ਵੀ ਇਕ ਲੇਖ ਲਿਖਾਂਗਾ, ਭਾਰਤੀ ਸਮਾਜ ਵਿਚ ਪੁਰਸ਼ ਦੀ ਸਥਿਤੀ।" ਮੈਂ ਉਸ ਦੀ ਗੱਲ ਹਾਸੇ ਵਿਚ ਟਾਲ ਦਿੱਤੀ ਪਰ ਉਹ ਸੰਜੀਦਾ ਸੀ। ਉਸ ਦਾ ਕਹਿਣਾ ਸੀ ਕਿ ਇਸਤਰੀ ਨੂੰ ਜੋ ਸਹੂਲਤਾਂ ਮਿਲਦੀਆਂ ਹਨ, ਉਹ ਪੁਰਸ਼ ਦੀ ਕਿਸਮਤ ਵਿਚ ਨਹੀਂ ਹਨ। ਔਰਤ ਪੜ੍ਹ-ਲਿਖ ਕੇ ਘਰੇ ਰਹੇ ਜਾਂ ਬੁਟੀਕ ਖੋਲ੍ਹੇ, ਉਸ ਦੀ ਮਰਜ਼ੀ, ਪਰ ਮਰਦ ਘਰ ਰਹਿ ਕੇ ਖੇਤੀ ਵਰਗਾ ਕੋਈ ਕੰਮ ਕਰੇ ਜਾਂ ਬਾਹਰ ਨੌਕਰੀ ਜਾਂ ਕੋਈ ਕਾਰੋਬਾਰ ਕਰੇ, ਉਸ ਨੂੰ ਹਰ ਹਾਲ ਘਰ ਅੰਦਰਲੀਆਂ ਤੇ ਬਾਹਰਲੀਆਂ-ਸਭ ਜ਼ਿੰਮੇਵਾਰੀਆਂ ਚੁੱਕਣੀਆਂ ਪੈਂਦੀਆਂ ਹਨ। ਉਸ ਨੇ ਹਰ ਹਾਲਤ ਘਰ ਦੇ ਹਰ ਜੀਅ ਦੀਆਂ ਲੋੜਾਂ ਪੂਰੀਆਂ ਕਰਨੀਆਂ ਹੁੰਦੀਆਂ ਹਨ।


ਮੈਂ ਸਮਝਦੀ ਹਾਂ, ਇਹ ਸਥਿਤੀ ਮਰਦ-ਪ੍ਰਧਾਨ ਸਮਾਜ ਨੇ ਖੁਦ ਹੀ ਪੈਦਾ ਕੀਤੀ ਹੈ। ਜੇ ਉਹ ਇਸਤਰੀ ਨੂੰ ਪਿੱਛੇ ਰੱਖੇਗਾ ਤਾਂ ਜ਼ਾਹਰ ਹੈ ਕਿ ਉਸ ਨੂੰ ਆਪ ਵੱਧ ਬੋਝ ਚੁੱਕਣਾ ਪਵੇਗਾ। ਹਰ ਗੱਲ ਦੇ ਦੋ ਪਹਿਲੂ ਹੁੰਦੇ ਹਨ। ਜੇ ਪੁਰਸ਼ ਨੂੰ ਆਜ਼ਾਦੀ ਵੱਧ ਮਿਲਦੀ ਹੈ ਤੇ ਦੁਨੀਆਂ ਵਿਚ ਵਿਚਰਨ ਦੇ ਮੌਕੇ ਵੱਧ ਮਿਲਦੇ ਹਨ ਤਾਂ ਨਾਲ ਹੀ ਜ਼ਿੰਮੇਵਾਰੀ ਵੀ ਵੱਧ ਮਿਲਦੀ ਹੈ। ਦੂਜੇ ਪਾਸੇ, ਘਰ ਦੇ ਹਾਲਾਤ ਜੇ ਮੰਦੇ ਹੋਣ, ਫੇਰ ਤਾਂ ਘਰ ਦੇ ਪੈਸੇ ਦੀ ਮਾਲਕੀ ਇਸਤਰੀ ਦੇ ਹੱਥ ਕਿਥੋਂ ਹੋਣੀ ਸੀ, ਜੇ ਚੰਗੇ ਵੀ ਹੋਣ, ਫੇਰ ਵੀ ਘਰ ਚਲਾਉਂਦੀ ਹੋਣ ਦੇ ਬਾਵਜੂਦ ਪੈਸਾ ਇਸਤਰੀ ਦੇ ਹੱਥ-ਵੱਸ ਨਹੀਂ ਹੁੰਦਾ। ਇਸੇ ਕਰਕੇ ਉਹ ਹਮੇਸ਼ਾ ਅਸੁਰੱਖਿਅਤ ਹੀ ਰਹਿੰਦੀ ਹੈ।

ਪੁਰਸ਼ ਹਰ ਖੇਤਰ ਵਿਚ ਪ੍ਰਧਾਨ ਤੇ ਪ੍ਰਮੁੱਖ ਹੈ। ਉਹ ਵਿੱਤੀ, ਭਾਵਨਾਤਮਕ, ਸਮਾਜਿਕ ਤੇ ਸਰੀਰਕ ਪੱਖੋਂ ਇਸਤਰੀ ਤੋਂ ਮਜਬੂਤ ਮੰਨਿਆ ਜਾਂਦਾ ਹੈ ਤੇ ਹਾਲਾਤ ਨੇ ਉਹਨੂੰ ਮਜ਼ਬੂਤ ਬਣਾਇਆ ਵੀ ਹੋਇਆ ਹੈ। ਇਸੇ ਕਰਕੇ ਮਰਦ ਤੋਂ ਤਾਕਤ, ਮਜ਼ਬੂਤੀ, ਦਲੇਰੀ ਦੀ ਮੰਗ ਵਧੇਰੇ ਕੀਤੀ ਜਾਂਦੀ ਹੈ। ਭਾਰਤੀ ਮਰਦ ਨੇ ਖੁਦ ਨੂੰ ਪ੍ਰਮੁੱਖ ਮੰਨ ਲਿਆ ਹੈ ਤਾਂ ਜ਼ਾਹਰ ਹੈ, ਇਸ ਦੇ ਲਾਇਕ ਵੀ ਉਸ ਨੂੰ ਬਣਨਾ ਪਵੇਗਾ। ਨਹੀਂ ਤਾਂ ਉਸ ਦੀ ਮਰਦਾਨਗੀ ਉਤੇ ਪ੍ਰਸ਼ਨ-ਚਿੰਨ੍ਹ ਲੱਗੇਗਾ, ਜਿਸ ਨੂੰ ਬਰਦਾਸ਼ਤ ਕਰਨਾ ਉਸ ਦੇ ਵੱਸੋਂ ਬਾਹਰੀ ਗੱਲ ਹੋਵੇਗੀ। ਪਰਿਵਾਰ ਵਿਚ ਭਾਵੇਂ ਕਿੰਨੇ ਵੀ ਜੀਅ ਹੋਣ, ਸਭ ਦਾ ਖਰਚ ਚੁੱਕਣਾ ਉਸ ਦੀ ਨੈਤਿਕ ਜ਼ਿੰਮੇਵਾਰੀ ਬਣ ਜਾਂਦੀ ਹੈ। ਜੇ ਉਹ ਇਹ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਰਹਿੰਦਾ ਹੈ ਤਾਂ ਇਹ ਉਸ ਲਈ ਇੱਕ ਵੱਡੀ ਨਮੋਸ਼ੀ ਦਾ ਕਾਰਨ ਬਣਦਾ ਹੈ ਕਿ ਉਹ ਨਿਕੰਮਾ ਹੈ ਜੋ ਆਪਣੇ ਘਰ ਨੂੰ ਵੀ ਸਾਂਭ ਨਹੀਂ ਸਕਿਆ। ਉਹ ਕਿਵੇਂ ਵੀ ਕਮਾਵੇ, ਚਾਹੇ ਆਪਣਾ ਗੁਰਦਾ ਵੇਚੇ ਜਾਂ ਖੂਨ, ਪਰ ਕਮਾਵੇ ਜ਼ਰੂਰ। ਇਸ ਜ਼ਿੰਮੇਵਾਰੀ ਵਿਚ ਅਸਫਲ ਰਹੇ ਤਾਂ ਉਹ ਖੁਦਕੁਸ਼ੀ ਤੱਕ ਕਰ ਲੈਂਦਾ ਹੈ। ਕਿੰਨੇ ਹਜ਼ਾਰ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ, ਉਨ੍ਹਾਂ ਦੀਆਂ ਪਤਨੀਆਂ ਨੇ ਨਹੀਂ ਕੀਤੀਆਂ, ਭਾਵੇਂ ਰਹਿੰਦੀਆਂ ਉਹ ਵੀ ਉਸੇ ਪਰਿਵਾਰ ਵਿਚ ਸਨ।

ਪੁਰਸ਼ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਇੱਕ ਮਜ਼ਬੂਤ ਸਤੰਭ ਹੈ ਜੋ ਨਾ ਕਦੇ ਡੋਲੇਗਾ, ਨਾ ਰੋਵੇਗਾ ਤੇ ਨਾ ਹੀ ਕਮਜ਼ੋਰ ਪਵੇਗਾ। ਉਸ ਨੂੰ ਚਾਹੇ ਕਿੰਨਾ ਵੱਡਾ ਦੁੱਖ ਲੱਗੇ, ਉਹ ਅਣਸਰਦੇ ਨੂੰ ਹੀ ਰੋਵੇਗਾ ਕਿਉਂਕਿ ਪੁਰਸ਼ ਰੋਂਦੇ ਚੰਗੇ ਨਹੀਂ ਲਗਦੇ।

ਜਦ ਇਸਤਰੀ ਨੂੰ ਕੋਈ ਸਮੱਸਿਆ ਹੁੰਦੀ ਹੈ ਤਾਂ ਉਹ ਦੂਜਿਆਂ ਨਾਲ ਦੁੱਖ ਸਾਂਝਾ ਕਰਦੀ ਹੈ ਪਰ ਪੁਰਸ਼ ਅਜਿਹਾ ਨਹੀਂ ਕਰਦੇ। ਉਹ ਕਿਸੇ ਨਾਲ ਕੋਈ ਗੱਲ ਸਾਂਝੀ ਕਰਨ ਦੀ ਥਾਂ ਸਾਰਾ ਬੋਝ ਚੁੱਪ-ਚਾਪ ਚੁੱਕਣ ਦਾ ਯਤਨ ਕਰਦੇ ਹਨ। ਇਹ ਹਾਲਾਤ ਉਨ੍ਹਾਂ ਦੇ ਤਣਾਓ ਵਿਚ ਵਾਧਾ ਕਰਦੇ ਹਨ।

ਜਿਥੇ ਦੇਖੋ ਕੰਧਾਂ ਭਰੀਆਂ ਪਈਆਂ ਹਨ, "ਮਰਦਾਨਾ ਤਾਕਤ ਹਾਸਲ ਕਰੋ!" 20-25 ਸਾਲ ਦੇ ਮੁੰਡੇ ਬਿਨਾ ਲੋੜ ਇਹ ਦਵਾਈਆਂ ਖਾਣ ਲੱਗਦੇ ਹਨ ਕਿਉਂਕਿ ਬੋਝ ਹੈ, ਮਰਦਾਨਗੀ ਸਾਬਤ ਕਰਨ ਦਾ! ਇੱਕ ਆਦਮੀ ਦੇ ਕੋਈ ਔਲਾਦ ਨਹੀਂ ਸੀ। ਉਹ ਡਾਕਟਰ ਕੋਲ ਗਿਆ। ਡਾਕਟਰ ਨੇ ਕਿਹਾ, "ਆਪਣੀ ਪਤਨੀ ਨੂੰ ਬੁਲਾਓ।" ਉਹ ਕਹਿਣ ਲੱਗਾ, "ਬਾਹਰ ਤਿੰਨੇ ਬੈਠੀਆਂ ਹਨ, ਕਿਸ ਨੂੰ ਬੁਲਾਵਾਂ? ਪਹਿਲੀ, ਦੂਜੀ ਕਿ ਤੀਜੀ ਨੂੰ?" ਡਾਕਟਰ ਨੇ ਕਿਹਾ, "ਫੇਰ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਬੁਲਾਉਣ ਦੀ ਲੋੜ ਨਹੀਂ, ਤੁਸੀਂ



ਆਪਣਾ ਚੈਕ-ਅੱਪ ਕਰਵਾਓ।" ਉਹ ਬੰਦਾ ਬੋਲਿਆ, "ਡਾਕਟਰ ਸਾਹਿਬ, ਇੰਨੀ ਵੱਡੀ ਗੱਲ ਕਿਵੇਂ ਬੋਲ ਦਿੱਤੀ ਤੁਸੀਂ?"

ਮਰਦ ਨੇ ਇਹ ਬੋਝ ਆਪਣੇ ਮਨ ਉਤੇ ਪੱਕਾ ਲੱਦਿਆ ਹੋਇਆ ਹੈ ਕਿ ਉਹ ਮਰਦਾਨਗੀ ਦਾ ਮਾਲਕ ਹੋਣਾ ਹੀ ਚਾਹੀਦਾ ਹੈ। ਇਸ ਸੋਚ ਦੇ ਬਹੁਤ ਬੁਰੇ ਨਤੀਜੇ ਨਿਕਲਦੇ ਹਨ। ਆਪੇ ਚੁੱਕਿਆ ਇਹ ਬੋਝ ਕਈ ਵਾਰ ਬਰਦਾਸ਼ਤ ਤੋਂ ਇੰਨਾ ਬਾਹਰ ਹੋ ਜਾਂਦਾ ਹੈ ਕਿ ਮੌਤ ਦੀ ਗੋਦ ਹੀ ਇਕੋ-ਇਕ ਸਹਾਰਾ ਰਹਿ ਜਾਂਦੀ ਹੈ। ਸਰਕਾਰੀ ਅੰਕੜਿਆਂ ਅਨੁਸਾਰ 2014 ਵਿਚ ਭਾਰਤ ਵਿਚ 332 ਲੋਕਾਂ ਨੇ ਨਿਪੁੰਸਕਤਾ ਕਾਰਨ ਆਤਮਘਾਤ ਕੀਤਾ। ਅਗਲੇ ਸਾਲ 2015 ਵਿਚ ਇਹ ਅੰਕੜਾ ਵਧ ਕੇ 448 ਹੋ ਗਿਆ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਅਨੁਸਾਰ 2015 ਵਿਚ ਨਿਪੁੰਸਕਤਾ ਕਾਰਨ ਹੋਏ 448 ਆਤਮਘਾਤਾਂ ਵਿਚ 7 ਛੋਟੀ ਉਮਰ ਦੇ ਮੁੰਡੇ ਤੇ 34 ਬਜ਼ੁਰਗ ਸ਼ਾਮਲ ਸਨ। 2016 ਦੇ ਅੰਕੜੇ ਅਜੇ ਆਏ ਨਹੀਂ। ਡਰ ਹੈ ਕਿ ਉਹ 2015 ਤੋਂ ਜ਼ਰੂਰ ਵੱਧ ਹੋਣਗੇ। ਇਸ ਸਬੰਧ ਵਿਚ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਨਮੋਸ਼ੀ ਦੇ ਡਰ ਕਾਰਨ ਜਿਨ੍ਹਾਂ ਅਜਿਹੇ ਆਤਮਘਾਤਾਂ ਦੀ ਜਾਣਕਾਰੀ ਸਰਕਾਰ ਤੱਕ ਨਹੀਂ ਪੁਜਦੀ, ਉਨ੍ਹਾਂ ਦੀ ਗਿਣਤੀ ਇਸ ਨਾਲੋਂ ਬਹੁਤ ਵੱਧ ਹੋਵੇਗੀ।

ਭਾਰਤੀ ਸਮਾਜ ਵਿਚ ਮਰਦ ਦੀ ਜੋ ਸਥਿਤੀ ਹੈ ਜੇ ਉਹ ਉਸ ਵਿਚ ਸੰਤੁਲਨ ਨਾ ਬਣਾ ਸਕੇ ਤਾਂ ਉਸ ਨੂੰ ਦੂਹਰੀ ਮਾਰ ਪੈਂਦੀ ਹੈ। ਮੁੰਡੇ ਦੇਖਦੇ ਹਨ ਕਿ ਕੁੜੀਆਂ ਮਾਰ-ਮਾਰ ਕੇ ਉਨ੍ਹਾਂ ਨੂੰ ਪੈਦਾ ਕੀਤਾ ਜਾਂਦਾ ਹੈ ਤਾਂ ਉਹ ਹੰਕਾਰੀ ਹੋ ਜਾਂਦੇ ਹਨ। ਇਹ ਸੋਚ ਉਨ੍ਹਾਂ ਨੂੰ ਚੰਗੇ ਇਨਸਾਨ ਬਣਨੋਂ ਰੋਕਦੀ ਹੈ।

ਜੇ ਸਮਾਜ ਵਿਚ ਮਰਦ ਤੇ ਔਰਤ ਨੂੰ ਬਰਾਬਰ ਦੇ ਹੱਕ ਮਿਲੇ ਹੋਏ ਹੋਣ ਤਾਂ ਦੋਵਾਂ ਦੀਆਂ ਹਾਲਤਾਂ ਵਿਚ ਸੁਧਾਰ ਹੋ ਜਾਵੇਗਾ। ਔਰਤਾਂ ਦੀਆਂ ਰੀਝਾਂ, ਚਾਅ ਤੇ ਹੁਨਰ ਘਰ ਦੀ ਚਾਰਦੀਵਾਰੀ ਵਿਚ ਦਮ ਨਹੀਂ ਤੋੜਨਗੇ ਤੇ ਮਰਦ ਵੀ ਵਾਧੂ ਬੋਝ ਤੋਂ ਬਚੇਗਾ। ਇਸ ਲਈ ਮਰਦ ਤੇ ਔਰਤ-ਦੋਵਾਂ ਲਈ ਇੱਕੋ ਜਿਹੇ ਨੇਮ ਰੱਖਣੇ ਹੋਣਗੇ। ਜ਼ਰੂਰੀ ਗੱਲ ਇਹ ਹੈ ਕਿ ਰਸੋਈ ਦਾ ਕੰਮ ਤੇ ਘਰ ਦਾ ਹੋਰ ਸਾਰਾ ਕੰਮ ਕਰਨਾ, ਬੱਚਿਆਂ ਨੂੰ ਸਾਂਭਣਾ ਆਦਿ ਪੁਰਸ਼ ਲਈ ਕੋਈ ਮਿਹਣਾ ਨਾ ਹੋਵੇ ਅਤੇ ਇਸਤਰੀ ਨੂੰ ਦੇਵੀ ਕਹਿ ਕੇ ਫੋਕਾ ਸ਼ਬਦੀ ਆਦਰ ਦਿੰਦਿਆਂ ਨੀਵੇਂ ਸਥਾਨ ਉਤੇ ਰੱਖਣ ਦੀ ਥਾਂ ਆਮ ਇਨਸਾਨ ਵਜੋਂ ਮਾਨਤਾ ਦਿੱਤੀ ਜਾਵੇ। ਨਾਲ ਹੀ ਔਰਤ ਦੀਆਂ ਜੀਵਨ-ਹਾਲਤਾਂ ਵਿਚ ਵੀ ਸੁਧਾਰ ਹੋਵੇ।

# ਕੰਧਾਂ ਤੋਂ ਪਰੇ, ਦਰਵਾਜ਼ੇ ਦੇ ਪਾਰ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ 18ਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ***



**ਸ਼ੌਰਟ ਕੱਟ ਵਾਇਆ ਲੌਂਗ ਰੂਟ**

**18**

**ਅਮਰੀਕ ਸਿੰਘ ਬਲ**
**ਫੋਨ: 34602835897**

## ਤੁਸੀਂ ਪੜ੍ਹ ਚੁੱਕੇ ਹੋ...

***ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਪਿੰਡ ਬੁਤਾਲਾ ਦੇ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ ਵਿਚੋਂ ਵੀ ਲੰਘਣਾ ਪੈਣਾ ਹੈ... ਫਿਰ ਉਹ ਕਦੇ ਮੋਰੱਕੋ ਦੇ ਉਜਾੜਾਂ ਅਤੇ ਕਦੀ ਜੇਲ੍ਹਾਂ ਅੰਦਰ ਰੁਲਣ ਜੋਗੇ ਰਹਿ ਗਏ!... ਹੁਣ ਪੜ੍ਹੋ ਇਸ ਤੋਂ ਅੱਗੇ...***

ਬੰਦ ਕਮਰੇ ਦੇ ਨਰਕ ਵਿਚ ਸ਼ਾਇਦ ਮਹੀਨਾ ਹੀ ਲੰਘ ਗਿਆ। ਸੋਚ ਸ਼ਕਤੀ ਅਪੰਗ ਹੋ ਗਈ ਜਾਪਦੀ ਸੀ। ਸਭ ਦੇ ਜਿਸਮ ਜੁਦਾ ਸਨ, ਦੁੱਖ ਇੱਕੋ ਜਿਹੇ ਸਨ। 16 ਵੱਖ ਵੱਖ ਕਾਗਜ਼ਾਂ 'ਤੇ ਦਰਦ ਇੱਕੋ ਸਿਆਹੀ ਨਾਲ ਲਿਖਿਆ ਹੋਇਆ ਸੀ। ਝੀਤਾਂ ਵਿਚੋਂ ਆਉਂਦੀ ਹਲਕੀ ਲੋਅ ਦਿਨ ਹੋਣ ਦਾ ਭਰਮ ਦੇ ਜਾਂਦੀ। ਅੱਖਾਂ ਖੋਲ੍ਹ ਕੇ ਵੀ ਘੁੱਪ ਹਨੇਰਾ ਲੱਗਦਾ ਤਾਂ ਰਾਤ ਦਾ ਅਹਿਸਾਸ ਕਰਾ ਜਾਂਦਾ। ਕੁਝ ਖਾਣ-ਪੀਣ ਨੂੰ ਮਿਲਿਆ ਤਾਂ ਠੀਕ; ਨਹੀਂ ਤਾਂ ਭੁੱਖੇ-ਪਿਆਸੇ ਹੀ ਪਏ ਰਹਿੰਦੇ। ਕੰਧਾਂ ਤੋਂ ਪਰੇ ਗੂੰਜਦੀਆਂ ਅਨਜਾਣ ਆਵਾਜ਼ਾਂ ਸਾਡੇ ਤਕ ਪਹੁੰਚ ਕੇ ਸਾਨੂੰ ਯਾਦ ਦਿਲਾਉਂਦੀਆਂ ਕਿ ਇਸ ਮਰਘਟ ਤੋਂ ਬਾਹਰ ਕੋਈ ਦੁਨੀਆਂ ਵਸ ਰਹੀ ਹੈ!

ਚੁੱਪ ਦਾ ਸੰਗੀ ਮੋਹਕਮ ਆਪਣੀ ਹਮੇਸ਼ਾ ਵਾਲੀ ਨਿਰਛਲ ਮੁਸਕਣੀ ਭੁੱਲ ਕੇ ਆਪਣਾ ਅਤੀਤ ਫਰੋਲਦਾ ਅਚਨਚੇਤ ਫਿੱਸ ਪਿਆ। ਉਸ ਦੇ ਦਰਦ ਦੇ ਅਹਿਸਾਸ ਨਾਲ ਮੇਰਾ ਅੰਦਰ ਕੰਬ ਗਿਆ। ਮਹਿਸੂਸ ਹੋਇਆ ਕਿ ਅੱਜ ਉਸ ਦਾ ਸਬਰ ਜਵਾਬ ਦੇ ਗਿਆ ਸੀ।

ਡੌਂਕਰਾਂ ਨੂੰ ਜਦ ਪਤਾ ਲੱਗਾ ਕਿ ਕੁਲ ਨਫਰੀ ਵਿਚੋਂ ਚਾਰ ਜਣੇ ਮਨਫੀ ਨੇ, ਉਨ੍ਹਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਦੋ ਕੁ ਰੋਜ਼ ਵੇਲੇ-ਕੁਵੇਲੇ ਫੋਨ ਦੀਆਂ ਘੰਟੀਆਂ ਖੜਕਦੀਆਂ ਰਹੀਆਂ। ਪੁੱਛ-ਪੜਤਾਲ ਹੁੰਦੀ ਰਹੀ, ਅਸੀਂ ਅਨਜਾਣ ਬਣੇ ਰਹੇ। ਇੱਕ ਦਿਨ ਡੌਂਕਰਾਂ ਦੀਆਂ ਗੱਲਾਂ ਤੋਂ ਪਤਾ ਲੱਗਾ ਕਿ ਉਨ੍ਹਾਂ ਚਾਰੇ ਫਰਾਰ ਮੁੰਡੇ ਫੜ ਲਏ ਸਨ ਤੇ ਬਹੁਤ ਕੁੱਟ-ਮਾਰ ਕੀਤੀ ਸੀ। ਫਿਰ ਅੱਧੀ ਕੁ ਰਾਤ ਨੂੰ ਤਾਕੀ ਖੜਕੀ, ਚਾਰ ਸਾਏ ਅੰਦਰ ਆਣ ਬੈਠੇ। ਭਗੌੜੇ ਮੁੜ ਆਏ ਸਨ, ਮੂੰਹਾਂ 'ਤੇ ਸੱਟਾਂ ਅਤੇ ਅੱਖਾਂ ਵਿਚ ਹਾਰ ਦੇ ਨਿਸ਼ਾਨ ਲੈ ਕੇ। ਸਵਾਲਾਂ ਦੀ ਵਾਛੜ ਵਿਚ ਨਿਰਾਸ਼, ਥੱਕੇ-ਹਾਰੇ ਜਿਹੇ ਜਵਾਬ ਮਸੀਂ ਨਿਕਲੇ। ਸਤਾਸੀ ਨੇ ਦੱਸਿਆ, "ਇੰਨੇ ਦਿਨਾਂ ਤੋਂ ਉਹ ਇਸੇ ਕਸਬੇ ਵਿਚ ਖੱਜਲ-ਖੁਆਰ ਹੁੰਦੇ ਰਹੇ ਸਨ। ਕਿਸੇ ਨੇ ਵੀ ਬਾਹਰੋਂ ਪੈਸੇ ਮੰਗਾਉਣ 'ਚ ਸਾਡੀ ਮਦਦ ਨਾ ਕੀਤੀ। ਪਾਗਲਾਂ ਜਿਹੇ ਹਾਲਾਤ ਹੋਣ ਕਰ ਕੇ ਲੋਕ ਸਾਨੂੰ ਨਫਰਤ ਨਾਲ ਦੇਖਦੇ। ਬੱਚਿਆਂ ਨੇ ਤਾਂ ਰੋੜੇ-ਪੱਥਰ ਤਕ ਮਾਰੇ। ਰਬਾਤ ਕਿਹੜਾ ਨੇੜੇ ਸੀ। ਮਾੜੀ ਕਿਸਮਤ ਇੱਕ ਦਿਨ ਡੌਂਕਰਾਂ ਹੱਥੇ ਚੜ੍ਹ ਗਏ। ਪਹਾੜੀਆਂ ਵਿਚ ਲਿਜਾ ਕੇ ਇੰਨੀ ਬੁਰੀ ਤਰ੍ਹਾਂ ਕੁੱਟਿਆ ਕਿ ਕੋਈ ਮਰ ਵੀ ਜਾਂਦਾ ਤਾਂ ਕੋਈ ਵੱਡੀ ਗੱਲ ਨਹੀਂ ਸੀ।"

ਉਨ੍ਹਾਂ ਦੇ ਕੱਪੜਿਆਂ ਵਿਚੋਂ ਮਰੇ ਕੁੱਤੇ ਵਰਗੀ ਤਿੱਖੀ ਬੋਅ ਆ ਰਹੀ ਸੀ। ਇੰਨੇ ਨੂੰ ਡੌਂਕਰ ਆ ਗਏ। ਚਹੁੰਆਂ ਨੂੰ ਦੇਖ ਕੇ ਪਹਿਲਾ ਮਜ਼ਾਕ ਉਡਾਉਂਦੇ ਤੇ ਹੱਸਦੇ ਰਹੇ, ਫਿਰ ਦਰਵਾਜ਼ੇ ਨੇੜੇ ਬੈਠੇ ਸਤਾਸੀ ਤੇ ਰਾਜਬੀਰ ਦੇ ਠੁੱਡ ਵਰਸਾਉਣ ਲੱਗੇ। ਸਾਰੇ ਹਮਦਰਦੀ ਭਰੀਆਂ, ਬੇਵਸ ਨਿਗਾਹਾਂ ਨਾਲ ਬਸ ਦੇਖਦੇ ਰਹੇ। ਡੌਂਕਰ ਉਨ੍ਹਾਂ ਚਹੁੰਆਂ ਨੂੰ ਉਠਾ ਕੇ ਬਾਹਰ ਨਿਕਲ ਗਏ।

ਉਸ ਦਿਨ ਤੋਂ ਬਾਅਦ ਹਿੰਮਤ ਜੁਟਾ ਕੇ ਅਸੀਂ ਚੋਰੀ ਟੂਟੀ ਤੋਂ ਪਾਣੀ ਭਰ ਕੇ ਲਿਆਉਣ ਲੱਗੇ, ਜੋ ਗਲੀ ਵਿਚ ਥੱਲੇ ਉਤਰਦਿਆਂ, 100 ਕੁ ਗਜ਼ ਦੂਰ ਆਬਾਦੀ ਵਿਚ ਸੀ। ਇਧਰੋਂ-ਉਧਰੋਂ ਕੋਈ ਦਰ੍ਹਾਮ ਦਿੰਦਾ ਤਾਂ ਦੋ-ਚਾਰ ਸੁੱਕੇ ਬਰੈਡ ਵੀ ਆ ਜਾਂਦੇ। ਦੋ ਕੁ ਰਾਤਾਂ ਸਿਲਸਿਲਾ ਚੱਲਿਆ, ਫਿਰ ਪਤਾ ਲੱਗਣ 'ਤੇ ਡੌਂਕਰਾਂ ਨੇ ਆ ਕੇ ਕੁੱਟ-ਮਾਰ ਕੀਤੀ। ਸਬਰ ਦੇ ਪੈਮਾਨੇ ਤਾਂ ਪਹਿਲਾਂ ਹੀ ਛਲਕੇ ਪਏ ਸਨ। ਦੋ ਕੁ ਰੋਹ ਭਰੀਆਂ ਵੰਗਾਰਾਂ 'ਤੇ ਸਾਰੇ ਜਣੇ ਕੱਪੜੇ-ਲੱਤੇ ਸਾਂਭ ਕੇ ਦਰਵਾਜ਼ਿਓਂ ਬਾਹਰ ਨਿਕਲ ਪਏ ਤਾਂ ਡੌਂਕਰ ਫਿਕਰਮੰਦ ਹੋ ਸਾਨੂੰ ਸ਼ਾਂਤ ਕਰਨ ਲੱਗੇ। ਅਖੀਰ ਮੋਹਤਬਰ ਅੱਖਾਂ ਨੇ ਆਪਸ ਵਿਚ ਇਸ਼ਾਰੇ ਕੀਤੇ ਕਿ ਉਨ੍ਹਾਂ ਅਤੇ ਖ਼ੁਦ ਨੂੰ ਇੱਕ ਮੌਕਾ ਹੋਰ ਦਿੱਤਾ ਜਾਵੇ। ਚਿਤਾਵਨੀ ਤਾਂ ਉਨ੍ਹਾਂ ਤਕ ਪਹੁੰਚ ਹੀ ਗਈ ਸੀ। ਜਲਦਬਾਜ਼ੀ ਨਾ ਕਰਦਿਆਂ ਸਭ ਵਾਪਸ ਮੁੜ ਆਏ। ਅਸੀਂ ਬਗਾਵਤੀ ਭਰੋਸੇ ਨਾਲ ਭਰ ਗਏ ਸਾਂ ਅਤੇ ਸਾਫ ਹੋ ਗਿਆ ਸੀ, ਜਦ ਚਾਹੀਏ ਇਥੋਂ ਜਾ ਸਕਦੇ ਸਾਂ।

ਇੱਕ ਰਾਤ ਵਾਰੀ ਸਿਰ ਮੈਂ ਅਤੇ ਬੁੱਧੂ ਪਾਣੀ ਦੀਆਂ ਕੈਨੀਆਂ ਲੈ ਨਿਕਲੇ। ਬਰੈਡ ਲੈਣ ਵਾਸਤੇ ਕਾਫੀ ਦੂਰ ਜਾਣਾ ਪਿਆ। ਬਾਜ਼ਾਰ ਵਿਚ ਇੱਕ ਥਾਂ ਬਿੱਲੇ ਡੌਂਕਰ ਨਾਲ ਟਾਕਰੇ ਹੋ ਗਏ। ਇੱਕ ਵਾਰ ਤਾਂ ਸਾਡੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ। ਟਰੈਫਿਕ ਕਾਰਨ ਉਸ ਨੇ ਮਸੀਂ ਖੁਦ 'ਤੇ ਕਾਬੂ ਰੱਖਿਆ। ਫਿਰ ਕਚੀਚੀਆਂ ਲੈਂਦੇ ਨੇ ਸਾਨੂੰ ਵਾਪਸ ਜਾਣ ਦਾ ਇਸ਼ਾਰਾ ਕੀਤਾ। ਅਸੀਂ ਘਾਬਰੇ ਵਾਪਸ ਪਹੁੰਚੇ ਕਿ ਅੱਜ ਕੁੱਟ-ਮਾਰ ਹੋਵੇਗੀ, ਪਰ ਸਾਡਾ ਡਰ ਬੇਅਰਥ ਸੀ, ਕੁਝ ਵੀ ਨਹੀਂ ਸੀ ਹੋਇਆ!

ਅਗਲੀ ਰਾਤ ਕੁਲਵੰਤ, ਦਵਿੰਦਰ ਤੇ ਪਾਕਿਸਤਾਨੀ ਫੌਜੀ ਪਾਣੀ ਲੈਣ ਜਾਣ ਲਈ ਤਿਆਰ ਹੋ ਗਏ। ਸਾਰੇ ਜਣੇ ਹੈਰਤ ਨਾਲ ਇੱਕ ਦੂਜੇ ਦੇ ਭਾਵ-ਰਹਿਤ ਚਿਹਰੇ ਦੇਖਣ ਲੱਗੇ, ਕਿਉਂਕਿ ਇਹ ਤਿੰਨੇ 'ਖਾਨ' ਦੀ ਰਜ਼ਾ ਵਿਚ ਰਾਜ਼ੀ ਰਹਿਣ ਵਾਲੇ ਸਨ। ਖਾਨ ਤੋਂ ਬਾਹਰ ਜਾ ਕੇ ਹੁਣ ਤਕ ਇੱਕ ਵਾਰ ਵੀ ਮਕਾਨ ਦੀ ਸਰਦਲ ਟੱਪਣ ਲਈ ਤਿਆਰ ਨਹੀਂ ਸੀ ਹੋਏ। ਅਜਿਹੀ ਸਥਿਤੀ ਸਰਬਸੰਮਤੀ ਨਾਲ ਆਈ ਵੀ ਤਾਂ ਸਾਫ-ਸਾਫ ਨਾਂਹ ਕਰ ਕੇ, ਹੱਥ ਖੜ੍ਹੇ ਕਰਦੇ ਕਹਿੰਦੇ, "ਭੁੱਖੇ-ਪਿਆਸੇ ਰਹਿਣਾ ਮਨਜ਼ੂਰ, ਪਰ ਬਾਹਰ ਨਹੀਂ ਨਿਕਲਣਾ।"

ਕਾਫੀ ਦੇਰ ਹੋ ਗਈ, ਪਰ ਉਹ ਨਾ ਪਰਤੇ। ਆਖ਼ਰ ਸਾਡੇ ਵਿਚੋਂ ਦੋ ਜਣੇ ਪਿੱਛੇ ਨਿਕਲੇ ਅਤੇ ਉਨ੍ਹੀਂ ਪੈਰੀਂ ਵਾਪਸ ਆ ਗਏ। ਉਨ੍ਹਾਂ ਦੱਸਿਆ, ਪਾਣੀ ਦੀਆਂ ਕੈਨੀਆਂ ਤਾਂ ਮਕਾਨ ਦੀ ਕੰਧ ਨਾਲ ਪਈਆਂ ਅਤੇ ਉਨ੍ਹਾਂ ਦਾ ਕੋਈ ਥਹੁ-ਪਤਾ ਨਹੀਂ।

ਦਰਅਸਲ, ਸ਼ਾਮੀਂ ਖਾਨ ਦਾ ਫੋਨ ਦਵਿੰਦਰ ਹੁਰੀਂ ਸੁਣਿਆ ਸੀ ਤੇ ਫਿਰ ਰਾਤ ਨੂੰ ਬਾਹਰ ਜਾਣ ਲਈ ਉਤਾਵਲੇ ਹੋ ਗਏ ਸਨ। ਸਾਰੀਆਂ ਕੜੀਆਂ ਆਪਸ ਵਿਚ ਜੁੜ ਗਈਆਂ ਸਨ। ਖਾਨ ਨੇ ਤਿੰਨਾਂ ਨੂੰ ਕਿਸੇ ਹੋਰ ਬਿਹਤਰ ਡੌਂਕਰ ਕੋਲ ਜਾਂ ਮੁਹੰਮਦ ਦੇ ਘਰੇ ਭੇਜ ਦਿੱਤਾ ਹੋਵੇਗਾ। ਹੁਣ ਰੋਹ, ਗੁੱਸਾ ਤੇ ਖਿਝ ਸਾਡੇ ਅੰਦਰ ਉਬਲ ਰਹੇ ਸਨ।

ਅਗਲੇ ਇੱਕ ਘੰਟੇ ਦੌਰਾਨ ਉਸ ਬੰਦ ਹਨੇਰੇ ਕਮਰੇ ਦਾ ਮੁਰਦਾ ਮਾਹੌਲ ਹੈਰਤਅੰਗੇਜ਼ ਤਰੀਕੇ ਨਾਲ ਪਲਟ ਗਿਆ। ਨੌਂ ਮਾਯੂਸ, ਸਹਿਮੇ ਮੁਰਦੇ ਹਰ ਤਰ੍ਹਾਂ ਦੀ ਸਹਿਣਸ਼ੀਲਤਾ ਖਿਲਾਫ ਵਿਦਰੋਹ ਲਈ ਤਿਆਰ ਸਨ। ਸਲਾਹ ਹੋਈ, ਬਾਹਰ ਜਾ ਨੇ ਖਾਨ ਨੂੰ ਫੋਨ ਕਰਾਂਗੇ ਕਿ ਡੌਂਕਰਾਂ ਨੇ ਖ਼ੁਦ ਘਰੋਂ ਕੱਢ ਦਿੱਤਾ, ਹੁਣ ਕਿਸੇ ਹੋਰ ਡੌਂਕਰ ਕੋਲ ਭੇਜ।

ਜੀਤੇ ਦੀ ਅਗਵਾਈ ਵਿਚ ਸਭ ਕਤਾਰ ਬਣਾ ਕੇ ਬਾਹਰ ਵੱਲ ਤੁਰ ਪਏ। ਬੌਖਲਾਏ ਡੌਂਕਰਾਂ ਨੇ ਗੱਲਾਂ ਨਾਲ ਉਧੜਦੀ ਤਾਣੀ ਸੰਭਾਲਣ ਦੀ ਕੋਸ਼ਿਸ਼ ਕੀਤੀ, ਪਰ ਤੰਦ ਦਾ ਸਿਰਾ ਉਹ ਹੱਥੋਂ ਗੁਆ ਬੈਠੇ ਸਨ, ਹੁਣ ਸਾਨੂੰ ਸ਼ਾਂਤ ਕਰਨਾ ਨਾਮੁਮਕਿਨ ਸੀ।

ਰਾਤੀਂ 12 ਕੁ ਵੱਜੇ ਸਨ। ਟਾਂਵੇਂ-ਟਾਂਵੇਂ ਲੋਕ ਵਿਚਰ ਰਹੇ ਸਨ। ਅਸੀਂ ਤੇਜ਼ੀ ਨਾਲ ਗਲੀਆਂ ਵਿਚੋਂ ਲੰਘਦੇ ਪਹਾੜੀ ਵੱਲ ਚੜ੍ਹਦੇ ਗਏ। ਮੋਰੱਕੀ ਨੌਜਵਾਨਾਂ ਦੀ ਢਾਣੀ ਨੇ ਆਵਾਜ਼ਾਂ ਦੇ ਕੇ ਹੋਰ ਸਾਥੀਆਂ ਨੂੰ ਪੁਕਾਰਿਆ ਅਤੇ ਦੌੜ ਕੇ ਉਜਾੜ ਵਿਚ ਸਾਨੂੰ ਘੇਰ ਲਿਆ। ਕੁਝ ਕੁ ਦੇ ਹੱਥਾਂ ਵਿਚ ਸੋਟੇ-ਸਰੀਏ ਵੀ ਸਨ। ਉਹ ਸਾਥੋਂ 'ਫਲੂਸ' (ਪੈਸਾ) ਹਾਸਲ ਹੋਣ ਦੀ ਉਮੀਦ ਰਖਦੇ ਸਨ।

ਅਸੀਂ ਦੋ-ਤਿੰਨ ਜਣੇ ਕੁਰਲਾਏ, "ਹਬੀਬੀ! ਮਾਫੀ ਫਲੂਸ, ਮਾਫੀ ਪਾਤਰੌਨ, (ਦੋਸਤ! ਪੈਸੇ ਨਹੀਂ, ਬੌਸ ਨਹੀਂ)। ਫਰੈਂਡ-ਫਰੈਂਡ, ਨੋ ਮਨੀ, ਅੱਲਾਹ-ਅੱਲਾਹ।" ਸਾਡੇ ਹਾਲਾਤ ਅਤੇ ਤਰਲਿਆਂ 'ਤੇ ਸ਼ਾਇਦ ਉਨ੍ਹਾਂ ਨੂੰ ਯਕੀਨ ਜਾਂ ਤਰਸ ਆ ਗਿਆ। ਅਸੀਂ ਡਰਦੇ ਡਰਦੇ ਪਿੱਛੇ ਝਾਕਦੇ ਪਹਾੜੀ ਦੇ ਪਰਲੇ ਪਾਸੇ ਖਾਈ ਵਿਚ ਉਤਰ ਗਏ।

ਡੌਂਕਰਾਂ ਤੋਂ ਬਹੁਤ ਦੂਰ ਜਾ ਕੇ ਸਾਰੇ ਜਣੇ ਤਿੰਨ ਲੋਈਆਂ ਵਿਚ 'ਕੱਠੇ ਜਿਹੇ ਹੋ ਕੇ ਪੈ ਗਏ। ਸਰਦ ਹਵਾ ਸੀ, ਪਰ ਕੋਈ ਪਰਵਾਹ ਨਹੀਂ ਸੀ। ਘੰਟੇ ਡੇਢ ਘੰਟੇ ਬਾਅਦ ਪਹਾੜੀ ਦੇ ਉਪਰੋਂ ਆਵਾਜ਼ਾਂ ਗੂੰਜਣ ਲੱਗੀਆਂ, 'ਜੀਤਾ, ਬੁੱਧੂ... ਬੁੱਧੂ ਜੀਤਾ'। ਇਹ ਡੌਂਕਰ ਸਨ, ਉਨ੍ਹਾਂ ਨੂੰ ਇਹੋ ਦੋ ਨਾਂ ਯਾਦ ਸਨ। ਅਸੀਂ ਠੰਢ ਵਿਚ ਕੰਬਦੇ, ਚੁੱਪ-ਚਾਪ ਪਏ ਰਹੇ। ਫਿਰ ਅਸੀਂ ਉਠ ਕੇ ਹੋਰ ਪਰੇ ਨਿਕਲ ਗਏ।

ਅੱਜ ਜਿਵੇਂ ਮੁੱਦਤਾਂ ਬਾਅਦ ਆਜ਼ਾਦ ਸਵੇਰ ਨਸੀਬ ਹੋਈ। ਸਵੱਛ, ਖੁੱਲ੍ਹੀ ਹਵਾ 'ਚ ਲੰਮੇ ਸਾਹ ਲੈਂਦੇ ਖ਼ੁਦ ਨੂੰ ਬਿਹਤਰ ਤੇ ਹਲਕਾ ਮਹਿਸੂਸ ਕਰਨ ਲੱਗੇ। ਸੁਤੰਤਰਤਾ ਨਾਲ ਉਚੀ ਬੋਲ ਸਕਦੇ ਸਾਂ, ਪਰ ਅਜੇ ਕਈ ਜ਼ਰੂਰੀ ਕੰਮ ਨਿਬੇੜਨੇ ਸਨ। ਅਸੀਂ ਲੰਮੀ ਤੇ ਗਹਿਰੀ ਖੱਡ ਵਿਚ ਜਾ ਲੁਕੇ ਅਤੇ ਭਵਿਖ ਦੀਆਂ ਰਣਨੀਤੀਆਂ ਤੈਅ ਕਰਨ ਲੱਗੇ।

ਫਿਰ ਜੀਤਾ ਤੇ ਮਲਕੀਤ, ਖਾਨ ਅਤੇ ਏਜੰਟਾਂ ਨੂੰ ਫੋਨ ਕਰਨ ਤੁਰ ਗਏ। ਬੁੱਧੂ ਤੇ ਬਲਜੀਤ ਖਾਣਾ ਮੰਗਣ ਵਾਸਤੇ ਖੂਹਾਂ ਵੱਲ ਨਿਕਲ ਗਏ। ਮੈਂ ਪੈਸੇ ਵੀ ਮੰਗਾਉਣਾ ਚਾਹੁੰਦਾ ਸਾਂ, ਮੇਰੇ ਨਾਲ 'ਜੀਤੇ ਦੀ ਪੂਛ' ਮਾਮਾ ਤਿਆਰ ਹੋ ਗਿਆ। ਬਜ਼ੁਰਗ ਮਾਮਾ, ਮੋਹਕਮ ਤੇ ਚਾਹਲ ਉਥੇ ਖੱਡ ਵਿਚ ਹੀ ਰਹਿਣੇ ਸਨ। ਇੰਡੀਅਨ ਮੰਗਤਿਆਂ ਨੇ 'ਮਿਦਕ' ਕਸਬੇ ਨੂੰ ਤਿੰਨਾਂ ਪਾਸਿਆਂ ਤੋਂ ਘੇਰਨਾ ਸ਼ੁਰੂ ਕਰ ਦਿੱਤਾ ਤੇ ਚੌਥੇ ਪਾਸੇ ਸਮੁੰਦਰ ਸੀ, ਜਿਸ ਦੇ ਕਿਨਾਰੇ 'ਤੇ ਸਾਡੀ ਮੰਜ਼ਿਲ ਸਪੇਨ ਸੀ।



*ਮੋਰੱਕੋ ਦੇ ਮਿਦਕ ਸ਼ਹਿਰ ਦਾ ਨਜ਼ਾਰਾ ਜਿਥੇ ਲੇਖਕ ਨੂੰ ਮਜਬੂਰਨ ਭੀਖ ਮੰਗਣੀ ਪਈ*

ਕਸਬੇ ਵਿਚ ਜਾ ਕੇ ਵੈਸਟਰਨ ਯੂਨੀਅਨ ਲੱਭ ਕੇ ਪੁੱਛ-ਗਿੱਛ ਕੀਤੀ ਤਾਂ ਪਾਸਪੋਰਟ ਮੰਗੇ ਗਏ। ਫਾਰਮੈਸੀਆਂ ਵਾਲੇ ਲੋਕਾਂ ਕੋਲ ਇੰਗਲਿਸ਼ ਵਿਚ ਮਦਦ ਦੀਆਂ ਗੁਹਾਰ ਲਾਈ, ਪਰ ਕੋਈ ਵੀ ਸਹਿਮਤ ਨਾ ਹੋਇਆ। ਆਖ਼ਰ ਅਸੀਂ ਖਾਣਾ ਮੰਗਣਾ ਸ਼ੁਰੂ ਕਰ ਦਿੱਤਾ। ਸਟੋਰ, ਦੁਕਾਨਾਂ, ਹੋਟਲਾਂ 'ਤੇ... ਜਿਥੇ ਵੀ ਮੁਨਾਸਿਬ ਲੱਗਾ। ਉਹੀ ਪੁਰਾਣਾ 'ਭੁੱਖਮਰੀ ਰਾਗ' ਅਲਾਪਦੇ ਰਹੇ। ਕੁਝ ਭਲੇ ਲੋਕ ਭੀਖ਼ ਮੰਗਣ ਨਾਲ ਸਾਡੇ ਵਜੂਦ ਵਿਚ ਪੈਂਦੇ ਲੱਜਾ-ਸ਼ਰਮ ਦੇ ਪਾੜ ਨੂੰ ਆਪਣੇ ਦਇਆ-ਭਾਵ ਨਾਲ ਖਾਣਾ ਦੇ ਕੇ ਭਰਨ ਦੀ ਕੋਸ਼ਿਸ਼ ਕਰਦੇ ਤੇ ਇੱਕ-ਦੋ ਭਾਵ-ਰਹਿਤ ਬੰਦਿਆਂ ਨੇ ਦੁਰਕਾਰਿਆ ਵੀ।

ਕਿਤਿਓਂ ਸੁੱਕੇ ਬਰੈਡ, ਕਿਤਿਓਂ ਫਲ, ਕਿਤਿਓਂ ਹੋਰ ਨਾਮਲੂਮ ਜਿਹੀਆਂ ਖਾਧ-ਵਸਤਾਂ ਤੇ ਕਿਤਿਓਂ ਇੱਕ-ਦੋ ਦਰ੍ਹਾਮ ਮਿਲ ਗਏ ਸਨ। ਇੱਕ ਹੋਟਲ ਤੋਂ ਕਿਸੇ ਨੇਕ ਔਰਤ ਨੇ ਕੁਝ ਖਾਣ ਨੂੰ ਦਿੱਤਾ ਤੇ ਨਿਗ੍ਹਾ ਆਲੇ-ਦੁਆਲੇ ਮਾਰ ਕੇ, ਗੱਲੇ ਵਿਚੋਂ 20 ਦਰ੍ਹਾਮ ਦਾ ਨੋਟ ਕੱਢ ਕੇ ਮੇਰੇ ਹੱਥ 'ਤੇ ਟਿਕਾ ਦਿੱਤਾ। ਪ੍ਰਸੰਨਤਾ ਤੇ ਹੈਰਤ ਨਾਲ ਮੇਰੀਆਂ ਅੱਖਾਂ ਫੈਲ ਗਈਆਂ। ਮੈਂ ਦਿਲੋਂ ਉਸ ਦਾ ਧੰਨਵਾਦ ਕੀਤਾ। ਸ਼ਾਇਦ ਉਸ ਨੇ ਪੈਸੇ ਮਾਲਕ ਤੋਂ ਚੋਰੀ ਦਿੱਤੇ ਸਨ। ਹਾਸਲ ਚੀਜ਼ਾਂ ਵਿਚੋਂ ਅਸੀਂ ਦੋਹਾਂ ਨੇ ਥੋੜ੍ਹਾ-ਬਹੁਤ ਖਾਧਾ, ਬਾਕੀ ਬਗਲੇ ਮਾਰ ਕੇ ਤੁਰ ਪਏ। ਖਾਨ ਤੇ ਏਜੰਟਾਂ ਨੂੰ, ਅਤੇ ਘਰੇ ਫੋਨ ਲਾਏ, ਪਰ ਕਿਤੇ ਸੰਪਰਕ ਨਾ ਹੋ ਸਕਿਆ। ਦੁਪਹਿਰ ਬਾਅਦ ਅਸੀਂ ਆਪਣੀ ਪਨਾਹਗਾਹ ਪਰਤ ਆਏ। ਅੱਧੇ ਕੁ ਘੰਟੇ ਬਾਅਦ ਬੁੱਧੂ ਤੇ ਬਲਜੀਤ ਵੀ ਹਦਵਾਣਿਆਂ ਨਾਲ ਲੱਦੇ ਆ ਪਹੁੰਚੇ। ਸਭ ਨੇ ਸਭ ਕੁਝ ਰਲ-ਮਿਲ ਕੇ ਖਾਧਾ-ਪੀਤਾ।

ਹੁਣ ਉਡੀਕ ਸੀ ਜੀਤੇ ਤੇ ਮਲਕੀਤ ਦੀ। ਉਹ ਬੜੀ ਦੇਰ ਬਾਅਦ ਮੁੜੇ। ਉਨ੍ਹਾਂ ਦੱਸਿਆ, "ਖ਼ਾਨ ਬੜੀ ਮੁਸ਼ਕਿਲ ਤੇ ਮਿੰਨਤਾਂ ਸਦਕੇ ਮੰਨਿਆ ਸੀ। ਪਹਿਲਾਂ ਕਹਿੰਦਾ, ਵਾਪਸ ਉਥੇ ਜਾਓ। ਇੰਡੀਅਨ ਏਜੰਟਾਂ ਤੋਂ ਫੋਨ ਕਰਵਾਉਣ ਦੇ ਨਤੀਜੇ ਵਜੋਂ ਉਸ ਨੇ ਨਵੇਂ ਡੌਂਕਰ ਸਾਡੇ ਕੋਲ ਭੇਜੇ ਜੋ ਸਨੇਹ ਤੇ ਪਿਆਰ ਨਾਲ ਪੇਸ਼ ਆਏ ਅਤੇ ਖਾਣਾ ਵੀ ਦਿੱਤਾ। ਹੁਣ ਰਾਤ ਨੂੰ ਨਿਸ਼ਚਿਤ ਥਾਂ ਤੋਂ ਗਿਆਰਾਂ ਕੁ ਵਜੇ ਲੈ ਜਾਣਗੇ। ਥਾਂ ਇਥੋਂ ਕਾਫੀ ਦੂਰ ਏ, ਕਾਫੀ ਤੁਰਨਾ ਪੈਣਾ ਏ।" ਸਭ ਤਸੱਲੀ ਨਾਲ ਭਰ ਗਏ। ਅਸੀਂ ਭਗੌੜੇ ਹੋ ਕੇ ਗ਼ਲਤੀ ਨਹੀਂ ਸੀ ਕੀਤੀ!

ਅਸੀਂ ਅੱਗੜ-ਪਿੱਛੜ, ਜੀਤੇ-ਮਲਕੀਤ ਦੀ ਰਹਿਨੁਮਾਈ ਵਿਚ ਪਹਾੜੀ ਚੜ੍ਹ ਰਹੇ ਸਾਂ, ਦੂਜੀ ਉਤਰ ਰਹੇ ਸਾਂ। ਡਿੱਗਦੇ-ਸੰਭਲਦੇ, ਝਾੜੀਆਂ-ਬੂਟਿਆਂ ਵਿਚ ਉਲਝਦੇ ਸਾਹੋ-ਸਾਹੀ ਹੋਏ ਦੌੜਦੇ ਰਹੇ। ਵੱਖੀਆਂ ਚੜ੍ਹ ਗਈਆਂ, ਥਾਂ-ਥਾਂ ਦਰਦ ਹੋਣ ਲੱਗੇ। ਕਮਜ਼ੋਰੀ 'ਕੱਲੀ 'ਕੱਲੀ ਆਂਦਰ 'ਚ ਬਸੇਰਾ ਕਰ ਗਈ ਸੀ। ਦੂਰ ਕਿਤੇ ਕੁੱਤੇ ਭੌਂਕ-ਭੌਂਕ ਕੇ ਆਪਣੀ ਵਫਾਦਾਰੀ ਨਿਭਾ ਰਹੇ ਸਨ। ਅਸੀਂ ਲੁਕਦੇ ਛਿਪਦੇ ਰਹੇ। ਪਤਾ ਨਹੀਂ ਕਿੰਨੀਆਂ ਪਹਾੜੀਆਂ-ਟਿੱਲੇ, ਖੇਤ ਉਲੰਘ ਕੇ ਸੜਕ ਕੰਢੇ ਜਾ ਕੇ ਲੁਕ ਗਏ। ਸਾਹ ਨਾਲ ਸਾਹ ਨਹੀਂ ਸੀ ਰਲਦੇ।

ਮਿਥੇ ਸਮੇਂ ਤੋਂ ਕਾਫੀ ਦੇਰ ਬਾਅਦ ਸੜਕ 'ਤੇ ਦੋ ਕਾਰਾਂ ਰੁਕੀਆਂ, ਅਸਪਸ਼ਟ ਆਵਾਜ਼ਾਂ ਗੂੰਜੀਆਂ। ਜੀਤਾ ਉਧਰ ਗਿਆ, ਫਿਰ ਸਾਨੂੰ ਪੁਕਾਰਿਆ। ਸਾਰੇ ਜਣੇ ਦੌੜ ਕੇ ਕਾਰਾਂ ਵਿਚ ਸਮਾ ਗਏ ਤੇ ਕਾਰਾਂ ਦੌੜ ਪਈਆਂ। ਅੱਧੇ ਕੁ ਘੰਟੇ ਬਾਅਦ ਕਾਰਾਂ ਕਸਤਿਕੋ ਸ਼ਹਿਰ ਦੀਆਂ ਗਲੀਆਂ ਵਿਚ ਬੇਖ਼ੌਫ ਦੌੜਦੀਆਂ ਅਖੀਰ, ਹਨੇਰੇ ਜਿਹੇ ਉਜਾੜ ਥਾਂ 'ਤੇ ਜਾ ਰੁਕੀਆਂ। ਗੱਲੀਂ-ਬਾਤੀਂ ਡੌਂਕਰਾਂ ਨੇ ਪੈਸੇ ਦੀ ਮੰਗ ਕੀਤੀ, ਫਿਰ ਪਿਆਰ ਨਾਲ ਸਭ ਦੇ ਨਜਰੀਂ ਪੈਂਦੇ ਕੜੇ, ਛੱਲੇ-ਮੁੰਦੀਆਂ (ਚਾਂਦੀ ਦੇ) ਵਸੂਲ ਕੀਤੇ। ਦੋ-ਦੋ ਕਰ ਕੇ ਸਾਨੂੰ ਮਕਾਨ ਵਿਚ ਪਹੁੰਚਾ ਦਿੱਤਾ ਗਿਆ।

ਮੁੱਖ ਡੌਂਕਰ ਰਸ਼ੀਦ ਸੀ ਜਿਸ ਬਾਰੇ ਮਸ਼ਹੂਰ ਸੀ ਕਿ ਖਾਣੇ-ਪਾਣੀ ਦੇ ਬਿਹਤਰ ਇੰਤਜ਼ਾਮ ਸਮੇਤ, ਜਲਦ ਤੋਂ ਜਲਦ ਪਾਣੀ ਦੀ ਮਹਿਫੂਜ਼ ਡੌਂਕੀ ਲਵਾ ਕੇ ਸਿਬਤਾ ਐਂਟਰ ਕਰਵਾ ਦਿੰਦਾ ਸੀ। ਸਿਬਤਾ ਤੇ ਕਸਤਿਕੋ ਥੋੜ੍ਹੀ ਵਿੱਥ 'ਤੇ ਆਹਮੋ-ਸਾਹਮਣੇ ਹੀ ਸਨ। ਬਾਕੀ ਗੇਮਾਂ ਤਕਰੀਬਨ ਬੰਦ ਸਨ, ਪਰ ਰਸ਼ੀਦ ਛੋਟੀ ਕਿਸ਼ਤੀ ਵਿਚ ਇੱਕ-ਦੋ ਜਣੇ ਲੁਕੋ ਕੇ ਗਾਹੇ-ਬ-ਗਾਹੇ ਪਾਰ ਲਾ ਦਿੰਦਾ ਸੀ। ਅਸੀਂ ਤਸੱਲੀ ਭਰੀ ਪ੍ਰਸੰਨਤਾ ਆਪਣੇ ਅੰਦਰ ਮਸੀਂ ਸੰਭਾਲੀ ਕਿ ਹੁਣ ਬਿਲਕੁਲ ਸਹੀ ਥਾਂ 'ਤੇ ਆਣ ਪਹੁੰਚੇ। ਜੇ ਕਿਸਮਤ ਆਸਰੇ ਉਥੇ ਸਿਰ ਸੁੱਟੀ 'ਮਿੱਟੀ ਦੇ ਮਾਧੋ' ਬਣੇ ਬੈਠੇ ਰਹਿੰਦੇ ਤਾਂ ਖਬਰੇ ਹੋਰ ਕਿੰਨਾ ਚਿਰ ਨਰਕ ਭੋਗਦੇ ਰਹਿਣਾ ਸੀ! ਅਸੀਂ ਖੁੱਲ੍ਹੇ-ਡੁੱਲ੍ਹੇ ਸਾਫ ਕਮਰਿਆਂ 'ਚ ਵਿਛੇ ਕੰਬਲਾਂ 'ਤੇ ਲਿਟ ਗਏ ਤੇ ਮਨਮਰਜ਼ੀ ਦੇ ਸੁਫਨੇ ਬੁਣਨ ਵਿਚ ਮਸਰੂਫ ਹੋ ਗਏ।

ਦਿਨ ਚੜ੍ਹੇ ਪੂਦਨੇ ਸਣੇ ਰਿੰਨ੍ਹਿਆ ਕਾਹਵਾ ਅਤੇ ਮੱਖਣ ਨਾਲ ਲਥਪਥ ਖੋਬਸ ਲੈ ਕੇ ਰਸ਼ੀਦ ਸਾਡੇ ਹਜ਼ੂਰ ਵਿਚ ਪੇਸ਼ ਹੋਇਆ। ਉਸ ਨੇ ਪਿਆਰ ਨਾਲ ਸਮਝਾਇਆ- ਉਚੀ ਨਹੀਂ ਬੋਲਣਾ, ਕੁਝ ਦਿਨਾਂ ਵਿਚ ਦੋ-ਦੋ ਕਰ ਕੇ 'ਇਸਪਾਨੀਆ' ਭੇਜ ਦੇਵਾਂਗਾ। ਖੁਸ਼ੀ-ਖੁਸ਼ੀ ਖਾ-ਪੀ ਕੇ, ਖੁਸ਼ਫਹਿਮ ਅੰਦਾਜ਼ਿਆਂ ਤੇ ਸੋਚਾਂ ਵਿਚ ਰੁਝ ਗਏ ਕਿ ਕਿੰਨੇ ਕੁ ਦਿਨਾਂ 'ਚ ਕਿੰਨੇ ਕੁ ਜਣੇ ਟਿਕਾਣੇ ਲੱਗ ਜਾਣਗੇ!

ਦੁਪਹਿਰ ਤੋਂ ਬਾਅਦ ਸਾਡੇ ਬਰੈਡ ਅਜੇ ਮਸੀਂ ਥੱਲੇ ਹੋਏ ਸਨ ਕਿ ਰਸ਼ੀਦ ਦਾਲ ਦਾ ਭਰਿਆ ਪਤੀਲਾ ਤੇ ਬਰੈਡ ਲੈ ਆਇਆ। ਸਾਡੀਆਂ ਬਾਛਾਂ ਖਿੜ ਗਈਆਂ। ਇੰਜ ਉਪਰੋਥਲੀ ਆਉਂਦੇ ਖਾਣੇ ਦੀ ਉਮੀਦ ਨਹੀਂ ਸੀ!

ਰਸ਼ੀਦ ਟੱਬਰ ਸਹਿਤ ਉਪਰਲੀ ਮੰਜ਼ਿਲ 'ਤੇ ਰਹਿੰਦਾ ਸੀ। ਸਾਡੇ ਕੋਲ ਖ਼ਾਲੀ ਤਿੰਨ ਕਮਰੇ ਤੇ ਬਾਥਰੂਮ ਸੀ। ਬਾਹਰੋਂ ਤਾਲਾ ਲਾ ਦਿੱਤਾ ਜਾਂਦਾ। ਸਭ ਕੁਝ ਸਾਧਾਰਨ ਤੋਂ ਜ਼ਿਆਦਾ ਠੀਕ ਮਹਿਸੂਸ ਹੋ ਰਿਹਾ ਸੀ। ਰਾਤ ਨੂੰ ਅਚੰਭੇ ਵਾਂਗ ਫਿਰ ਕਾਫੀ ਸਾਰੀ ਦਾਲ ਤੇ ਖੋਬਸ ਮਿਲ ਗਏ। ਇੱਕ ਦਿਨ ਦੀ ਭਰਪੂਰ ਮਹਿਮਾਨਵਾਜ਼ੀ ਨੇ ਮਹੀਨਿਆਂ ਦੀ ਨਿਰੰਤਰ ਭੁੱਖਮਰੀ ਭੁਲਾ ਦਿੱਤੀ ਸੀ ਜਿਵੇਂ!

ਤੜਕੇ ਮੂੰਹ-ਹਨੇਰੇ ਦੋ ਪਾਕਿਸਤਾਨੀ ਮੁੰਡੇ ਸਾਡੇ ਸਿਰਹਾਣੇ ਲਿਆ ਬਿਠਾਏ ਗਏ। ਇੱਕ ਤਾਂ ਇੰਨਾ ਖੁਸ਼ਵਖ਼ਤ ਸੀ ਕਿ ਇੱਕ ਦਿਨ ਪਹਿਲਾਂ ਦੁਬਈ ਤੋਂ ਮੋਰੱਕੋ ਪਹੁੰਚਿਆ ਤੇ ਉਸੇ ਰਾਤ ਇਥੇ ਪਹੁੰਚਾ ਦਿੱਤਾ ਗਿਆ। ਅਗਲੀ ਰਾਤ ਏਜੰਟਾਂ ਦੇ ਰਸੂਖ਼ ਸਦਕਾ ਡੌਂਕੀ ਲਾਉਣ ਵਾਲੇ ਦੋ ਜਣਿਆਂ ਵਿਚ ਉਹ ਪਹਿਲਾ ਸੀ। ਮੈਂ ਹੈਰਾਨ ਸਾਂ, ਦੁਨੀਆਂ ਵਿਚ ਕੈਸੇ-ਕੈਸੇ ਖੁਸ਼ਨਸੀਬ ਲੋਕ ਸਨ! ਕਹਿਣ ਨੂੰ ਉਸ ਨੇ ਡੌਂਕੀ ਲਾਈ ਸੀ, ਪਰ ਉਹ ਬਿਨਾਂ ਤਕਲੀਫ 24 ਘੰਟਿਆਂ ਵਿਚ ਸਪੇਨ ਪਹੁੰਚ ਗਿਆ ਸੀ।

ਦੂਜਾ ਬੰਦਾ ਰਸ਼ੀਦ ਨੇ ਆਪ ਚੁਣਿਆ ਸੀ, ਸਾਡੇ ਵਿਚੋਂ ਸਭ ਤੋਂ ਛੋਟੇ ਕੱਦ-ਕਾਠ ਵਾਲਾ ਮਲਕੀਤ। ਦੋਹਾਂ ਨੂੰ ਮੱਛੀ ਫੜਨ ਦੀ ਆੜ ਲੈ ਕੇ ਛੋਟੀ ਕਿਸ਼ਤੀ ਵਿਚ ਲੁਕੋ ਕੇ ਲੰਮੇ ਪਾਇਆ, ਫਿਰ ਢੁਕਵਾਂ ਮੌਕਾ ਦੇਖ ਕੇ ਸਪੇਨ ਵਿਚਲਾ ਚੱਕਰਵਿਊ ਭੰਨ ਕੇ ਸਿਬਤਾ ਪਹੁੰਚਾ ਦਿੱਤਾ ਗਿਆ। ਸਾਡੇ ਚਿਹਰੇ ਪ੍ਰਸੰਨਤਾ ਨਾਲ ਖਿੜ ਗਏ। ਸਭ ਕੁਝ ਸਹੀ ਸੀ, ਬਹੁਤ ਜ਼ਿਆਦਾ ਸਹੀ ਸੀ।

ਮੈਨੂੰ ਮਹਿਸੂਸ ਹੋਇਆ, ਮੇਰੇ ਪਿਸ਼ਾਬ ਦਾ ਰੰਗ ਗੂੜ੍ਹਾ ਲਾਲ ਹੋ ਰਿਹਾ ਸੀ। ਅਗਲੇ ਦਿਨ ਬਿਲਕੁਲ ਲਹੂ ਹੋ ਗਿਆ। ਬੋਤਲ ਵਿਚ ਭਰ ਕੇ ਦੂਜਿਆਂ ਨੂੰ ਦਿਖਾਇਆ। ਫਿਕਰਮੰਦ ਲੱਗ ਗਿਆ। ਬਾਕੀ ਕਹਿਣ ਲੱਗੇ, "ਗਰਮੀ ਪੈ ਗਈ।" ਤਿੰਨ ਦਿਨ ਪਿਸ਼ਾਬ ਦੀ ਥਾਂ ਲਹੂ ਜਾ ਰਿਹਾ ਸੀ ਜਿਵੇਂ। ਦਿਨੋ ਦਿਨ ਕਮਜ਼ੋਰੀ ਮਹਿਸੂਸ ਕਰ ਰਿਹਾ ਸਾਂ। ਇਸ ਨਵੀਂ ਚਿੰਤਾ ਨਾਲ ਘੁਲਦਿਆਂ, ਮੇਰੇ ਸਣੇ ਪੰਜ ਹੋਰਾਂ 'ਤੇ ਨਵੀਂ ਮੁਸੀਬਤ ਆਣ ਡਿੱਗੀ।

ਖਾਨ ਦਾ ਫੋਨ ਆਇਆ ਕਿ ਟੀਟੂ ਦੇ ਬੰਦਿਆ ਤੋਂ ਇਲਾਵਾ ਬਾਕੀ ਸਾਰੇ ਜਣੇ ਘਰੋ-ਘਰੀ ਫੋਨ ਕਰ ਕੇ ਉਹਦੇ ਖਾਤੇ ਵਿਚ 2200 ਯੂਰੋ ਪ੍ਰਤੀ ਵਿਅਕਤੀ ਜਮ੍ਹਾ ਕਰਵਾਓ, ਨਹੀਂ ਤਾਂ ਡੌਂਕਰ ਇਥੋਂ ਬਾਹਰ ਕੱਢ ਦੇਣਗੇ। ਇੰਡੀਆ ਵਿਚ 37 ਡੁੱਬੇ ਮੁੰਡਿਆਂ ਦੇ ਖੁੱਲ੍ਹੇ ਕੇਸਾਂ ਕਰ ਕੇ ਏਜੰਟ ਲੁਕ ਗਏ ਸਨ, ਕਿਸੇ ਦੀ ਪੇਮੈਂਟ ਨਹੀਂ ਸੀ ਪਹੁੰਚੀ। ਹੁਣ ਅੱਗੇ ਜਾਣ ਲਈ ਆਪੋ-ਆਪਣੇ ਤੌਰ 'ਤੇ ਪੇਮੈਂਟਾਂ ਕਰਨੀਆਂ ਪੈਣੀਆਂ ਸਨ। ਖ਼ਾਨ, ਰਸ਼ੀਦ ਨੂੰ ਵੀ ਝਾੜ ਰਿਹਾ ਸੀ ਕਿ ਬਿਨਾਂ ਪੁੱਛੇ ਇੱਕ ਜਣਾ ਸਿਬਤਾ ਐਂਟਰ ਕਰਵਾ ਦਿੱਤਾ, ਉਸ ਦੀ ਪੇਮੈਂਟ ਹੁਣ ਨਹੀਂ ਸੀ ਮਿਲਣੀ। ਰਸ਼ੀਦ ਅੱਡ ਖਾਨ ਨੂੰ ਗਾਲ੍ਹਾਂ ਕੱਢਦਾ ਰਿਹਾ। ਵਾਰੀ-ਵਾਰੀ ਸਭ ਘਰੋ-ਘਰ ਫੋਨ ਖੜਕਾਉਣ ਲੱਗੇ, ਪਰ ਪੈਸੇ ਦਾ ਇੰਤਜ਼ਾਮ ਹੁੰਦਿਆਂ ਵਕਤ ਲੱਗਣਾ ਸੀ। ਮੇਰੀ ਸਮੱਸਿਆ ਦੂਜਿਆਂ ਨਾਲੋਂ ਗੰਭੀਰ ਸੀ- ਪਿਸ਼ਾਬ ਰਾਹੀਂ ਲਹੂ ਜਾਣ ਵਾਲੀ। ਰਸ਼ੀਦ ਅਤੇ ਖਾਨ ਅੱਗੇ ਬਥੇਰੇ ਤਰਲੇ ਮਾਰੇ, ਪਰ ਉਨ੍ਹਾਂ ਕੋਲ ਇਹ ਬੇਕਾਰ ਗੱਲ ਸੁਣਨ ਦਾ ਵਕਤ ਨਹੀਂ ਸੀ।

ਪੰਜਵੀਂ ਰਾਤ ਛੇ ਜਣਿਆਂ ਨੂੰ ਉਠਾ ਕੇ ਕਾਰ ਵਿਚ ਲੱਦ ਲਿਆ। ਪਿੱਛੇ ਬੁੱਧੂ, ਜੀਤਾ ਤੇ ਪਾਕਿਸਤਾਨੀ ਰਹਿ ਗਏ ਸਨ। ਸਾਨੂੰ ਸ਼ਹਿਰੋਂ ਦੂਰ ਉਜਾੜ ਵਿਚ ਛੱਡ ਦਿੱਤਾ ਗਿਆ। ਦੁਬਾਰਾ ਫੋਨ 'ਤੇ ਖਾਨ ਨੇ ਕਿਹਾ, "ਹੋਰ ਡੌਂਕਰ ਆ ਕੇ ਤੁਹਾਨੂੰ ਲੈ ਜਾਣਗੇ।" ਮੈਂ ਕੁਰਲਾਇਆ, 'ਦਰਦ ਅਤੇ ਖ਼ੂਨ ਨਿਕਲਣ ਨਾਲ ਮਰ ਜਾਵਾਂਗਾ', ਪਰ ਉਸ ਨੇ ਫੋਨ ਕੱਟ ਦਿੱਤਾ। ਅਸੀਂ ਵਕਤ ਦੇ ਮਾਰੇ, ਤਿੰਨ-ਚਾਰ ਘੰਟੇ ਝਾੜੀਆਂ ਵਿਚ ਲੁਕੇ ਉਡੀਕਦੇ ਰਹੇ।

ਫਿਰ ਸਮਝ ਆਈ ਕਿ ਕੋਈ ਨਹੀਂ ਸੀ ਆਉਣ ਵਾਲਾ। ਇੱਕ ਵਾਰ ਫਿਰ ਨੀਲੀ ਛੱਤ ਥੱਲੇ ਉਜਾੜਾਂ ਵਿਚ ਨਿਆਸਰੇ, ਫਿਕਰਾਂ ਦੇ ਜਗਤ ਵਿਚ ਡੁੱਬੇ ਬੈਠੇ ਸਾਂ। ਫਿਰ ਕੋਈ ਮਹਿਫੂਜ਼ ਥਾਂ ਭਾਲਦੇ

***(ਬਾਕੀ ਅਗਲੇ ਸਫੇ 'ਤੇ)***

# ਸੁੱਚੀਆਂ ਹੋਣ ਜੇ ਨੀਅਤਾਂ ਕਾਰਜ ਆਉਂਦੇ ਰਾਸ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮਨਵੀਰ ਤੇ ਹਾਕਮ-ਦੋਵੇਂ ਆਪਣੀ ਮੰਜ਼ਿਲ ਤੋਂ ਭਟਕ ਗਏ ਸਨ। ਅਨੇਕਾਂ ਖੱਜਲ-ਖੁਆਰੀਆਂ ਵਿਚੋਂ ਲੰਘਦੇ ਇਕ ਦਿਨ ਸੈਕਰਾਮੈਂਟੋ ਇਮੀਗ੍ਰੇਸ਼ਨ ਦਫਤਰ ਇਕੱਠੇ ਹੋ ਗਏ। ਦੁਆ-ਸਲਾਮ ਪਿਛੋਂ ਮਨਵੀਰ ਨੇ ਆਪਣੇ ਦੁੱਖਾਂ ਦੀ ਪਟਾਰੀ ਖੋਲ੍ਹ ਲਈ। ਹਾਕਮ ਦੀ ਕਹਾਣੀ ਵੀ ਮਿਲਦੀ-ਜੁਲਦੀ ਸੀ। ਦਫਤਰ ਤੋਂ ਚੱਲੀ ਯਾਰੀ ਅੱਜ ਦੋਵਾਂ ਦੀ ਰਿਸ਼ਤੇਦਾਰੀ ਵਿਚ ਬਦਲ ਗਈ ਹੈ।

ਮਨਵੀਰ ਦਾ ਪਿੰਡ ਸਾਹਨੇਵਾਲ ਦੇ ਕੋਲ ਹੈ। ਵਿਆਹ ਪਿਛੋਂ ਉਹ ਕਿਰਾਏ ਦਾ ਕਮਰਾ ਲੈ ਕੇ ਦਿੱਲੀ ਰਹਿਣ ਲੱਗਾ। ਉਸ ਦੀ ਪਤਨੀ ਕੋਮਲ ਸਿਲਾਈ ਦਾ ਕੰਮ ਵਧੀਆ ਕਰਦੀ ਸੀ। ਕਿਸੇ ਵੱਡੇ ਟੇਲਰ ਨਾਲ ਉਸ ਨੇ ਕਮਿਸ਼ਨ 'ਤੇ ਲੇਡੀਜ਼ ਸੂਟ ਸਿਊਣ ਦਾ ਕਰਾਰ ਕਰ ਲਿਆ। ਕੋਮਲ ਘਰੇ ਹੀ ਸੂਟ ਸਿਊਂ ਦਿੰਦੀ। ਮਨਵੀਰ ਟੈਕਸੀ ਚਲਾਉਣ ਲੱਗਾ। ਦੋਵੇਂ ਹੱਸ ਖੇਡ ਕੇ ਗ੍ਰਹਿਸਥ ਦੀ ਗੱਡੀ ਨੂੰ ਤੋਰੀ ਜਾ ਰਹੇ ਸਨ। ਆਮਦਨ ਵਿਚੋਂ ਖਰਚਾ ਕੱਢ ਕੇ ਕੁਝ ਬਚਤ ਕਰ ਲੈਂਦੇ। ਸੁਪਨਾ ਸੀ ਕਿ ਦਿੱਲੀ 'ਚ ਵੀ ਆਪਣਾ ਮਕਾਨ ਹੋਵੇ ਜਿਸ ਨੂੰ ਪੂਰਾ ਕਰਨ ਲਈ ਉਹ ਮਿਹਨਤ ਕਰਦੇ ਰਹੇ।

ਮਨਵੀਰ ਦਸਤਾਰ ਸੋਹਣੀ ਸਜਾਉਂਦਾ ਸੀ। ਦਾਹੜੀ ਉਸ ਨੇ ਕਦੇ ਕਟਵਾਈ ਨਹੀਂ ਸੀ। ਉਂਜ ਤਾਂ ਉਸ ਦੀ ਟੈਕਸੀ ਵਿਚ ਬਹੁਤ ਵਾਰ ਮੁਸਲਿਮ ਮੁਸਾਫਿਰ ਬੈਠੇ ਸਨ ਪਰ ਇਕ ਮੁਸਾਫਿਰ ਨਾਲ ਤਾਂ ਉਸ ਦੀ ਕਾਫੀ ਦੋਸਤੀ ਹੋ ਗਈ। ਨਾਂ ਸੀ ਮੁਹੰਮਦ ਫਕੀਰ ਖਾਨ, ਜੋ ਟਰੈਵਲ ਏਜੰਟ ਸੀ। ਉਸ ਨੇ ਹਜ਼ਾਰਾਂ ਲੋਕ ਵਿਦੇਸ਼ ਭੇਜੇ ਸਨ। ਮਨਵੀਰ ਨੂੰ ਵੀ ਸਣੇ ਪਤਨੀ ਅਮਰੀਕਾ ਦਾ ਵੀਜ਼ਾ ਲਵਾਉਣ ਲਈ ਸਲਾਹ ਦਿੱਤੀ। ਮਨਵੀਰ ਨੇ ਜਵਾਬ ਦੇ ਦਿੱਤਾ, "ਖਾਨ ਭਾਈ, ਦਿੱਲੀ ਮੇ ਦਿਲ ਲਗ ਗਯਾ ਹੈ।" ਖਾਨ ਨੇ ਹੱਸ ਕੇ ਜਵਾਬ ਸਵੀਕਾਰ ਕਰ ਲਿਆ।

ਮਨਵੀਰ ਦੇ ਪਹਿਲਾਂ ਧੀ ਹੋਈ ਤੇ ਫਿਰ ਪੁੱਤ। ਟੈਕਸੀ ਦਾ ਕੰਮ ਘਟਣ ਲੱਗਾ। ਖਾਨ ਭਾਈ ਵੀ ਕਦੇ ਨਾ ਦਿਸਿਆ। ਮਨਵੀਰ ਨੇ ਦਿੱਲੀ ਛੱਡਣ ਦਾ ਮਨ ਬਣਾ ਲਿਆ। ਇਕ ਦਿਨ ਅਚਾਨਕ ਮਨਵੀਰ ਨੂੰ ਖਾਨ ਭਾਈ ਮਿਲ ਪਿਆ। ਮਨਵੀਰ ਨੇ ਜੱਫੀ ਪਾ ਕੇ ਫਤਿਹ ਬੁਲਾਈ। ਖਾਨ ਨੇ ਸਾਲਮ ਦੁਹਰਾਈ। ਚਾਹ ਪੀਂਦਿਆਂ ਮਨਵੀਰ ਨੇ ਦਿਲ ਦੀ ਆਖ ਸੁਣਾਈ। ਖਾਨ ਭਾਈ ਨੇ ਚਾਰੇ ਪਾਸਪੋਰਟ ਤੇ ਅੱਠ-ਅੱਠ ਫੋਟੋਆਂ ਮੰਗ ਲਈਆਂ ਤੇ ਇਕ ਮਹੀਨੇ ਦਾ ਸਮਾਂ ਦੇ ਦਿੱਤਾ। ਖਾਨ ਭਾਈ ਨੇ ਸਿਰਫ ਖਰਚਾ-ਪਾਣੀ ਲੈ ਕੇ ਸੱਚੇ ਮੁਸਲਮਾਨ ਦੀ ਸਰਦਾਰ ਨਾਲ ਮਿੱਤਰਤਾ ਦਾ ਸਬੂਤ ਦਿੱਤਾ। ਮਨਵੀਰ ਸਣੇ ਪਰਿਵਾਰ ਕੈਲੀਫੋਰਨੀਆ ਆ ਗਿਆ। ਅਗਾਂਹ ਕਿਸੇ ਸੱਜਣ-ਮਿੱਤਰ ਨੇ ਦੋ ਮਹੀਨੇ ਕੋਲ ਰੱਖ ਕੇ ਦੋਵਾਂ ਨੂੰ ਕੰਮ 'ਤੇ ਲੁਆ ਦਿੱਤਾ। ਕੋਮਲ ਛੇ ਮਹੀਨੇ ਰਹਿ ਕੇ ਵਾਪਿਸ ਬੱਚਿਆਂ ਸਮੇਤ ਮੁੜ ਗਈ ਤੇ ਆਪਣੇ ਸਹੁਰੇ ਪਿੰਡ ਰਹਿਣ ਲੱਗੀ।

ਇੱਧਰ ਮਨਵੀਰ ਨੇ ਰਿਫਿਊਜ਼ੀ ਕੇਸ ਪਾ ਦਿੱਤਾ। ਵਰਕ ਪਰਮਿਟ ਮਿਲਿਆ ਤਾਂ ਇਧਰ ਵੀ ਟੈਕਸੀ ਚਲਾਉਣ ਲੱਗਾ। ਡਾਲਰਾਂ ਦੀ ਕਮਾਈ ਨੇ ਉਸ ਨੂੰ ਹੋਰ ਮਿਹਨਤ ਕਰਨ ਦਾ ਬਲ ਦਿੱਤਾ। ਉਹ ਛੇਤੀ ਹੀ ਆਪਣੇ ਪੈਰ ਜਮਾ ਗਿਆ। ਕੋਮਲ ਤਿੰਨ ਵਾਰ ਇਕੱਲੀ ਆ ਕੇ ਮੁੜ ਜਾਂਦੀ ਰਹੀ, ਉਸ ਕੋਲ ਦਸ ਸਾਲ ਦਾ ਸੈਲਾਨੀ ਵੀਜ਼ਾ ਸੀ। ਪਰ ਚੌਥੀ ਵਾਰੀ ਉਹ ਸੈਨ ਫਰਾਂਸਿਸਕੋ ਤੋਂ ਵਾਪਸ ਮੋੜ ਦਿੱਤੀ। ਹੁਣ ਮਨਵੀਰ ਇਥੇ ਫਸ ਗਿਆ ਤੇ ਕੋਮਲ ਆਪਣੇ ਸਹੁਰੇ ਘਰ। ਕੋਮਲ ਨੇ ਬੱਚੇ ਪਿੰਡ ਪੜ੍ਹਨ ਲਾ ਦਿੱਤੇ।

ਮਨਵੀਰ ਵਿਹਲੇ ਸਮੇਂ ਵਿਚ ਲਿੱਕਰ ਸਟੋਰ 'ਤੇ ਖੜ੍ਹਦਾ, ਜਿਸ ਦਾ ਮਾਲਕ ਇਕ ਇਰਾਨੀ ਸੀ। ਇਰਾਨੀ ਦੇ ਦੋ ਪੁੱਤ ਕੰਮ ਚੋਰ ਨਿਕਲੇ। ਉਨ੍ਹਾਂ ਨੇ ਪਿਉ ਤੋਂ ਅਲੱਗ ਦੁਨੀਆਂ ਵਸਾ ਲਈ। ਇਰਾਨੀ ਨੇ ਅੱਕੇ ਕੇ ਸਟੋਰ ਵੇਚਣ ਦੀ ਪੇਸ਼ਕਸ਼ ਮਨਵੀਰ ਨੂੰ ਕੀਤੀ। ਮਨਵੀਰ ਨੇ ਲਿੱਕਰ ਸਟੋਰ ਤੋਂ ਅਣਜਾਣ ਹੋਣ ਦਾ ਤਰਲਾ ਕੀਤਾ ਪਰ ਇਰਾਨੀ ਨੂੰ ਮਨਵੀਰ ਚੰਗਾ ਲੱਗਿਆ। ਉਸ ਨੇ ਮਨਵੀਰ ਨੂੰ ਸਾਰਾ ਕੰਮ ਸਿਖਾ ਕੇ ਫਿਰ ਜਾਣ ਦੀ ਸਹਿਮਤੀ ਦਿੱਤੀ। ਮਨਵੀਰ ਨੇ ਉਹ ਲਿੱਕਰ ਸਟੋਰ ਖਰੀਦ ਲਿਆ। ਇਰਾਨੀ ਉਸ ਨਾਲ ਚਾਰ ਮਹੀਨੇ ਕੰਮ ਕਰਵਾ ਕੇ ਚਲਾ ਗਿਆ। ਮਨਵੀਰ ਨੂੰ ਸਟੋਰ ਤਾਂ ਇੰਜ ਮਿਲ ਗਿਆ ਜਿਵੇਂ ਮੋਹਰਾਂ ਨਾਲ ਭਰੀ ਬੋਰੀ ਹੋਵੇ। ਉਸ ਦੀ ਦੋ ਸਾਲਾਂ ਵਿਚ ਚੌਗੁਣੀ ਤਰੱਕੀ ਹੋ ਗਈ। ਸਵੇਰ ਆਪ ਸਟੋਰ ਖੋਲ੍ਹਦਾ, ਸ਼ਾਮੀਂ ਦੋ ਜਣੇ ਪਤੀ-ਪਤਨੀ, ਜੋ ਪੰਜਾਬੀ ਸਨ, ਉਹ ਕੰਮ ਕਰਦੇ। ਹੁਣ ਦੁੱਖ ਇਹ ਸੀ ਕਿ ਬੱਚੇ ਪੰਜਾਬ ਸਨ। ਪੈਸੇ ਦੀ ਘਾਟ ਨਹੀਂ, ਪਰਿਵਾਰ ਦੀ ਘਾਟ ਸੀ।

ਹਾਕਮ ਨਿਆਣੀ ਉਮਰੇ ਜਰਮਨੀ ਆ ਗਿਆ ਸੀ। ਦਸ ਸਾਲ ਕਿਸੇ ਰੈਸਟੋਰੈਂਟ ਵਿਚ ਕੁੱਕ ਰਿਹਾ ਪਰ ਪੇਪਰ ਨਾ ਬਣ ਸਕੇ। ਅਖੀਰ ਪਿੰਡ ਜਾ ਕੇ ਵਿਆਹ ਕਰਵਾ ਲਿਆ। ਉਨ੍ਹਾਂ ਦਿਨਾਂ ਵਿਚ ਟਾਟਾ ਸੂਮੋ ਦਾ ਚੰਗਾ ਕੰਮ ਸੀ। ਹਾਕਮ ਨੇ ਵੀ ਦੋ ਟਾਟਾ ਸੂਮੋ ਪਾ ਲਈਆਂ, ਜੋ ਦਿਨ-ਰਾਤ ਹੀ ਸਵਾਰੀਆਂ ਛੱਡਣ ਦਿੱਲੀ ਨੂੰ ਤੁਰੀਆਂ ਰਹਿੰਦੀਆਂ। ਵਧੀਆ ਰੋਟੀ ਖਾਂਦਾ ਸੀ ਪਰ ਆਪਣੇ ਸਾਲੇ ਦੇ ਪਿਛੇ ਲੱਗ ਆਪਣੀ ਪਤਨੀ ਰੂਪੀ ਨਾਲ ਅਮਰੀਕਾ ਆ ਗਿਆ। ਇਥੇ ਆਉਣ ਤੋਂ ਬਾਅਦ ਰੂਪੀ ਨੇ ਧੀ ਨੂੰ ਜਨਮ ਦਿੱਤਾ। ਜਾਣ-ਪਛਾਣ ਵਾਲੇ ਵਧਾਈਆਂ ਦੇਣ ਕਿ ਤੁਹਾਡੇ ਸਿਟੀਜ਼ਨ ਕੁੜੀ ਪੈਦਾ ਹੋ ਗਈ ਹੈ, ਹੁਣ ਤੁਹਾਨੂੰ ਇਥੋਂ ਕੋਈ ਨਹੀਂ ਕੱਢ ਸਕਦਾ, ਪਰ ਅਮਰੀਕਾ ਦਾ ਕਾਨੂੰਨ ਇਸ ਤਰ੍ਹਾਂ ਨਹੀਂ ਸਵੀਕਾਰਦਾ। ਹਰੇਕ ਬੰਦੇ ਨੂੰ ਇਮੀਗ੍ਰੇਸ਼ਨ ਲੈਣੀ ਪੈਂਦੀ ਹੈ।

ਹਾਕਮ ਨੇ ਪੰਜਾਬੀ ਰੈਸਟੋਰੈਂਟ 'ਤੇ ਬਤੌਰ ਕੁੱਕ ਨੌਕਰੀ ਸ਼ੁਰੂ ਕਰ ਦਿੱਤੀ। ਪੰਜਾਬੀ ਮਾਲਕ ਨੇ ਗਰੀਨ ਕਾਰਡ ਦਿਵਾਉਣ ਦਾ ਮਿੱਠਾ ਲਾਰਾ ਲਾ ਦਿੱਤਾ। ਰੂਪੀ ਘਰ ਧੀ ਨੂੰ ਪਾਲਦੀ ਤੇ ਹਾਕਮ ਤੰਦੂਰ 'ਤੇ ਸੇਕ ਝੱਲਦਾ। ਪੰਜਾਬੀ ਮਾਲਕ ਨੇ ਤਿੰਨ ਸਾਲ ਤਾਂ ਉਸ ਨੂੰ ਬਾਹਰਲੀ ਹਵਾ ਨਾ ਲੱਗਣ ਦਿੱਤੀ। ਹਾਕਮ ਦੀ ਚੰਗੀ ਕਿਸਮਤ ਨੂੰ ਇਕ ਨਾਮੀ ਵਕੀਲ ਉਸ ਦੇ ਰੈਸਟੋਰੈਂਟ 'ਤੇ ਖਾਣਾ ਖਾਣ ਆ ਗਿਆ। ਪਤਾ ਲੱਗਣ 'ਤੇ ਹਾਕਮ ਨੇ ਉਸ ਵਕੀਲ ਨੂੰ ਆਪਣੀ ਹੱਡ ਬੀਤੀ ਸੁਣਾਈ। ਵਕੀਲ ਨੇ ਉਸ ਦੀ ਬਾਂਹ ਫੜ੍ਹੀ, ਰਿਫਿਊਜ਼ੀ ਕੇਸ ਪਾ ਦਿੱਤਾ ਤੇ ਹਾਕਮ ਚਾਰ ਮਹੀਨਿਆਂ ਵਿਚ ਪੱਕਾ ਹੋ ਗਿਆ। ਨਾਲ ਹੀ ਪਰਮਾਤਮਾ ਨੇ ਪੁੱਤਰ ਦੀ ਦਾਤ ਬਖਸ਼ ਦਿੱਤੀ। ਰੱਬ ਨੇ ਹਾਕਮ ਦੀ ਐਸੀ ਨੀਵਾਂ ਹੋ ਕੇ ਸੁਣੀ, ਜਿਸ ਮਾਲਕ ਦੇ ਕੰਮ ਕਰਦਾ ਸੀ, ਉਹੀ ਮਾਲਕ ਉਸ ਨੂੰ ਰੈਸਟੋਰੈਂਟ ਵੇਚ ਗਿਆ। ਹਾਕਮ ਨੇ ਹੌਲੀ ਹੌਲੀ ਰੈਸਟੋਰੈਂਟ ਦਾ ਕੰਮ ਵਧਾ ਲਿਆ। ਪਾਰਟੀਆਂ 'ਤੇ ਕੈਟਰਿੰਗ ਕਰਨ ਲੱਗਾ। ਇਮਾਨਦਾਰੀ ਦਾ ਪੱਲਾ ਫੜ੍ਹ ਕੇ ਚੱਲਿਆ, ਵਾਹਿਗੁਰੂ ਨੇ ਕਿਸੇ ਚੀਜ਼ ਦੀ ਘਾਟ ਨਾ ਛੱਡੀ। ਤਿੰਨ ਸਾਲਾਂ ਬਾਅਦ ਉਸ ਨੇ ਆਪਣਾ ਪੰਜ ਬੈਡਰੂਮ ਘਰ ਖਰੀਦ ਲਿਆ। ਹਾਕਮ ਵਾਹਿਗੁਰੂ ਦਾ ਸ਼ੁਕਰਾਨਾ ਕਰਦਾ ਨਾ ਥੱਕਦਾ।

ਮਨਵੀਰ ਨੂੰ ਪੇਪਰਾਂ ਨੇ ਕੋਈ ਰਾਹ ਨਾ ਦਿੱਤਾ। ਉਸ ਨੇ ਸਟੋਰ ਤਾਂ ਇਕ ਹੋਰ ਲੈ ਲਿਆ ਪਰ ਪੇਪਰਾਂ ਵਾਲਾ ਘੜਾ ਊਣਾ ਹੀ ਰਿਹਾ। ਕੋਰਟ-ਕਚਹਿਰੀਆਂ ਦੇ ਧੱਕੇ ਖਾਂਦਾ ਉਹ ਡਿਪੋਰਟੇਸ਼ਨ ਲੁਆ ਬੈਠਾ। ਮਨਵੀਰ ਦੇ ਵਕੀਲ ਨੇ ਪੈਸੇ ਲੈ ਕੇ ਡਿਪੋਰਟੇਸ਼ਨ ਤੁੜਵਾ ਤਾਂ ਦਿੱਤੀ ਪਰ ਉਸ ਨੂੰ ਸੁਪਰਵਿਜ਼ਨ 'ਤੇ ਸੱਦਣਾ ਸ਼ੁਰੂ ਕਰ ਦਿੱਤਾ। ਮਨਵੀਰ ਚਾਰ ਮਹੀਨਿਆਂ ਬਾਅਦ ਸੈਕਰਾਮੈਂਟੋ ਇਮੀਗ੍ਰੇਸ਼ਨ ਦਫਤਰ ਵਿਚ ਹਾਜ਼ਰੀ ਲੁਆ ਕੇ ਆਉਂਦਾ। ਉਸ ਨੂੰ ਇਹੀ ਡਰ ਲੱਗਾ ਰਹਿੰਦਾ ਕਿ ਕਿਤੇ ਫੜ੍ਹ ਕੇ ਇੰਡੀਆ ਨਾ ਭੇਜ ਦੇਣ।

ਪਿਛੇ ਪਿੰਡ ਕੋਮਲ ਨੇ ਧੀ ਤੇ ਪੁੱਤ ਪਾਲ-ਪਲੋਸ ਕੇ ਵੱਡੇ ਕਰ ਦਿੱਤੇ। ਧੀ ਹਰਲੀਨ ਕਾਲਜ ਪੜ੍ਹਦੀ ਸੀ, ਪੁੱਤ ਕਰਨਵੀਰ ਹਾਈ ਸਕੂਲ ਜਾਂਦਾ ਸੀ। ਕਈਆਂ ਨੇ ਸਲਾਹ ਦਿੱਤੀ ਕਿ ਧੀ ਵਾਸਤੇ ਇਥੇ ਕੋਈ ਸਿਟੀਜ਼ਨ ਮੁੰਡਾ ਲੱਭ ਤੇ ਕੁੜੀ ਇਥੇ ਆ ਕੇ ਤੇਰੇ ਪੇਪਰ ਵੀ ਬਣਾ ਦੇਵੇਗੀ। ਪਰ ਇਹ ਕਾਰਜ ਕੌਣ ਕਰੇ, ਰਿਸ਼ਤੇਦਾਰ ਤਾਂ ਪਹਿਲਾਂ ਹੀ ਉਸ ਦੇ ਸਟੋਰ ਲਏ ਤੋਂ ਖਾਰ ਖਾਂਦੇ ਸਨ, ਧੀ ਦਾ ਵਰ ਕਿਸ ਨੇ ਲੱਭਣ ਸੀ! ਅਖੀਰ ਮਨਵੀਰ ਰੱਬ 'ਤੇ ਡੋਰੀਆਂ ਛੱਡ ਕੇ ਇਮੀਗ੍ਰੇਸ਼ਨ ਦਫਤਰ ਹਾਜ਼ਰੀ ਲੁਆ ਆਉਂਦਾ ਤੇ ਆਪਣੇ ਕੇਸ ਦੇ ਪਾਸ ਹੋਣ ਦੀ ਝੂਠੀ ਜਿਹੀ ਤਸੱਲੀ ਨਾਲ ਤੁਰਿਆ ਫਿਰਦਾ।

ਹਾਕਮ ਹੋਰਾਂ ਦੀ ਸਿਟੀਜ਼ਨ ਦੀ ਇੰਟਰਵਿਊ ਆ ਗਈ। ਬੱਚੇ ਇਨ੍ਹਾਂ ਦੇ ਵੀ ਜਵਾਨ ਹੋ ਗਏ ਸਨ। ਇਮੀਗ੍ਰੇਸ਼ਨ ਦਫਤਰ ਮਨਵੀਰ ਤੇ ਹਾਕਮ ਦੀ ਮਿਲਣੀ ਵੀ ਉਸੇ ਦਿਨ ਹੋਈ। ਹਾਕਮ ਹੋਰੀਂ ਇੰਟਰਵਿਊ 'ਤੇ ਆਏ ਸਨ ਤੇ ਮਨਵੀਰ ਸੁਪਰਵਿਜ਼ਨ 'ਤੇ ਆਇਆ ਸੀ। ਰਸਮੀ ਦੁਆ-ਸਲਾਮ ਪਿਛੋਂ ਉਹ ਲਾਗੇ ਕੌਫੀ ਸ਼ਾਪ 'ਤੇ ਕੌਫੀ ਦੇ ਬਹਾਨੇ ਆਪੋ-ਆਪਣੀ ਕਹਾਣੀ ਛੇੜ ਕੇ ਬੈਠ ਗਏ। ਫਿਰ ਫੋਨਾਂ ਦੇ ਨੰਬਰ ਵਟਾ ਲਏ। ਹੌਲੀ ਹੌਲੀ ਮਿੱਤਰਤਾ ਗੂੜ੍ਹੀ ਹੁੰਦੀ ਗਈ। ਮਨਵੀਰ ਨੇ ਚਾਰ ਬੈਡਰੂਮ ਮਕਾਨ ਲੈ ਲਿਆ। ਉਸ ਦੇ ਤਿੰਨ ਵਰਕਰ ਵੀ ਉਸ ਦੇ ਨਾਲ ਰਹਿੰਦੇ। ਮਨਵੀਰ ਕਈ ਵਾਰ ਹਾਕਮ ਨਾਲ ਆ ਕੇ ਮਦਦ ਕਰਵਾ ਦਿੰਦਾ, ਨਾਲੇ ਆਪਣੇ ਦੁੱਖਾਂ ਦੀ ਗਠੜੀ ਹੌਲੀ ਕਰ ਲੈਂਦਾ। ਇਕ ਦਿਨ ਹਾਕਮ ਨੇ ਦੋ ਪੈਗ ਲਾਏ ਹੋਏ ਸਨ ਤੇ ਮਨਵੀਰ ਨੂੰ ਕਹਿੰਦਾ, "ਮੰਨੇ ਬਾਈ, ਜੇ ਆਪਾਂ ਦੋਸਤੀ ਨੂੰ ਕੁੜਮਾਈ ਵਿਚ ਬਦਲ ਲਈਏ ਤਾਂ ਤੇਰੀ ਕੀ ਸਲਾਹ ਹੈ?"

ਮਨਵੀਰ ਨੇ ਪੈਗ ਬੁੱਲਾਂ ਤੋਂ ਵਾਪਸ ਮੋੜਦਿਆਂ ਪੁੱਛਿਆ, "ਬਾਈ, ਸਮਝਿਆ ਨਹੀਂ, ਕਿਵੇਂ?"

"ਮੰਨਾ ਸਿਆਂ, ਮੇਰੀ ਧੀ ਸੁਬਰੀਨਾ ਤੇ ਤੇਰਾ ਪੁੱਤਰ ਕਰਨਵੀਰ-ਦੋਵਾਂ ਦਾ ਵਿਆਹ ਕਰ ਦੇਈਏ।" ਹਾਕਮ ਨੇ ਦੂਰ ਦੀ ਸੋਚਦਿਆਂ ਕਿਹਾ।

"ਬੱਲੇ ਬਾਈ, ਮੈਨੂੰ ਮਨਜ਼ੂਰ ਹੈ।" ਮਨਵੀਰ ਨੇ ਉਠ ਕੇ ਹਾਕਮ ਨੂੰ ਗਲਵੱਕੜੀ ਪਾ ਲਈ।

ਹਾਕਮ ਨੂੰ ਪਤਾ ਸੀ ਕਿ ਮਨਵੀਰ ਦੇ ਪਰਿਵਾਰ ਵਰਗਾ ਘਰ-ਬਾਰ ਉਸ ਨੂੰ ਦੀਵਾ ਲੈ ਕੇ ਲੱਭਿਆਂ ਵੀ ਨਹੀਂ ਲੱਭਣਾ ਸੀ। ਰੂਪ ਨੇ ਹਾਕਮ ਨੂੰ ਮਨਵੀਰ ਕੋਲ ਪੇਪਰ ਨਾ ਹੋਣ ਦਾ ਸਵਾਲ ਪਾਇਆ ਤਾਂ ਹਾਕਮ ਕਹਿੰਦਾ, "ਇਕ ਸਾਲ ਵਿਚ ਕਰਨਵੀਰ ਨੇ ਆ ਜਾਣਾ। ਹਾਕਮ ਦਾ ਕੇਸ ਆਪਣੇ ਆਪ ਪੁੱਤ ਵਲੋਂ ਬਦਲ ਕੇ ਉਸ ਨੇ ਪੱਕਾ ਹੋ ਜਾਣਾ। ਅੱਜ ਤੇਰੀ ਧੀ ਦੋ ਸਟੋਰਾਂ ਦੀ ਤੇ ਇਕ ਘਰ ਦੀ ਮਾਲਕਣ ਬਣ ਜਾਊ। ਕਿਸੇ ਹੋਰ ਨੂੰ ਇੰਡੀਆ ਤੋਂ ਵਿਆਹ ਕੇ ਲਿਆਊ ਤਾਂ ਸਾਰੀ ਉਮਰ ਮਕਾਨ ਨਹੀਂ ਬਣਨਾ।"

ਗੱਲ ਰੂਪ ਦੇ ਮਨ ਨੂੰ ਲੱਗ ਗਈ। ਫਿਰ ਉਹ ਸਾਰਾ ਪਰਿਵਾਰ ਜਾ ਕੇ ਸੁਬਰੀਨਾ ਦਾ ਵਿਆਹ ਕਰਨਵੀਰ ਨਾਲ ਕਰ ਆਏ। ਸੁਬਰੀਨਾ ਨੂੰ ਵੀ ਕਰਨਵੀਰ ਬਹੁਤ ਪਸੰਦ ਆਇਆ। ਉਹ ਦੋ ਮਹੀਨੇ ਪਿੰਡ ਰਹਿ ਕੇ ਵਾਪਸ ਆ ਗਈ। ਬੱਸ ਦੁੱਖ ਇਕ ਸੀ ਕਿ ਮਨਵੀਰ ਆਪਣੇ ਪੁੱਤ ਦੇ ਵਿਆਹ 'ਤੇ ਨਾ ਜਾ ਸਕਿਆ। ਇਕੱਲੀ ਕੋਮਲ ਨੇ ਸਾਰੀ ਜ਼ਿੰਮੇਵਾਰੀ ਨਿਭਾਈ।

ਸਾਲ ਵਿਚ ਹੀ ਕਰਨਵੀਰ ਇਥੇ ਆ ਗਿਆ। ਪੁੱਤ ਨੇ ਪਿਉ ਦੇ ਦੁਬਾਰਾ ਪੇਪਰ ਫਾਈਲ ਕੀਤੇ, ਸਟੇਟਸ ਬਦਲ ਗਿਆ। ਦੋ ਸਾਲ ਵਿਚ ਮਨਵੀਰ ਦਾ ਗਰੀਨ ਕਾਰਡ ਆ ਗਿਆ। ਜਿਸ ਦਿਨ ਗਰੀਨ ਕਾਰਡ ਆਇਆ, ਉਸ ਨੇ ਹਾਕਮ ਦੇ ਪੈਰ ਫੜ੍ਹ ਲਏ, "ਧੰਨ ਆ ਤੂੰ ਮੇਰੇ ਯਾਰਾ, ਜਿਸ ਨੇ ਮੇਰਾ ਇੰਨਾ ਵੱਡਾ ਕਾਰਜ ਨੇਪਰੇ ਚਾੜ੍ਹਿਆ।"

ਮਨਵੀਰ ਨੇ ਪੁਰਾਣਾ ਘਰ ਵੇਚ ਕੇ ਸੁਬਰੀਨਾ ਦੇ ਸੁਪਨਿਆਂ ਦਾ ਘਰ ਖਰੀਦ ਦਿੱਤਾ। ਉਸ ਦੀ ਮਨਪਸੰਦ ਕਾਰ ਲੈ ਦਿੱਤੀ। ਕਰਨਵੀਰ ਨੇ ਆਪਣੇ ਪਿਉ ਦਾ ਕਾਰੋਬਾਰ ਸਾਂਭ ਲਿਆ। ਸਮਾਂ ਬੀਤਿਆ, ਕੋਮਲ ਤੇ ਹਰਲੀਨ ਵੀ ਅਮਰੀਕਾ ਆ ਗਈਆਂ। ਮਨਵੀਰ ਇੰਡੀਆ ਜਾ ਆਇਆ। ਦਿੱਲੀ ਰਹਿ ਕੇ ਖਾਨ ਭਾਈ ਨੂੰ ਲੱਭਿਆ ਪਰ ਉਹ ਨਾ ਮਿਲਿਆ। ਅੱਜ ਦੀ ਤਰੀਕ ਵਿਚ ਮਨਵੀਰ ਤੇ ਹਾਕਮ-ਦੋਵਾਂ ਦੇ ਪਰਿਵਾਰ ਖੁਸ਼ੀ ਖੁਸ਼ੀ ਆਪਣੀ ਜ਼ਿੰਦਗੀ ਦਾ ਅਨੰਦ ਮਾਣ ਰਹੇ ਹਨ। ਪਰਮਾਤਮਾ ਦਾ ਕੋਈ ਪਤਾ ਨਹੀਂ, ਕਦੋਂ ਕਿਸ ਰਾਹੀਂ ਤੁਹਾਡੇ ਕੋਲ ਪਹੁੰਚ ਕੇ ਤੁਹਾਡੇ ਕਾਰਜ ਰਾਸ ਕਰ ਦੇਵੇ। ਪਰਮਾਤਮਾ 'ਤੇ ਭਰੋਸਾ ਰੱਖੋ, ਦੇਰ ਹੋ ਸਕਦੀ ਹੈ ਪਰ ਨਾਂਹ ਕਦੇ ਨਹੀਂ ਹੋਵੇਗੀ।

# ਕੰਧਾਂ ਤੋਂ ਪਰੇ, ਦਰਵਾਜ਼ੇ ਦੇ ਪਾਰ

*(ਪਿਛਲੇ ਸਫੇ ਦੀ ਬਾਕੀ)*

ਸਫੇਦ ਪੱਥਰਾਂ ਵਾਲੀ ਨਿਰਜਨ ਜਗ੍ਹਾ ਵਿਚ ਜਾ ਓਟ ਲਈ। ਸਵੇਰੇ ਪਹਿਲੀ ਗੱਲ ਇਹ ਪਤਾ ਲੱਗੀ, ਜਿਨ੍ਹਾਂ ਪੱਥਰਾਂ ਦੀ ਢੋਏ ਰਾਤ ਪਏ ਰਹੇ ਸਾਂ, ਉਹ ਕਬਰਾਂ ਸਨ। ਰਾਤ ਭਰ ਮੁਰਦਿਆਂ ਦੀਆਂ ਛਾਤੀਆਂ 'ਤੇ ਸਿਰ ਧਰ ਕੇ ਜ਼ਿੰਦਗੀ ਦੇ ਸੁਫਨੇ ਉਲੀਕਦੇ ਰਹੇ ਸਾਂ ਅਸੀਂ! ਫਿਰ ਵਿਚਾਰਾਂ ਹੋਈਆਂ ਕਿ ਕੀ ਕੀਤਾ ਜਾਵੇ? ਏਜੰਟਾਂ ਨੂੰ ਫੋਨ ਕਰਨੇ ਜ਼ਰੂਰੀ ਸਨ। ਖਾਣੇ ਦੀ ਵੀ ਲੋੜ ਸੀ। ਇਸ ਸਭ ਲਈ ਪੈਸਾ ਚਾਹੀਦਾ ਸੀ। ਸਾਹਮਣੇ ਸੜਕ ਦੇ ਪਰਲੇ ਪਾਸੇ, ਦੂਰ ਤਕ ਸ਼ੋਅ-ਰੂਮ, ਹੋਟਲ, ਦੁਕਾਨਾਂ, ਕੋਠੀਆਂ ਦਾ ਸਿਲਸਿਲਾ ਦਿਖਾਈ ਦਿੰਦਾ ਸੀ। ਸਾਡੇ ਵਾਲੇ ਪਾਸੇ ਖੇਤ, ਖਾਲੀ ਮੈਦਾਨ, ਹੋਰ ਪਰ੍ਹੇ ਪਹਾੜੀ 'ਤੇ ਪਿੰਡ ਵਸਿਆ ਹੋਇਆ ਸੀ।

ਮੈਂ ਤੇ ਬਲਜੀਤ ਸੜਕੇ-ਸੜਕ ਤੁਰ ਪਏ ; ਮਾਮੇ ਸਤਨਾਮ ਤੇ ਚਾਹਲ ਨੇ ਪਿੰਡ ਵੱਲ ਚੜ੍ਹਾਈ ਕਰ ਦਿੱਤੀ। ਮੋਹਕਮ ਤੇ ਬਜ਼ੁਰਗ ਮਾਮਾ ਉਥੇ ਰਹੇ। ਮੋਹਕਮ ਤੋਂ ਕਿਸੇ ਨੇ ਪੁੱਛਿਆ ਨਹੀਂ ਸੀ ਤੇ ਮਾਮੇ ਨੇ ਮੰਗਣ ਤੋਂ ਇਨਕਾਰ ਕਰ ਦਿੱਤਾ। ਮੇਰੇ ਮੂੰਹੋਂ ਤੱਤੇ ਬੋਲ ਨਿਕਲੇ, "ਅਸੀਂ ਕਿਹੜਾ ਮੰਗਤੇ ਹਾਂ, ਸਾਨੂੰ ਵੀ ਸ਼ਰਮ ਆਉਂਦੀ ਏ, ਮੰਗਣ ਨਾਲ ਅਪਮਾਨ ਹੁੰਦਾ ਏ ਤਾਂ ਭੀਖ਼ ਵਿਚ ਮਿਲਿਆ ਖਾਣਾ ਖਾਂਦੇ ਕਿਉਂ ਹੋ?" ਬਜ਼ੁਰਗ ਮਾਮਾ ਸਿਰ ਝੁਕਾਈ ਬੈਠਾ ਰਿਹਾ।

ਵੱਡੀਆਂ ਕੋਠੀਆਂ, ਹੋਟਲਾਂ ਵੱਲ ਜਾ ਕੇ ਸਾਨੂੰ ਕੁਝ ਖ਼ਾਸ ਨਹੀਂ ਲੱਭਾ। ਸਿਰਫ ਇੱਕ-ਅੱਧ ਦੁਕਾਨ ਤੋਂ ਬਰੈਡ ਤੇ ਦੁੱਧ ਦੇ ਪੈਕੇਟ ਹੀ ਮਿਲੇ। ਰਸਤੇ ਵਿਚ ਬੂਟਿਆਂ ਤੋਂ ਨਾਮਲੂਮ ਜਿਹੇ ਫਲ ਤੋੜ ਲਏ। ਇੱਕ ਕਾਰ ਵਾਲੇ ਨਾਲ ਦੁਆ ਸਲਾਮ ਕੀਤੀ, ਬਲਜੀਤ ਨੇ 'ਨੋ ਮੌਜੇ, ਨੋ ਮਨੀ' ਕਹਿ ਕੇ ਹੱਥ ਜੋੜੇ, ਫਿਰ ਉਸ ਦੇ ਪੈਰਾਂ ਨੂੰ ਹੱਥ ਲਾਉਣ ਲੱਗ ਪਿਆ। ਬਲਜੀਤ 'ਤੇ ਰੋਸਾ ਜਿਹਾ ਵੀ ਆਇਆ, ਤੇ ਸ਼ਰਮਿੰਦਗੀ ਵੀ ਮਹਿਸੂਸ ਕੀਤੀ। ਮਨ ਗਿਲਾਨੀ ਨਾਲ ਭਰ ਗਿਆ। ਉਸ ਪੱਥਰ-ਦਿਲ ਬੰਦੇ ਨੇ ਕੋਈ ਮਦਦ ਨਹੀਂ ਕੀਤੀ।

ਫਿਰ ਬਲਜੀਤ ਨੇ ਗੱਲ ਖੋਲ੍ਹੀ, "ਮੋਹਕਮ ਕੋਲ 200 ਡਾਲਰ ਹਨ।" ਮੈਨੂੰ ਅਸਚਰਜਤਾ ਹੋਈ ਕਿ ਮੋਹਕਮ ਨੇ ਮੈਥੋਂ ਇਹ ਗੱਲ ਕਿਉਂ ਲੁਕੋਈ? ਫਿਰ ਸੋਚਿਆ, ਵਿਚਾਰੇ ਨੇ ਹੋਰ ਔਖੇ ਵਕਤ ਲਈ ਸੰਭਾਲੇ ਹੋਣਗੇ, ਪਰ ਮਨ ਵਿਚ ਗੱਲ ਰੜਕਦੀ ਰਹੀ। ਅਸੀ ਮੰਗ ਕੇ ਲਿਜਾ ਰਹੇ ਹਾਂ, ਫੋਨ ਕਰਨ ਲਈ ਦਰ੍ਹਾਮ ਲੱਭ ਰਹੇ ਹਾਂ, ਤੇ ਉਸ ਨੇ ਜੇਬ ਵਿਚ ਪਏ ਡਾਲਰਾਂ ਦਾ ਜ਼ਿਕਰ ਹੀ ਨਹੀਂ ਕੀਤਾ। ਫਿਰ ਜਾਂਦਿਆਂ ਹੀ ਉਸ ਵਲੋਂ ਮੇਰੇ ਸ਼ੰਕੇ ਦੂਰ ਹੋ ਗਏ ਜਦੋਂ ਉਸ ਨੇ ਦੋ ਸੌ ਡਾਲਰ ਬਦਲਵਾਉਣ ਲਈ ਮੈਨੂੰ ਫੜਾ ਕੇ ਕਿਹਾ, "ਖਾਨ ਤੇ ਏਜੰਟਾਂ ਨੂੰ ਫੋਨ ਕਰ ਲਈਂ।" ਮਾਮਾ ਸਤਨਾਮ, ਚਾਹਲ ਹੋਰੀਂ ਵੀ 6-7 ਦਰ੍ਹਾਮ ਤੇ ਖਾਣ-ਪੀਣ ਦਾ ਨਿੱਕ-ਸੁੱਕ ਲਈ ਪਰਤ ਆਏ ਸਨ।

ਕਿਸੇ ਬੈਂਕ ਤੋਂ ਪੈਸੇ ਬਦਲਵਾ ਲਏ। ਖਾਨ ਅਤੇ ਆਪਣੇ ਏਜੰਟ ਮੇਜਰ ਨਾਲ ਗੱਲ ਹੋਈ। ਮੇਜਰ ਨੇ ਰਸਮੀ ਤਸੱਲੀ ਦੇ ਕੇ ਫੋਨ ਕੱਟ ਦਿੱਤਾ। ਖਾਨ ਨੇ ਜਗ੍ਹਾ ਦੀ ਨਿਸ਼ਾਨੀ ਬਾਰੇ ਪੁੱਛਿਆ, ਤੇ ਸ਼ਾਮ ਤਕ ਦਾ ਵਾਅਦਾ ਕੀਤਾ। ਅਸੀਂ ਕਬਰਸਤਾਨਾਂ ਦੇ ਕਰੀਬ ਹੀ ਝਾੜੀਆਂ ਵਿਚ ਲੁਕੇ ਰਹੇ।

ਘੁਸਮੁਸੇ ਜਿਹੇ ਕਾਰ ਪਹੁੰਚੀ। ਕਾਰ ਵਿਚੋਂ ਨਿਕਲੇ ਬੰਦੇ ਨੂੰ ਦੇਖ ਕੇ ਸਾਡੇ ਦਿਲ ਬੈਠ ਗਏ। ਉਹੀ ਮੁਹੰਮਦ ਸੀ ਜਿਸ ਦੇ ਸਹਾਇਕ ਡੌਂਕਰਾਂ ਕੋਲੋਂ ਰੋ-ਕਲਪ ਕੇ ਦੌੜੇ ਸਾਂ। ਫਿਰ ਸੋਚਿਆ, ਇਸ ਤਰ੍ਹਾਂ ਡੌਂਕੀ ਦੀ ਆਸ ਤਾਂ ਹੈ, ਫਿਰ ਹੁਣ ਅਸੀ ਸਿਰਫ 6 ਹੀ ਸਾਂ। ਕਦ ਤਕ ਖੁੱਲ੍ਹੇ ਅਸਮਾਨ ਥੱਲੇ, ਭੀਖ਼ ਮੰਗ ਕੇ, ਉਜਾੜ ਵਿਚ ਰਹਿ ਕੇ ਕੋਈ ਉਮੀਦ ਕਰ ਸਕਦੇ ਸਾਂ। ਉਹ ਸਾਨੂੰ ਬਰੈਡ ਤੇ ਦੁੱਧ ਦੇ ਪੈਕੇਟ ਦੇ ਕੇ, ਰਾਤ ਨੂੰ ਲਿਜਾਣ ਦਾ ਕਹਿ ਕੇ ਤੁਰ ਗਿਆ। ਇਸ ਵਾਰ ਮੁਹੰਮਦ ਨੇ ਸਾਨੂੰ ਹੋਰ ਥਾਂ, ਹੋਰ ਡੌਂਕਰਾਂ ਦੇ ਹਵਾਲੇ ਕੀਤਾ ਸੀ। ਉਥੇ ਚਾਰ ਪਾਕਿਸਤਾਨੀ ਮੁੰਡੇ ਪਹਿਲਾਂ ਹੀ ਡਟੇ ਬੈਠੇ ਸਨ। ਇੱਕ ਪੂਰੇ ਕਮਰੇ ਦੇ ਹਵਾਲੇ ਸੀ, ਉਹੀ ਸ੍ਰੀਲੰਕਨ, ਮਰਘਿੱਲੀ, ਨਾਟੀ ਬਦਨਸੀਬ ਔਰਤ, ਆਪਣੇ ਮਾਸੂਮ ਬੱਚੇ ਨਾਲ। ਸਾਡੇ ਅੰਦਰ ਖ਼ੁਦ ਤੋਂ ਜ਼ਿਆਦਾ ਅਫਸੋਸ ਉਸ ਲਈ ਸੀ।

ਪਤਾ ਲੱਗਾ ਕਿ ਖਾਨ ਨੇ ਪਾਕਿਸਤਾਨੀ ਏਜੰਟਾਂ ਨਾਲ ਇਨ੍ਹਾਂ ਚਾਰਾਂ ਨੂੰ ਸਭ ਤੋਂ ਪਹਿਲਾ ਸਿਬਤਾ ਐਂਟਰ ਕਰਵਾਉਣ ਦਾ ਵਾਅਦਾ ਕੀਤਾ ਸੀ। ਬਾਕੀ ਦਾ ਗਰੁੱਪ ਖਾਨ ਨੂੰ ਫਿਰ ਹੀ ਮਿਲਣਾ ਸੀ। ਖਾਨ ਨੇ ਪੂਰਾ ਗਰੁੱਪ ਹਾਸਲ ਕਰਨ ਲਈ ਤਾਂ ਜਾਨ ਵੀ ਦਾਅ 'ਤੇ ਲਾ ਦੇਣੀ ਸੀ; ਆਪਣੀ ਨਹੀਂ, ਉਨ੍ਹਾਂ ਚਾਰਾਂ ਦੀ। ਮਤਲਬ ਹਰ ਸੰਭਵ, ਖ਼ਤਰਨਾਕ ਡੌਂਕੀ ਵੀ ਲੁਆ ਦੇਣੀ ਸੀ।

ਇੱਕ ਪਾਕਿਸਤਾਨੀ ਨਮਾਜ਼ ਪੜ੍ਹਦਾ ਹੁੰਦਾ ਸੀ। ਮੈਂ ਗਹੁ ਨਾਲ ਤੱਕਦਾ ਤੇ ਸੋਚਦਾ- ਰੱਬ ਇੱਕ ਹੀ ਹੋਵੇਗਾ ਜਾਂ ਫਿਰ ਧਰਤੀ 'ਤੇ ਜਿੰਨੇ ਮਜ਼ਹਬ ਨੇ। ਸਭ ਦੇ ਆਪੋ-ਆਪਣੇ ਵਿਸ਼ਵਾਸ ਹਨ, ਆਪੋ-ਆਪਣੇ ਰੱਬ ਹਨ। ਰੱਬ, ਈਸ਼ਵਰ, ਗੌਡ, ਅੱਲ੍ਹਾ, ਵਾਹਿਗੁਰੂ-ਇਹ ਸਭ ਮਨੁੱਖਾਂ ਵਲੋਂ ਸਿਰਜੇ ਸ਼ਬਦ ਮਾਤਰ ਹਨ, ਇਨ੍ਹਾਂ ਦੇ ਅਰਥ ਸਿਰਫ ਸੱਚੇ-ਸੁੱਚੇ ਮਾਨਵ ਹੀ ਸਮਝ ਸਕਦੇ ਨੇ; ਤੇ ਅਸੀਂ ਸ਼ਬਦਾਂ ਪਿੱਛੇ ਲਾਠੀਆਂ ਚੁੱਕੀ ਦੌੜੇ ਫਿਰਦੇ ਹਾਂ।

ਉਸ ਜਗ੍ਹਾ ਤਿੰਨ ਦਿਨ ਗੁਜ਼ਰ ਗਏ, ਪਰ ਕੋਈ ਹਲਚਲ ਨਹੀਂ ਹੋਈ। ਇੱਕ ਤਾਂ ਬਾਰਡਰ 'ਤੇ ਸਖ਼ਤੀ ਸੀ, ਫਿਰ ਇਹ ਚਿੰਤਾ ਵੱਢ-ਵੱਢ ਖਾਂਦੀ ਕਿ 2200 ਯੂਰੋ ਦੁਬਾਰਾ ਭਰੇ ਬਗੈਰ ਤਾਂ ਭਾਵੇਂ ਅਸੀਂ ਮਹੀਨਾ ਬੈਠ ਰਹੀਏ। ਉਧਰ, ਪਿਸ਼ਾਬ ਵਿਚ ਲਹੂ ਜਾਣਾ ਬੰਦ ਨਹੀਂ ਸੀ ਹੋਇਆ। ਫਿਕਰ ਤੇ ਦੁਰਬਲਤਾ ਨਾਲ ਅੰਦਰੋ-ਅੰਦਰੀ ਘੁਲ ਰਿਹਾ ਸਾਂ। ਤਿੰਨਾਂ-ਚਹੁੰ ਮਹੀਨਿਆਂ ਵਿਚ ਹੀ ਸਾਰੇ ਜਵਾਨ ਬੁੱਢੇ ਜਿਹੇ ਹੋ ਗਏ ਜਾਪਦੇ ਸਨ।

ਮੇਰਾ ਬੁਖਾਰ ਫਿਰ ਤੇਜ਼ ਹੋ ਗਿਆ। ਤਿੱਖੇ ਦਰਦ ਨਾਲ ਲਹੂ-ਪਿਸ਼ਾਬ ਹਲਕਾਨ ਕਰਦਾ ਜਾਂਦਾ ਸੀ। ਇਹ ਵੀ ਤਕਰੀਬਨ ਤੈਅ ਸੀ ਕਿ ਛੇਤੀ ਕਿਤੇ ਇਥੋਂ ਡੌਂਕੀ ਨਹੀਂ ਲੱਗਣੀ, ਤੇ ਮੈਨੂੰ ਆਪਣੇ ਆਪ ਨੂੰ ਹੌਲੀ-ਹੌਲੀ ਮਰਦੇ ਜਾਣਾ ਦੇਖਣਾ ਗਵਾਰਾ ਨਹੀਂ ਸੀ। ਅਖੀਰ ਮੇਰਾ ਸਬਰ ਜਵਾਬ ਦੇ ਗਿਆ, ਹਿੰਮਤ ਮੁੱਕ ਗਈ, ਹੌਸਲੇ ਖਤਮ ਹੋ ਗਏ। ਮੈਂ ਮੋਹਕਮ ਤੋਂ 100 ਦਰ੍ਹਾਮ ਉਧਾਰ ਲਏ ਅਤੇ ਇਕੱਲੇ ਹੀ ਰਬਾਤ ਸਥਿਤ ਇੰਡੀਅਨ ਅੰਬੈਸੀ ਜਾਣ ਦਾ ਫੈਸਲਾ ਕਰ ਲਿਆ। ਘੁਸਮੁਸੇ ਜਿਹੇ ਬਾਹਰੋਂ ਤਾਲਾ ਖੁੱਲ੍ਹਣ ਦੀ ਆਵਾਜ਼ ਦੇ ਨਾਲ ਹੀ ਮੈਂ ਬਾਥਰੂਮ ਵਿਚ ਜਾ ਵੜਿਆ। ਡੌਂਕਰ ਖਾਣਾ ਦੇਣ ਲਈ ਕਮਰੇ ਅੰਦਰ ਗਿਆ ਤਾਂ ਮੈਂ ਮਲਕੜੇ ਜਿਹੇ ਕਿਵਾੜ ਖੋਲ੍ਹ ਕੇ ਫੁਰਤੀ ਨਾਲ ਬਾਹਰ ਨਿਕਲ ਗਿਆ। ਕਈ ਗਲੀਆਂ ਵਿਚੋਂ ਤੇਜ਼ੀ ਨਾਲ ਤੁਰਦਾ ਸੜਕ 'ਤੇ ਆ ਗਿਆ। ਹਨੇਰੇ ਦੀ ਚਾਦਰ ਹੌਲੀ-ਹੌਲੀ ਕਾਇਨਾਤ ਨੂੰ ਆਪਣੀ ਬੁੱਕਲ ਵਿਚ ਸਮੇਟਦੀ ਜਾ ਰਹੀ ਸੀ।

ਇਥੋਂ ਤਿਤਵਾਨ ਸ਼ਹਿਰ ਕੁਝ ਕਿਲੋਮੀਟਰ ਦੂਰ ਸੀ। ਉਥੋਂ ਰਬਾਤ ਵਾਲੀ ਬੱਸ ਫੜਨੀ ਸੀ। ਜਿਸ ਪਹਿਲੇ ਆਦਮੀ ਨੂੰ ਮੈਂ ਰੋਕ ਕੇ ਰਾਹ ਪੁੱਛਣਾ ਚਾਹਿਆ, ਉਹ ਫੌਜੀ ਵਰਦੀ ਵਿਚ ਸੀ। ਮੈਂ ਘਬਰਾ ਕੇ ਖ਼ੁਦ ਹੀ ਸਫਾਈ ਦੇਣ ਲੱਗਾ, "ਰਬਾਤ, ਇੰਡੀਅਨ ਅੰਬੈਸੀ ਜਾਣਾ ਹੈ, ਉਥੋਂ ਟਿਕਟ ਲੈ ਕੇ ਇੰਡੀਆ ਵਾਪਿਸ ਜਾਵਾਂਗਾ...।" ਉਹ ਮੈਨੂੰ ਲੈ ਕੇ ਖੁੱਲ੍ਹੇ ਵਿਚ ਲੱਗੇ ਤੰਬੂਆਂ ਵਿਚ ਜਾ ਪਹੁੰਚਾ। ਦੋ ਫੌਜੀ ਹੋਰ ਆ ਗਏ। ਮੈਨੂੰ ਆਸਾਰ ਗੰਭੀਰ ਲੱਗੇ। ਮੈਂ ਗਲਤੀ ਕਰ ਬੈਠਿਆ ਸੀ ਸ਼ਾਇਦ। ਮੈਂ ਬੌਂਦਲ ਕੇ ਅੰਗਰੇਜ਼ੀ ਵਿਚ ਤਰਲਿਆਂ ਦੀ ਲਾਈਨ ਲਾ ਦਿੱਤੀ, "ਕਈ ਦਿਨਾਂ ਤੋਂ ਭੁੱਖਾ ਹਾਂ, ਬਿਮਾਰ ਹਾਂ, ਕੋਈ ਪੈਸਾ ਨਹੀਂ, ਵਾਪਿਸ ਇੰਡੀਆ ਜਾਣਾ...।" ਨਾਲ ਹੀ ਅੱਖਾਂ ਵਿਚੋਂ ਅੱਥਰੂ ਵਹਿ ਤੁਰੇ। ਉਨ੍ਹਾਂ ਦੀ ਜਵਾਬਤਲਬੀ 'ਤੇ ਦੱਸਿਆ, "ਦੂਰੋਂ ਡੌਂਕਰਾਂ ਕੋਲੋਂ ਦੌੜਿਆ ਹਾਂ, ਹੁਣ ਉਹ ਅਗਾਂਹ ਕਿਤੇ ਚਲੇ ਗਏ ਸੀ।" ਆਖ਼ਿਰ ਬਾਕੀ ਬੇਗੁਨਾਹਾਂ ਨੂੰ ਥੋੜ੍ਹੇ ਫਸਾਉਣਾ ਸੀ!

ਇੱਕ ਸਿਪਾਹੀ ਨੇ ਮੈਨੂੰ ਦਾਲ-ਬਰੈਡ ਦੇ ਕੇ ਅੰਗਰੇਜ਼ੀ ਵਿਚ ਕਿਹਾ, "ਤੀਵੀਆਂ ਵਾਂਗ ਕਿਉਂ ਰੋ ਰਿਹੈਂ...।" ਥੋੜ੍ਹੀ ਭੁੱਖ ਹੋਣ ਦੇ ਬਾਵਜੂਦ ਦਿਖਾਵੇ ਵਜੋਂ ਮੈਨੂੰ ਖਾਣੇ 'ਤੇ ਹਾਬੜਿਆਂ ਵਾਂਗ ਟੁੱਟ ਕੇ ਪੈਣਾ ਪਿਆ। ਖਾਣੇ ਤੋਂ ਬਾਅਦ ਮੈਨੂੰ ਪੰਜ ਦਰ੍ਹਾਮ ਦੇ ਕੇ ਇੱਕ ਸਿਪਾਹੀ ਨਾਲ ਲੈ ਤੁਰਿਆ। ਦੁਨੀਆਂ ਹਾਲੇ ਤਰਸ ਖਾਣਾ ਨਹੀਂ ਸੀ ਭੁੱਲੀ ਸ਼ਾਇਦ!

ਇੱਕ ਸੜਕ 'ਤੇ ਪਹੁੰਚ ਕੇ ਉਸ ਨੇ ਚੰਗੀ ਤਰ੍ਹਾਂ ਸਮਝਾਇਆ ਕਿ ਕਿਥੇ ਜਾਣਾ ਸੀ, ਕਿਵੇਂ ਜਾਣਾ ਸੀ। ਮੈਂ ਸੌ-ਸੌ ਵਾਰ 'ਸ਼ੁਕਰਾਣ' ਕਹਿੰਦਾ ਤੁਰ ਪਿਆ। ਸਾਹਮਣੇ ਦੂਰ ਕਿਤੇ ਅਸਮਾਨ ਕਾਫੀ ਰੌਸ਼ਨ ਨਜ਼ਰ ਆ ਰਿਹਾ ਸੀ। ਅੱਧੇ ਕੁ ਘੰਟੇ ਬਾਅਦ ਭੀੜ ਭਰੇ ਬੱਸ ਸਟੌਪ 'ਤੇ ਸਾਂ। ਚਾਰੇ ਪਾਸੇ ਦੂਰ ਤਕ ਇਨਸਾਨਾਂ ਦਾ ਹੜ੍ਹ ਲਰਜ਼ ਰਿਹਾ ਸੀ। ਕੋਈ ਮੇਲਾ ਲੱਗਿਆ ਸੀ। ਹਜ਼ਾਰਾਂ ਲੋਕ ਜੀਵਨ ਦੀਆਂ ਰੰਗੀਨੀਆਂ ਦਾ ਭਰਪੂਰ ਲੁਤਫ ਲੈਣ ਵਿਚ ਰੁਝੇ ਹੋਏ ਸਨ। ਮੇਰੇ ਲਈ ਤਾਂ ਇਹ ਸਭ ਬੇਮਾਅਨਾ ਜਿਹਾ ਸੀ। ਮੈਂ ਜਿਵੇਂ ਠਾਠਾਂ ਮਾਰਦੀ ਭੀੜ ਵਿਚ ਵੀ ਇਕੱਲਾ ਖਲੋਤਾ ਸਾਂ, ਬਿਲਕੁਲ ਇਕੱਲਾ!

ਪੁੱਛ-ਪੁਛਾ ਕੇ ਬੱਸ ਵਿਚ ਚੜ੍ਹ ਗਿਆ, ਜੋ ਮੈਨੂੰ ਤਿਤਵਾਨ ਦੇ ਬੱਸ ਅੱਡੇ ਦੇ ਨੇੜੇ ਕਰੀਬ ਉਤਾਰ ਗਈ। ਉਜੜੀ ਹੋਈ ਹਾਲਤ, ਮੰਗਤਿਆਂ ਵਾਲੇ ਹੁਲੀਏ ਨਾਲ ਦੋ ਮੰਜ਼ਿਲੇ ਬੱਸ ਅੱਡੇ ਦੇ ਬੁਕਿੰਗ ਕਾਊਟਰਾਂ ਦੇ ਸਾਈਨ ਬੋਰਡ ਪੜ੍ਹਦਾ ਇਧਰ-ਉਧਰ ਘੁੰਮਣ ਲੱਗ ਪਿਆ। ਕੋਈ ਅਧੇੜ ਪਾਰਖ਼ੂ ਮੋਰੱਕੀ ਮੇਰੀ ਬਦਹਾਲੀ ਭਾਂਪ ਕੇ ਕੋਲ ਆ ਗਿਆ। ਮੈਂ ਰਬਾਤ ਦੀ ਟਿਕਟ ਪੁੱਛੀ, ਉਸ ਨੇ ਸੌ ਦਰ੍ਹਾਮ ਮੰਗੇ। ਮੈਂ ਤਰਲਿਆਂ ਨਾਲ ਨੱਬੇ ਕਰਾਏ। ਟਿਕਟ ਮਿਲ ਗਈ। ਘੰਟੇ ਕੁ ਬਾਅਦ ਬੱਸ ਮੈਨੂੰ ਲੈ ਕੇ ਰਬਾਤ ਵੱਲ ਉਡੀ ਜਾ ਰਹੀ ਸੀ।

*(ਚਲਦਾ)*

# ਜ਼ਹਿਰ



**ਚਰਨਜੀਤ ਸਿੰਘ ਸਾਹੀ**
ਫੋਨ: 317-430-6545

ਜੂਨ ਮਹੀਨੇ, ਵਿਹੜੇ ਵਿਚ ਬਣੇ ਗੁਸਲਖਾਨੇ ਦੇ ਬੂਹੇ ਅੱਗੇ ਲਾਸ਼ ਨੂੰ ਨੁਹਾਉਣ ਵਾਸਤੇ ਸਿਰ 'ਤੇ ਚਿੱਟੀਆਂ ਚੁੰਨੀਆਂ ਲਈ ਬੁੱਢੀਆਂ ਤੇ ਜਵਾਨ ਔਰਤਾਂ ਦਾ ਝੁਰਮਟ, ਕਈ ਮੌਤ ਨੂੰ ਯਾਦ ਕਰ ਸਹਿਮੀਆਂ ਹੋਈਆਂ ਪਿੱਛੇ ਖੜ੍ਹ ਕੇ ਹੈਰਾਨੀ ਤੇ ਡਰ ਨਾਲ ਵੇਖ ਰਹੀਆਂ ਸਨ ਤੇ ਸਿਆਣੀਆਂ ਅੱਗੇ ਹੋ ਨੁਹਾਉਣ ਦਾ ਕਾਰਜ ਕਰ ਰਹੀਆਂ ਸਨ। ਵਿਚ ਵਿਚ ਆਵਾਜ਼ਾਂ ਆ ਰਹੀਆਂ ਸਨ, "ਆਪਾਂ ਲੇਟ ਆਂ, ਗਰਮੀ ਬਹੁਤ ਏ, ਦਹੀਂ ਵਾਲਾ ਭਾਂਡਾ ਲਿਆਓ।"

"ਆਹ ਲਓ ਕੱਪੜੇ।" ਇਕ ਸਿਆਣੀ ਹੱਥ ਫੜ੍ਹਿਆ ਪਲਾਸਟਿਕ ਦਾ ਬੈਗ ਅੱਗੇ ਕਰ ਰਹੀ ਸੀ। ਰੋਣ ਦੀਆਂ ਭਾਂਤ ਭਾਂਤ ਦੀਆਂ ਆਵਾਜ਼ਾਂ, ਦਰੀਆਂ 'ਤੇ ਬੈਠੇ ਰਿਸ਼ਤੇਦਾਰ, ਗਵਾਂਢੀ, ਪਿੰਡ ਵਾਲੇ-ਮਰਦ ਤੇ ਤੀਵੀਆਂ। "ਬੜਾ ਦੁੱਖ ਭੋਗਿਆ ਬਿਮਾਰੀ ਨਾਲ ਸਰਦਾਰਨੀ ਨੇ, ਚਲੋ ਦੁੱਖਾਂ ਤੋਂ ਛੁਟਕਾਰਾ ਮਿਲ ਗਿਆ। ਜਾਣਾ ਤਾਂ ਇਕ ਦਿਨ ਸਭ ਨੇ ਹੈ, ਇਸ ਫਾਨੀ ਦੁਨੀਆਂ ਤੋਂ, ਮਰਨਾ ਸੱਚ ਤੇ ਜਿਉਣਾ ਝੂਠ।" ਹਰੇਕ ਆਪੋ ਆਪਣੀ ਸਮਝ ਮੁਤਾਬਕ ਦੁੱਖ ਜਾਹਰ ਕਰ ਰਿਹਾ ਸੀ। ਦਰੀ ਤੋਂ ਇਕ ਬਜ਼ੁਰਗ ਉਠ ਕੇ ਬੋਲਿਆ, "ਬਈ ਲੱਗਦਾ ਪੁੱਤਰ ਤੋਂ ਨ੍ਹੀਂ ਪਹੁੰਚ ਹੋਣਾ ਸਸਕਾਰ ਦੇ ਟੈਮ। ਪ੍ਰਾਹੁਣੇ ਨੇ ਫੋਨ ਕਰਿਆ, ਕਹਿੰਦਾ ਫਲਾਈਟ ਲੇਟ ਹੋ ਗਈ। ਦੋ ਤਾਂ ਵੱਜ'ਗੇ। ਬੀਬੀਓ, ਛੇਤੀ ਕਰੋ ਜ਼ਰਾ ਭਾਈ।" ਨਾਲ ਹੀ ਬਜ਼ੁਰਗ ਨੇ ਕੋਲ ਬੈਠੇ ਮਰਦਾਂ ਨੂੰ ਉਠਣ ਦਾ ਇਸ਼ਾਰਾ ਕੀਤਾ ਕਿ ਫੱਟਾ ਨੇੜੇ ਲੈ ਆਓ।

ਤਦੇ ਸਰਦਾਰਨੀ ਦੀ ਨੂੰਹ ਗੁਰਜੀਤ ਬਾਹਰੋਂ ਵਿਹੜੇ ਵਿਚ ਦਾਖਲ ਹੋਈ, ਸ਼ਾਇਦ ਕਾਲਜ ਤੋਂ ਆਈ ਸੀ। ਉਸ ਨਾਲ ਉਸ ਦੀਆਂ ਦੋਵੇਂ ਕੁੜੀਆਂ ਸਨ। ਉਹ ਤਿੰਨੇ ਜਣੀਆਂ ਵਿਹੜੇ ਵਿਚ ਬੈਠੇ ਮਰਦਾਂ-ਤੀਵੀਆਂ ਵਿਚੋਂ ਦੀ ਸੂਟ ਵੱਟ ਕੇ ਲੰਘ ਗਈਆਂ ਤੇ ਆਪਣੇ ਕਮਰੇ ਵਿਚ ਜਾ ਬੈਠੀਆਂ। ਇਹ ਸਭ ਵੇਖ ਦਰੀਆਂ 'ਤੇ ਬੈਠੇ ਮਰਦ-ਤੀਵੀਆਂ ਵਿਚ ਘੁਸਰ-ਮੁਸਰ ਸ਼ੁਰੂ ਹੋ ਗਈ ਤੇ ਇਕ ਮਾਈ ਦੀ ਆਵਾਜ਼ ਸਾਰੇ ਬੈਠਿਆਂ ਦੇ ਕੰਨ ਚੀਰ ਗਈ, "ਵੇਖੋ ਲੋਕੋ ਕਲਜੁਗ! ਭੈੜੀਏ ਤੇਰੀ ਮਾਂ ਵਰਗੀ ਸੱਸ ਸੀ, ਤੇਰੇ ਖਸਮ ਦੀ ਮਾਂ, ਤੇਰੀਆਂ ਧੀਆਂ ਦੀ ਦਾਦੀ। ਹੁਣ ਤਾਂ ਉਹ ਮਰ ਗਈ, ਜਿਸ ਦਿਨ ਸਹੁਰਾ ਮਰਿਆ ਸੀ ਤਾਂ ਵੀ ਪੇਕੇ ਜਾ ਬੈਠੀ, ਉਹਦੇ ਭੋਗ ਪਿੱਛੋਂ ਈ ਵਾਪਿਸ ਆਈ ਸੀ।"

ਮਾਈ ਦੇ ਕੋਲ ਬੈਠੀ ਅੱਧਖੜ ਉਮਰ ਦੀ ਔਰਤ ਥੋੜ੍ਹਾ ਖਿਸਕ ਕੇ ਨੇੜੇ ਹੋਈ ਤੇ ਮਾਈ ਦਾ ਮੋਢਾ ਹਲੂਣ ਕੇ ਦੱਬਵੀਂ ਆਵਾਜ਼ ਵਿਚ ਬੋਲੀ, "ਰਹਿਣ ਦੇ, ਰਹਿਣ ਦੇ ਮਾਤਾ, ਤੈਨੂੰ ਕੀ ਪਤਾ। ਅਸੀਂ ਤਾਂ ਗਵਾਂਢ ਵੱਸਦੇ ਆਂ, ਇਸ ਨੂੰਹ ਵਿਚਾਰੀ ਨੇ ਇਕੱਲਿਆਂ ਕਿਵੇਂ ਆਹ ਦੋਵੇਂ ਜਵਾਕੜੀਆਂ ਪਾਲੀਆਂ। ਮੁੰਡਾ ਤਾਂ ਸਰਦਾਰਨੀ ਨੇ ਚੋਰੀ ਚੋਰੀ ਬਾਹਰ ਤੋਰ ਦਿੱਤਾ, ਨੂੰਹ ਤਾਂ ਹਿਸਾਬ ਨਾਲ ਛੱਡੀ ਹੋਈ ਏ, ਬਈ ਪੋਤਾ ਨਹੀਂ ਜੰਮਿਆ। ਇਹ ਤਾਂ ਨੂੰਹ ਹੀ ਬਹਾਦਰ ਨਿਕਲੀ ਜਿਨ੍ਹੇ ਘਰ ਨਹੀਂ ਛੱਡਿਆ, ਐਨੇ ਸਾਲ ਸਤ ਰੱਖਿਆ, ਕਿਸੇ ਤੋਂ ਉਗੰਲ ਨਹੀਂ ਕਰਾਈ। ਇਹ ਵੀ ਸਰਦਾਰਾਂ ਦੀ ਧੀ ਏ, ਇਹਦੇ ਮਾਪਿਆਂ ਬਥੇਰਾ ਕਿਹਾ, 'ਕੁੜੀਏ! ਨਿਕਲ ਰੋਜ਼ ਦੇ ਕਲੇਸ਼ ਵਿਚੋਂ, ਸਾਡੇ ਕੋਲ ਆ ਜਾ, ਅਸੀਂ ਪੜ੍ਹਾਵਾਂਗੇ ਕੁੜੀਆਂ ਨੂੰ।' ਪਰ ਭਾਈ ਪਿਉ ਦੀ ਧੀ ਕਹਿੰਦੀ, ਇਨ੍ਹਾਂ ਦੀ ਹਿੱਕ 'ਤੇ ਮੂੰਗ ਦਲੂੰ, ਇਹਨੂੰ ਦੂਜਾ ਵਿਆਹ ਨਹੀਂ ਕਰਵਾਉਣ ਦੇਣਾ। ਨਾਲੇ ਧੀਆਂ ਪੜ੍ਹਾ-ਲਿਖਾ ਕੇ ਕੁਝ ਬਣਾ ਕੇ ਵਿਖਾਊਂ। ਇਹ ਵਿਚਾਰੀ ਠੋਕਰਾਂ ਖਾ ਖਾ ਪੱਥਰ ਹੋ ਗਈ।"

ਕੋਲ ਹੀ ਬੈਠੀ ਪਿੰਡ ਦੀ ਕਿਸੇ ਘਰ ਦੀ ਨੂੰਹ ਉਠ ਖੜ੍ਹੀ ਹੋਈ, "ਹਾਂ ਜੀ, ਪੱਥਰ ਦਿਲ ਵਾਲਿਆਂ ਵਿਚ ਰਹਿੰਦਾ ਬੰਦਾ ਪੱਥਰ ਹੀ ਤਾਂ ਹੋ ਜਾਂਦਾ।"

ਇੰਨੇ ਨੂੰ ਅਰਥੀ ਚਾਰ ਬੰਦਿਆਂ ਮੋਢਿਆਂ 'ਤੇ ਚੁੱਕੀ ਤੇ 'ਵਾਹਿਗੁਰੂ ਵਾਹਿਗੁਰੂ' ਕਰਦੇ ਸਭ ਪਿੱਛੇ ਪਿੱਛੇ ਮੜ੍ਹੀਆਂ ਵੱਲ ਨੂੰ ਤੁਰ ਪਏ। ਗੁਰਜੀਤ ਤੇ ਉਹਦੀਆਂ ਧੀਆਂ ਦਰਵਾਜ਼ਾ ਬੰਦ ਕਰ ਕਮਰੇ ਵਿਚ ਬੈਠੀਆਂ ਰਹੀਆਂ। ਕੁਝ ਦਿਨਾਂ ਬਾਅਦ ਸਰਦਾਰਨੀ ਦਾ ਭੋਗ ਵੀ ਪੈ ਗਿਆ ਤੇ ਸਤਨਾਮ ਕੈਨੇਡਾ ਵਾਪਿਸ ਜਾਣ ਦੀ ਤਿਆਰੀ ਕਰਨ ਲੱਗਾ।

ਸ਼ਾਮ ਦਾ ਵਕਤ ਗੁਰਜੀਤ ਵਿਹੜੇ ਵਿਚ ਮੰਜੇ 'ਤੇ ਬੈਠੀ ਸਬਜ਼ੀ ਛਿੱਲ-ਕੱਟ ਰਹੀ ਸੀ ਤੇ ਆਪਣੇ ਆਪ ਨਾਲ ਕਮਲਿਆਂ ਵਾਂਗ ਗੁੱਸੇ ਵਿਚ ਗੱਲਾਂ ਕਰਦੀ ਬੋਲੀ, "ਬੇਸ਼ਰਮ! ਹੁਣ ਸਤਾਰਾਂ ਸਾਲਾਂ ਪਿੱਛੋਂ ਕਹਿੰਦਾ ਆਪਾਂ ਇਕੱਠੇ ਰਹੀਏ, ਜਦੋਂ ਇਕੱਠੇ ਰਹਿਣ ਦਾ ਵੇਲਾ ਸੀ, ਉਦੋਂ ਮੇਰੀ ਯਾਦ ਨਹੀਂ ਸੀ ਆਈ, ਜਵਾਨੀ ਮੇਰੀ ਰੋਲ ਦਿੱਤੀ। ਮੈਂ ਜ਼ਿੰਦਗੀ ਦੀ ਸਿਖਰ ਦੁਪਹਿਰ ਤੇ ਕਾਲੀਆਂ ਰਾਤਾਂ ਇਨ੍ਹਾਂ ਧੀਆਂ ਦੇ ਗਲ ਲੱਗ ਇਕੱਲੀ ਨੇ ਕੱਟੀਆਂ ਤੇ ਹੁਣ ਜ਼ਿੰਦਗੀ ਦੀ ਸ਼ਾਮ ਵੀ ਧੀਆਂ ਸਹਾਰੇ ਕੱਟੂੰ। ਹਾਂ! ਇਹਨੇ ਮੇਰਾ ਤੇ ਕੀ ਸੋਚਣਾ ਸੀ, ਆਹ ਉਦੋਂ ਭੋਰਾ ਭੋਰਾ ਧੀਆਂ ਦਾ ਖਿਆਲ ਨਹੀਂ ਆਇਆ ਇਹਨੂੰ। ਇਕ ਦੋ ਸਾਲ ਦੀ ਸੀ, ਦੂਜੀ ਛੇ ਮਹੀਨੇ ਦੀ। ਇਹਦੇ ਮਾਪਿਆਂ ਵੀ ਆਪਣੇ ਪੁੱਤ ਦਾ ਈ ਪੱਖ ਪੂਰਿਆ, ਅਖੇ ਨੂੰਹ ਪੁੱਤ ਨਹੀਂ ਜੰਮਦੀ, ਕੁੜੀਆਂ ਜੰਮੀ ਜਾਂਦੀ ਆ। ਪੁੱਤ ਜੰਮਣਾ ਜਨਾਨੀ ਦੇ ਵੱਸ ਹੁੰਦਾ? ਇਹਦੀਆਂ ਭੈਣਾਂ ਵੀ ਕਹਿੰਦੀਆਂ, 'ਸਾਡਾ ਇੱਕੋ ਇਕ ਵੀਰ ਤਾਂ ਫਸ ਗਿਆ ਇਹਦੇ ਨਾਲ ਵਿਆਹ ਕਰਵਾ ਕੇ।' ਹੁਣ ਮੈਨੂੰ ਕੈਨੇਡਾ ਦਾ ਲਾਲਚ ਦਿੰਦਾ, ਅਖੇ ਮੈਂ ਤੁਹਾਨੂੰ ਕੈਨੇਡਾ ਬੁਲਾ ਲੈਣਾ, ਤਿੰਨਾਂ ਨੂੰ। ਮੈਨੂੰ ਵੀ ਕੈਨੇਡਾ ਤੋਂ ਸਾਰੀਆਂ ਖਬਰਾਂ ਮਿਲਦੀਆਂ ਸਨ, ਉਹ ਵੀ ਛੱਡ'ਗੀ ਇਹਨੂੰ, ਜੋ ਬਿਨ ਵਿਆਹ ਕੀਤੇ ਕੈਨੇਡਾ ਰੱਖੀ ਬੈਠਾ ਸੀ! ਉਹਦੇ ਵੀ ਕੁੜੀ ਜੰਮੀ, ਉਹਦੇ ਕੋਲੋਂ ਵੀ ਪੁੱਤ ਭਾਲਦੇ ਸੀ। ਇਹ ਕਿਤੇ ਤੀਵੀਂ ਦੇ ਵੱਸ ਹੁੰਦਾ? ਕੁੜੀਆਂ ਮੇਰੀਆਂ ਜਵਾਨ ਹੋ ਗਈਆਂ, ਵੱਡੀ ਤਾਂ ਕਹਿੰਦੀ, 'ਮਾਂ! ਮੈਂ ਡੈਡੀ ਦਾ ਮੂੰਹ ਨਹੀਂ ਵੇਖਣਾ। ਮੈਂ ਪੜ੍ਹ ਕੇ ਇਹਨੂੰ ਕੁਝ ਬਣ ਕੇ ਵਿਖਾਉਣਾ।'

ਜੇ ਕੈਨੇਡਾ ਜਾਣਾ ਹੋਇਆ, ਆਪਣੇ ਬਲਬੂਤੇ ਜਾਵਾਂਗੀਆਂ। ਜੇ ਇਹ ਸਾਨੂੰ ਬਿਪਤਾ ਵਿਚ ਛੱਡ ਗਿਆ ਸੀ, ਅਸੀਂ ਮਿਹਨਤ ਕੀਤੀ, ਰੱਬ ਸਾਡੇ ਨਾਲ ਸੀ। ਮੈਂ ਤਾਂ ਕਹਿਨੀ ਆਂ ਸ਼ੁਕਰ ਏ ਪਹਿਲਾਂ ਵਾਹਿਗੁਰੂ ਦਾ ਤੇ ਫੇਰ ਮਾਪਿਆਂ ਦਾ, ਜਿਨ੍ਹਾਂ ਪੜ੍ਹਾਇਆ, ਤੇ ਕਾਲਜ ਵਿਚ ਮੈਨੂੰ ਲੈਕਚਰਾਰ ਦੀ ਨੌਕਰੀ ਮਿਲ ਗਈ। ਇਹਨੇ ਦੁੱਖ ਬਿਨਾ ਮੈਨੂੰ ਦਿੱਤਾ ਈ ਕੀ ਐ? ਆਪ ਕੈਨੇਡਾ ਪਹੁੰਚ ਗਿਆ, ਨਿੱਤ ਨਵੀਆਂ ਰੰਨਾਂ, ਤੇ ਇਹਦੇ ਮਾਪਿਆਂ ਮੈਨੂੰ ਘਰੋਂ ਕੱਢਣ ਦੀ ਤਿਆਰੀ ਕਰ ਲਈ ਸੀ। ਜੇ ਮੈਂ ਪੁਲਿਸ ਜਾਂ ਕੋਰਟ ਦਾ ਦਰਵਾਜ਼ਾ ਨਾ ਖੜਕਾਉਂਦੀ, ਮੈਂ ਤਾਂ ਰੁਲ ਜਾਣਾ ਸੀ। ਮੈਂ ਨਿੱਕੀਆਂ ਨਿੱਕੀਆਂ ਬੱਚੀਆਂ ਨੂੰ ਲੈ ਕੇ ਆਪਣੇ ਮਾਪਿਆਂ ਦੇ ਬੂਹੇ ਤਾਂ ਨਹੀਂ ਸੀ ਬੈਠਣਾ!"

"ਕੀ ਗੱਲ ਧੀਏ ਗੁਰਜੀਤ? 'ਕੱਲੀ ਬੋਲੀ ਜਾਨੀ ਏ?" ਸਤਨਾਮ ਦੀ ਚਾਚੀ ਕਿਸ਼ਨ ਕੌਰ, ਜੋ ਗੁਰਜੀਤ ਦੀ ਦਿਲੋਂ ਹਮਦਰਦ ਸੀ, ਵਿਹੜੇ ਵੜਦੀ ਬੋਲੀ ਤੇ ਫਿਰ ਚੁਫੇਰੇ ਨਜ਼ਰ ਮਾਰਦਿਆਂ ਮੰਜੇ 'ਤੇ ਬੈਠਦੀ ਪੁੱਛਣ ਲੱਗੀ, "ਕੁੜੀਏ ਪਤਾ ਲੱਗਾ ਸਤਨਾਮ ਕੈਨੇਡਾ ਤੋਂ ਆ ਗਿਆ, ਮਾਂ ਦੇ ਭੋਗ ਪਿੱਛੋਂ? ਭੋਗ ਵਾਲੇ ਦਿਨ ਤਾਂ ਦਿਸਿਆ ਨਹੀਂ।"

"ਚਾਚੀ ਜੀ! ਪਿਛਲੇ ਸਤਾਰਾਂ ਸਾਲਾਂ ਤੋਂ ਚੰਗੀ ਭਲੀ ਨੂੰ ਕਮਲਿਆਂ ਤਾਂ ਇਸ ਟੱਬਰ ਨੇ ਕਰ ਦਿੱਤਾ। ਕਹਿੰਦੇ ਆ ਨਾ, ਜੀਹਦੀ ਕੋਠੀ ਦਾਣੇ, ਉਹਦੇ ਕਮਲੇ ਵੀ ਸਿਆਣੇ। ਇਹ ਤਾਂ ਭੋਗ ਤੋਂ ਅਗਲੇ ਦਿਨ ਪਹੁੰਚੇ, ਉਹ ਵੀ ਸਿੱਧਾ ਵੱਡੀ ਭੈਣ ਕੋਲ। ਉਹ ਤਾਂ ਧੀਆਂ ਨੇ ਮਰੀ ਮਾਂ ਨੂੰ ਹਸਪਤਾਲ ਵਿਚੋਂ ਸਿੱਧਾ ਇਥੇ ਕੋਠੀ ਵਿਚ ਚੁੱਕ ਲਿਆਂਦਾ ਸੀ, ਬਈ ਸ਼ਰੀਕਾ ਕੀ ਕਹੂ, ਮਾਂ ਜਵਾਈਆਂ ਦੇ ਬੂਹੇ 'ਤੇ ਮਰ ਗਈ। ਇਹ ਆਏ ਸੀ ਸਵੇਰੇ ਪੋਚੇ ਪਾਉਣ, ਚਲੇ ਗਏ ਆਪਣੀ ਭੈਣ ਵੱਲ। ਕਹਿੰਦੇ, ਆਹ ਸਾਰੀ ਕੋਠੀ ਖੋਲ੍ਹ ਦਿੱਤੀ ਆ, ਆਪਾਂ ਸਾਰੇ ਇਥੇ ਰਹੀਏ। ਹੁਣ ਕੈਨੇਡਾ ਲੈ ਕੇ ਜਾਣ ਦੀਆਂ ਫੂਲੀਆਂ ਪਾਉਂਦੇ ਆ। ਚਾਚੀ ਜੀ, ਤੁਸੀਂ ਹੀ ਦੱਸੋ ਮੈਂ ਕੀ ਕਰਾਂ? ਤੁਹਾਡੇ ਸਾਹਮਣੇ ਪਿਛਲੇ ਸਤਾਰਾਂ ਸਾਲ ਐਡੀ ਵੱਡੀ ਕੋਠੀ ਵਿਚੋਂ ਇਨ੍ਹਾਂ ਦੇ ਮਾਂ-ਪਿਉ ਕੋਲੋਂ ਲੜ ਕੇ ਇਕ ਕਮਰਾ ਤੇ ਰਸੋਈ ਲਏ। ਅਸੀਂ ਤਿੰਨਾਂ ਮਾਂਵਾਂ-ਧੀਆਂ ਨੇ ਹਾੜ-ਸਿਆਲ ਇਹਦੇ ਵਿਚ ਕੱਟੇ। ਤੁਹਾਨੂੰ ਪਤਾ ਈ ਆ, ਇਨ੍ਹਾਂ ਦੇ ਮਾਂ-ਬਾਪ ਆਪਣੀਆਂ ਦੋਹਤੀਆਂ ਤੇ ਦੋਹਤਿਆਂ ਨੂੰ ਕੋਲ ਰੱਖ ਕੇ ਬਥੇਰੇ ਚਾਅ-ਮਲ੍ਹਾਰ ਕਰਦੇ ਤੇ ਮੇਰੀਆਂ ਧੀਆਂ ਨੂੰ ਆਪਣੀ ਦੇਹਲੀ ਨਹੀਂ ਸੀ ਟੱਪਣ ਦਿੰਦੇ। ਸਾਰੀ ਕੋਠੀ ਸਾਂਭੀ ਬੈਠੇ ਸੀ, ਤੁਸੀਂ ਦੱਸੋ? ਹੁਣ ਮਰ ਗਏ, ਛਾਤੀ 'ਤੇ ਰੱਖ ਕੇ ਲੈ ਗਏ? ਇਹ ਧੀਆਂ ਮੈਂ ਪਿੱਛੋਂ ਲੈ ਕੇ ਆਈ ਸਾਂ? ਮੈਨੂੰ ਇਹ ਸਾਲਾਂ ਬੱਧੀ ਸਜ਼ਾ ਕਿਉਂ ਦਿੱਤੀ? ਪਿਉ ਇਨ੍ਹਾਂ ਦਾ ਬਾਹਰ ਭਜਾ ਦਿੱਤਾ ਜਾਂ ਭੱਜ ਗਿਆ ਸੀ ਪਰ ਇਨ੍ਹਾਂ ਦੀਆਂ ਵੀ ਤਾਂ ਪੋਤੀਆਂ ਲੱਗਦੀਆਂ ਸਨ, ਕਿਸੇ ਨੇ ਵਾਤ ਨਹੀਂ ਪੁੱਛੀ। ਇਹ ਤਾਂ ਕੈਨੇਡਾ ਰੰਗ-ਰਲੀਆਂ ਮਨਾਉਂਦੇ ਰਹੇ, ਤੁਹਾਨੂੰ ਪਤਾ ਈ ਐ, ਮੈਂ ਗੁਜ਼ਾਰਾ ਆਪਣੀ ਤਨਖਾਹ ਨਾਲ ਕੀਤਾ। ਘਰ ਦਾ ਖਰਚ, ਕੁੜੀਆਂ ਦੀ ਪੜ੍ਹਾਈ, ਟਿਊਸ਼ਨਾਂ ਦੇ ਪੈਸੇ-ਥੋੜ੍ਹਾ ਖਰਚਾ ਹੁੰਦਾ ਕਿਤੇ? ਨਾ ਇਨ੍ਹਾਂ ਬਾਹਰੋਂ ਧੇਲਾ ਭੇਜਿਆ, ਨਾ ਇਨ੍ਹਾਂ ਦੇ ਮਾਂ-ਬਾਪ ਨੇ ਦਵਾਨੀ ਦਿੱਤੀ। ਥੋੜ੍ਹਾ ਪੈਸਾ ਸੀ ਇਨ੍ਹਾਂ ਕੋਲ? ਚਾਚੀ ਜੀ! ਚਲੋ ਛੱਡੋ, ਆਹ ਮੂੰਹ ਮਿੱਠਾ ਕਰੋ।"



ਗੁਰਜੀਤ ਨੇ ਲੱਡੂਆਂ ਵਾਲਾ ਡੱਬਾ ਚਾਚੀ ਵੱਲ ਵਧਾਉਂਦਿਆਂ ਕਿਹਾ।

"ਨੂੰਹ ਰਾਣੀਏ, ਇਹ ਕਾਹਦਾ?" ਤੁਹਾਡੀ ਪੋਤੀ ਨੂੰ ਮੈਡੀਕਲ ਕਾਲਜ ਵਿਚ ਦਾਖਲਾ ਮਿਲ ਗਿਐ। ਤਾਹੀਂ ਤਾਂ ਅੱਗੇ ਪਿੱਛੇ ਫਿਰਦੇ ਨੇ ਹੁਣ। ਕੁੜੀਆਂ ਕਹਿੰਦੀਆਂ, ਅਸੀਂ ਬਾਹਰ ਜਾਣਾ ਹੋਇਆ ਤਾਂ ਆਪਣੀ ਪੜ੍ਹਾਈ ਦੇ ਸਿਰ 'ਤੇ ਜਾਣਾ, ਪਿਉ ਦਾ ਅਹਿਸਾਨ ਨਹੀਂ ਲੈਣਾ। ਚਾਚੀ ਜੀ, ਹੋਰ ਸੁਣ ਲਉ! ਹੁਣ ਆਪੀਂ ਦੱਸ ਕੇ ਗਏ, ਇਨ੍ਹਾਂ ਨੂੰ ਮੇਰੇ ਸੱਸ ਸਹੁਰੇ ਨੇ ਬੇਦਖਲ ਕੀਤਾ ਹੋਇਆ ਸੀ ਤਾਂਕਿ ਮੈਂ ਜਾਇਦਾਦ ਵਿਚੋਂ ਹਿੱਸਾ ਨਾ ਮੰਗਾਂ। ਸਹੁਰਾ ਮੇਰਾ ਆਪਣੀਆਂ ਤਿੰਨੇ ਧੀਆਂ ਦੇ ਨਾਂ ਵਸੀਅਤ ਕਰ ਗਿਆ। ਕੁੜੀਆਂ ਤੇ ਪ੍ਰਾਹੁਣੇ ਹੱਥ-ਪੱਲਾ ਨਹੀਂ ਫੜ੍ਹਾਉਂਦੇ, ਹੁਣ ਆਪ ਇਹ ਰੋਂਦੇ ਫਿਰਦੇ। ਸਾਰੇ ਭੈਣ-ਭਰਾ ਛੱਡ ਗਏ। ਕੀ ਦੱਸਾਂ ਚਾਚੀ ਜੀ! ਅੱਜ ਸਤਾਰਾਂ ਸਾਲਾਂ ਪਿੱਛੋਂ ਮੇਰੇ ਨਾਲ ਬੋਲੇ। ਤੁਹਾਨੂੰ ਪਤਾ ਈ ਏ, ਚੋਰੀ ਆਉਂਦੇ ਸੀ ਭੈਣ ਦੇ ਘਰ, ਮਾਂ-ਬਾਪ ਨੂੰ, ਮੇਰੇ ਤੇ ਕੁੜੀਆਂ ਤੋਂ ਚੋਰੀ ਮਿਲ ਕੇ ਵਾਪਿਸ ਕੈਨੇਡਾ ਮੁੜ ਜਾਂਦੇ ਸਨ।"

"ਹਾਂ ਧੀਏ, ਤੂੰ ਕੇਸ ਜੋ ਕੀਤਾ ਸੀ, ਡਰਦਾ ਹੋਣਾ।" ਚਾਚੀ ਨੇ ਵੀ ਸੱਚੀ ਗੱਲ ਆਖ ਦਿਤੀ।

"ਕੇਸ ਨਾ ਕਰਦੀ ਤਾਂ ਮੈਨੂੰ ਘਰੋਂ ਕੱਢ ਦੇਣਾ ਸੀ।"

"ਧੀਏ, ਸਬਰ ਕਰ! ਤੈਨੂੰ ਪਤਾ ਈ ਏ, ਮੇਰੇ ਹਾਲਾਤ ਵੀ ਤੇਰੇ ਸਾਹਮਣੇ ਹਨ, ਤੇਰੇ ਚਾਚਾ ਜੀ ਦੇ ਐਕਸੀਡੈਂਟ ਵਿਚ ਗੁਜਰ ਜਾਣ ਪਿੱਛੋਂ ਕਿਵੇਂ ਇਕੱਲੀ ਨੇ ਧੀਆਂ ਤੇ ਪੁੱਤ ਪਾਲਿਆ, ਪੜ੍ਹਾਏ-ਲਿਖਾਏ ਤੇ ਵਿਆਹੇ। ਜੇ ਮੈਂ ਵੀ ਟੀਚਰ ਨਾ ਲੱਗੀ ਹੁੰਦੀ, ਔਖਾ ਸੀ। ਐਜੂਕੇਸ਼ਨ ਔਰਤ ਦਾ ਸਭ ਤੋਂ ਵੱਡਾ ਗਹਿਣਾ ਹੈ, ਜੋ ਕੋਈ ਨਹੀਂ ਖੋਹ ਸਕਦਾ ਤੇ ਔਖੇ ਵੇਲੇ ਤੁਹਾਡੇ ਕੰਮ ਆਉਂਦੀ ਹੈ। ਜੇ ਜ਼ਿੰਦਗੀ ਵਿਚ ਮੁਸੀਬਤ ਆਉਂਦੀ ਹੈ ਤਾਂ ਪਰਮਾਤਮਾ ਕੋਈ ਨਾ ਕੋਈ ਵਸੀਲਾ ਬਣਾ ਦਿੰਦਾ ਹੈ। ਬੱਸ ਹਿੰਮਤ ਤੇ ਹੌਂਸਲਾ ਰੱਖਣਾ ਹੀ ਸਿਆਣਪ ਹੈ।"

---

ਚਾਚੀ ਕਿਸ਼ਨ ਕੌਰ ਨੇਕ ਔਰਤ ਸੀ ਤੇ ਬਹੁਤਾ ਸਮਾਂ ਪਿੰਡ ਦੇ ਸਰਕਾਰੀ ਸਕੂਲ ਵਿਚ ਟੀਚਰ ਰਹੀ। ਉਸ ਨੇ ਹੀ ਗੁਰਜੀਤ ਨੂੰ ਘਰ ਨਾ ਛੱਡਣ ਦੀ ਸਲਾਹ ਦਿੱਤੀ ਸੀ ਤੇ ਕਿਹਾ ਸੀ, ਕੁੜੀਆਂ ਨੂੰ ਵੱਧ ਤੋਂ ਵੱਧ ਪੜ੍ਹਾਈਂ। ਉਸ ਨੇ ਇਕ ਦਿਨ ਗੁਰਜੀਤ ਨੂੰ ਸਹੁਰੇ ਘਰ ਦੀ ਢਹਿੰਦੀ ਕਲਾ ਵੱਲ ਜਾਣ ਦੇ, ਆਪਣੀ ਸੋਚ ਮੁਤਾਬਿਕ ਕਾਰਨ ਵੀ ਦੱਸੇ, "ਤੈਨੂੰ ਵੀ ਧੀਏ ਪਤਾ ਈ ਏ ਕਿ ਸਾਡਾ ਸਹੁਰਾ ਤਹਿਸੀਲਦਾਰ ਸੀ ਤੇ ਇਨ੍ਹਾਂ ਦੀ ਜੱਦੀ ਜਮੀਨ ਜਾਇਦਾਦ ਥੋੜ੍ਹੀ ਹੀ ਸੀ। ਪਤਾ ਨਹੀਂ ਕਿਸ ਕਿਸ ਮਜਬੂਰ ਤੇ ਗਰੀਬ ਦੇ ਹੱਕ ਮਾਰੇ ਤੇ ਲਹੂ ਪੀਤਾ। ਠੱਗੀਆਂ ਮਾਰ ਮਾਰ ਆਹ ਪੰਜਾਹ ਕਿਲੇ ਪੈਲੀ ਬਣਾ ਲਈ। ਮੈਨੂੰ ਪਤਾ, ਜਦ ਮੈਂ ਵਿਆਹੀ ਆਈ ਸੀ, ਸਹੁਰੇ ਮੇਰੇ ਨੂੰ ਦੋ ਸਾਲ ਹੋ ਗਏ ਸੀ ਮੰਜੇ 'ਤੇ ਗੋਡੇ ਗਿੱਟੇ ਰਗੜਦਿਆਂ, ਮੌਤ ਨਹੀਂ ਸੀ ਆਉਂਦੀ। ਇਸੇ ਹੀ ਜਾਇਦਾਦ ਦੇ ਨਸ਼ੇ ਨੇ ਤੇਰੇ ਚਾਚੇ ਤੇ ਮੇਰੇ ਜੇਠ ਯਾਨਿ ਤੇਰੇ ਸਹੁਰੇ ਨੂੰ ਹੱਡ ਭੰਨ ਕੇ ਕੰਮ ਈ ਨਹੀਂ ਕਰਨ ਦਿੱਤਾ। ਅੱਗੋਂ ਉਨ੍ਹਾਂ ਦੇ ਪੁੱਤਰਾਂ-ਤੇਰੇ ਘਰਵਾਲੇ ਤੇ ਮੇਰੇ ਪੁੱਤ ਨੇ ਡੱਕਾ ਨਹੀਂ ਤੋੜਿਆ। ਹੁਣ ਸਤਨਾਮ ਭਾਵੇਂ ਕੈਨੇਡਾ ਜਾ ਕੇ ਕੰਮ ਕਰਦਾ ਹੋਵੇ, ਪਤਾ ਨਹੀਂ? ਮੇਰੇ ਨੇ ਤਾਂ ਵੇਚਣ ਨੂੰ ਵਾਢਾ ਲਾ'ਤਾ। ਅੱਧੀ ਵੇਚ ਕੇ ਖਾ ਵੀ ਲਈ ਤੇ ਤੁਹਾਡੇ ਵਾਲੀ ਵੈਸੇ ਜਵਾਈਆਂ ਸਾਂਭ ਲਈ। ਸਤਨਾਮ ਤਾਂ ਕੈਨੇਡਾ ਜਾ ਬੈਠਾ, ਮੈਨੂੰ ਤਾਂ ਧੀਏ ਰੱਬ ਨੇ ਪੋਤੀ ਵੀ ਨਹੀਂ ਦਿੱਤੀ। ਪਤਾ ਨਹੀਂ ਇਸ ਘਰ ਨੂੰ ਕਿਸ ਗਰੀਬ ਤੇ ਲਾਚਾਰ ਦੀਆਂ ਬਦਅਸੀਸਾਂ ਲੱਗੀਆਂ ਕਿ ਘਰ ਦਾ ਬੂਟਾ ਨਹੀਂ ਲੱਗਿਆ। ਜਿਵੇਂ ਹਰਾਮ ਦੀ ਜਾਇਦਾਦ ਆਈ, ਉਵੇਂ ਚਲੀ ਜਾਣੀ।"

"ਕੋਈ ਨ੍ਹੀਂ ਚਾਚੀ ਜੀ, ਆਹ ਪੋਤੀਆਂ ਤੁਹਾਡੀਆਂ ਨੇ। ਤੁਸੀਂ ਨੂੰਹ ਪੁੱਤ ਨਾਲ ਤਾਂ ਪਿਆਰ ਨਾਲ ਰਹਿੰਦੇ ਓਂ, ਨਾਲੇ ਤੁਸੀਂ ਤੇ ਮੈਂ ਨੌਕਰੀ ਕਰਕੇ ਦਸਾਂ ਨਹੂੰਆਂ ਦੀ ਕਮਾਈ ਖਾਂਦੇ ਆਂ।"

---

ਅਗਲੇ ਦਿਨ ਐਤਵਾਰ ਨੂੰ ਸਵੇਰੇ ਚਾਚੀ ਨੂੰ ਨਾਲ ਲੈ ਕੇ ਸਤਨਾਮ ਗੁਰਜੀਤ ਕੋਲ ਘਰ ਆਇਆ। ਗੁਰਜੀਤ ਚਾਹ ਦਾ ਕੱਪ ਫੜ੍ਹੀ ਵਿਹੜੇ ਵਿਚ ਕੁਰਸੀ 'ਤੇ ਬੈਠੀ ਸੀ। ਬੇਟੀਆਂ ਛੁੱਟੀ ਹੋਣ ਕਰਕੇ ਅਜੇ ਸੁੱਤੀਆਂ ਪਈਆਂ ਸਨ।

"ਗੁਰਜੀਤ, ਸਤਨਾਮ ਤਾਂ ਰਾਤ ਹੀ ਸਾਡੇ ਘਰ ਆ ਗਿਆ ਸੀ।" ਕਿਸ਼ਨ ਕੌਰ ਨੇ ਸਤਨਾਮ ਦੀ ਬਾਂਹ ਫੜ੍ਹ ਅੱਗੇ ਨੂੰ ਕੀਤਾ ਤੇ ਕਿਹਾ, "ਕਹਿ ਮੁੰਡਿਆ ਹੁਣ ਜੋ ਕਹਿਣਾ ਚਾਹੁੰਦਾ ਏ।" ਗੁਰਜੀਤ ਨੇ ਕੁਰਸੀ ਛੱਡ ਚਾਚੀ ਨੂੰ ਬੈਠਣ ਨੂੰ ਕਿਹਾ ਤੇ ਦੋ ਹੋਰ ਕੁਰਸੀਆਂ ਖਿੱਚ ਲਿਆਈ ਤੇ ਬੋਲੀ, "ਚਾਚੀ ਜੀ, ਇਹ ਕੀ ਕਹਿਣਗੇ? ਮੈਂ ਵੀ ਇਨਸਾਨ ਆਂ, ਪੱਥਰ ਤਾਂ ਨਹੀਂ। ਇਹ ਮੋੜ ਦੇਣਗੇ ਮੇਰਾ ਬੀਤਿਆ ਸਮਾਂ ਤੇ ਧੀਆਂ ਦਾ ਬਚਪਨ ਜੋ ਪਿਉ ਦੇ ਪਿਆਰ ਤੇ ਸਹਾਰੇ ਬਿਨਾ ਕੱਟਿਆ?" ਨਾਲ ਹੀ ਚਿਰਾਂ ਤੋਂ ਅੱਖਾਂ ਵਿਚ ਪੱਥਰ ਹੋਏ ਹੰਝੂ ਬਰਸਾਤ ਬਣ ਕਿਰਨ ਲੱਗੇ ਤੇ ਰੋਂਦਿਆਂ ਉਹਦੀ ਆਪ ਮੁਹਾਰੇ ਚੀਕ ਨਿਕਲ ਗਈ। ਚੀਕ ਸੁਣ ਦੋਵੇਂ ਕੁੜੀਆਂ ਅੱਖਾਂ ਮਲਦੀਆਂ ਕਮਰੇ 'ਚੋਂ ਬਾਹਰ ਆ ਗਈਆਂ ਤੇ ਹੈਰਾਨ ਹੋ ਮਾਂ ਦੇ ਸਰਹਾਣੇ ਕੁਰਸੀ ਕੋਲ ਖੜ੍ਹ ਗਈਆਂ।

ਸਤਨਾਮ ਮੂੰਹ ਹੇਠਾਂ ਨੂੰ ਕਰ ਕੁਰਸੀ 'ਤੇ ਬੈਠਾ ਸੀ। ਗੁਰਜੀਤ ਨੂੰ ਇਸ ਹਾਲਤ ਵਿਚ ਵੇਖ ਉਹਦੇ ਸੀਨੇ ਵਿਚ ਜਿਵੇਂ ਖੰਜਰ ਖੁੱਭ ਗਿਆ ਹੋਵੇ, ਉਹ ਕੁਰਸੀ ਤੋਂ ਉਠਿਆ, "ਗੁਰਜੀਤ ਬੱਸ! ਮੈਂ ਤੇਰਾ ਬੀਤਿਆ ਸਮਾਂ ਨਹੀਂ ਵਾਪਿਸ ਕਰ ਸਕਦਾ ਪਰ ਮੈਂ ਤੈਨੂੰ ਤੇ ਆਪਣੀਆਂ ਧੀਆਂ ਨੂੰ ਰਹਿੰਦੀ ਜ਼ਿੰਦਗੀ ਪੂਰਾ ਪਿਆਰ-ਸਤਿਕਾਰ ਦੇਊਂ ਤੇ ਏਨਾ ਸੁੱਖੀ ਰੱਖਣ ਦੀ ਕੋਸ਼ਿਸ਼ ਕਰੂੰ ਕਿ ਤੁਹਾਨੂੰ ਪਿਛਲਾ ਬੀਤਿਆ ਸਮਾਂ ਭੁੱਲ ਜਾਵੇ। ਮੈਂ ਤੁਹਾਡੇ ਤਿੰਨਾਂ ਕੋਲੋਂ ਆਪਣੇ ਗੁਨਾਹਾਂ ਦੀ ਮੁਆਫੀ ਮੰਗਦਾਂ। ਇਹ ਸਭ ਮੈਂ ਆਪਣੀ ਮਾਂ ਸਮਾਨ ਚਾਚੀ ਅਤੇ ਆਪਣੀਆਂ ਧੀਆਂ ਦੀ ਹਾਜ਼ਰੀ ਵਿਚ ਕਹਿਨਾਂ।" ਐਨਾ ਆਖ ਸਤਨਾਮ ਦੀਆਂ ਅੱਖਾਂ ਵੀ ਤਰ ਹੋ ਗਈਆਂ ਤੇ ਉਹਦੇ ਕੰਬਦੇ ਹੱਥ ਗੁਰਜੀਤ ਅੱਗੇ ਜੁੜ ਗਏ।

"ਔਰਤ ਤਾਂ ਮੋਮ ਸਮਾਨ ਹੈ, ਪਿਆਰ ਸਤਿਕਾਰ ਨਾਲ ਝੱਟ ਪਿਘਲ ਜਾਂਦੀ ਹੈ। ਮਰਦ ਹੀ ਪੱਥਰ ਹੈ, ਉਤੋਂ ਸਾਡਾ ਸਮਾਜ ਹੈ ਹੀ ਮਰਦ ਪ੍ਰਧਾਨ! ਔਰਤ ਜਾਤ ਹੀ ਹੈ ਜਿਸ ਕਰਕੇ ਅਜੇ ਵੀ ਸਾਡੇ ਪਰਿਵਾਰਕ ਰਿਸ਼ਤੇ ਬਚੇ ਹਨ। ਐਨੇ ਦੁੱਖ-ਤਕਲੀਫਾਂ ਝੱਲ ਕੇ ਵੀ ਘਰ ਨੂੰ ਟੁੱਟਣ ਤੋਂ ਬਚਾਉਣ ਦੀ ਕੋਸ਼ਿਸ਼ ਕਰਦੀ ਹੈ।" ਕਹਿੰਦਿਆਂ ਚਾਚੀ ਦੀਆਂ ਦੀਆਂ ਅੱਖਾਂ ਵਿਚੋਂ ਵੀ ਪਰਲ ਪਰਲ ਹੰਝੂ ਵਹਿ ਤੁਰੇ।

"ਪਲੀਜ਼ ਚਾਚੀ ਜੀ! ਇਸ ਤਰ੍ਹਾਂ ਨਾ ਕਰੋ।" ਤਿੰਨੇ ਮਾਂਵਾਂ-ਧੀਆਂ ਚਾਚੀ ਦੇ ਹੰਝੂ ਪੂੰਝਣ ਲੱਗੀਆਂ।

"ਚਾਚੀ ਜੀ ਹੁਣ ਤੱਕ ਤੁਹਾਡੇ ਦਿੱਤੇ ਹੌਂਸਲੇ ਤੇ ਪਿਆਰ ਸਦਕਾ ਮੈਂ ਟੁੱਟੀ ਨਹੀਂ ਤੇ ਹੁਣ ਵੀ ਤੁਹਾਡੀ ਰਾਏ ਤੇ ਅਸ਼ੀਰਵਾਦ ਚਾਹੀਦਾ ਹੈ।" ਇੰਨਾ ਕਹਿੰਦੀ ਗੁਰਜੀਤ ਆਪਣੀ ਕੁਰਸੀ ਖਿੱਚ ਚਾਚੀ ਨਾਲ ਜੋੜ ਕੇ ਬੈਠ ਗਈ।

"ਜੇ ਤੁਸੀਂ ਮੈਨੂੰ ਮਾਂ ਕਹਿੰਦੇ ਹੋ, ਆਹ ਮੇਰੇ ਦੋਵੇਂ ਹੱਥ ਤੁਹਾਡੇ ਮੂਹਰੇ ਜੋੜੇ, ਇਨ੍ਹਾਂ ਕੁੜੀਆਂ ਕਰਕੇ ਭੁੱਲ ਜਾਓ ਬੀਤਿਆ ਸਮਾਂ, ਥੁੱਕ ਦਿਉ ਗੁੱਸੇ-ਗਿਲੇ। ਅੱਜ ਤੋਂ ਕਰੋ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਤੇ ਰਲ ਕੇ ਮਾਣੋ ਖੁਸ਼ੀਆਂ ਜੋ ਬੀਤੇ ਵਿਚ ਨਹੀਂ ਮਾਣ ਸਕੇ।" ਚਾਚੀ ਨੇ ਕੁਰਸੀ ਤੋਂ ਉਠ ਕੇ ਗੁਰਜੀਤ ਦਾ ਹੱਥ ਸਤਨਾਮ ਦੇ ਹੱਥ ਫੜ੍ਹਾ ਦਿੱਤਾ ਤੇ ਸਤਨਾਮ ਨੇ ਗੁਰਜੀਤ ਨੂੰ ਘੁੱਟ ਕੇ ਸੀਨੇ ਲਾ ਲਿਆ।

ਗੁਰਜੀਤ ਦਾ ਗੁੱਸੇ ਦਾ ਜ਼ਹਿਰ ਇਉਂ ਸ਼ਾਂਤ ਹੋ ਗਿਆ ਜਿਵੇਂ ਕਿਸੇ ਸਪੇਰੇ ਨੇ ਗੁਰਜੀਤ ਦੇ ਮਣਕਾ ਲਾ ਸਾਰਾ ਜ਼ਹਿਰ ਚੂਸ ਲਿਆ ਹੋਵੇ। ਇਹ ਵੇਖ ਕੋਲ ਖੜ੍ਹੀਆਂ ਧੀਆਂ ਦੇ ਵੀ ਖੁਸ਼ੀ ਦੇ ਅੱਥਰੂ ਧਰਤੀ 'ਤੇ ਡਿੱਗਣ ਲੱਗੇ।

## ਕੁਦਰਤ ਤੇ ਔਰਤ

ਉਹ ਦੇਖ, ਕੋਂਪਲ ਫੁੱਟੀ
ਹਰੀ ਕਚੂਰ, ਭਾਅ ਮਾਰਦੀ
ਆਲੇ-ਦੁਆਲੇ ਦਾ
ਦਿਲ ਲੁਭਾਉਂਦੀ
ਮਿੱਠਾ ਮਿੱਠਾ ਮੁਸਕਰਾਂਦੀ
ਕਾਦਰ ਵੱਲ ਬਾਹਾਂ ਉਲਾਰਦੀ।

ਉਹ ਵਾਰੇ ਵਾਰੇ ਜਾਂਦਾ
ਪੱਖਾ ਫੇਰੇ, ਪਾਣੀ ਢੋਂਦਾ
ਕਿਤੇ ਮੁਰਝਾਏ ਨਾ
ਸੁੱਕ ਜਾਏ ਨਾ
ਮੇਰੀ ਨੰਨ੍ਹੀ ਕਲੀ
ਬਸ ਇਹੀ ਚਾਹੁੰਦਾ।

ਉਹ ਖਿੜਦੀ
ਖਿੜ ਖਿੜ ਹੱਸਦੀ
ਆਲੇ-ਦੁਆਲੇ ਤੱਕਦੀ
ਖੁਸ਼ੀ ਠੱਲ੍ਹ ਨਾ ਸਕਦੀ
ਆਹ! ਕਿਹਾ ਨਜ਼ਾਰਾ
ਮੇਰਾ ਜਗ ਸਾਰਾ
ਅਨਭੋਲ ਵਿਚਾਰੀ
ਆਪਣੇ-ਪਰਾਏ ਦਾ
ਭੇਦ ਨਾ ਜਾਣਦੀ।

ਇੱਕ ਦਿਨ ਕਦੀ
ਅਣ ਕਿਆਸਾ ਝਖੜ ਝੁੱਲਦਾ
ਅੱਧਖਿੜੀ ਕਲੀ
ਮਧੋਲਦਾ, ਲਤਾੜਦਾ
ਖੇਰੂੰ ਖੇਰੂੰ ਕਰਦਾ ਸਰਾਪਦਾ।

ਆਪਣੇ ਮਾਲੀ ਦੇ ਮੋਹ ਸਦਕਾ
ਉਹ ਮਿੱਧੀ ਕਲੀ
ਫੇਰ ਸਾਹ ਭਰਦੀ, ਉਠ ਖੜ੍ਹਦੀ
ਹੌਲੀ ਹੌਲੀ ਗਵਾਚੇ
ਨਕਸ਼ ਭਾਲਦੀ
ਬੀਤੇ ਪਲ ਵਿਸਾਰਦੀ।

ਫੇਰ ਵਿਗਸਦੀ, ਮੌਲਦੀ
ਆਪਣੀ ਮੌਜ ਸਵਾਰਦੀ
ਹਰੀ ਕਚੂਰ ਤੋਂ ਗੂੜ੍ਹੀ
ਸਾਵੀ ਹੁੰਦੀ, ਨਿਖਰਦੀ
ਆਲਾ-ਦੁਆਲਾ ਸ਼ਿੰਗਾਰਦੀ
ਫੇਰ ਰੁੱਤ ਹੱਸਦੀ
ਫੇਰ ਰੁੱਤ ਨੱਸਦੀ
ਜੋਬਨ ਰੁੱਤ ਮਾਣਦੀ
ਅਗਨ ਰੁੱਤ ਛਾਣਦੀ
ਇਕ ਮਘਦਾ ਸੀਨਾ ਭਾਲਦੀ
ਅੱਗ ਨਾਲ ਅੱਗ ਰਲਦੀ
ਲਟ ਲਟ ਬਲਦੀ

ਆਪਣੀ ਹਸਤੀ ਭੁੱਲ
ਇੱਕ ਮਿੱਕ ਹੁੰਦੀ
ਰੂਹ ਤਾਈਂ ਠਾਰਦੀ।

ਛਮ ਛਮ ਮੀਂਹ ਵਰ੍ਹਦਾ
ਧੁਰ ਅੰਦਰ ਲਹਿੰਦਾ
ਕਣ ਕਣ ਮਹਿਕ ਉਠਦਾ
ਭਿੱਜ ਭਿੱਜ, ਸਿੰਜ ਸਿੰਜ
ਮੂੰਹ ਮੱਥਾ ਚਮਕਦਾ
ਸੁੱਚਾ ਸੁੱਚਾ ਹੁੰਦਾ
ਹਸਤੀ ਅੰਦਰ ਹਸਤੀ
ਪਨਪਦੀ, ਟਹਿਕਦੀ
ਜੋਤ ਤੋਂ ਜੋਤ ਜਗਦੀ।

ਫੇਰ ਤੋਂ ਮੌਲਦੀ, ਰੰਗ ਭਰਦੀ
ਰੂਪ ਬਦਲ ਜਾਂਦੇ
ਰੰਗ ਬਦਲ ਜਾਂਦੇ
ਆਪਣੇ ਵਰਗੇ ਹੀ
ਕਈ ਹੋਰ ਨਕਸ਼ ਖਿੱਲਰ ਜਾਂਦੇ
ਇੰਜ ਕੁਦਰਤ
ਆਪਣੀ ਖੇਡ ਖਿਲਾਰਦੀ।

ਰੰਗ ਹੋਰ ਵੀ ਗੂੜ੍ਹੇ
ਹੋਰ ਗੂੜ੍ਹੇ ਹੋ ਜਾਂਦੇ
ਲਾਲ, ਪੀਲੇ, ਨਾਰੰਗੀ
ਗੁਲਾਬੀ, ਗੁਲਾਨਾਰੀ
ਹੁਸਨ ਸਿਖਰ 'ਤੇ
ਸਾਂਭਿਆ ਨਾ ਸੰਭਲਦਾ
ਡੁੱਲ੍ਹ ਡੁੱਲ੍ਹ ਪੈਂਦਾ
ਝਰ ਝਰ ਝਰਦਾ
ਪੱਤਾ ਪੱਤਾ ਹੋ, ਰੇਸ਼ਾ ਰੇਸ਼ਾ ਹੋ
ਹਰ ਪਾਸੇ ਖਿੱਲਰ ਜਾਂਦਾ।

ਘਰ ਦੇ ਹਰ ਜੀ ਵਿਚ ਦਿਸਦਾ
ਬਾਗ ਦੀ ਹਰ ਲੀਹ ਵਿਚ ਦਿਸਦਾ
ਆਪਾ ਵਾਰ ਵਾਰ ਖੁਸ਼ ਹੁੰਦੀ
ਬਹਾਰ ਤੋਂ ਫੇਰ ਖਿਜ਼ਾ ਹੁੰਦੀ
ਫੇਰ ਤੋਂ ਨਵੀਆਂ ਕੋਂਪਲਾਂ ਫੁੱਟਦੀਆਂ
ਖਿੜਦੀਆਂ, ਮੌਜਾਂ, ਬਹਾਰਾਂ ਲੁੱਟਦੀਆਂ
ਘਰ ਆਂਗਣ ਹੂੰਝ ਹੂੰਝ ਲਿਸ਼ਕੋਣ ਦੀਆਂ
ਸਾਰੇ ਕਿਰੇ ਪੱਤੇ 'ਕੱਠੇ ਕਰਦੀਆਂ
ਦਰਾਂ ਤੋਂ ਦੂਰ ਜਾ ਦਫਨਾਉਂਦੀਆਂ
ਬਸ ਇੰਜ ਦੁਆ ਬਣਦੀ
ਕਦੇ ਅਸੀਸ ਹੁੰਦੀ
ਫਿਰ ਇੱਕ ਔਰਤ,
ਕੁਦਰਤ ਬਣਦੀ ਜਾਂ
ਕੁਦਰਤ ਵੀ ਔਰਤ ਦੀ
ਹੀ ਤਸਵੀਰ ਹੁੰਦੀ।

*-ਜਤਿੰਦਰ ਰੰਧਾਵਾ*
*ਫੋਨ: 647-982-2390*

# ਕਿੱਥੋਂ ਆਈ ਖਤਾਈ?

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਹਰ ਭਾਸ਼ਾ ਵਿਚ ਕੁਝ ਇਕ ਸ਼ਬਦ ਸਥਾਨ, ਨਾਂਵਾਂ ਤੋਂ ਬਣੇ ਹੁੰਦੇ ਹਨ। ਕੋਈ ਚੀਜ਼ ਪਹਿਲਾਂ ਪਹਿਲਾਂ ਜਿਸ ਦੇਸ਼, ਸ਼ਹਿਰ, ਪਿੰਡ ਜਾਂ ਕਿਸੇ ਥਾਂ ਤੋਂ ਮਿਲੀ ਜਾਂ ਬਣੀ, ਉਸੇ ਦੇ ਨਾਂ 'ਤੇ ਚੀਜ਼ ਦਾ ਨਾਂ ਚੱਲ ਪੈਂਦਾ ਹੈ। ਅੰਗਰੇਜ਼ੀ ਭਾਸ਼ਾ ਵਿਚ ਅਜਿਹੇ ਬਹੁਤ ਸਾਰੇ ਸ਼ਬਦ ਮਿਲ ਜਾਂਦੇ ਹਨ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਅੱਧੀ ਦੁਨੀਆਂ 'ਤੇ ਰਾਜ ਕਰਨ ਵਾਲੇ ਅੰਗਰੇਜ਼ਾਂ ਨੇ ਘਾਟ ਘਾਟ ਦਾ ਪਾਣੀ ਪੀਤਾ ਤੇ ਸ਼ਬਦਾਂ ਦੇ ਰੂਪ ਵਿਚ ਵਣ ਵਣ ਦੀ ਲੱਕੜ ਇਕੱਠੀ ਕੀਤੀ। ਜਿਥੇ ਕਿਤੇ ਵੀ ਕੋਈ ਨਵੀਂ ਚੀਜ਼ ਮਿਲੀ ਉਸੇ ਥਾਂ ਦਾ ਨਾਂ ਚੀਜ਼ ਨੂੰ ਦੇ ਦਿੱਤਾ। ਜੋਧਪੁਰ (ਬਿਰਜਿਸ), ਕੈਸ਼ਮੀਰ, ਜਗਰਨੌਟ ਆਦਿ ਸ਼ਬਦ ਤਾਂ ਭਾਰਤ ਦੀਆਂ ਥਾਂਵਾਂ ਦੀ ਹੀ ਦੇਣ ਹਨ। ਕਈ ਅਜਿਹੇ ਸ਼ਬਦ ਪੰਜਾਬੀ ਵਿਚ ਵੀ ਆ ਗਏ ਹਨ। ਅੱਜ ਕਲ੍ਹ ਅਮਰੀਕੀ ਅੰਗਰੇਜ਼ੀ ਵਿਚ ਬੰਗਲੌਰ ਸ਼ਬਦ ਕ੍ਰਿਆ ਰੂਪ ਵਿਚ ਵਰਤਿਆ ਮਿਲਦਾ ਹੈ, ਬੰਗਲੌਰੇ ਜਾਣਾ ਦਾ ਮਤਲਬ ਹੈ, 'ਨੌਕਰੀਆਂ ਭਾਰਤ ਚਲੀਆਂ ਜਾਣੀਆਂ' ਸੰਕੇਤ ਹੈ, ਬੰਗਲੌਰ ਦਾ ਵਿਸ਼ਵ ਪੱਧਰ 'ਤੇ ਕੰਪਿਊਟਰ ਸੈਂਟਰ ਵਜੋਂ ਸਥਾਪਤ ਹੋਣ ਵੱਲ। ਐਪਰ ਪੰਜਾਬੀ ਭਾਸ਼ਾ ਵਿਚ ਸਥਾਨ ਨਾਂਵਾਂ ਤੋਂ ਸ਼ਬਦ ਘੜਨ ਦੀ ਰੁਚੀ ਬਹੁਤ ਘਟ ਹੈ ਭਾਵੇਂ ਇਸ ਤਰ੍ਹਾਂ ਦੀਆਂ ਉਕਤੀਆਂ ਬਥੇਰੀਆਂ ਹਨ, ਅੰਬਰਸਰ ਦੀਆਂ ਵੜੀਆਂ, ਰੋਪੜ ਦੇ ਜਿੰਦੇ, ਪੰਜਾਬੀ ਜੁੱਤੀ ਆਦਿ। ਹਾਂ, ਸੋਲਨ ਵਿਚ ਬਣਾਈ ਜਾਂਦੀ ਵਿਸਕੀ ਨੂੰ ਜ਼ਰੂਰ ਸੋਲਨ ਕਿਹਾ ਜਾਂਦਾ ਹੈ। ਪਰ ਫਿਰ ਵੀ ਏਧਰੋਂ ਉਧਰੋਂ ਕੁਝ ਸ਼ਬਦ ਮਿਲ ਹੀ ਜਾਂਦੇ ਹਨ, ਭਾਵੇਂ ਇਨ੍ਹਾਂ ਵਿਚੋਂ ਬਹੁਤਿਆਂ ਦੇ ਪ੍ਰਚਲਨ ਵਿਚ ਵੀ ਬਾਹਰਲਿਆਂ ਦਾ ਹੀ ਹੱਥ ਹੈ। ਕਿਸ ਦਾ ਜੀਅ ਨਹੀਂ ਕਰਦਾ ਖਤਾਈ ਨਾਮ ਨਾਲ ਜਾਣੇ ਜਾਂਦੇ ਘਿਉ ਦੇ ਘੁੱਟਾਂ ਭਰੇ, ਖਸਤਾ ਬਿਸਕੁਟ ਖਾਣ ਨੂੰ? ਪਰ ਪਹਿਲਾਂ ਨਾਲ ਲਗਦੀ ਇਕ ਹੋਰ ਗੱਲ ਕਰ ਲਈਏ। ਕੈਨੇਡਾ ਵਿਚ ਬਣਦੇ ਪੁਰਾਣੀ ਕਿਸਮ ਦੇ ਬਿਸਕੁਟਾਂ ਨੂੰ ਦੇਸੀ ਬਿਸਕੁਟ ਦੇ ਨਾਲ ਨਾਲ ਪੰਜਾਬੀ ਬਿਸਕੁਟ ਵੀ ਕਿਹਾ ਜਾਂਦਾ ਹੈ, ਹਾਲਾਂਕਿ ਇਨ੍ਹਾਂ ਦੀ ਇਜਾਦ ਵਿਚ ਪੰਜਾਬੀਆਂ ਦਾ ਕੋਈ ਹੱਥ ਨਹੀਂ, ਪੰਜਾਬੀ ਆਪਣਾ ਸਿੱਕਾ ਜਮਾ ਰਹੇ ਹਨ। ਖੈਰ! ਪ੍ਰਾਚੀਨ ਸਮੇਂ ਵਿਚ ਤੁਰਕਿਸਤਾਨ ਦੇ ਇਕ ਸੂਬੇ ਦਾ ਨਾਂ ਖਤਾ ਸੀ। ਅਰਬੀ ਵਾਲੇ ਇਸ ਨੂੰ ਖ਼ਤਾ ਉਚਾਰਦੇ ਅਤੇ ਲਿਖਦੇ ਸਨ। ਉਂਜ ਇਹ ਮੁਢਲੇ ਤੌਰ 'ਤੇ ਮੰਗੋਲ ਸ਼ਬਦ 'ਖਿਤਾਨ' ਹੈ ਜੋ ਕਈ ਭਾਸ਼ਾਈ ਵੇਲਣਿਆਂ ਵਿਚ ਨਪੀੜਿਆ ਗਿਆ। ਖਤਾਈ ਨਾਮੀਂ ਬਿਸਕੁਟ ਇਸ ਦੇ ਇਕ ਸ਼ਹਿਰ ਵਿਚ ਬਣਾਇਆ ਜਾਂਦਾ ਸੀ। ਚੀਨ ਲਈ ਅੰਗਰੇਜ਼ੀ ਵਿਚ ਪ੍ਰਚਲਿਤ ਇਕ ਸ਼ਬਦ Cathay ਇਹੋ ਹੈ। ਪਹਿਲਾਂ ਪਹਿਲਾਂ ਉਤਰੀ ਚੀਨ ਲਈ ਵੀ ਇਹ ਸ਼ਬਦ ਵਰਤਿਆ ਜਾਂਦਾ ਸੀ। ਮਾਰਕੋ ਪੋਲੋ ਨੇ ਇਹ ਸ਼ਬਦ ਵਰਤਿਆ ਹੈ।

ਸੋ ਸਪਸ਼ਟ ਹੈ ਕਿ ਇਹ ਮੁਗਲ ਰਾਜ ਸਮੇਂ ਭਾਰਤ ਵਿਚ ਫਾਰਸੀ ਰਾਹੀਂ ਆਇਆ ਤੇ ਖਤਾਈ ਦੇ ਨਾਂ ਨਾਲ ਪ੍ਰਚਲਿਤ ਹੋਇਆ। ਇਸ ਨੂੰ ਨਾਨ-ਖਤਾਈ ਵੀ ਕਿਹਾ ਜਾਂਦਾ ਹੈ। ਨਾਨ ਸ਼ਬਦ ਫਾਰਸੀ ਦਾ ਹੈ, ਜਿਸ ਦਾ ਅਰਥ ਰੋਟੀ ਹੁੰਦਾ ਹੈ। ਸੋ ਨਾਨ-ਖਤਾਈ ਦਾ ਮਤਲਬ ਹੋਇਆ, ਖਤਾ ਸ਼ਹਿਰ ਨਾਲ ਤਅਲੁਕ ਰੱਖਦੀ ਰੋਟੀ।

ਸਭ ਜਾਣਦੇ ਹਨ ਕਿ ਬੰਗਾਲ ਦਾ ਜਾਦੂ ਸਿਰ ਚੜ੍ਹ ਕੇ ਬੋਲਦਾ ਹੈ, ਪਰ ਸ਼ਾਇਦ ਬਹੁਤਿਆਂ ਨੂੰ ਪਤਾ ਨਾ ਹੋਵੇ ਕਿ ਕੋਠੀ ਦੇ ਅਰਥਾਂ ਵਾਲੇ ਬੰਗਲਾ ਸ਼ਬਦ ਵਿਚ ਬੰਗਾਲ ਬੋਲਦਾ ਹੈ। ਅਸਲ ਵਿਚ ਬੰਗਾਲ ਦੇ ਦਿਹਾਤ ਵਿਚ ਬਣਾਏ ਜਾਂਦੇ ਇਕ ਛੱਤੇ, ਛੋਟੇ ਛੋਟੇ ਬਰਾਂਡਿਆਂ ਵਾਲੇ ਘਰ ਇਸ ਸ਼ਬਦ ਦੀ ਦੇਣ ਹਨ। ਸਤਾਰਵੀਂ ਸਦੀ ਦੇ ਅੰਗਰੇਜ਼ੀ ਸਾਹਿਤ ਵਿਚ ਬੰਗਾਲ ਵਿਚ ਈਸਟ ਇੰਡੀਆ ਕੰਪਨੀ ਦੇ ਘਰਾਂ ਨੂੰ ਬਿਆਨਣ ਲਈ ਬੰਗਲਾ ਸ਼ਬਦ



ਦੀ ਵਰਤੋਂ ਹੋਈ। ਬੰਗਾਲ ਦੇ ਇਹ ਨਿਮਾਣੇ ਘਰ ਬਾਅਦ ਵਿਚ ਬਰਤਾਨਵੀ ਰਾਜ ਦੇ ਅਫਸਰਾਂ ਦੇ ਵੱਡੇ ਵੱਡੇ ਸ਼ਾਹੀ ਘਰਾਂ ਲਈ ਵਰਤੇ ਜਾਣ ਲੱਗੇ। ਅੱਜ ਭਾਂਤ ਭਾਂਤ ਦੇ ਬੰਗਲੇ ਚੱਲ ਪਏ ਹਨ ਜਿਵੇਂ ਕੈਲੀਫੋਰਨੀਅਨ ਬੰਗਲਾ। ਆਮ ਤੌਰ 'ਤੇ ਸਭ ਬੰਗਲੇ ਇਕ ਛੱਤੇ ਹੁੰਦੇ ਹਨ। ਪਾਠਕ ਤੁਲਨਾ ਕਰਨ, ਨਿਮਾਣੀ ਠੰਠੀ ਤੋਂ ਹੀ ਠਾਠ ਸ਼ਬਦ ਬਣਿਆ ਹੈ ਜਿਸ ਬਾਰੇ ਪਹਿਲਾਂ ਲਿਖ ਚੁਕੇ ਹਾਂ। ਸਪੇਰਿਆਂ ਨੂੰ ਵੀ ਸਾਡੀ ਭਾਸ਼ਾ ਵਿਚ ਬੰਗਾਲਾ ਜਾਂ ਬੰਗਾਲੀ ਕਿਹਾ ਜਾਂਦਾ ਹੈ,

ਭਾਬੀ ਤੇਰੀ ਗੁੱਤ ਵਰਗਾ,
ਸੱਪ ਲੈ ਕੇ ਬੰਗਾਲੀ ਇਕ ਆਇਆ।
ਵੇਖੀਂ ਮੇਰੇ ਰੰਗ ਵਰਗਾ,
ਚੋਲਾ ਓਸ ਰੰਗ ਕੇ ਗਲ ਪਾਇਆ।

ਮੁਢਲੇ ਤੌਰ 'ਤੇ ਇਹ ਬੰਗਾਲ ਦੀ ਇਕ ਸੱਪ ਕੱਢਣ ਵਾਲੀ ਜਾਤੀ ਦਾ ਨਾਂ ਹੈ ਜੋ ਭਾਰਤ ਭਰ ਵਿਚ ਫੈਲ ਗਈ। ਰੋਪੜ ਵਿਚ ਇਕ ਬਸਤੀ ਦਾ ਨਾਂ ਬੰਗਾਲਾ ਬਸਤੀ ਹੈ ਜਿਥੇ ਇਸ ਬਰਾਦਰੀ ਦੇ ਲੋਕ ਰਹਿੰਦੇ ਹਨ। ਭੈਰਉ ਦੀਆਂ ਪੰਜ ਰਾਗਣੀਆਂ ਵਿਚੋਂ ਇਕ ਰਾਗਣੀ ਦਾ ਨਾਂ ਵੀ ਬੰਗਾਲੀ ਹੈ।

ਕੱਪ, ਪਲੇਟਾਂ ਜਿਹੇ ਬਰਤਨ ਜਿਸ ਸਮੱਗਰੀ ਨਾਲ ਬਣਾਏ ਜਾਂਦੇ ਹਨ, ਉਸ ਨੂੰ ਅਸੀਂ ਚੀਨੀ ਆਖਦੇ ਹਾਂ। ਇਹ ਸਮੱਗਰੀ ਅਸਲ ਵਿਚ ਚੀਨ ਦੇਸ਼ ਦੀ ਇਕ ਖਾਸ ਮਿੱਟੀ ਹੈ। ਮੁਸਲਿਮ ਰਾਜ ਦੌਰਾਨ ਚੀਨੀ ਦੇ ਬਰਤਨ ਚੀਨ ਤੋਂ ਮੰਗਵਾਏ ਜਾਣ ਲੱਗੇ ਸਨ। ਜਦ ਯੂਰਪ ਦਾ ਵਪਾਰ ਚੀਨ ਨਾਲ ਹੋਣ ਲੱਗਾ ਤਾਂ ਯੂਰਪੀ ਭਾਸ਼ਾਵਾਂ ਵਿਚ ਵੀ Chinaware ਦੇ ਰੂਪ ਵਿਚ ਇਹ ਸ਼ਬਦ ਵਰਤਿਆ ਜਾਣ ਲੱਗਾ। ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਚੀਨੀ ਮਿੱਟੀ ਨੂੰ ਚੀਨੀ ਹੀ ਕਿਹਾ ਜਾਂਦਾ ਹੈ। ਇਹ ਮਿੱਟੀ ਬੇਹੱਦ ਚਿੱਟੀ ਹੁੰਦੀ ਹੈ ਤੇ ਨਵੀਂ ਖੰਡ ਵੀ ਬੇਹੱਦ ਚਿੱਟੀ ਸੀ। ਇਸ ਲਈ ਖੰਡ ਦੇ ਚਿੱਟੇਪਣ ਨੂੰ ਚੀਨੀ ਦੇ ਚਿੱਟੇਪਣ ਦੇ ਸਮਾਨ ਦੇਖਦਿਆਂ ਨਵੀਂ ਖੰਡ ਲਈ ਚੀਨੀ ਸ਼ਬਦ ਵਰਤਿਆ ਜਾਣ ਲੱਗਾ। ਸੰਭਵ ਹੈ, ਪਹਿਲਾਂ ਪਹਿਲਾਂ ਖੰਡ ਲਈ 'ਚੀਨੀ ਸ਼ੱਕਰ' ਸ਼ਬਦ ਚੱਲਿਆ ਹੋਵੇ ਤੇ ਬਾਅਦ ਵਿਚ ਮੁੱਖ-ਸੁੱਖ ਕਾਰਨ ਸ਼ੱਕਰ ਸ਼ਬਦ ਇਸ ਜੁੱਟ ਤੋਂ ਲੱਥ ਗਿਆ। ਇਹ ਦੁੱਧ ਚਿੱਟੀ ਦਾਣੇਦਾਰ ਖੰਡ ਮੁਢਲੇ ਤੌਰ 'ਤੇ ਮਿਸਰ ਵਿਚ ਬਣਾਈ ਗਈ। ਦਿਲਚਸਪ ਗੱਲ ਹੈ ਕਿ ਭਾਰਤੀ ਧਾਰਮਿਕ ਤੇ ਸਮਾਜਿਕ ਰੀਤੀ ਰਸਮਾਂ ਵਿਚ ਵਰਤੀ ਜਾਂਦੀ ਡਲੀਦਾਰ ਮਿਸ਼ਰੀ/ਮਿਸਰੀ ਮੁਢਲੇ ਤੌਰ 'ਤੇ ਮਿਸਰ ਦੀ ਦੇਣ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਇਹ ਸ਼ਬਦ ਮਿਸ਼ਟ (ਮਿੱਠਾ) ਤੋਂ ਬਣਿਆ ਹੈ। ਦਰਅਸਲ ਇਸ ਸ਼ਬਦ ਦਾ ਸਬੰਧ ਮਿਸਰ ਦੇਸ਼ ਨਾਲ ਹੈ ਕਿਉਂਕਿ ਮਿਸ਼ਰੀ ਪਹਿਲਾਂ ਪਹਿਲਾਂ ਮਿਸਰ ਤੋਂ ਬਣ ਕੇ ਆਈ। ਮਿਸਰ ਵਿਚ ਬਣਦੀ ਇਕ ਤਲਵਾਰ ਨੂੰ ਵੀ ਮਿਸ਼ਰੀ ਕਿਹਾ ਜਾਂਦਾ ਹੈ। ਸੋ 'ਮਿਸ਼ਰੀ ਖਿਲਾਉਣਾ' ਮੁਹਾਵਰੇ ਦਾ ਮਤਲਬ ਮੰਗਣੀ ਕਰਨਾ ਵੀ ਹੈ ਤੇ ਤਲਵਾਰ ਦਾ ਵਾਰ ਕਰਨਾ ਵੀ। ਮਸਾਲੇ ਵਜੋਂ ਵਰਤੇ ਜਾਂਦੇ ਅਤੇ ਦਾਲ ਚੀਨੀ ਵਜੋਂ ਜਾਣੇ ਜਾਂਦੇ ਸ਼ਬਦ ਦਾ ਮੁਢਲਾ ਰੂਪ ਦਾਰਚੀਨੀ ਹੈ। ਦਰਅਸਲ ਇਹ ਇਕ ਦਰਖਤ ਦਾ ਸੱਕ ਹੁੰਦਾ ਹੈ। ਇਹ ਸ਼ਬਦ ਬਣਿਆ ਹੈ, ਦਾਰਚੀਨੀ ਦੇ ਪਹਿਲੇ ਘਟਕ 'ਦਾਰ' ਤੋਂ ਜਿਸ ਦਾ ਫਾਰਸੀ ਵਿਚ ਅਰਥ ਹੈ, ਦਰਖਤ। ਸੋ ਸ਼ਾਬਦਿਕ ਅਰਥ ਬਣਿਆ, ਚੀਨ ਦਾ ਦਰਖਤ। ਦਰਖਤ ਸ਼ਬਦ ਵਿਚਲਾ 'ਦਰ' ਅੰਸ਼ ਇਹੋ ਹੈ। ਇਹ ਭਾਰੋਪੀ ਸ਼ਬਦ ਹੈ। ਸੰਸਕ੍ਰਿਤ ਵਿਚ ਇਸ ਦਾ ਸਜਾਤੀ ਹੈ, ਦਾਰੁ। ਦੇਵਦਾਰ ਵਿਚ ਇਹੋ ਦਾਰੁ ਹੈ। ਦਰਖਤ ਵਿਚ ਰਹਿਣ ਵਾਲੀ ਪਰੀ ਦਰੇਅਦ ਵਿਚ ਵੀ ਇਹੋ ਵੜ੍ਹਿਆ ਹੋਇਆ ਹੈ। ਅੰਗਰੇਜ਼ੀ Tree ਇਸੇ ਨਾਲ ਜਾ ਜੁੜਦਾ ਹੈ।

ਨੀਲੇ ਰੰਗ ਦੇ ਜੀਨ ਦੇ ਲੰਮੇ ਲੰਮੇ ਕੱਪੜੇ ਨੂੰ ਅੰਗਰੇਜ਼ ਡੰਗਰੀਜ਼ ਕਹਿੰਦੇ ਹਨ। ਇਹ ਪੰਜਾਬੀ ਵਿਚ ਡੰਗਰੀ ਵਜੋਂ ਪ੍ਰਚਲਿਤ ਹੈ। ਅੱਜ ਕਲ੍ਹ ਇਸ ਦਾ ਬਹੁਤ ਫੈਸ਼ਨ ਹੈ। ਧੂਮ-3 ਦੇ ਗਾਣੇ 'ਕਮਲੀ' ਦੇ ਪਹਿਲੇ ਸੀਨ ਵਿਚ ਕੈਟਰੀਨਾ ਡੰਗਰੀ ਡਰੈਸ ਵਿਚ ਨਜ਼ਰ ਆਉਂਦੀ ਹੈ। ਪੰਜਾਬੀ ਵਿਚ ਪਹਿਲਾਂ ਪਹਿਲਾਂ ਇਹ ਸ਼ਬਦ ਡਾਂਗਰੀ ਜਾਂ ਡਾਂਗਰੀਆਂ ਵਜੋਂ ਪ੍ਰਚਲਿਤ ਹੋਇਆ। ਇਹ ਉਹ ਇਕੱਠੀ ਸੀਤੀ ਹੋਈ ਪੈਂਟ-ਕਮੀਜ਼ ਹੁੰਦੀ ਸੀ ਜੋ ਕਾਰਖਾਨਿਆਂ ਤੇ ਹੋਰ ਕੰਮ ਦੀਆਂ ਥਾਂਵਾਂ ਵਿਚ ਕੰਮ ਕਰਨ ਵਾਲੇ ਪਹਿਨਦੇ ਸਨ। ਮੁਢਲੇ ਤੌਰ 'ਤੇ ਇਹ ਇਕ ਦੋ ਧਾਗਿਆਂ ਦੇ ਤਾਣੇ ਬਾਣੇ ਨਾਲ ਬੁਣਿਆ ਖੁਰਦਰੇ ਜਿਹੇ ਸੂਤੀ ਕੱਪੜੇ ਦਾ ਨਾਂ ਸੀ ਜਿਸ ਨੂੰ ਨੀਲ ਦੇ ਕੇ ਨੀਲਾ ਰੰਗਿਆ ਜਾਂਦਾ ਸੀ। ਪਹਿਲਾਂ ਪਹਿਲ ਮੁੰਬਈ ਨੇੜੇ ਇਕ ਪਿੰਡ ਡਾਂਗਿਡੀ ਵਿਚ ਇਹ ਕੱਪੜਾ ਬਣਾਇਆ ਜਾਂਦਾ ਸੀ। ਇਸ ਨੂੰ ਮਰਾਠੀ ਵਿਚ 'ਡਾਂਗਿਡੀ ਕਾਪੜ' ਵੀ ਕਿਹਾ ਜਾਂਦਾ ਸੀ ਜੋ ਬੰਬਈ ਦੇ ਡਾਂਗਰੀ ਕਿਲੇ ਦੇ ਆਸ-ਪਾਸ ਦੇ ਇਲਾਕਿਆਂ ਵਿਚ ਵੇਚਿਆ ਜਾਂਦਾ ਸੀ। ਡਾਂਗ ਜਾਂ ਡਾਂਗਰੀ ਸ਼ਬਦ ਦਾ ਅਰਥ ਪਹਾੜੀ ਹੁੰਦਾ ਹੈ। ਸਾਧੂ ਸਿੰਘ ਧਾਮੀ ਦੇ ਨਾਵਲ ਮਲੂਕਾ ਵਿਚ ਇਸ ਦਾ ਜ਼ਿਕਰ ਹੈ, "ਛੇਤੀ ਹੀ ਉਹ ਕਾਲੀਆਂ ਪੱਗਾਂ ਅਤੇ ਦਾੜ੍ਹੀਆਂ ਅਤੇ ਨੀਲੀਆਂ ਡਾਂਗਰੀਆਂ ਪਾਈ 'ਲੰਬਰ ਯਾਰਡ' ਵਿਚ ਦੀ ਮਿੱਲ ਦੇ ਅੰਦਰ ਜਾਂ ਬਾਹਰ ਆਪਣੇ ਕੰਮਾਂ ਵਾਲੀ ਥਾਂ ਨੂੰ ਕਾਹਲੀ ਕਾਹਲੀ ਤੁਰੇ ਜਾਂਦੇ ਲੋਕਾਂ ਨਾਲ ਜਾ ਮਿਲੇ।"

ਪਿਛੇ ਨੀਲ ਸ਼ਬਦ ਦਾ ਜ਼ਿਕਰ ਹੋਇਆ ਹੈ ਤਾਂ ਬਹੁਤਿਆਂ ਨੂੰ ਪਤਾ ਹੋਵੇਗਾ ਕਿ ਇਸ ਨੂੰ ਅੰਗਰੇਜ਼ੀ ਵਿਚ ਇੰਡੀਗੋ ਕਹਿੰਦੇ ਹਨ। ਪੁਰਾਣੇ ਸਮੇਂ ਤੋਂ ਹੀ ਇਹ ਹਿੰਦੁਸਤਾਨ ਵਿਚ ਇਕ ਬੂਟੀ ਤੋਂ ਬਣਾਇਆ ਜਾਂਦਾ ਸੀ। ਅੰਗਰੇਜ਼ੀ ਵਿਚ ਹਿੰਦ ਨੂੰ ਇੰਡੀਆ ਕਿਹਾ ਜਾਂਦਾ ਹੈ। ਇਹ ਸ਼ਬਦ ਭਾਰਤ ਦੇ ਕੁਝ ਭਾਗਾਂ ਵਿਚ ਰਾਜ ਕਰਦੇ ਪੁਰਤਗਾਲੀਆਂ ਨੇ ਐਂਡਗੋ ਵਜੋਂ ਚਲਾਇਆ ਸੀ। ਸਪੈਨਿਸ਼ ਵਿਚ ਇਹ ਸ਼ਬਦ ਇੰਡੀਕੋ ਤੇ ਫਿਰ ਅੰਗਰੇਜ਼ੀ ਵਿਚ ਇੰਡੀਗੋ ਵਜੋਂ ਪ੍ਰਵਾਨ ਚੜ੍ਹਿਆ। ਅੰਤਿਮ ਤੌਰ 'ਤੇ ਇਹ ਸ਼ਬਦ ਗਰੀਕ ਭਾਸ਼ਾਈ ਇੰਡੀਕੋਨ ਹੈ ਜਿਸ ਦਾ ਅਰਥ ਹੈ, ਹਿੰਦ ਦਾ ਪਦਾਰਥ। ਇਮਲੀ ਨੂੰ ਅੰਗਰੇਜ਼ੀ ਵਿਚ ਟੈਮਾਰਿੰਡ ਕਹਿੰਦੇ ਹਨ। ਇਸ ਦਾ ਸ਼ਾਬਦਿਕ ਅਰਥ ਹੈ, ਹਿੰਦ ਦੀ ਖਜੂਰ। ਅਰਬੀ ਵਿਚ ਖਜੂਰ ਨੂੰ ਤਮਰ ਕਹਿੰਦੇ ਹਨ। ਸੋ, ਅਰਬੀ ਵਿਚ ਮੁਢਲਾ ਸ਼ਬਦ ਸੀ, ਤਮਰ-ਏ-ਹਿੰਦ। ਪਰ ਪੰਜਾਬੀਆਂ ਵਿਚ ਹਿੰਦ ਤੋਂ ਬਣਿਆ ਬਹੁ-ਪ੍ਰਚਲਿਤ ਸ਼ਬਦ ਹੈ, ਹਦਵਾਣਾ। ਬਹੁਤੇ ਲੋਕ ਇਸ ਨੂੰ ਮਤੀਰਾ ਜਾਂ ਤਰਬੂਜ਼ ਵਜੋਂ ਵੀ ਜਾਣਦੇ ਹਨ। ਇਹ ਸ਼ਬਦ ਅਸਲ ਵਿਚ ਫਾਰਸੀ ਵਲੋਂ ਆਇਆ ਹੈ। ਇਸ ਭਾਸ਼ਾ ਵਿਚ ਇਸ ਨੂੰ ਹਿੰਦਵਾਨਾ ਜਾਂ ਹਿੰਦਾਨਾ ਕਿਹਾ ਜਾਂਦਾ ਹੈ। ਇਹ ਬਣਿਆ ਹੈ, ਹਿੰਦੂ+ਆਨ ਤੋਂ। ਇਸ ਦਾ ਸ਼ਾਬਦਿਕ ਅਰਥ ਜਾਂ ਤਾਂ ਹਿੰਦ ਦਾ ਅੰਨ ਹੈ ਜਾਂ ਸ਼ਾਇਦ ਹਿੰਦ ਦਾ ਦਾਣਾ। ਫਾਰਸੀ ਵਿਚ ਦਾਣਾ ਦਾ ਅਰਥ ਫਲ ਵੀ ਹੁੰਦਾ ਹੈ। ਕੁਝ ਥਾਂਵਾਂ 'ਤੇ ਹਦਵਾਣੇ ਨੂੰ ਹਨੂਮਾਨਾ ਵੀ ਕਿਹਾ ਜਾਂਦਾ ਹੈ ਜੋ ਹਦਵਾਨਾ ਦਾ ਵਿਗੜਿਆ ਰੂਪ ਪ੍ਰਤੀਤ ਹੁੰਦਾ ਹੈ। ਫਾਰਸੀ ਵਿਚ ਹਿੰਦੁਵਾਨਾ ਦਾ ਇਕ ਅਰਥ ਜਾਨਵਰਾਂ ਦਾ ਸਖਤ ਫੰਸ ਵੀ ਹੈ। ਇਸ ਲਈ ਫਾਰਸੀ ਵਿਚ 'ਹਿੰਦਵਾਨਾ ਅਜ਼ ਤਰਸ ਅਫਗੰਦਨ' ਮੁਹਾਵਰੇ ਦਾ ਅਰਥ ਹੈ, ਡਰ ਦੇ ਮਾਰੇ ਟੱਟੀ ਨਿਕਲ ਜਾਣਾ। ਇਕ ਵਿਚਾਰ ਹੈ ਕਿ ਹਿੰਦਸਾ ਸ਼ਬਦ ਵੀ ਹਿੰਦ ਤੋਂ ਬਣਿਆ ਭਾਵ ਜੋ ਅੰਕ ਹਿੰਦੁਸਤਾਨ ਵਿਚ ਪ੍ਰਚਲਿਤ ਹੋਏ। ਪਰ ਇਸ ਵਿਚਾਰ ਬਾਰੇ ਹੋਰ ਖੋਜ ਦੀ ਲੋੜ ਹੈ। ਭਾਰਤੀ ਫੌਲਾਦ ਤੋਂ ਬਣੀ ਇਕ ਤਿੱਖੀ ਧਾਰ ਵਾਲੀ ਤਲਵਾਰ ਦਾ ਨਾਂ ਹਿੰਦਵਾਨੀ ਹੈ।

ਚਿੱਟੇ ਰੰਗ ਦੇ ਇਕ ਸੂਤੀ ਕੱਪੜੇ ਨੂੰ ਕੈਲੀਕੋ ਕਿਹਾ ਜਾਂਦਾ ਹੈ। ਮਾਲਾਬਾਰ ਦੇ ਇਕ ਬੰਦਰਗਾਹ ਵਾਲੇ ਸ਼ਹਿਰ ਦਾ ਨਾਂ ਕਾਲੀਕਟ ਹੈ ਜੋ ਈਸਟ ਇੰਡੀਆ ਕੰਪਨੀ ਨੇ ਪ੍ਰਚਲਿਤ ਕੀਤਾ। ਸਾਦਾ ਜਿਹਾ ਕੋਰਾ ਕੱਪੜਾ ਕੈਲੀਕੋ ਇਥੇ ਹੀ ਬਣਾਇਆ ਜਾਂਦਾ ਸੀ। ਇਸ ਸ਼ਹਿਰ ਦਾ ਅਸਲੀ ਨਾਂ ਕਾਜ਼ੀਕੋਡ ਹੈ ਜੋ ਅੱਜ ਕਲ੍ਹ ਪ੍ਰਚਲਿਤ ਕੀਤਾ ਗਿਆ ਹੈ। ਅੰਗਰੇਜ਼ੀ ਜਲਡਮਰੂਮਧ ਵਿਚ ਜਰਸੀ ਨਾਂ ਦਾ ਇਕ ਵੱਡਾ ਟਾਪੂ ਹੈ। ਮਧਯੁਗ ਵਿਚ ਇਸ ਦਾ ਕੋਟੀਆਂ ਆਦਿ ਉਣਨ ਦਾ ਧੰਦਾ ਅਤੇ ਵਪਾਰ ਜ਼ੋਰਾਂ 'ਤੇ ਸੀ। ਬੰਦ ਗਲੇ ਦੀ ਕੋਟੀ ਲਈ ਜਰਸੀ ਸ਼ਬਦ ਇਸੇ ਟਾਪੂ ਦੀ ਦੇਣ ਹੈ। ਮਾਲਟਾ ਟਾਪੂ ਵਿਚ ਨਿੰਬੂ ਪ੍ਰਜਾਤੀ ਦੇ ਬਹੁਤ ਸਾਰੇ ਦਰਖਤ ਪਾਏ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਅਰਬਾਂ ਨੇ ਨੌਂਵੀਂ ਸਦੀ ਵਿਚ ਇਹ ਫਲ ਮਾਲਟਾ ਵਿਚ ਲਿਆਂਦੇ। ਅੱਜ ਮਾਲਟਾ ਇਕ ਕਿਸਮ ਦੇ ਸੰਤਰੇ ਵਜੋਂ ਵੀ ਪ੍ਰਚਲਿਤ ਹੈ। ਮੌਸਮੀ ਜਾਂ ਮੁਸੰਮੀ ਵਜੋਂ ਜਾਣਿਆ ਜਾਂਦਾ ਫਲ ਮੋਜ਼ੰਬੀਕ ਦੇਸ਼ ਦੀ ਉਪਜ ਹੈ। ਔਰਗੈਂਜ਼ਾਂ ਉਜ਼ਬੇਕਿਸਤਾਨ ਦੀ ਉਪਜ ਹੈ। ਉੱਜਡ ਜਿਹੇ ਬੰਦੇ ਨੂੰ ਉਜ਼ਬਕ ਕਿਹਾ ਜਾਂਦਾ ਹੈ। ਇਸ ਦਾ ਸਬੰਧ ਉਜ਼ਬੇਕਿਸਤਾਨ ਨਾਲ ਹੈ। ਵਾਰਿਸ ਦੀ ਹੀਰ ਵਿਚ ਮਾਂ ਹੀਰ ਨੂੰ ਬੁਰਾ ਭਲਾ ਕਹਿੰਦੀ ਹੈ,

ਉਧਲਾਕ ਟੁੰਬੇ ਅਤੇ ਕੜਮੀਏ ਨੀ,
ਛਲਛਿੰਦਰੀਏ ਤੇ ਛਾਈਂ ਜਹਿਰੀਏ ਨੀ।
ਗੋਲਾ ਦਿੰਗੀਏ ਉਜ਼ਬਕੇ ਮਾਲਜ਼ਾਦੇ,
ਗੁੱਸੇ ਮਾਰੀਏ ਜ਼ਹਿਰ ਦੀਏ ਜ਼ਹਿਰੀਏ ਨੀ।

---

## ਬਹਾਰਾਂ ਆਈਆਂ

ਤੂੰ ਵੇਖ ਬਹਾਰਾਂ ਆਈਆਂ ਨੇ,
ਫੁੱਲ-ਰੁੱਤਾਂ ਮਹਿਕਾਈਆਂ ਨੇ।
ਹਰ ਗਲੀ ਮੁਹੱਲੇ ਫੁੱਲ ਖਿੜ੍ਹੇ,
ਅੱਖਾਂ ਤੇਰੀਆਂ ਕਿਉਂ ਪਥਰਾਈਆਂ ਨੇ?

ਤੂੰ ਗੀਤ ਪੌਣ ਦੇ ਸੁਣ ਤਾਂ ਸਹੀ
ਰਸ-ਰਾਗਣੀਆਂ ਕਿੰਜ ਗਾਈਆਂ ਨੇ।
ਦੇਖ ਨਜ਼ਾਰੇ, ਮਾਣ ਲੈ ਮਹਿਕਾਂ,
ਨੀਵੀਆਂ ਕਾਹਤੋਂ ਪਾਈਆਂ ਨੇ।

ਤੈਨੂੰ ਗੀਤ ਸੁਣਾਵਣ ਲਈ
ਕੂੰਜਾਂ ਉਤਰ ਪਹਾੜੋਂ ਆਈਆਂ ਨੇ।
ਪੀੜਾਂ ਖਿੰਡਾ ਦੇ ਪੌਣਾਂ ਦੇ ਵਿਚ,
ਆ ਭਿੱਜ ਲੈ ਕਣੀਆਂ ਆਈਆਂ ਨੇ।

*-ਸ਼ਮਿੰਦਰ ਕੌਰ ਪਰਵਾਜ਼*
*dalvidaar@gmail.com*

---

## ਗਜ਼ਲ

ਚਲਦਾ ਪਿਆ ਠੱਲ੍ਹ ਗਿਆ ਹੈ
ਆਖਰ ਸੂਰਜ ਢਲ ਗਿਆ ਹੈ।
ਜੀਵਨ ਉਸ ਦਾ ਸਫਲ ਹੈ
ਇਸ ਵਿਚ ਜੋ ਰਲ ਗਿਆ ਹੈ।
ਜ਼ਿੰਦਗੀ ਦੇ ਇਸ ਸਫਰ ਵਿਚ
ਅੱਜ ਗਿਆ ਫਿਰ ਕੱਲ ਗਿਆ ਹੈ।
ਉਸ ਨੂੰ ਕੋਈ ਤੋਟ ਨਹੀਂ ਹੈ
ਜੋ ਨਾਮ ਦਾ ਦੀਵਾ ਬਲ ਗਿਆ ਹੈ।
ਜੇਕਰ ਜਲੀ ਹੈ ਸ਼ਮ੍ਹਾਂ ਵੀ
ਪਰਵਾਨਾ ਵੀ ਜਲ ਗਿਆ ਹੈ।
ਰੱਸੀ ਬੇਸ਼ਕ ਸੜ ਗਈ ਹੈ
ਪਰ ਉਹਦਾ ਨਾ ਵਲ ਗਿਆ ਹੈ।
ਉਹ ਵੇਲਾ ਵੀ ਤਾਂ ਸ਼ੁਭ ਹੈ
ਜੇ ਮਾੜਾ ਵੇਲਾ ਟਲ ਗਿਆ ਹੈ।
ਕਾਲ ਕੋਈ ਵਸ ਕਰ ਨਾ ਸਕਿਆ
ਹੱਥੋਂ ਨਿਕਲ ਪਲ ਗਿਆ ਹੈ।
ਪ੍ਰੀਤ ਲਗਾ ਕੇ ਰਹੋ ਸਦਾ
'ਮਾਨ' ਕਹਿ ਗੱਲ ਗਿਆ ਹੈ।

*-ਦਿਲਪ੍ਰੀਤ ਮਾਨ, ਕਲੋਵਿਸ*
*ਫੋਨ: 559-578-2061*

---

## ਗਜ਼ਲ

ਜ਼ਖਮ ਰਿਸ ਰਿਸ ਕੇ ਪੁਰਾਣਾ ਹੋ ਗਿਆ
ਹਾਂ, ਲਹੂ ਵਗਦੇ ਨੂੰ ਜ਼ਮਾਨਾ ਹੋ ਗਿਆ।

ਰੁਕ ਗਿਆ ਹੈ ਵਕਤ ਦਾ ਝੱਖੜ ਤਾਂ ਕੀ
ਤੀਲ੍ਹਾ ਤੀਲ੍ਹਾ ਆਸ਼ਿਆਨਾ ਹੋ ਗਿਆ।

ਜ਼ਿੰਦਗੀ ਦਾ ਦਾਇਰਾ ਸਾਡੇ ਲਈ
ਜਿਸ ਤਰ੍ਹਾਂ ਇਕ ਕੈਦਖਾਨਾ ਹੋ ਗਿਆ।

ਇਕ ਤਰਫ ਇਕ ਜ਼ਖਮ-ਖੁਰਦਾ ਆਦਮੀ
ਇਕ ਤਰਫ ਸਾਰਾ ਜ਼ਮਾਨਾ ਹੋ ਗਿਆ।

ਹਰ ਨਵਾਂ ਕਿੱਸਾ ਮੇਰੇ ਗਮ ਦਾ 'ਸ਼ਸ਼ੀ'
ਇੰਜ ਲੱਗਦਾ ਹੈ ਪੁਰਾਣਾ ਹੋ ਗਿਆ।

## ਜ਼ਿੰਦਗੀ

ਜ਼ਿੰਦਗੀ ਜਦ ਜ਼ਿੰਦਗੀ ਤੱਕ ਆਏਗੀ
ਆਦਮੀ ਨੂੰ ਹਰ ਤਰ੍ਹਾਂ ਅਪਨਾਏਗੀ।
ਇਉਂ ਹਵਾ ਚਲਦੀ ਰਹੀ ਤਾਂ ਇਕ ਦਿਨ
ਅੱਗ ਜੰਗਲ ਦੀ ਘਰਾਂ ਤੱਕ ਆਏਗੀ।
ਰੌਸ਼ਨੀ ਵਿਚ ਸ਼ਹਿਰ ਅੰਨ੍ਹਾ ਹੋ ਗਿਆ
ਇਹ ਹਕੀਕਤ ਦਾਸਤਾਂ ਬਣ ਜਾਏਗੀ।
ਕਤਲੋਗਾਰਤ ਜੇ ਇਵੇਂ ਚਲਦੀ ਰਹੀ
ਆਦਮੀ ਦੀ ਆਬਰੂ ਮਿਟ ਜਾਏਗੀ।
ਮੇਰੇ ਅੰਦਰ ਜੰਮੀ ਕੋਈ ਬਰਫ ਹੈ
ਜਦ ਵੀ ਪਿਘਲੇਗੀ ਲਹੂ ਗਰਮਾਏਗੀ।
ਅਕਲਾਂ ਵਾਲੇ ਵੇਖਦੇ ਰਹਿ ਜਾਣਗੇ
ਮੈਨੂੰ ਵਹਿਸ਼ਤ ਰਾਹ ਜਦੋਂ ਦਿਖਲਾਏਗੀ।

*-ਡਾ. ਸ਼ਸ਼ੀ ਕਾਂਤ ਉਪਲ*

---

## ਜੀਅ ਕਰਦੈ

ਉਦਾਸੀ ਵੇਲੇ ਜੀਅ ਕਰਦਾ ਮੇਰਾ
ਪਿੰਡ ਤੇਰੇ ਵੱਲ ਆਵਣ ਨੂੰ।
ਮੇਰੇ ਦੇਸ਼ 'ਚ ਪਤਝੜ ਮੌਸਮ
ਜੀਅ ਕਰਦਾ ਵੇਖਣ ਸਾਵਣ ਨੂੰ।
ਦਿਲ ਦੀ ਗੱਲ ਕਹਿ ਨਾ ਹੋਈ
ਹੁਣ ਕੀ ਫਾਇਦਾ ਪਛਤਾਵਣ ਨੂੰ।
ਬਾਗ ਤੇਰੇ ਦੇ ਜ਼ਹਿਰੀ ਫਲ-ਪੱਤੇ
ਜੀਅ ਕਰਦਾ ਫਿਰ ਵੀ ਖਾਵਣ ਨੂੰ।
ਸੱਤ ਸਮੁੰਦਰ ਦੂਰੀ ਵਧ ਗਈ
ਬਿਰਹਾ ਵਿਚ ਤੜਪਾਵਣ ਨੂੰ।
'ਗਿੱਲ' ਨੂੰ ਨਿੱਤ ਸੁਨੇਹੇ ਆਉਂਦੇ
ਪਿੰਡ 'ਚ ਵਾਪਸ ਆਵਣ ਨੂੰ।

*-ਜੁਗਰਾਜ ਗਿੱਲ, ਯੌਰਕ*
*ਫੋਨ: 704-257-6693*

---

## ਮਜਮਾ

ਆਉ ਮਿਲ ਕੇ ਮਜਮਾ ਲਾਈਏ।
ਮੁਫਤੋ ਮੁਫਤ ਖੇਲ੍ਹ ਦਿਖਾਈਏ।
ਕੁੱਕੜਾਂ ਵਾਂਗੂੰ ਲੜ ਲੜ ਮਰੀਏ,
ਪਸ਼ੂਆਂ ਵਾਕਰ ਸਿੰਗ ਫਸਾਈਏ।
ਇਕ ਦੂਜੇ ਦਾ ਫੜ੍ਹ ਫੜ੍ਹ ਝਾਟਾ,
ਨਸਲਵਾਦ ਦਾ ਸ਼ੋਰ ਮਚਾਈਏ।
ਮੁਤੱਸਬੀ ਨਾਹਰੇ ਲਾ ਲਾ ਉਚੇ,
ਸਾਂਝੀਵਾਲ ਦੀਆਂ ਬਾਤਾਂ ਪਾਈਏ।
ਮਨੁੱਖੀ ਬੰਬ ਵਿਸਫੋਟਕ ਬਣੀਏ,
ਹਵਨ ਕੁੰਡ ਵਿਚ ਹਿੱਸਾ ਪਾਈਏ।
ਨੌਂ ਸੌ ਪਾਪ ਅਪਰਾਧ ਬੰਨ੍ਹ ਪੱਲੇ,
ਤੀਰਥ ਨ੍ਹਾਈਏ ਹੱਜ ਨੂੰ ਜਾਈਏ।
ਸ਼ਰਧਾਲੂ ਗੋਡੇ ਨਿਉਂ ਕੇ ਟੇਕਣ,
ਮਾਇਆ ਧੂੜੀ, ਦੁੱਧੀਂ ਨ੍ਹਾਈਏ।
ਹੱਕ ਹਲਾਲ ਦੀ ਨਿਹਫਲ ਹੋਣੀ,
ਭੁੱਖਿਆਂ ਕੋਲੋਂ ਖੋਹ ਕੇ ਖਾਈਏ।
ਮਰਨ ਢੰਡੋਰ ਅਰਦਾਸਾਂ ਕਰੀਏ,
ਗਿਰਝਾਂ ਵਾਂਗ ਨਜ਼ਰ ਘੁਮਾਈਏ।
ਲੌਕਿਕ ਪਲਾਨ ਨਾ ਹੋ ਜਾਣ ਪੂਰੇ,
ਵਿਘਨ ਪਾਈਏ ਟੰਗ ਅੜਾਈਏ।
ਆਪਣੀ ਭਾਵੇਂ ਵਿਕ ਜਾਏ ਸਾਰੀ,
ਸ਼ਰੀਕਾਂ ਨੂੰ ਪਰ ਚਣੇ ਚਬਾਈਏ।
ਉਗਰਵਾਦ ਨਾ ਹੋ ਜਾਏ ਢਿੱਲਾ,
ਤੱਕਲਾ ਸੇਹ ਦਾ ਸਰਹੱਦ ਗਡਾਈਏ।

*-ਚਰਨਜੀਤ ਸਿੰਘ ਪੰਨੂ*

---

## ਮੰਜ਼ਿਲ ਆਪ ਮਿਲੇਗੀ ਆ ਕੇ

ਚੜ੍ਹ ਅੰਬਰਾਂ 'ਤੇ ਪੌੜੀ ਲਾ ਕੇ
ਉਡ ਹਵਾਵਾਂ ਨੂੰ ਹੱਥ ਪਾ ਕੇ
ਕੋਈ ਤੈਨੂੰ ਕਮਜ਼ੋਰ ਨਾ ਸਮਝੇ
ਤੁਰ ਗੈਰਤ ਨਾਲ ਧੌਣ ਉਠਾ ਕੇ।
ਮੱਥਾ ਨਾਲ ਪਹਾੜਾਂ ਲਾ ਲੈ
ਭਗਤ ਸਿੰਘ ਦੀ ਘੋੜੀ ਗਾ ਕੇ
ਮਾਂ ਧਰਤੀ ਦੀ ਜਾਈ ਏਂ ਤੂੰ
ਸਤ ਸੰਤੋਖ ਵੇਖ ਅਜਮਾ ਕੇ।

ਨਾ ਜਾਇਆ ਕਰ ਵਿਚ ਕਲੱਬਾਂ
ਗਿਠ ਗਿਠ ਨਿੱਕੇ ਕੱਪੜੇ ਪਾ ਕੇ।
ਸਿਰ ਚੁੰਨੀ ਲੈ ਗੋਟੇ ਵਾਲੀ
ਤਨ 'ਤੇ ਪਾ ਹੁਣ ਸੂਟ ਸੂਆ ਕੇ।
ਕੁਦਰਤ ਤੇਰੇ ਨਾਲ ਤੁਰੇਗੀ
ਕਾਦਰ ਨੂੰ ਜ਼ਰਾ ਵੇਖ ਧਿਆ ਕੇ।
ਹੋ ਜਾਏਂਗੀ 'ਸੁਰਜੀਤ' ਜੇ ਕੁੜੀਏ
ਮੰਜ਼ਿਲ ਆਪ ਮਿਲੇਗੀ ਆ ਕੇ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਸਾਡੀਆਂ ਰਸਮਾਂ ਸਾਡੇ ਗੀਤ



ਨੀਲਮ ਸੈਣੀ
ਫੋਨ: 510-502-0551

# ਮੁੜਦਾ ਫੇਰਾ ਰਸਮ ਅਤੇ ਗੀਤ

*ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੰਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ। ਇਸ ਵਾਰ ਇਸ ਲਿਖਤ ਦੀ ਆਖਰੀ ਕੜੀ ਛਾਪੀ ਜਾ ਰਹੀ ਹੈ ਜਿਸ ਵਿਚ ਮੁੜਦੇ ਫੇਰੇ ਵਾਲੀ ਰਸਮ ਅਤੇ ਗੀਤਾਂ ਬਾਰੇ ਚਾਨਣਾ ਪਾਇਆ ਹੈ। ਹੇਠਾਂ ਲੋਕ ਗੀਤਾਂ ਬਾਬਤ ਲਿਖਾਰੀ ਦੇ ਭਾਵ ਵੀ ਦਿੱਤੇ ਜਾ ਰਹੇ ਹਨ। -ਸੰਪਾਦਕ*

ਸਹੁਰੇ ਘਰ ਸਭ ਰਸਮਾਂ ਨਿਭਾਉਣ ਤੋਂ ਬਾਅਦ ਮੁੜ ਵਿਆਂਦੜ ਜੋੜਾ ਆਪਣੇ ਮਾਂ ਬਾਪ ਅਤੇ ਹੋਰ ਖਾਸ ਰਿਸ਼ਤੇਦਾਰਾਂ ਨਾਲ ਕੁੜੀ ਵਾਲੇ ਘਰ ਫ਼ੇਰਾ ਪਾਉਣ ਜਾਂਦੇ ਸਨ। ਇਸ ਵਕਤ ਕੁੜੀ ਆਪਣੇ ਮਾਪਿਆਂ ਨੂੰ ਮਿਲਣ ਲਈ ਬੇਚੈਨ ਹੁੰਦੀ ਸੀ। ਮਾਪਿਆਂ ਨੂੰ ਵੀ ਇਹ ਇਕ ਰਾਤ ਦਾ ਵਿਛੋੜਾ ਕਈ ਸਾਲਾਂ ਦੇ ਵਿਛੋੜੇ ਦੇ ਬਰਾਬਰ ਲੱਗਦਾ ਸੀ। ਭੈਣਾਂ ਅਤੇ ਸਹੇਲੀਆਂ ਵੀ ਰਾਹ ਵਿਚ ਅੱਖਾਂ ਵਿਛਾਈ ਬੈਠੀਆਂ ਹੁੰਦੀਆਂ ਸਨ, ਪਰ ਸਾਲੀਆਂ ਲਈ ਜੀਜਾ ਅਤੇ ਜੀਜੇ ਵਲੋਂ ਲਿਆਂਦੇ ਜਾਣ ਵਾਲੇ ਲੌਂਗ, ਇਲਾਚੀਆਂ, ਮਿਸ਼ਰੀ, ਕਲੀਚੜੀਆਂ ਆਦਿ ਖਿੱਚ ਦਾ ਕੇਂਦਰ ਬਣੇ ਹੁੰਦੇ ਸਨ। ਉਹ ਸਕੀਆਂ ਸਾਲੀਆਂ ਲਈ ਸੋਨੇ ਦੀਆਂ ਕਲੀਚੜੀਆਂ ਅਤੇ ਬਾਕੀ ਸ਼ਰੀਕੇ ਵਿਚ ਲੱਗਦੀਆਂ ਸਾਲੀਆਂ ਲਈ ਚਾਂਦੀ ਜਾਂ ਗਿਲਟ ਦੀਆਂ ਕਲੀਚੜੀਆਂ ਲੈ ਕੇ ਜਾਂਦਾ ਸੀ।

ਸ਼ਰੀਫ਼ ਅਤੇ ਸੰਗਾਊ ਸੁਭਾਅ ਦਾ ਲਾੜਾ ਤਾਂ ਚੁੱਪ-ਚਾਪ ਛੋਟੀ ਸਾਲੀ ਦੇ ਹੱਥ ਤੇ ਕਲੀਚੜੀਆਂ ਰੱਖ ਦਿੰਦਾ ਸੀ, ਪਰ ਚੁਸਤ ਅਤੇ ਰੰਗੀਨ ਮਿਜਾਜ਼ ਲਾੜਾ ਸਾਲੀ ਦੀ ਉਂਗਲੀ ਵਿਚ ਕਲੀਚੜੀ ਪਾਉਣ ਦੀ ਸ਼ਰਤ ਰੱਖ ਦਿੰਦਾ ਸੀ। ਇਸ ਮੌਕੇ ਲਾੜੇ ਨਾਲ ਕਈ ਤਰ੍ਹਾਂ ਦੇ ਮਜ਼ਾਕ, ਜਿਵੇਂ ਚਾਹ ਵਿਚ ਲੂਣ ਪਾ ਦੇਣਾ, ਬੈਠਣ ਲਈ ਟੁੱਟੀ ਹੋਈ ਕੁਰਸੀ ਨੂੰ ਚਾਦਰ ਨਾਲ ਢੱਕ ਦੇਣਾ ਅਤੇ ਲਾੜੇ ਵਲੋਂ ਲੌਂਗਾਂ ਦੀ ਥਾਂ 'ਚੂਹਿਆਂ ਦੀਆਂ ਮੀਂਗਣਾਂ' ਦੀ ਪੁੜੀ ਦੇਣਾ ਆਦਿ ਵੀ ਹੁੰਦੇ ਸਨ। ਇਸ ਵਕਤ ਸਾਰਾ ਵਾਤਾਵਰਤਨ ਹਾਸੇ ਦੇ ਠਹਾਕਿਆਂ ਨਾਲ ਚਹਿਕ ਉਠਦਾ ਸੀ। ਇਸ ਰਸਮ ਦਾ ਮੰਤਵ ਦੂਜੇ ਦਿਨ ਵਿਆਹੀ ਗਈ ਧੀ ਨੂੰ ਉਸ ਦੇ ਮਾਪਿਆਂ ਨਾਲ ਮਿਲਾਉਣਾ ਅਤੇ ਜਵਾਈ ਨਾਲ ਪਿਆਰ ਵਧਾਉਣਾ ਹੀ ਸੀ।

ਸਾਲੀਆਂ ਜੀਜੇ ਨਾਲ ਨੋਕ-ਝੋਕ ਕਰਦੇ ਹੋਏ ਉਸ ਨੂੰ 'ਛੰਦ' ਸੁਣਾਉਣ ਲਈ ਕਹਿੰਦੀਆਂ ਸਨ। 'ਛੰਦ' ਕਾਵਿ ਰੂਪ ਹੈ, ਜੋ ਨਿੱਕੀਆਂ ਬੋਲੀਆਂ ਨਾਲ ਮਿਲਦਾ ਜੁਲਦਾ ਹੈ। 'ਪਰਾਗੇ' ਸ਼ਬਦ ਦਾ ਅਰਥ ਹੈ 'ਇਕ ਰੁੱਗ' ਭਾਵ ਸੰਗ੍ਰਿਹ। ਇਸ ਲਈ 'ਛੰਦ' ਇਕ ਛੰਦ ਬੱਧ ਕਾਵਿ-ਰਚਨਾ ਹੈ, ਜਿਸ ਵਿਚ ਛੰਦ ਬੰਦੀ ਦੇ ਕੋਈ ਵਿਸ਼ੇਸ਼ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ। ਵਿਆਹ ਉਪਰੰਤ ਲਾੜੇ ਦੀ ਅਕਲ-ਲਿਆਕਤ ਦਾ ਅਨੁਮਾਨ 'ਛੰਦ' ਸੁਣ' ਕੇ ਹੀ ਲਗਾਇਆ ਜਾਂਦਾ ਸੀ। ਜੇ ਕਰ ਲਾੜਾ ਸੰਗਾਊ ਸੁਭਾਅ ਦਾ ਹੋਵੇ ਤਾਂ ਬਹੁਤ ਨਹੀਂ ਬੋਲਦਾ ਸੀ। ਜੇ ਕਰ ਚੁਸਤ ਚਲਾਕ ਹੋਵੇ ਤਾਂ ਦੂਹਰੇ ਅਰਥਾਂ ਵਾਲੇ ਛੰਦਾਂ ਨਾਲ ਸਾਲੀਆਂ ਦੇ ਮੂੰਹ ਬੰਦ ਕਰਵਾ ਦਿੰਦਾ ਸੀ। ਉਸ ਦੇ ਦੋਸਤ ਮਿੱਤਰ ਉਸ ਨੂੰ ਘਰੋਂ ਛੰਦ ਯਾਦ ਕਰਵਾ ਕੇ ਤੋਰਦੇ ਸਨ। ਇਹ ਰਸਮ ਹੁਣ ਟਾਂਵੀ-ਟਾਂਵੀ ਰਹਿ ਗਈ ਹੈ।


ਕੁੜਤਾ ਵੀ ਲਿਆਇਆ ਮੰਗ ਕੇ ਵੇ ਜੀਜਾ,
ਐਨਕਾਂ ਲਿਆਇਆ ਚੁਰਾ।
ਜੇ ਹੁੰਦੀਆਂ ਮੇਰੇ ਵੀਰ ਦੀਆਂ ਵੇ,
ਵੇ ਤੈਥੋਂ ਸਾਵੀਆਂ ਲੈਂਦੀ ਲੁਹਾ।

ਜੀਜੇ ਵਲੋਂ ਇਹ ਛੰਦ ਸੁਣਾਏ ਜਾਂਦੇ ਹਨ:

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਚੱਕੀਆਂ,
ਮਾਂ ਤੁਹਾਡੀ ਡਾਢੀ ਖ਼ਚਰੀ,
ਤੁਸੀਂ ਛਿਨਾਰਾਂ ਪੱਕੀਆਂ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਤੁੰਮਾਂ,
ਸਭੇ ਸਾਲ਼ੀਆਂ ਸੁਹਣੀਆਂ,
ਮੈਂ ਕੀਹਦਾ ਮੂੰਹ ਚੁੰਮਾਂ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਥਾਲੀ,
ਹੋਰ ਛੰਦ ਮੈਂ ਤਾਂ ਸੁਣਾਵਾਂ,
ਜੇ ਹੱਥ ਜੋੜੇ ਸਾਲੀ।



ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਮਹਿਣਾ,
ਬੇਟੀ ਨੂੰ ਸਮਝਾ ਦੇਣਾ ਜੀ,
ਆਗਿਆ ਦੇ ਵਿਚ ਰਹਿਣਾ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਤਰ,
ਲੋਕ ਬੋਲੀਆਂ ਮਾਰਦੇ, ਸੰਯੋਗ ਜ਼ੋਰਾਵਰ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਗਹਿਣਾ,
ਇਕ ਨੂੰ ਤਾਂ ਅਸੀਂ ਲੈ ਚੱਲੇ ਹਾਂ,
ਇਕ ਸਾਕ ਹੋਰ ਲੈਣਾ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਬੇਰੀ,
ਵੇਖ ਵੇਖ ਕੇ ਥੱਕੀਆਂ ਅੱਖੀਆਂ,
ਝੁਮਕਿਆਂ ਵਾਲੀ ਮੇਰੀ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਡੰਡੀ,
ਸਹੁਰਾ ਮੇਰਾ ਮਾਰਦਾ,
ਤੇ ਸੱਸ ਪਾਉਂਦੀ ਭੰਡੀ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਬਰੂਟੀ,
ਸਹੁਰਾ ਫ਼ੁੱਲ ਗ਼ੁਲਾਬ,
ਤੇ ਸੱਸ ਚੰਬੇ ਦੀ ਬੂਟੀ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਕੇਸਰ,
ਸੱਸ ਮੇਰੀ ਪਾਰਬਤੀ,
ਸਹੁਰਾ ਮੇਰਾ ਪਰਮੇਸ਼ਵਰ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਆਲ਼ਾ,
ਅਕਲਾਂ ਵਾਲੀ ਸਾਲੀ ਮੇਰੀ,
ਸੁਹਣਾ ਮੇਰਾ ਸਾਲ਼ਾ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਤੀਰ,
ਮੈਂ ਸੀ ਰਾਂਝਾਂ ਜੱਟ ਅੱਗੇ ਹੀ,
ਮਿਲ ਗਈ ਮੈਨੂੰ ਹੀਰ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਫ਼ੀਤਾ,
ਅਸੀਂ ਸੀ ਗ਼ਰੀਬ ਆਦਮੀ,
ਤੁਸਾਂ ਨੇ ਕੱਜ ਲੀਤਾ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਡੋਲਣਾ,
ਬਾਪੂ ਜੀ ਨੇ ਅਖਿਆ ਸੀਗਾ,
ਬਹੁਤਾ ਨਹੀਓਂ ਬੋਲਣਾ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਗਹਿਣਾ,
ਛੇਤੀ ਛੇਤੀ ਤੋਰੋ ਕੁੜੀ ਨੂੰ,
ਹੋਰ ਨਹੀਂ ਮੈਂ ਬਹਿਣਾ।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਹੰਸ,
ਸੀਤਾ ਤਾਈਂ ਵਿਆਹੁਣ ਆਏ,
ਰਾਮ ਜੀ ਸੂਰਜ ਵੰਸ਼।

ਛੰਦ ਪਰਾਗੇ ਆਈਏ ਜਾਈਏ,
ਛੰਦ ਪਰਾਗੇ ਘਿਓ।
ਸੱਸ ਲੱਗੀ ਅੱਜ ਤੋਂ ਮਾਂ ਮੇਰੀ,
ਸਹੁਰਾ ਲੱਗਿਆ ਪਿਓ।

ਫਿਰ ਕੁੜਮਣੀਆਂ ਦੀ ਮਿਲਣੀ ਹੁੰਦੀ ਹੈ ਅਤੇ ਇਸ ਤੋਂ ਬਾਅਦ ਵਿਆਹ ਸੰਪੂਰਨ ਹੋ ਜਾਂਦਾ ਹੈ।

# ਲੋਕ ਗੀਤਾਂ ਵਿਚ ਭਿੱਜੀ ਰੂਹ

ਬਚਪਨ ਤੋਂ ਲੈ ਕੇ ਅੱਜ ਤੱਕ ਲੋਕ ਗੀਤਾਂ ਨੇ ਹਮੇਸ਼ਾ ਮਨ ਨੂੰ ਟੁੰਬਿਆ ਹੈ। ਇਹ ਚੇਤੇ ਵਿਚ ਵਸ ਕੇ ਦਿਲ ਵਿਚ ਘਰ ਕਰ ਚੁੱਕੇ ਹਨ। ਬਚਪਨ ਦਾ ਬਹੁਤਾ ਹਿੱਸਾ ਨਾਨਕੇ ਪਿੰਡ 'ਹਰਸੀ ਪਿੰਡ' (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਗੁਜ਼ਰਿਆ। ਮੇਰੀ ਵੱਡੀ ਮਾਮੀ ਮਰਹੂਮ ਪ੍ਰੀਤਮ ਕੌਰ ਸਹੇਲੀਆਂ ਵਾਂਗ ਆਪਣੇ ਨਾਲ ਰੱਖਦੀ। ਅੱਜ ਵੀ ਯਾਦ ਹੈ, ਉਦੋਂ ਛੇਵੀਂ ਕਲਾਸ ਵਿਚ ਪੜ੍ਹਦੀ ਸੀ, ਤੇ ਸ਼ਰੀਕੇ ਵਿਚੋਂ ਲੱਗਦੀ ਮਾਸੀ ਦਾ ਵਿਆਹ ਸੀ। ਮੈਂ ਮਾਮੀ ਨਾਲ ਸ਼ਗਨ ਦੀ ਰਸਮ ਵਿਚ ਸ਼ਾਮਲ ਹੋਣ ਗਈ ਸੀ। ਵਿਆਹ ਵਾਲੇ ਘਰ ਦੇ ਬਾਹਰ ਗਾਉਣ ਦੀ ਆਵਾਜ਼ ਸੁਣ ਕੇ ਮਨ ਵਿਚ ਉਤਸੁਕਤਾ ਪੈਦਾ ਹੋ ਗਈ। ਘਰ ਅੰਦਰ ਪਰਵੇਸ਼ ਕੀਤਾ ਤਾਂ ਵਿਹੜਾ ਔਰਤਾਂ ਨਾਲ ਭਰਿਆ ਪਿਆ ਸੀ। ਵਿਹੜੇ ਵਿਚ ਵਿਛਾਈ ਹੋਈ ਦਰੀ 'ਤੇ ਬੈਠੀਆਂ ਔਰਤਾਂ ਗਾ ਰਹੀਆਂ ਸਨ। ਇਕ ਔਰਤ ਦਰੀ ਤੋਂ ਪਰ੍ਹਾਂ ਹਟ ਕੇ ਪੌੜੀ ਦੇ ਪੌਡੇ 'ਤੇ ਵੱਖਰੀ ਹੀ ਬੈਠੀ ਸੀ। ਉਹ ਗਾਉਂਦੇ ਹੋਏ ਬੜੀ ਨਜ਼ਾਕਤ ਨਾਲ ਮੁਸਕਰਾ ਰਹੀ ਸੀ। ਉਸ ਨੇ ਵਾਹਵਾ ਹਾਰ ਸ਼ਿੰਗਾਰ ਕੀਤਾ ਹੋਇਆ ਸੀ। ਮੇਰੀਆਂ ਨਜ਼ਰਾਂ ਵਾਰ-ਵਾਰ ਉਸ ਦੇ ਚਿਹਰੇ 'ਤੇ ਜਾ ਟਿਕਦੀਆਂ। ਮੈਂ ਗਹੁ ਨਾਲ ਸੁਣਨਾ ਸ਼ੁਰੂ ਕੀਤਾ। ਉਸ ਵਕਤ ਇਨ੍ਹਾਂ ਗੀਤਾਂ ਦੀਆਂ ਵੰਨਗੀਆਂ ਬਾਰੇ ਕੋਈ ਇਲਮ ਨਹੀਂ ਸੀ। ਹਾਂ! ਉਥੇ ਬੈਠਿਆਂ ਹੀ ਪਹਿਲੀ ਵਾਰੀ ਸੁਣ ਕੇ ਮੈਂ ਇਹ ਸਤਰਾਂ ਕੰਠ ਕਰ ਲਈਆਂ ਸਨ:

ਅੰਦਰ ਤਾਂ ਬੀਬੀ ਦਾ ਵੀਰਾ ਰੋਵੇ,
ਜੀ ਬਾਹਰ ਹੱਸੇ ਭਰਜਾਈ।
ਓਦਣ ਤਾਂ ਰੋਵੇਂਗੀ ਭਾਬੀਏ ਨੀ,
ਜਿੱਦਣ ਤੋਰੇਂਗੀ ਜਾਈ।

ਸੁਹਾਗ ਗਾਉਣ ਉਪਰੰਤ ਕਿਸੇ ਨੇ ਉਸ ਨੂੰ ਸੰਬੋਧਨ ਕਰਦਿਆਂ "ਭਾਬੀ ਨੂੰ ਵਧਾਈਆਂ!" ਕਿਹਾ ਤਾਂ ਮੈਨੂੰ ਉਸ ਦੇ ਵਿਅੰਗਮਈ ਢੰਗ ਨਾਲ ਗਾਉਣ ਦੀ ਥੋੜ੍ਹੀ ਜਿਹੀ ਸਮਝ ਆ ਗਈ। ਬਾਅਦ ਵਿਚ ਮਾਮੀ ਤੋਂ ਪਤਾ ਲੱਗਾ ਕਿ ਉਹ ਵਿਆਹ ਵਾਲੀ ਕੁੜੀ ਦੀ ਸਕੀ ਭਰਜਾਈ ਸੀ ਅਤੇ ਉਸ ਦੇ ਫ਼ੌਜੀ ਭਰਾ ਨਾਲ ਜਲੰਧਰ ਤੋਂ ਵਿਆਹ ਵਿਚ ਸ਼ਾਮਲ ਹੋਣ ਆਈ ਹੋਈ ਸੀ।

ਸੁਹਾਗ ਦੀਆਂ ਇਹ ਸਤਰਾਂ ਮੈਨੂੰ ਪਰੇਸ਼ਾਨ ਕਰਨ ਲੱਗੀਆਂ। ਉਸ ਦਾ ਮੁਸਕਰਾਉਂਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਘੁੰਮ ਰਿਹਾ ਸੀ। ਇਸ ਰਸਮ ਤੋਂ ਬਾਅਦ ਮੈਂ ਮਾਮੀ ਨਾਲ ਘਰ ਆਉਂਦੇ ਵਕਤ ਬਹੁਤ ਗੰਭੀਰ ਸੀ। ਸਾਰਾ ਰਸਤਾ ਆਪਣੀ ਸੂਝ ਮੁਤਾਬਿਕ ਸੁਹਾਗ ਦੇ ਅਰਥ ਕੱਢਦੀ ਰਹੀ। ਵੀਰਾ ਕਿਉਂ ਰੋਵੇਗਾ ਅਤੇ ਭਾਬੀ ਕਿਉਂ ਹੱਸੇਗੀ? ਇਹ ਸਭ ਗੱਲਾਂ ਸਮਝ ਤੋਂ ਬਾਹਰ ਸਨ।

ਫਿਰ ਸ਼ਰੀਕੇ ਵਿਚ ਲੱਗਦੇ ਚਾਚੇ ਦਾ ਵਿਆਹ ਆਪਣੇ ਮੰਮੀ-ਡੈਡੀ ਨਾਲ ਆਪਣੇ ਪਿੰਡ ਮੂਨਕ ਕਲਾਂ (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਦੇਖਿਆ। ਪਹਿਲੀ ਵਾਰੀ ਸੁਣੀ ਘੋੜੀ ਵੀ ਯਾਦ ਹੈ:

ਲਾੜਾ ਲਾਡਲਾ ਵਾਜਾ ਬੀਨਾ ਦਾ ਮੰਗਦਾ ਸੀ,
ਬਾਬਲ ਬਾਦਸ਼ਾਹ ਵਾਜਾ ਲੈ ਮੋਰ੍ਹੇ ਖੜ੍ਹਦਾ ਸੀ।
ਲਾੜਾ ਲਾਡਲਾ ਜੰਞ ਸ਼ੁਕੀਨਾਂ ਦੀ ਮੰਗਦਾ ਸੀ,
ਵੀਰਾ ਬਾਦਸ਼ਾਹ ਜੰਞ, ਲੈ ਮੋਰ੍ਹੇ ਖੜ੍ਹਦਾ ਸੀ।

ਇਹ ਘੋੜੀ ਸੁਣਦਿਆਂ ਹੀ ਮੇਰਾ ਮਨ ਬਾਬਲ ਅਤੇ ਵੀਰੇ ਨੂੰ ਬਾਦਸ਼ਾਹ ਮੰਨਣ ਤੋਂ ਇਨਕਾਰੀ ਸੀ। ਮੇਰੀ ਸਮਝ ਮੁਤਾਬਿਕ ਬਾਦਸ਼ਾਹ ਤਾਂ ਕਿਸੇ ਦੇਸ਼ ਦਾ ਰਾਜਾ ਹੀ ਹੋ ਸਕਦੈ?

ਇਕ ਦਿਨ ਆਪਣੀ ਹਵੇਲੀ ਵਿਚ ਮੰਮੀ-ਡੈਡੀ ਕੋਲ ਆਪਣੀਆਂ ਦੋ ਸਹੇਲੀਆਂ ਸੰਗ ਖੇਡ ਰਹੀ ਸੀ। ਇਕ ਹੋਰ ਸਹੇਲੀ ਰੁਪਿੰਦਰ ਮੇਰੇ ਮੰਮੀ-ਡੈਡੀ ਕੋਲੋਂ ਪੁੱਛ ਕੇ ਮੈਨੂੰ ਆਪਣੀ ਭੈਣ ਦੇ ਵਿਆਹ ਵਿਚ ਲੈ ਗਈ ਸੀ। ਉਥੇ ਪਹਿਲੀ ਵਾਰੀ ਨਾਨਕਾ ਮੇਲ ਦੇਖ ਕੇ ਦੰਗ ਹੀ ਰਹਿ ਗਈ ਸੀ। ਮੈਂ ਆਪਣੇ ਨਾਨਕੇ ਪਿੰਡ ਦੇ ਲੋਕਾਂ ਨੂੰ ਵਿਆਹ ਵਾਲੇ ਘਰ ਦੇਖ ਕੇ ਦੁਬਿਧਾ ਵਿਚ ਪੈ ਗਈ ਸੀ। ਸਭ ਮੇਰੇ ਮਾਮੇ-ਮਾਮੀਆਂ ਹੀ ਤਾਂ ਸਨ। ਮਾਮੀਆਂ ਗਾਉਣ ਵਿਚ ਇੰਨੀਆਂ ਮਸਰੂਫ਼ ਸਨ ਕਿ ਕਿਸੇ ਦਾ ਵੀ ਮੇਰੇ ਵੱਲ ਧਿਆਨ ਨਾ ਪਿਆ। ਮੈਂ ਆਪਣੇ ਪਿੰਡ ਵਾਲਾ ਗਰੁਪ ਛੱਡ ਕੇ ਮਾਮੀਆਂ ਵਾਲੇ ਗਰੁਪ ਕੋਲ ਜਾ ਖੜ੍ਹੀ ਹੋਈ। ਉਹ ਸਿੱਠਣੀਆਂ ਦਿੰਦੀਆਂ ਸਾਹੋ-ਸਾਹ ਹੋਈਆਂ ਪਈਆਂ ਸਨ। ਸਿੱਠਣੀਆਂ ਵਾਰੀ ਸਿਰ ਦਿੱਤੀਆਂ ਜਾ ਰਹੀਆਂ ਸਨ। ਮੇਰੀਆਂ ਮਾਮੀਆਂ ਦੀ ਜਿੱਤ ਮੈਨੂੰ ਆਪਣੀ ਜਿੱਤ ਲੱਗ ਰਹੀ ਸੀ। ਸ਼ਾਮ ਨੂੰ ਘਰ ਜਾ ਕੇ ਮੰਮੀ ਕੋਲੋਂ ਪਤਾ ਲੱਗਿਆ ਸੀ ਕਿ ਉਹ ਤਾਂ 'ਨਾਨਕਾ ਮੇਲ' ਸੀ।

'ਖਾਰੇ ਦੀ ਰਸਮ' ਵੀ ਪਹਿਲੀ ਵਾਰੀ ਨਾਨਕੇ ਪਿੰਡ ਹੀ ਦੇਖੀ ਸੀ। ਕੁੜੀ ਦਾ ਵਿਆਹ ਸੀ। ਵਿਆਹ ਵਾਲੇ ਘਰੋਂ ਸਾਡੇ ਘਰ ਸੱਦਾ ਆਇਆ ਸੀ। ਮੈਂ ਆਪਣੇ ਮਾਮੀ ਜੀ ਦੀ ਉਂਗਲੀ ਫੜੀ ਮੂੰਹ ਨੇਰ੍ਹੇ ਵਿਆਹ ਵਾਲੇ ਘਰ ਤੁਰ ਪਈ। ਘਰ ਵਿਚ ਬਣੇ ਗ਼ੁਸਲਖ਼ਾਨੇ ਦੇ ਦੁਆਲੇ ਬਹੁਤ ਸਾਰੀਆਂ ਔਰਤਾਂ ਗਾ ਰਹੀਆਂ ਸਨ ਅਤੇ ਇਕ ਔਰਤ ਉਸ ਕੁੜੀ ਨੂੰ ਸਾਬੁਣ ਲਗਾ ਕੇ ਮ਼ਲ ਰਹੀ ਸੀ। ਮੈਂ ਇਸ ਰਸਮ ਨੂੰ ਦੇਖ ਕੇ ਘਬਰਾ ਗਈ ਸੀ। ਮੇਰੇ ਮਨ ਵਿਚ ਕਈ ਸਵਾਲ ਪੈਦਾ ਹੋ ਗਏ ਸਨ। ਮੈਂ ਉਥੇ ਖੜ੍ਹੀ ਕਦੀ ਗਾਏ ਜਾ ਰਹੇ ਸੁਹਾਗ ਸੁਣਨ ਦੀ ਕੋਸ਼ਿਸ਼ ਕਰਦੀ ਸੀ ਅਤੇ ਕਦੀ ਮੁੜ ਆਪਣੇ ਸਵਾਲਾਂ ਵਿਚ ਗੁੰਮ ਜਾਂਦੀ ਸੀ।

***ਅਮਰੀਕਾ ਹੋਵੇ ਜਾਂ ਪੰਜਾਬ, ਜਦੋਂ ਵੀ ਕਿਤੇ ਵਿਆਹ ਸ਼ਾਦੀ 'ਤੇ ਜਾਂਦੀ ਹਾਂ, ਮਨ ਹੀ ਮਨ ਲੋਕ ਗੀਤਾਂ ਗੁਣਗੁਣਾਉਂਦੀ ਹਾਂ। ਮੈਂ ਉਸ ਵੇਲੇ ਨੂੰ ਯਾਦ ਕਰਦੀ ਰਹਿੰਦੀ ਹਾਂ, ਜਦ ਮੁਹੱਲੇ ਵਿਚ ਵਿਆਹ ਸ਼ਾਦੀ ਵੇਲੇ ਮੇਰੇ ਪਿੰਡ ਮੂਨਕ ਕਲਾਂ ਵਿਚ ਚੰਗਾ ਅਸਰ ਰਸੂਖ਼ ਰਖਾਉਣ ਵਾਲੀ ਮਾਂ ਜੀ ਮਣਸਾ ਦੇਵੀ ਲੋਕ ਗੀਤਾਂ ਦੀ ਰਾਣੀ ਬਣੀ ਪਸੀਨੋ-ਪਸੀਨਾ ਹੋਈ ਆਪਣੇ ਜੌਹਰ ਦਿਖਾ ਰਹੀ ਹੁੰਦੀ ਸੀ। ਮਾਂ ਜੀ ਨਾਲ ਮੇਰੀ ਦੋਸਤੀ ਦਾ ਮੁੱਢ ਅਤੇ ਸਿਖਰ ਇਹ ਲੋਕ ਗੀਤ ਹੀ ਸਨ।***

ਇਸ ਤੋਂ ਬਾਅਦ ਜਦ ਕਦੀ ਵੀ ਕਿਸੇ ਵਿਆਹ ਵਾਲੇ ਘਰ ਜਾਣ ਦਾ ਮੌਕਾ ਮਿਲਦਾ ਤਾਂ ਕਈ ਲੋਕ ਗੀਤ ਮੈਨੂੰ ਇਕ ਵਾਰੀ ਸੁਣ ਕੇ ਹੀ ਯਾਦ ਹੋ ਜਾਂਦੇ। ਮੈਂ ਮਨ ਹੀ ਮਨ ਨਵੇਂ ਸੁਣੇ ਗੀਤਾਂ ਨੂੰ ਗੁਣਗੁਣਾਉਂਦੀ ਸਰਸ਼ਾਰ ਹੋ ਜਾਂਦੀ ਸੀ। ਇਉਂ ਮੇਰੇ ਮਨ ਮੰਦਿਰ ਵਿਚ ਬਣਿਆਂ ਗੀਤਾਂ ਦਾ ਸਰੋਵਰ ਹਰ ਵਾਰੀ ਥੋੜ੍ਹਾ ਜਿਹਾ ਹੋਰ ਭਰ ਜਾਂਦਾ ਸੀ।

ਮੇਰੇ ਵਿਆਹ ਤੋਂ ਇਕ ਦਿਨ ਪਹਿਲਾਂ ਰਾਤ ਦੇ ਗਾਉਣ ਵੇ਼ਲੇ ਮੱਠੀ-ਮੱਠੀ ਭੂਰ ਪੈ ਰਹੀ ਸੀ। ਆਪਣੇ ਮਹਿੰਦੀ ਲੱਗੇ ਹੱਥਾਂ ਨਾਲ ਬੈਠੀ ਮੈਂ ਸੁਹਾਗ ਸੁਣ ਰਹੀ ਸੀ। ਮੇਰੀਆਂ ਚਾਚੀਆਂ ਤਾਈਆਂ ਗਾ ਰਹੀਆਂ ਸਨ:

ਭੈਣ ਵਿਆਹ ਡੋਲੇ ਪਾ ਮੇਰੇ ਵੀਰਾ,
ਫੇਰ ਗੰਗਾ ਵਿਚ ਨਾਵ੍ਹੇਂਗਾ।

ਮੈਂ ਬਾਬਲ ਦੇ ਵਿਹੜੇ ਵਿਚ ਪ੍ਰਸ਼ਨ ਚਿੰਨ੍ਹ ਬਣ ਕੇ ਬੈਠੀ ਸੀ। ਕੀ ਕੱਲ੍ਹ ਨੂੰ ਮੇਰਾ ਭਰਾ ਸੱਚਮੁੱਚ ਗੰਗਾ ਨਹਾਵੇਗਾ?

ਪੰਜਾਬੀ ਲੋਕ ਗੀਤਾਂ ਦਾ ਆਲੋਚਨਾਤਮਕ ਅਧਿਐਨ ਪੜ੍ਹਨ-ਪੜ੍ਹਾਉਣ ਅਤੇ ਸਭਿਆਚਾਰ ਬਾਰੇ ਬਹੁਤ ਕੁਝ ਜਾਣਨ ਤੋਂ ਬਾਅਦ ਦਾਅਵੇ ਨਾਲ ਆਖ ਸਕਦੀ ਹਾਂ ਕਿ ਜ਼ਿੰਦਗੀ ਦੇ ਜਟਿਲ ਵਰਤਾਰੇ ਦੀ ਨਿਰਛਲ ਪੇਸ਼ਕਾਰੀ ਕਰਨ ਦੇ ਸਮਰੱਥ ਲੋਕ ਗੀਤਾਂ ਵਿਚਲੀ ਸਾਦਗੀ ਹੀ ਇਨ੍ਹਾਂ ਦੀ ਸੁੰਦਰਤਾ ਅਤੇ ਲੰਮੇਰੀ ਉਮਰ ਦਾ ਕਾਰਨ ਹੈ।

ਵਿਆਹ ਤੋਂ ਬਾਅਦ ਅਮਰੀਕਾ ਆ ਗਈ। ਇਥੇ 18 ਜੁਲਾਈ 2012 ਨੂੰ ਗੋਲਡਨ ਪੰਜਾਬ ਕਲੱਬ ਦੇ ਜਨਰਲ ਸਕੱਤਰ ਪ੍ਰੋ. ਬਲਜਿੰਦਰ ਸਿੰਘ ਨੇ ਮੈਨੂੰ 'ਤੀਆਂ' ਦੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਹ ਨਵਾਂ ਅਨੁਭਵ ਨਵੀਂ ਦਿਸ਼ਾ ਦੇ ਗਿਆ। ਮੇਲੇ ਦੌਰਾਨ ਕਈ ਭੁੱਲੇ ਵਿਸਰੇ ਲੋਕ ਗੀਤ ਅਤੇ ਗਿੱਧੇ ਦੀਆਂ ਬੋਲੀਆਂ ਆਪ ਮੁਹਾਰੇ ਮੇਰੀ ਜ਼ੁਬਾਨ 'ਤੇ ਆ ਗਏ। ਇਹ ਲੋਕ ਗੀਤ ਅਤੇ ਲੋਕ ਬੋਲੀਆਂ ਉਠਦੇ-ਬੈਠਦੇ ਮੇਰੇ ਨਾਲ ਤੁਰਨ ਲੱਗ ਪਏ। ਇਨ੍ਹਾਂ ਦਿਨਾਂ ਵਿਚ ਨਿਮਨ ਲਿਖਤ ਸੁਹਾਗ ਮੈਂ ਵਾਰ-ਵਾਰ ਗੁਣਗਣਾਇਆ:

ਚੜ੍ਹ ਵੇ ਚੌਦਵੀਂ ਦਿਆ ਚੰਦਾ
ਚਾਨਣ ਕਰੀਂ ਵੇ ਚੁਫ਼ੇਰੇ,
ਕਿਹੜੇ ਰਾਜੇ ਨੇ ਢੁੱਕਣਾ,
ਧਰਮੀ ਬਾਬਲ ਦੇ ਵਿਹੜੇ।

ਇਹ ਸੁਹਾਗ ਗੁਣਗੁਣਾਉਂਦਿਆਂ ਖਿਆਲ ਉਡਾਰੀ ਰਾਹੀਂ ਪਲਾਂ ਵਿਚ ਦਾਦੀ ਦੇ ਵਿਹੜੇ ਅਤੇ ਬਾਬੇ ਦੇ ਖੇੜੇ ਪੁੱਜਦੀ ਰਹੀ। ਅੱਖਾਂ ਅੱਗੇ ਆਪਣੇ ਵਿਆਹ ਦਾ ਦ੍ਰਿਸ਼ ਵਾਰ-ਵਾਰ ਘੁੰਮਦਾ ਰਿਹਾ। ਮੈਂ ਵਿਆਹ ਦੀ ਮੂਵੀ ਲਗਾ ਕੇ ਆਪਣੀ ਅੰਮੜੀ ਅਤੇ ਬਾਬਲ ਦੇ ਸ਼ਗਨਾਂ ਭਰੇ ਵਿਹੜੇ ਵਿਚ 22 ਵਰ੍ਹੇ ਪਹਿਲਾਂ ਢੁੱਕੀ ਜੰਞ ਵਿਚ ਭਰਾਵਾਂ ਸੰਗ ਵਰ ਦੇ ਰੂਪ ਵਿਚ ਸਿਹਰਾ ਬੰਨ੍ਹੀਂ ਖੜ੍ਹੇ 'ਲਾਜ' ਨੂੰ ਤੱਕ ਮੂਨਕ ਕਲਾਂ ਤੋਂ ਤੂਰਾਂ (ਸਹੁਰਾ ਪਿੰਡ) ਅਤੇ ਤੂਰਾਂ ਤੋਂ ਅਮਰੀਕਾ ਤੱਕ ਦੇ ਰੰਗੀਨ ਜੀਵਨ ਪੰਧ ਨੂੰ ਯਾਦ ਕਰਦੇ ਯਾਦਾਂ ਦੇ ਦੀਵੇ ਬਾਲਦੀ ਰਹੀ। ਮੇਰੀਆਂ ਅੱਖਾਂ ਵਿਚ ਨੀਰ ਭਰਦਾ ਰਿਹਾ। ਮੈਂ ਆਪਣੇ ਵਿਛੜੇ ਜਨਮ-ਦਾਤੇ ਨੂੰ ਯਾਦ ਕਰਕੇ ਹਾਉਕੇ ਭਰਦੇ ਗਾਉਂਦੀ ਰਹੀ:

ਕਣਕ ਤਾਂ ਛੋਲਿਆਂ ਦਾ ਖੇਤ,
ਹੌ਼ਲੀ-ਹੌ਼ਲੀ ਨਿਸਰ ਗਿਆ।
ਬਾਬਲ ਸਧਰਮੀ ਦਾ ਦੇਸ,
ਹੌ਼ਲੀ-ਹੌ਼ਲੀ ਵਿਸਰ ਗਿਆ।

ਅਮਰੀਕਾ ਹੋਵੇ ਜਾਂ ਪੰਜਾਬ, ਜਦੋਂ ਵੀ ਕਿਤੇ ਵਿਆਹ ਸ਼ਾਦੀ 'ਤੇ ਜਾਂਦੀ ਹਾਂ, ਮਨ ਹੀ ਮਨ ਲੋਕ ਗੀਤਾਂ ਗੁਣਗੁਣਾਉਂਦੀ ਹਾਂ। ਮੈਂ ਉਸ ਵੇਲੇ ਨੂੰ ਯਾਦ ਕਰਦੀ ਰਹਿੰਦੀ ਹਾਂ, ਜਦ ਮੁਹੱਲੇ ਵਿਚ ਵਿਆਹ ਸ਼ਾਦੀ ਵੇਲੇ ਮੇਰੇ ਪਿੰਡ ਮੂਨਕ ਕਲਾਂ ਵਿਚ ਚੰਗਾ ਅਸਰ ਰਸੂਖ਼ ਰਖਾਉਣ ਵਾਲੀ ਮਾਂ ਜੀ ਮਣਸਾ ਦੇਵੀ ਲੋਕ ਗੀਤਾਂ ਦੀ ਰਾਣੀ ਬਣੀ ਪਸੀਨੋ-ਪਸੀਨਾ ਹੋਈ ਆਪਣੇ ਜੌਹਰ ਦਿਖਾ ਰਹੀ ਹੁੰਦੀ ਸੀ। ਮਾਂ ਜੀ ਨਾਲ ਮੇਰੀ ਦੋਸਤੀ ਦਾ ਮੁੱਢ ਅਤੇ ਸਿਖਰ ਇਹ ਲੋਕ ਗੀਤ ਹੀ ਸਨ।

*-ਨੀਲਮ ਸੈਣੀ*

# ਅਪਰਾਧ ਦੀ ਸੱਤਾ ਦਾ ਚਿਤਰਨ: ਤਕਸ਼ਕ



ਕੁਲਦੀਪ ਕੌਰ
ਫੋਨ: +91-98554-04330

ਫਿਲਮਸਾਜ਼ ਗੋਬਿੰਦ ਨਿਹਲਾਨੀ ਦੁਆਰਾ ਨਿਰਦੇਸ਼ਤ ਫਿਲਮ 'ਤਕਸ਼ਕ' ਮੋਟੇ ਰੂਪ ਵਿਚ ਮਾਰੀਉ ਪੋਜ਼ੋ ਦੇ ਨਾਵਲ 'ਗੌਡ ਫਾਦਰ' ਉਤੇ ਆਧਾਰਿਤ ਸੀ। ਇਸ ਫਿਲਮ ਦੇ ਨਿਰਦੇਸ਼ਨ ਰਾਹੀਂ ਗੋਬਿੰਦ ਨਿਹਲਾਨੀ ਪਾਪੂਲਰ ਸਿਨੇਮਾ ਵਿਚ ਆਪਣੀ ਪੈਂਠ ਬਿਠਾਉਣਾ ਚਾਹੁੰਦੇ ਸਨ, ਪਰ ਮਾੜੇ ਸਕਰੀਨ ਪਲੇਅ ਅਤੇ ਕਹਾਣੀ ਵਿਚ ਥਾਂ-ਥਾਂ ਪਏ ਖੱਪਿਆਂ ਨੇ ਉਨ੍ਹਾਂ ਦੀ ਇਕ ਨਾ ਚੱਲਣ ਦਿੱਤੀ!

ਮਾਰੀਉ ਪੋਜ਼ੋ ਦੇ ਨਾਵਲ 'ਗੌਡ ਫਾਦਰ' ਦੀ ਕਹਾਣੀ ਅਤੇ ਪਟਕਥਾ ਬਹੁਤ ਦਿਲਚਸਪ ਹੈ। ਇਸ ਨਾਵਲ 'ਤੇ ਤਿੰਨ ਵਾਰ ਫਿਲਮਾਂ ਬਣੀਆਂ ਅਤੇ ਤਿੰਨੇ ਵਾਰ ਬਾਕਮਾਲ ਬਣੀਆਂ। ਇਨ੍ਹਾਂ ਫਿਲਮਾਂ ਨੂੰ ਪਿਉ-ਪੁੱਤ ਦੇ ਰਿਸ਼ਤੇ ਦਾ ਸੰਵੇਦਨਸ਼ੀਲ ਅਤੇ ਗੁੰਝਲਦਾਰ ਚਿਤਰਣ ਕਰਨ ਲਈ ਜਾਣਿਆ ਜਾਂਦਾ ਹੈ। ਅਪਰਾਧ ਦੀ ਦੁਨੀਆਂ ਦਾ ਮੁੱਖ ਕਿਰਦਾਰ ਹੋਣ ਦੇ ਬਾਵਜੂਦ ਪਿਉ ਗੋਲੀ ਦੀ ਬਜਾਏ ਤਰਕ ਦੀ ਭਾਸ਼ਾ ਬੋਲਦਾ ਹੈ। ਪੁੱਤ ਆਪਣੇ ਪਿਉ ਦੀ ਜਗ੍ਹਾ ਲੈਣ ਤੋਂ ਸ਼ਰਮਾਉਂਦਾ ਹੈ, ਇਸ ਦੇ ਬਾਵਜੂਦ ਸਥਿਤੀਆਂ ਅਜਿਹੀਆਂ ਬਣ ਜਾਂਦੀਆਂ ਹਨ ਕਿ ਉਸ ਕੋਲ ਹੋਰ ਕੋਈ ਚਾਰਾ ਹੀ ਨਹੀਂ ਬਚਦਾ। ਦੋਵੇਂ ਮਰਨ-ਮਰਾਉਣ ਤੋਂ ਘੇਸਲ ਵੱਟਦੇ ਹਨ, ਪਰ ਪਰਿਵਾਰਾਂ ਦੀ ਸੁਰੱਖਿਆ ਲਈ ਆਖਿਰ ਉਨ੍ਹਾਂ ਨੂੰ ਖੂਨ-ਖਰਾਬੇ 'ਤੇ ਉਤਰਨਾ ਪੈਂਦਾ ਹੈ।


ਫਿਲਮ ਦੀ ਕਹਾਣੀ ਅਨੁਸਾਰ ਇਸ਼ਾਨ (ਅਜੇ ਦੇਵਗਨ) ਮੰਨੇ-ਪ੍ਰਮੰਨੇ ਉਦਯੋਗਪਤੀ ਪਰਿਵਾਰ ਦਾ ਲੜਕਾ ਹੈ। ਇਸ ਪਰਿਵਾਰ ਨੂੰ ਇੱਕ ਹੋਰ ਉਦਯੋਗਪਤੀ ਪਰਿਵਾਰ ਦਾ ਮੁਖੀਆ ਅਤੇ ਉਸ ਦਾ ਲੜਕਾ ਸੰਨੀ (ਰਾਹੁਲ ਬੋਸ) ਤਨ, ਮਨ, ਧਨ ਨਾਲ ਸਹਿਯੋਗ ਦੇ ਰਿਹਾ ਹੈ। ਦੂਜੇ ਪਾਸੇ ਇਸ਼ਾਨ ਅਤੇ ਸੰਨੀ ਦੀ ਦੋਸਤੀ ਦੇ ਵੀ ਸਾਰੇ ਸ਼ਹਿਰ ਵਿਚ ਚਰਚੇ ਹਨ। ਮੁੰਬਈ ਦੀਆਂ ਗਗਨਚੁੰਬੀ ਇਮਾਰਤਾਂ ਵਿਚਕਾਰ ਫਿਲਮਾਈ ਇਹ ਫਿਲਮ ਜਿਥੇ ਹਰ ਸਫਲ ਬਿਜ਼ਨਸ ਪਿੱਛੇ ਕੰਮ ਕਰਦੀਆਂ ਹਿੰਸਕ ਅਤੇ ਮੁਨਾਫਾ-ਮੁਖੀ ਪ੍ਰਵਿਰਤੀਆਂ ਦੀ ਨਿਸ਼ਾਨਦੇਹੀ ਕਰਦੀ ਹੈ, ਉਥੇ ਅਪਰਾਧ ਜਗਤ ਨਾਲ ਜੁੜੇ ਬੰਦਿਆਂ ਦੀਆਂ ਮਨੋਵਿਗਿਆਨਕ ਗੁੰਝਲਾਂ ਅਤੇ 'ਹਰ ਹੀਲੇ ਜਿੱਤਣ' ਦੀ ਧਾਰਨਾ ਦੇ ਦੂਰ-ਰਸ ਮਾਰੂ ਸਿੱਟਿਆਂ ਦੀ ਤਸਦੀਕ ਵੀ ਕਰਦੀ ਹੈ।

***ਫਿਲਮ ਵਿਚ ਹਿੰਸਾਤਮਕ ਦ੍ਰਿਸ਼ਾਂ ਦੀ ਬਹੁਤ ਭਰਮਾਰ ਹੈ। ਤਕਨੀਕੀ ਖਾਮੀਆਂ ਵੀ ਮੱਲੋ-ਮੱਲੀ ਆਪਣੇ ਵੱਲ ਧਿਆਨ ਖਿੱਚਦੀਆਂ ਹਨ। ਫਿਲਮ 'ਅਰਧ ਸੱਤਿਆ' ਵਿਚ ਜਿਸ ਤਰ੍ਹਾਂ ਨਾਲ ਗੋਬਿੰਦ ਨਿਹਲਾਨੀ ਸਦਾਸ਼ਿਵ ਅਮਰਾਪੁਰਕਰ ਵਰਗੇ ਕਿਰਦਾਰ ਦੀ ਸਿਰਜਣਾ ਕਰਦੇ ਹਨ, ਉਸ ਦੇ ਮੁਕਾਬਲੇ ਇਸ ਫਿਲਮ ਦੇ ਕਿਰਦਾਰ ਕੰਮਜ਼ੋਰ ਅਤੇ ਨਿਮਾਣੇ ਜਿਹੇ ਮਹਿਸੂਸ ਹੁੰਦੇ ਹਨ। ਇਸ ਫਿਲਮ ਨੂੰ ਦੇਖਦਿਆ ਸੁੱਤੇ-ਸਿਧ ਹੀ ਫਿਲਮ 'ਵਾਸਤਵ' ਅਤੇ 'ਸੱਤਿਆ' ਵਿਚਲੀ ਹਕੀਕਤ ਦੀ ਯਾਦ ਆਉਂਦੀ ਹੈ।***

ਫਿਲਮ ਵਿਚ ਇਸ਼ਾਨ ਦੀ ਮਹਿਬੂਬਾ ਸੁਮਨ (ਤੱਬੂ) ਦੀ ਭੂਮਿਕਾ ਫੈਸਲਾਕੁਨ ਹੈ। ਉਹ ਅਸਲ ਵਿਚ ਫਿਲਮ ਦਾ ਨੈਤਿਕ ਕੰਪਾਸ ਹੈ ਜਿਸ ਰਾਹੀਂ ਇਸ਼ਾਨ ਆਪਣੇ ਅਪਰਾਧਾਂ ਵਿਚ 'ਗੁਨਾਹ ਦੀ ਭਾਵਨਾ' ਨੂੰ ਸਮਝਣ ਅਤੇ ਉਸ ਵਿਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦਾ ਨਜ਼ਰ ਆਉਂਦਾ ਹੈ। ਦੂਜੇ ਪਾਸੇ ਆਪਣੇ ਪਿਤਾ ਨਾਹਰ ਸਿੰਘ (ਅਮਰੀਸ਼ ਪੁਰੀ) ਦਾ ਉਸ ਵਿਚ ਅੰਨ੍ਹਾ ਵਿਸ਼ਵਾਸ ਉਸ ਨੂੰ ਅਪਰਾਧ ਨਾਲ ਜੁੜੀ ਸੱਤਾ-ਪ੍ਰਾਪਤੀ ਵੱਲ ਲਗਾਤਾਰ ਧੱਕਦਾ ਹੈ। ਉਸ ਦੀ ਜ਼ਿੰਦਗੀ ਕਸ਼ਮਕਸ਼ ਬਣ ਕੇ ਰਹਿ ਜਾਂਦੀ ਹੈ। ਪਿਤਾ ਦੇ ਆਪਣੇ ਕਿਸਮ ਦੇ ਦਵੰਦ ਹਨ ਅਤੇ ਉਸ ਲਈ ਜ਼ਿੰਦਗੀ ਹਰ ਰੋਜ਼ ਨਵੇਂ ਸਿਰਿਉਂ ਲੜੀ ਜਾਣ ਵਾਲੀ ਜੰਗ ਵਾਂਗ ਹੈ। ਸੰਨੀ ਲਈ ਜ਼ਿੰਦਗੀ 'ਸ਼ਹਿਰ ਉਤੇ ਹਕੂਮਤ ਕਰਨ' ਤੱਕ ਸੀਮਤ ਹੈ। ਫਿਲਮ ਵਿਚ ਗੋਬਿੰਦ ਨਿਹਲਾਨੀ ਦਾ ਨਜ਼ਰੀਆ ਸਾਫ-ਸਪਸ਼ਟ ਨਜ਼ਰ ਆਉਂਦਾ ਹੈ ਜਿਸ ਕਾਰਨ ਫਿਲਮ ਵਿਚ ਬਹੁਤ ਸਾਰੀਆਂ ਥਾਵਾਂ 'ਤੇ ਫਿਲਮ ਭਾਸ਼ਣ ਤੱਕ ਵੀ ਸੀਮਤ ਹੁੰਦੀ ਨਜ਼ਰ ਆਉਂਦੀ ਹੈ। ਆਜ਼ਾਦੀ ਦੇ ਸੰਕੇਤ ਦੇ ਤੌਰ 'ਤੇ ਪੇਸ਼ ਕੀਤੇ ਬੁਜ਼ਰਗ ਦਾ ਸੰਨੀ ਵੱਲੋਂ ਕੀਤਾ ਕਤਲ ਭਾਰਤੀ ਲੋਕਤੰਤਰ ਦੀਆਂ ਬਦਲ ਰਹੀਆਂ ਕਦਰਾਂ-ਕੀਮਤਾਂ ਵੱਲ ਇਸ਼ਾਰਾ ਕਰਦਾ ਹੈ। ਫਿਲਮ ਵਿਚ ਤੱਬੂ ਦਾ ਕਿਰਦਾਰ ਕਾਵਿਕ ਹੈ ਜਿਸ ਕਾਰਨ ਫਿਲਮ ਵਿਚ ਲਗਾਤਾਰ ਕਵਿਤਾ ਦੀ ਵਰਤੋਂ ਹੋਈ ਹੈ। ਇਸ ਪ੍ਰਯੋਗ ਕਾਰਨ ਗੋਲੀਬਾਰੀ, ਅਗਜ਼ਨੀ ਅਤੇ ਹਿੰਸਾ ਦੇ ਦ੍ਰਿਸ਼ਾਂ ਦੀ ਕਰੂਰਤਾ ਵੱਧ ਉਭਰਵੇਂ ਰੂਪ ਵਿਚ ਸਾਹਮਣੇ ਆਈ ਹੈ।

ਫਿਲਮ ਵਿਚ ਸੰਗੀਤਕਾਰ ਵਜੋਂ ਏ.ਆਰ. ਰਹਿਮਾਨ ਦੀ ਮਿਹਨਤ ਝਲਕਦੀ ਹੈ। ਗਾਣਾ 'ਰੰਗ ਦੇ' ਆਪਣੀ ਕਾਵਿਕ ਸਮਰੱਥਾ ਨਾਲ ਕੀਲਦਾ ਹੈ। ਫਿਲਮ ਮਾੜੀ ਪਟਕਥਾ ਦੇ ਬਾਵਜੂਦ ਅਪਰਾਧ ਦੀ ਦੁਨੀਆਂ ਵਿਚਲੀ ਚਿਰ-ਭੰਗਰੀ ਹੋਂਦ ਦਿਖਾਉਣ ਵਿਚ ਸਫਲ ਹੈ। ਖਾਸ ਤੌਰ 'ਤੇ ਰਾਹੁਲ ਬੋਸ ਆਪਣੇ ਦਮਦਾਰ ਕਿਰਦਾਰ ਅਤੇ ਤੱਬੂ ਆਪਣੀ ਸੁਭਾਵਿਕ ਅਦਾਕਾਰੀ ਨਾਲ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਦੇ ਹਨ।

ਇਸ ਫਿਲਮ ਵਿਚ ਹਿੰਸਾਤਮਕ ਦ੍ਰਿਸ਼ਾਂ ਦੀ ਬਹੁਤ ਭਰਮਾਰ ਹੈ। ਤਕਨੀਕੀ ਖਾਮੀਆਂ ਵੀ ਮੱਲੋ-ਮੱਲੀ ਆਪਣੇ ਵੱਲ ਧਿਆਨ ਖਿੱਚਦੀਆਂ ਹਨ। ਫਿਲਮ 'ਅਰਧ ਸੱਤਿਆ' ਵਿਚ ਜਿਸ ਤਰ੍ਹਾਂ ਨਾਲ ਗੋਬਿੰਦ ਨਿਹਲਾਨੀ ਸਦਾਸ਼ਿਵ ਅਮਰਾਪੁਰਕਰ ਵਰਗੇ ਕਿਰਦਾਰ ਦੀ ਸਿਰਜਣਾ ਕਰਦੇ ਹਨ, ਉਸ ਦੇ ਮੁਕਾਬਲੇ ਇਸ ਫਿਲਮ ਦੇ ਕਿਰਦਾਰ ਕੰਮਜ਼ੋਰ ਅਤੇ ਨਿਮਾਣੇ ਜਿਹੇ ਮਹਿਸੂਸ ਹੁੰਦੇ ਹਨ। ਇਸ ਫਿਲਮ ਨੂੰ ਦੇਖਦਿਆ ਸੁੱਤੇ-ਸਿਧ ਹੀ ਫਿਲਮ 'ਵਾਸਤਵ' ਅਤੇ 'ਸੱਤਿਆ' ਵਿਚਲੀ ਹਕੀਕਤ ਦੀ ਯਾਦ ਆਉਂਦੀ ਹੈ।






*ਫਿਲਮ 'ਤਕਸ਼ਕ' ਦਾ ਪੋਸਟਰ, ਤੱਬੂ (ਵਿਚਕਾਰ)ਅਤੇ (ਐਨ ਸੱਜੇ) ਫਿਲਮਸਾਜ਼ ਗੋਬਿੰਦ ਨਿਹਲਾਨੀ।*

# ਪ੍ਰਕਾਸ਼ ਰਾਜ ਦਾ ਦੋਹਰਾ ਤੁਣਕਾ



ਦੱਖਣੀ ਅਤੇ ਹਿੰਦੀ ਫਿਲਮਾਂ ਨਾਲ ਜੁੜੇ ਉਘੇ ਅਦਾਕਾਰ, ਨਿਰਮਾਤਾ ਅਤੇ ਨਿਰਦੇਸ਼ਕ ਪ੍ਰਕਾਸ਼ ਰਾਜ ਨੇ ਇਕ ਵਾਰ ਫਿਰ ਮੋਦੀ ਸਰਕਾਰ ਬਾਰੇ ਤਿੱਖੀ ਟਿੱਪਣੀ ਕੀਤੀ ਹੈ। ਨੋਟਬੰਦੀ ਦਾ ਇਕ ਸਾਲ ਪੂਰਾ ਹੋਣ ਉਤੇ ਉਸ ਨੇ ਸਪਸ਼ਟ ਕਿਹਾ ਹੈ ਕਿ ਲੋਕਾਂ ਨੂੰ ਹੋਈਆਂ ਤਕਲੀਫ਼ਾਂ ਅਤੇ ਕਾਰੋਬਾਰੀਆਂ ਦੇ ਕਾਰੋਬਾਰ ਤਬਾਹ ਹੋਣ ਦੇ ਮੱਦੇਨਜ਼ਰ ਸਰਕਾਰ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ। ਉਸ ਨੇ ਨੋਟਬੰਦੀ ਦੇ ਫੈਸਲੇ ਨੂੰ ਮੋਦੀ ਸਰਕਾਰ ਦੀ ਸਭ ਤੋਂ ਵੱਡੀ ਭੁੱਲ ਕਰਾਰ ਦਿੱਤਾ ਹੈ ਅਤੇ ਟਵਿਟਰ ਉਤੇ ਲਿਖਿਆ ਹੈ, "ਨੋਟਬੰਦੀ ਨਾਲ ਅਮੀਰਾਂ ਨੂੰ ਆਪਣੇ ਕਾਲੇ ਧਨ ਨੂੰ ਲਕੋਣ ਲਈ ਨਵਾਂ ਤਰੀਕਾ ਮਿਲ ਗਿਆ, ਪਰ ਇਸ ਫੈਸਲੇ ਨਾਲ ਆਮ ਲੋਕਾਂ ਅਤੇ ਮਜ਼ਦੂਰਾਂ ਵੱਡੀ ਪੱਧਰ 'ਤੇ ਬੇਰੁਜ਼ਗਾਰ ਹੋ ਗਏ।" ਯਾਦ ਰਹੇ ਕਿ ਕੌਮੀ ਇਨਾਮ ਜੇਤੂ ਪ੍ਰਕਾਸ਼ ਰਾਜ ਨੇ ਪਹਿਲਾਂ ਵੀ ਮੋਦੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ 'ਤੇ ਟਿੱਪਣੀ ਕੀਤੀ ਸੀ। ਉਸ ਨੇ ਸਭਿਆਚਾਰਕ ਬੁਰਛਾਗਰਦੀ ਅਤੇ ਲੋਕਾਂ ਨੂੰ ਕੁੱਟ-ਕੁੱਟ ਕੇ ਮਾਰੇ ਜਾਣ ਬਾਰੇ ਵੱਡੇ ਸਵਾਲ ਉਠਾਏ ਸਨ ਅਤੇ ਆਪਣੇ ਇਨਾਮ ਵਾਪਸ ਦੇਣ ਦੀ ਧਮਕੀ ਵੀ ਦਿੱਤੀ ਸੀ।

ਇਸ ਤੋਂ ਇਲਾਵਾ ਪ੍ਰਕਾਸ਼ ਰਾਜ ਨੇ ਧਰਮ ਦੇ ਨਾਂ ਉਤੇ ਕੀਤੀ ਜਾ ਰਹੀ ਸਿਆਸਤ ਕਰਨ ਵਾਲਿਆਂ ਬਾਰੇ ਵੀ ਵੱਡੇ ਸਵਾਲ ਉਠਾਏ ਹਨ। ਯਾਦ ਰਹੇ ਕਿ ਅਜਿਹੀਆਂ ਟਿੱਪਣੀਆਂ ਤੋਂ ਬਾਅਦ ਆਰ.ਐਸ.ਐਸ. ਪੱਖੀ ਲੋਕ ਇਸ ਅਦਾਕਾਰ ਦੇ ਪਿੱਛੇ ਪੈ ਗਏ ਸਨ, ਪਰ ਉਸ ਨੇ ਸਪਸ਼ਟ ਕਿਹਾ ਕਿ ਉਸ ਨੂੰ ਅਜਿਹੇ ਲੋਕਾਂ ਦੀ ਕੋਈ ਪ੍ਰਵਾਹ ਨਹੀਂ ਹੈ। ***-ਗੁਰਜੰਟ ਸਿੰਘ***

# ਕਪਿਲ ਸ਼ਰਮਾ ਦੀ ਕਹਾਣੀ

ਲੋਕਪ੍ਰਿਯਤਾ ਦੀ ਸਿਖਰ ਉਤੇ ਪੁੱਜਿਆ ਕਪਿਲ ਸ਼ਰਮਾ ਅੱਜ ਕੱਲ੍ਹ ਜ਼ਮੀਨ 'ਤੇ ਡਿਗਿਆ ਹੋਇਆ ਹੈ। ਉਸ ਦੀਆਂ ਕਰਤੂਤਾਂ ਕਾਰਨ ਉਸ ਦਾ 'ਕਪਿਲ ਸ਼ਰਮਾ ਕਾਮੇਡੀ ਸ਼ੋਅ' ਪਹਿਲਾਂ ਹੀ ਬੰਦ ਹੋ ਚੁੱਕਾ ਹੈ ਅਤੇ ਅੱਜ ਕੱਲ੍ਹ ਉਸ ਦੀ ਬਹੁਤ ਜ਼ਿਆਦਾ ਸ਼ਰਾਬ ਪੀਣ ਦੀ ਆਦਤ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਸ਼ਰਾਬ ਪੀਣ ਨਾਲੋਂ ਵੀ ਵੱਧ ਚਰਚਾ ਸ਼ਰਾਬ ਪੀ ਕੇ ਉਸ ਵੱਲੋਂ ਕੀਤੀ ਹੁੱਲੜਬਾਜ਼ੀ ਦੀ ਚਰਚਾ ਹੁੰਦੀ ਹੈ। ਸੁਣਿਆ ਹੈ ਕਿ ਆਪਣੀਆਂ ਅਜਿਹੀਆਂ ਕਰਤੂਤਾਂ ਕਰ ਕੇ ਉਸ ਦਾ ਮਾਨਸਿਕ ਸੰਤੁਲਨ ਵੀ ਵਿਗੜ ਗਿਆ ਸੀ ਅਤੇ ਉਹ ਬਹੁਤ ਜ਼ਿਆਦਾ ਪ੍ਰੇਸ਼ਾਨ ਵੀ ਰਹਿਣ ਲੱਗ ਪਿਆ ਸੀ। ਹੁਣ ਉਹ ਬੰਗਲੌਰ ਤੋਂ ਆਪਣਾ ਇਲਾਜ ਕਰਵਾ ਕੇ ਆਇਆ ਹੈ ਅਤੇ ਹੁਣ ਉਸ ਦੀਆਂ ਸਾਰੀਆਂ ਆਸਾਂ ਫਿਲਮ 'ਫਰੰਗੀ' ਉਤੇ ਲੱਗੀਆਂ ਹੋਈਆਂ ਹਨ। ਤੱਥ ਬੋਲਦੇ ਹਨ ਕਿ ਉਹ ਆਪਣੇ ਵਿਹਾਰ ਕਰ ਕੇ ਹੁਣ ਲੋਕਾਂ ਦੇ ਮਨਾਂ ਵਿਚੋਂ ਲਹਿ ਚੁੱਕਾ ਹੈ। 'ਫਰੰਗੀ' ਫਿਲਮ 24 ਨਵੰਬਰ ਨੂੰ ਰਿਲੀਜ਼ ਹੋਣੀ ਹੈ ਅਤੇ ਇਸ ਵਿਚ ਕਪਿਲ ਤੋਂ ਇਲਾਵਾ ਈਸ਼ਤਾ ਦੱਤਾ ਅਤੇ ਮੋਨਿਕਾ ਗਿੱਲ ਨੇ ਅਹਿਮ ਕਿਰਦਾਰ ਨਿਭਾਏ ਹਨ। ***-ਆਮਨਾ ਕੌਰ***





# ਫਰਹਾਨ ਦਾ ਫਣ

ਲਿੰਗ ਬਰਾਬਰੀ ਬਾਰੇ ਸਦਾ ਹੀ ਝੰਡੇ ਗੱਡਣ ਵਾਲਾ ਅਦਾਕਾਰ ਫਰਹਾਨ ਅਖਤਰ ਨੇ ਹੁਣ ਫਿਲਮ ਸਨਅਤ ਵਿਚ ਕੁੜੀਆਂ ਨਾਲ ਹੁੰਦੇ ਜਿਨਸੀ ਸ਼ੋਸ਼ਣ ਬਾਰੇ ਖੁੱਲ੍ਹ ਕੇ ਬੋਲਿਆ ਹੈ। ਹਾਲੀਵੁੱਡ ਵਿਚ ਚੱਲੀ ਇਸ ਬਹਿਸ ਦੇ ਹੱਕ ਵਿਚ ਡਟਦਿਆਂ ਉਸ ਨੇ ਕਿਹਾ ਹੈ ਕਿ ਹਿੰਦੀ ਫਿਲਮ ਜਗਤ ਨਾਲ ਜੁੜੇ ਲੋਕਾਂ ਨੂੰ ਵੀ ਹੁਣ ਜਿਨਸੀ ਸ਼ੋਸ਼ਣ ਕਰਨ ਵਾਲਿਆਂ ਖਿਲਾਫ਼ ਖੁੱਲ੍ਹ ਕੇ ਸਾਹਮਣੇ ਆਉਣਾ ਚਾਹੀਦਾ ਹੈ।

ਯਾਦ ਰਹੇ ਕਿ ਫਰਹਾਨ ਅਖਤਰ ਨੇ ਇਕ ਸੰਸਥਾ 'ਮਰਦ' (ਐਮ.ਏ.ਆਰ.ਡੀ.- ਮੈੱਨ ਅਗੇਂਸਟ ਰੇਪ ਐਂਡ ਡਿਸਕਰੀਮੀਨੇਸ਼ਨ) ਬਣਾਈ ਹੋਈ ਹੈ ਅਤੇ ਇਹ ਸੰਸਥਾ ਲਿੰਗ ਵਿਤਕਰੇ ਨਾਲ ਜੁੜੇ ਮਸਲੇ ਜ਼ੋਰ-ਸ਼ੋਰ ਨਾਲ ਉਠਾਉਂਦੀ ਹੈ। ਫਰਹਾਨ ਅਖਤਰ ਨੇ ਇਹ ਸੰਸਥਾ ਮਾਰਚ 2013 ਵਿਚ ਬਣਾਈ ਸੀ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਉਹ ਲਗਾਤਾਰ ਸਰਗਰਮੀ ਕਰ ਰਿਹਾ ਹੈ। ਇਸ ਸੰਸਥਾ ਦਾ ਮੁੱਖ ਕੰਮ ਔਰਤਾਂ ਨਾਲ ਬਲਾਤਕਾਰ ਅਤੇ ਵਿਤਕਰੇ ਬਾਰੇ ਸਮਾਜਿਕ ਚੇਤਨਾ ਪੈਦਾ ਕਰਨਾ ਹੈ। ਇਸ ਮਾਮਲੇ 'ਤੇ ਉਸ ਨੇ ਆਪਣੇ ਨਾਲ ਸ਼ਾਹਰੁਖ ਖਾਨ, ਪ੍ਰਿਯੰਕਾ ਚੋਪੜਾ, ਅਰੁਜਨ ਰਾਮਪਾਲ ਅਤੇ ਰਿਤਿਕ ਰੌਸ਼ਨ ਵਰਗੇ ਅਦਾਕਾਰਾਂ ਨੂੰ ਵੀ ਜੋੜਿਆ ਹੋਇਆ ਹੈ। ਇਹ ਸੰਸਥਾ ਅਗਸਤ 2012 ਵਿਚ ਮੁੰਬਈ ਦੀ ਵਕੀਲ ਪਲਵੀ ਪੁਰਕਾਇਸ਼ਤ ਵਾਲੀ ਘਟਨਾ ਤੋਂ ਪ੍ਰਭਾਵਿਤ ਹੋ ਕੇ ਬਣਾਈ ਗਈ ਹੈ। ਇਸ ਵਕੀਲ ਨੂੰ ਇਕ ਚੌਕੀਦਾਰ ਨੇ ਉਸ ਵਕਤ ਮਾਰ ਮੁਕਾਇਆ ਸੀ ਜਦੋਂ ਇਸ ਚੌਕੀਦਾਰ ਨੇ ਉਸ ਦਾ ਜਿਨਸੀ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕੀਤੀ ਸੀ। ਫਰਹਾਨ ਅਖਤਰ ਦਾ ਕਹਿਣਾ ਹੈ ਕਿ ਹਰ ਥਾਂ ਔਰਤ ਨਾਲ ਛੇੜਖਾਨੀ ਹੁੰਦੀ ਹੈ ਅਤੇ ਉਸ ਦਾ ਜਿਨਸੀ ਸ਼ੋਸ਼ਣ ਹੋ ਰਿਹਾ ਹੈ। ਫਿਲਮੀ ਦੁਨੀਆਂ ਵੀ ਇਸ ਤੋਂ ਬਾਹਰ ਨਹੀਂ ਹੈ। ਹੁਣ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਅਸੁਰੱਖਿਆ ਵਿਚੋਂ ਬਾਹਰ ਆਉਣ ਅਤੇ ਅਜਿਹੇ ਬੁੱਚੜਾਂ ਖਿਲਾਫ਼ ਉਠ ਖੜ੍ਹੇ ਹੋਣ ਜਿਹੜੇ ਧੀਆਂ ਭੈਣਾਂ ਨੂੰ ਖਰਾਬ ਕਰਦੇ ਹਨ। ***-ਜਗਜੀਤ ਸਿੰਘ ਸੇਖੋਂ***

MARD
MEN AGAINST RAPE & DISCRIMINATION



sling TM
TELEVISION
AS DESI AS YOU
40% OFF
WITH 3 MONTHS PREPAY
PUNJABI
SUPER PACK
$15/mo
FOR 3 MONTHS
PTC PUNJABI
jus punjabi
etc ਪੰਜਾਬੀ
WILLOW HD
+More
Sling.com/PunjabiOffer | 1-855-321-3952
Promotional Offers: Available to new customers upon account activation. One per customer and cannot be combined. Must provide email address and credit card. Billing: You will be charged $45 for your first three months, then after 3 months, you will be charged $25/mo., unless you cancel your service. Cancel on Sling.com or by calling 1-888-309-0838. No refunds for prepaid months. Equipment Requirements: Requires Internet-connected compatible device.
Compatible devices include: PC or Mac, Roku, iOS 7.0 and higher, Android 4.0.3, Amazon Fire TV, Amazon Fire Stick and Google Nexus and Xbox One. Miscellaneous: Access on one device (1 stream) is included in the monthly programming package price (except HBO, which includes 3 streams). 2 additional International streams available for $5/mo. Limit 3 International and 1 Domestic streams per account. Certain programs may be unavailable due to programmer restrictions or blackouts. Only available within the United States. State and local taxes will apply. All prices, packages, programming and offers subject to change without notice.
Other restrictions may apply. See sling.com website for details. Offer ends 12/31/2017. © 2017 Sling TV L.L.C. All rights reserved.